

# ਨਾਨਕ ਸ਼ਾਹ ਫ਼ਕੀਰ

(ਬਾਲ-ਕਥਾ)

ਸਾਖੀਕਾਰ: ਅਜੀਤ ਸਿੰਘ ਲਾਇਲ
ਹਰਪਾਲ ਸਿੰਘ ਸੇਵਕ

# ਨ਼ਾਨਕ ਸ਼ਾਹ ਫ਼ਕੀਰ

(ਹਿੰਦੂਓਂ ਕੇ ਗੁਰੂ, ਮੁਸਲਮਾਨੋਂ ਕੇ ਪੀਰ)

## (ਬਾਲ–ਕਥਾ)

ਸਾਖੀਕਾਰ



ਅਜੀਤ ਸਿੰਘ ਲਾਇਲ ਅਤੇ ਹਰਪਾਲ ਸਿੰਘ ਸੇਵਕ

Nanak Shah Faqir

Sakhikaar: Ajit Singh Lyall & Harpal Singh Sweak

Email: lyallajit@gmail.com, harpalsewak2@gmail.com
Mobile: +1-647 839 1459, +91-94176-01321

Designed by: Gian Singh - Sri Bhaini Sahib
giangill96@gmail.com

Title text design Gurmukhi & Shahmukhi: Piara Singh Channa

ISBN: 978-81-934627-3-7
Year: 2026
First edition: 2000 copies

ਕੀਮਤਿ ਕਹਣੁ ਨਾ ਜਾਈ...

Publisher: Namdhari Darbar, Sri Bhaini Sahib - 141126

Printed at: Printwell Amritsar

# ਚਾਨਣ ਰਿਸ਼ਮਾਂ



'ਨਾਨਕ ਸ਼ਾਹ ਫ਼ਕੀਰ'ਪੁਸਤਕ ਵਿੱਚ ਸਾਖੀਕਾਰ ਭਾਈ ਅਜੀਤ ਸਿੰਘ ਲਾਇਲ ਅਤੇ ਭਾਈ ਹਰਪਾਲ ਸਿੰਘ ਸੇਵਕ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਨੂੰ ਬਾਲ-ਕਥਾ ਵਜੋਂ ਸਾਖੀਆਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਵਿਚ ਗੰਗਾ ਕੌਰ ਤੇ ਗੰਗਾ ਸਿੰਘ ਭੈਣ ਭਰਾ ਹਨ, ਤੇ ਬਾਲ ਪਨ ਵਿਚ ਹਨ ਅਤੇ ਆਪਣੇ ਦਾਦੀ ਜੀ ਕੋਲੋਂ ਰਾਤ ਨੂੰ ਸੌਣ ਵੇਲੇ ਬਾਤਾਂ ਸੁਣਦੇ ਹਨ। ਪਰ ਇਕ ਦਿਨ ਦਾਦੀ ਜੀ ਕਹਿੰਦੇ ਹਨ ਕਿ ਅੱਜ ਮੈਂ ਤੁਹਾਨੂੰ ਬਾਤ ਨਹੀਂ,ਸਾਖੀ ਸੁਣਾਵਾਂਗੀ। ਬੱਚੇ ਸਾਖੀ ਸ਼ਬਦ ਪਹਿਲੀ ਵਾਰੀ ਸੁਣਦੇ ਹਨ ਅਤੇ ਹੈਰਾਨੀ ਵਿਚ ਸਾਖੀ ਦਾ ਅਰਥ ਪੁੱਛਦੇ ਹਨ। ਦਾਦੀ ਜੀ ਬੱਚਿਆਂ ਨੂੰ ਸਾਖੀ ਦਾ ਅਰਥ ਸਮਝਾ ਕੇ ਸਾਖੀਆਂ ਅਰੰਭ ਕਰਨ ਤੋਂ ਪਹਿਲਾਂ ਪਰਿਵਾਰ ਦੇ ਹੋਰ ਬੱਚਿਆਂ ਨੂੰ ਵੀ ਬੁਲਾ ਲੈਂਦੇ ਹਨ। ਜਿਨ੍ਹਾਂ ਵਿਚ ਬੱਚਿਆਂ ਦੇ ਚਾਚਾ ਜੀ ਦੇ ਘਰੋਂ ਰਤਨ ਸਿੰਘ ਤੇ ਰਤਨ ਕੌਰ,ਤਾਇਆ ਜੀ ਦੇ ਘਰੋਂ ਧੰਨਾ ਸਿੰਘ ਤੇ ਧਰਮ ਕੌਰ,ਅਤੇ ਆਏ ਹੋਏ ਭੂਆ ਜੀ ਦੇ ਬੱਚੇ ਆਤਮਾ ਸਿੰਘ ਤੇ ਅਮਰ ਕੌਰ ਵੀ ਹਨ। ਇਸਤੋਂ ਸਾਡੇ ਸਾਹਮਣੇ ਗੁਰਮਤਿ ਅਨੁਪ੍ਰਾਸ ਵਿਚ ਬੱਝੇ, ਗੁਰਸਿੱਖ ਪਰਿਵਾਰ ਦੇ ਜੀਆਂ ਦੇ ਆਪਸੀ ਮੇਲ ਮਿਲਾਪ ਤੇ ਸਨੇਹ ਦੀ ਨਿੱਘੀ ਤਸਵੀਰ ਸਾਕਾਰ ਹੁੰਦੀ ਹੈ।

ਪਰਿਵਾਰ ਦੇ ਸਾਰੇ ਜੀਆਂ ਨੂੰ ਗੁਰਮਤਿ ਨਾਲ ਜੋੜਨ ਵਾਲੇ ਦਾਦੀ ਜੀ ਦਾ ਸਤਿਕਾਰਤ ਅਕਸ ਅੱਖਾਂ ਸਾਹਮਣੇ ਆਉਂਦੇ ਹੀ ਮਨ ਵਿਚ ਪਾਵਨਤਾ ਦਾ ਅਹਿਸਾਸ ਜਾਗਦਾ ਹੈ,ਜਿਵੇਂ ਚੰਦਰਮਾਂ ਆਪਣੀਆਂ ਨਿਰਮਲ ਰਿਸ਼ਮਾਂ ਨਾਲ ਹਨੇਰੇ ਸੰਸਾਰ ਨੂੰ ਚਾਨਣ ਵੰਡ ਰਿਹਾ ਹੋਵੇ । ਇਸ ਅਲੌਕਿਕ ਦ੍ਰਿਸ਼ ਵਿਚ ਦਾਦੀ ਜੀ ਗੁਰਮਤਿ ਗਿਆਨ ਦੇ ਸੁਨਹਿਰੀ ਸ਼ਬਦਾਂ ਨੂੰ ਸ਼ਰਧਾ ਦੇ ਅੰਮ੍ਰਿਤ ਵਿਚ ਰਸਾ ਕੇ ਆਪਣੇ ਵਿਸ਼ੇਸ਼ ਬਜ਼ੁਰਗਾਨਾ ਲਹਿਜ਼ੇ ਵਿਚ ਬੋਲਦੇ ਹਨ ਕਿ ਪਾਠਕ ਮਨਾ ਦੇ ਸਾਹਮਣੇ ਬਾਬੇ ਨਾਨਕ ਦਾ ਨੂਰੀ ਚਲਚਿੱਤਰ ਸਾਕਾਰ ਹੋਣ ਲੱਗਦਾ ਹੈ ।

ਗੁਰੂ ਨਾਨਕ ਸਾਹਿਬ ਦੇ ਸਮੇਂ ਹਿੰਦੋਸਤਾਨ ਵਿੱਚ ਹਿੰਦੂ ਮੁਸਲਿਮ ਸਮਾਜ ਨੂੰ ਕੋਈ ਸਾਂਝਾ ਸੂਤਰ ਨਹੀਂ ਸੀ ਮਿਲ ਰਿਹਾ। ਦੋਵੇਂ ਸਮਾਜਾਂ ਦੇ ਮੋਹਿਤਬਰ ਨਫ਼ਰਤ ਦਾ ਪ੍ਰਚਾਰ ਕਰ ਰਹੇ ਸਨ। ਮੁਸਲਿਮ ਲੋਕ ਹਿੰਦੂ ਸਮਾਜ ਨੂੰ ਕਾਫ਼ਰ ਕਹਿ ਰਹੇ ਸਨ ਤੇ ਹਿੰਦੂ ਲੋਕ ਮੁਸਲਿਮ ਸਮਾਜ ਨੂੰ ਮਲੇਸ਼ ਦੱਸ ਰਹੇ ਸਨ। ਦੋਵੇਂ ਸਮਾਜ ਇਕ ਦੂਜੇ ਦੇ ਧਰਮ ਅਤੇ ਪਰੰਪਰਾਵਾਂ ਨੂੰ ਨਫ਼ਰਤ ਕਰਦੇ

ਸਨ। ਅਜਿਹਾ ਵਾਤਾਵਰਨ ਕਿਸੇ ਵੀ ਸਮਾਜ ਲਈ ਸਾਜਗਾਰ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਕਿਸਮ ਦੀ ਤਰੱਕੀ ਜਾਂ ਵਿਕਾਸ ਹੁੰਦਾ ਹੈ।

ਇਸ ਸਮੇਂ ਦਿਬਦ੍ਰਿਸ਼ਟ ਬਾਬੇ ਨਾਨਕ ਨੇ ਅਜਿਹਾ ਧਰਮਾਚਾਰ ਸਾਕਾਰ ਕੀਤਾ,ਜਿਸਨੂੰ ਹਿੰਦੂ ਅਤੇ ਮੁਸਲਿਮ ਸਮਾਜ ਦੋਵਾਂ ਨੇ ਸਵੀਕਾਰ ਕੀਤਾ। ਬਾਬੇ ਨਾਨਕ ਨੂੰ ਦੋਵੇਂ ਸਮਾਜ ਨਤਮਸਤਕ ਹੋਏ। ਇਸ ਕਰਕੇ ਹੀ ਬਾਬੇ ਨਾਨਕ ਨੂੰ 'ਹਿੰਦੂਓਂ ਕੇ ਗੁਰੂ ਮੁਸਲਮਾਨੋ ਕੇ ਪੀਰ' ਕਿਹਾ ਗਿਆ। ਬਾਬੇ ਨਾਨਕ ਨੇ ਹਰ ਤਰ੍ਹਾਂ ਦੀਆਂ ਵੰਡੀਆਂ ਨੂੰ ਮੇਟ ਕੇ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲੇ ਸਮਾਜ ਦਾ ਨਿਰਮਾਣ ਕੀਤਾ। ਇਸ ਪੁਸਤਕ ਵਿੱਚ ਵੀ ਪੂਜਨੀਕ ਦਾਦੀ ਜੀ ਅਜਿਹਾ ਹੀ ਕ੍ਰਿਸ਼ਮਾ ਕਰ ਰਹੇ ਹਨ, ਜੋ ਗੁਰੂ ਬਾਬੇ ਨਾਨਕ ਦੇ ਪ੍ਰੇਮਾਂ ਭਗਤੀ ਅਤੇ ਸਰਬੱਤ ਦੇ ਭਲੇ ਦੇ ਫਲਸਫੇ ਨੂੰ ਨਿਰਮਲ ਬਾਲ ਹਿਰਦਿਆਂ ਤੇ ਉਕਰ ਰਹੇ ਹਨ। ਭਾਈ ਅਜੀਤ ਸਿੰਘ ਲਾਇਲ ਤੇ ਭਾਈ ਹਰਪਾਲ ਸਿੰਘ ਸੇਵਕ ਨੇ ਇਸ ਪੁਸਤਕ ਦੀ ਰਚਨਾ ਕਰਨ ਸਮੇਂ ਆਪਣੇ ਮਨ ਮਸਤਕ ਵਿਚ ਦਾਦੀ ਜੀ ਨੂੰ ਉਤਾਰ ਲਿਆ ਪ੍ਰਤੀਤ ਹੁੰਦਾ ਹੈ। ਇਹੋ ਜਿਹਾ ਕ੍ਰਿਸ਼ਮਾ ਭਾਈ ਵੀਰ ਸਿੰਘ ਜਿਹੀ ਪ੍ਰਤਿਭਾ ਤੋਂ ਉਰੇ ਹੋਣਾ ਮੁਸ਼ਕਲ ਹੈ। ਇਹ ਪੁਸਤਕ ਲੇਖਕਾਂ ਦੀ ਅੰਤ੍ਰੀਵ ਯਾਤਰਾ ਦੀ ਦੱਸ ਪਾਉਂਦੀ ਹੈ। ਬਾਲ-ਬੁੱਧ ਤੇ ਮਿਕਨਾਤੀਸੀ ਅਸਰ ਪਾਉਣ ਵਾਲੇ ਮੋਤੀਆਂ ਜਿਹੇ ਸ਼ਬਦਾਂ ਦੀ ਮਾਲਾ ਰੂਹਾਨੀ ਜਾਪ ਵਿਚ ਮੱਦਦਗਾਰ ਹੁੰਦੀ ਹੈ ਤੇ ਕਲੀਆਂ ਜਿਹੇ ਬਾਲ ਮਨਾਂ ਨੂੰ ਇਸ ਮਾਲਾ ਵਿਚ ਹੀ ਪਰੋ ਲੈਂਦੀ ਹੈ।

ਇਹ ਪੁਸਤਕ ਧਰਮਾਂ ਦੀ ਦੁਫੇੜ ਨੂੰ ਇਕ ਸਮਝ ਅਤੇ ਅਨੁਪ੍ਰਾਸ ਵਿਚ ਜੋੜਨ ਵਾਲੀ ਹੈ। ਉਮੀਦ ਹੈ ਕਿ ਇਹ ਪੁਸਤਕ ਨਿੱਕੇ ਨਿੱਕੇ ਪਰਿਵਾਰਾਂ ਨੂੰ ਆਪਸ ਵਿਚ ਜੋੜਦੀ ਹੋਈ,ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲਾ ਸਮਾਜ ਸਿਰਜਣ ਵਿਚ ਸਹਾਈ ਹੋਵੇਗੀ। ਇਸ ਪੁਸਤਕ ਲਈ ਨਾਮਧਾਰੀ ਸੰਪਰਦਾ ਦੇ ਮਾਨਸਰੋਵਰ,ਪਾਵਨ ਧਾਮ ਦੇ ਪਰਮ-ਹੰਸਾਂ ਦੀ ਜੋੜੀ,ਲੇਖਕ ਭਾਈ ਸਾਹਿਬਾਨ ਨੂੰ ਲੱਖ ਲੱਖ ਮੁਬਾਰਕ !

ਅਵਤਾਰ ਸਿੰਘ (ਪ੍ਰੋਫੈਸਰ)
+9194175 18383

# ਕੋਰੇ ਕਾਗਜ ’ਤੇ ਸੁਨਹਿਰੀ ਪੂਰਨੇ

ਬੱਚਾ ਕੋਰੇ ਕਾਗਜ ਵਾਂਗ ਹੁੰਦਾ ਹੈ, ਸਰਲ, ਕੋਮਲ ਅਤੇ ਨਿਰਛਲ, ਬਿਲਕੁਲ ਨਿਰਮਲ ਨੀਰ ਵਰਗਾ। ਉਸਦਾ ਜਿਸ ਤਰ੍ਹਾਂ ਦੇ ਵਾਤਾਵਰਣ ਵਿੱਚ ਪਾਲਣ-ਪੋਸ਼ਣ ਹੁੰਦਾ ਹੈ, ਉਹ ਜੋ ਕੁਝ ਸੁਣਦਾ-ਵੇਖਦਾ ਹੈ, ਉਸੇ ਤਰ੍ਹਾਂ ਦਾ ਬਣਦਾ ਜਾਂਦਾ ਹੈ। ‘ਹਿਤੋਪਦੇਸ਼’ ਇੱਕ ਛੋਟੇ ਜਹੇ ਨੀਤੀ ਦੇ ਗ੍ਰੰਥ ਦਾ ਇੱਕ ਕਥਨ ਹੈ- ‘ਕੱਚੇ ਘੜੇ ਤੇ ਜੋ ਲਕੀਰਾਂ ਪੈ ਜਾਂਦੀਆਂ ਹਨ, ਆਵੀ ਵਿੱਚ ਜਾ ਕੇ ਪੱਕਣ ਤੋਂ ਬਾਅਦ ਉਹ ਮਿਟਦੀਆਂ ਨਹੀਂ।’ ਬੱਚਾ ਕੱਚੇ ਘੜੇ ਵਾਂਗ ਹੈ। ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਿਆ ਕਰਦੇ ਸਨ ਕਿ ‘ਬੱਚਾ ਕੱਚੇ ਦੁੱਧ ਵਾਂਗ ਹੈ, ਉਸਦੀ ਖੀਰ ਬਣਾ ਲਓ, ਖੋਆ ਬਣਾ ਲਓ, ਭਾਵੇਂ ਦਹੀਂ ਜਮਾ ਕੇ ਮੱਖਣ ਬਣਾ ਲਓ, ਜੇ ਨਾ ਸੰਭਾਲੋਗੇ ਤਾਂ ਉਹ ਖੱਟਾ ਹੋ ਜਾਏਗਾ, ਫਟ ਜਾਏਗਾ, ਕਿਸੇ ਕੰਮ ਦਾ ਨਹੀਂ ਰਹੇਗਾ। ਇਸ ਲਈ ਬੱਚਿਆਂ ਦਾ ਬਚਪਨ ਸੰਭਾਲੋ।’

ਇੱਕ ਕਥਾ ਹੈ : ਇੱਕ ਰਾਜਾ ਬੜਾ ਚਿੰਤਤ ਸੀ ਕਿ ਮੇਰੇ ਬੱਚੇ ਕੁਝ ਪੜ੍ਹਨ, ਸਿੱਖਣ ਲਈ ਬੈਠਦੇ ਹੀ ਨਹੀਂ ਖੇਡਣਾ ਅਤੇ ਮੌਜ ਮਸਤੀ ਹੀ ਉਨ੍ਹਾਂ ਦਾ ਸੁਭਾਅ ਬਣ ਚੁੱਕਾ ਹੈ, ਵੱਡੇ ਹੋ ਕੇ ਰਾਜ ਭਾਗ ਕਿਵੇਂ ਸੰਭਾਲਣਗੇ। ਉਹਨਾਂ ਬੱਚਿਆਂ ਨੂੰ ਪੜ੍ਹਾਉਣ, ਸਿਖਾਉਣ ਦੀ ਜ਼ਿੰਮੇਵਾਰੀ ਇੱਕ ਸੂਝਵਾਨ ਵਿਦਵਾਨ-ਪੰਡਿਤ ਨਾਰਾਇਣ ਸ਼ਰਮਾ ਨੇ ਲਈ। ਉਸਨੇ ਬੱਚਿਆਂ ਨੂੰ ਕਹਾਣੀਆਂ ਬਾਤਾਂ ਸੁਣਾਉਣੀਆਂ ਸ਼ੁਰੂ ਕੀਤੀਆਂ। ਕਹਾਣੀਆਂ-ਕਹਾਣੀਆਂ ਵਿੱਚ ਹੀ ਉਸਨੇ ਬੱਚਿਆਂ ਨੂੰ ਸਮਾਜ, ਵਿਗਿਆਨ, ਨੀਤੀ-ਸ਼ਾਸਤਰ, ਅਰਥ-ਸ਼ਾਸਤਰ ਅਤੇ ਅਧਿਆਤਮ ਸਿਖਾ ਦਿੱਤਾ। ਉਸਦੀਆਂ ਉਨ੍ਹਾਂ ਕਹਾਣੀਆਂ ਦਾ ਸੰਗ੍ਰਹਿ ਹੀ ‘ਹਿਤੋਪਦੇਸ਼’ ਇੱਕ ਪੁਸਤਕ ਹੈ। ਪੰਜਾਬੀ ਦੀ ਕਹਾਵਤ ਹੈ- ‘ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨਿ।’ ਮਹਾਨ ਪੁਰਖਾਂ ਦੀਆਂ ਕਥਾ ਕਹਾਣੀਆਂ ਪੁੱਤਰਾਂ ਨੂੰ ਸਪੁੱਤਰ ਬਣਾ ਦੇਂਦੀਆਂ ਹਨ, ਸਪੁੱਤਰ : ਚੰਗੇ ਪੁੱਤਰ।

ਅੱਜ ਦੇ ਕੰਪਿਊਟਰ ਯੁੱਗ ਵਿੱਚ, ਇੰਟਰਨੈੱਟ ਅਤੇ ਮੋਬਾਈਲ ਦੇ ਦੌਰ ਵਿੱਚ ਬੱਚਿਆਂ ਨੂੰ ਮੋਬਾਈਲ ਐਡਿਕਸ਼ਨ ਤੋਂ ਹਟਾ ਕੇ ਕੁਝ ਸੁਣਾਉਣਾ ਇੱਕ ਮੁਸ਼ਕਲ ਕਾਰਜ ਹੈ। ਸਕੂਲਾਂ ਵਿੱਚ ਤਾਂ ਬੱਚਿਆਂ ਨੂੰ ਕੇਵਲ ਪ੍ਰੀਖਿਆ ਕੇਂਦਰ (ਐਗਜ਼ਾਮੀਨੇਸ਼ਨ ਹਾਲ) ਲਈ ਤਿਆਰ ਕੀਤਾ ਜਾਂਦਾ ਹੈ। ਬੱਚਿਆਂ ਨੂੰ ਜ਼ਿੰਦਗੀ ਲਈ ਕਿਵੇਂ ਤਿਆਰ ਕਰਨਾ ਹੈ, ਉਨ੍ਹਾਂ ਨੂੰ ਆਪਣੇ ਵਿਰਸੇ ਨਾਲ, ਧਰਮ ਨਾਲ, ਸਭਿਆਚਾਰ ਨਾਲ ਅਤੇ ਆਪਣੀ ਮਾਂ-ਬੋਲੀ ਨਾਲ ਜੋੜ ਕੇ ਰੱਖਣਾ ਇੱਕ ਚੈਲੇਂਜ ਬਣ

ਗਿਆ ਹੈ। ਬੱਚਿਆਂ ਨੂੰ ਸਿਖਾਉਣ, ਸਮਝਾਉਣ ਲਈ ਬਾਲ-ਸਾਹਿਤ ਰਚਿਆ ਜਾਂਦਾ ਹੈ। ਬਾਲ-ਸਾਹਿਤ ਲਿਖਣਾ ਹਰ ਲੇਖਕ ਦੇ ਵੱਸ ਦਾ ਕਾਰਜ ਨਹੀਂ ਹੁੰਦਾ ਕਿਉਂਕਿ ਬਾਲ-ਸਾਹਿਤ ਲਿਖਣ ਲਈ ਬੱਚਿਆਂ ਦੇ ਮਾਨਸਿਕ ਪੱਧਰ ਤੱਕ ਸਰਲ ਹੋਣਾ ਪੈਂਦਾ ਹੈ। ਬੱਚਿਆਂ ਨਾਲ ਬੱਚੇ ਬਣ ਕੇ ਹੀ ਉਨ੍ਹਾਂ ਨੂੰ ਆਪਣੇ ਨਾਲ ਤੋਰਿਆ ਜਾ ਸਕਦਾ ਹੈ, ਕੁਝ ਸਿਖਾਇਆ, ਸਮਝਾਇਆ ਜਾ ਸਕਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 'ਗ੍ਰਿਹਸਤ ਮਾਰਗ' ਬਾਰੇ ਕੀਤੇ ਪ੍ਰਵਚਨਾਂ ਵਿੱਚ ਜਿਕਰ ਹੈ ਕਿ ਮਨੁੱਖੀ ਜੀਵਨ ਦੇ ਚਾਰ ਪੜਾਅ ਹਨ। ਪਹਿਲਾ ਹੈ- ਬ੍ਰਹਮਚਰਜ : ਪੱਚੀ ਵਰ੍ਹਿਆਂ ਤੱਕ ਪੜ੍ਹਨ ਸਿੱਖਣ ਦੀ ਉਮਰ, ਦੂਸਰਾ- ਗ੍ਰਿਹਸਤ : ਪੰਜਾਹ ਵਰ੍ਹਿਆਂ ਤੱਕ ਘਰ-ਪਰਵਾਰ ਵਸਾਉਣ, ਕਮਾਉਣ ਤੇ ਸਮਾਜ ਵਿੱਚ ਸਥਾਪਤੀ ਦਾ ਸਮਾਂ, ਤੀਸਰਾ- ਬਾਨ ਪ੍ਰਸਤ : ਘਰ-ਪਰਵਾਰ ਦੀਆਂ ਜ਼ਿੰਮੇਵਾਰੀਆਂ ਬੱਚਿਆਂ ਨੂੰ ਸੰਭਾਲ ਕੇ ਸੰਸਾਰ ਭ੍ਰਮਣ ਕਰਨਾ, ਚੌਥਾ ਅਤੇ ਆਖਰੀ ਪੜਾਅ ਹੈ- ਸੰਨਿਆਸੀ : ਕਿਸੇ ਧਰਮਸਾਲਾ, ਠਾਕੁਰ ਦੁਆਰੇ ਜਾਂ ਮਸੀਤ ਵਿੱਚ ਬੈਠ ਕੇ ਜੀਵਨ ਭਰ ਦਾ ਤਜ਼ਰਬਾ ਅਤੇ ਪ੍ਰਾਪਤ ਕੀਤਾ ਗਿਆਨ ਸਮਾਜ ਨੂੰ ਵੰਡਣਾ। ਹਰ ਪਰਵਾਰ ਵਿੱਚ ਵੀ ਇਹ ਚਾਰੇ ਪੜਾਵਾਂ ਵਿੱਚ ਵਿਚਰਦੇ ਅਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਵੱਖੋ-ਵੱਖ ਪਰਵਾਰਕ ਜੀਅ ਹੁੰਦੇ ਹਨ। ਚੌਥੇ ਪੜਾਅ ਦੇ ਹੁੰਦੇ ਹਨ ਬੇਬੇ-ਬਾਪੂ, ਦਾਦਾ-ਦਾਦੀ, ਨਾਨਾ-ਨਾਨੀ। ਇਹਨਾਂ ਪਾਸ ਜ਼ਿੰਦਗੀ ਭਰ ਦਾ ਤਜ਼ਰਬਾ ਵੀ ਹੁੰਦਾ ਹੈ ਅਤੇ ਵੇਹਲ ਵੀ। ਵਡੇਰਿਆਂ ਦਾ ਬੱਚਿਆਂ ਨਾਲ, ਪੋਤੇ-ਪੋਤੀਆਂ ਨਾਲ ਲਗਾਓ ਵੀ ਜਿਆਦਾ ਸਨੇਹ ਭਰਿਆ ਹੁੰਦਾ ਹੈ। ਦਾਦੀ-ਮਾਂ ਬੱਚਿਆਂ ਨੂੰ ਕੀ ਸੁਣਾਵੇ ਤੇ ਕਿਵੇਂ ਸੁਣਾਵੇ, ਜੋ ਅੱਜ-ਕੱਲ੍ਹ ਦੇ ਬੱਚੇ ਇੰਟਰਨੈੱਟ, ਟੀ. ਵੀ. ਅਤੇ ਮੋਬਾਈਲ ਆਦਿ ਛੱਡ ਕੇ 'ਦਾਦੀ ਦੀਆਂ ਬਾਤਾਂ' ਸੁਣਨ। ਸੋ ਬੱਚਿਆਂ ਨੂੰ ਆਪਣੇ ਗੁਰੂਆਂ-ਪੀਰਾਂ-ਫਕੀਰਾਂ, ਯੋਧਿਆਂ, ਭਗਤਾਂ-ਦਾਨੀਆਂ ਅਤੇ ਉੱਚੇ-ਸੁੱਚੇ ਕਿਰਦਾਰ ਵਾਲੇ ਮਹਾਂਪੁਰਸ਼ਾਂ ਦੀਆਂ ਕਥਾ-ਸਾਖੀਆਂ ਸੁਣਾਈਆਂ ਜਾਣ ਤਾਂ ਜੋ ਉਨ੍ਹਾਂ ਦੇ ਕੋਰੇ ਕਾਗਜ ਵਰਗੇ ਨਿਰਮਲ ਹਿਰਦੇ 'ਤੇ ਨੈਤਿਕਤਾ ਦੇ, ਸਦਾਚਾਰ ਦੇ ਸੁਨਹਿਰੀ ਪੂਰਨੇ ਪਾਏ ਜਾਣ। ਜੋ ਬੱਚੇ ਬਚਪਨ ਤੋਂ ਹੀ ਸੱਚ, ਦਇਆ, ਪ੍ਰੇਮ, ਸੇਵਾ, ਸਿਮਰਨ ਅਤੇ ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਬਣ ਜਾਣਗੇ, ਉਹੀ ਬੱਚੇ ਵੱਡੇ ਹੋ ਕੇ ਇੱਕ ਆਦਰਸ਼ ਸਮਾਜ ਦੀ ਸਿਰਜਨਾ ਕਰ ਸੱਕਣਗੇ।

ਬੱਚਿਆਂ ਲਈ "ਗੁਰ-ਸਾਖੀਆਂ" ਲਿਖਣ ਦਾ ਇਹ ਸਬੱਬ ਇਸ ਤਰ੍ਹਾਂ ਬਣਿਆਂ ਕਿ ਕੁਝ ਵਰ੍ਹੇ ਪਹਿਲੋਂ 2021 ਈ: ਦੇ ਹੋਲੇ-ਮਹੱਲੇ ਤੇ ਸ਼ਾਮ ਦੇ ਕੀਰਤਨ ਤੋਂ ਬਾਅਦ ਬਾਗ ਵਾਲ਼ੀ ਕੋਠੀ ਦੇ ਹਰੇਭਰੇ, ਫ਼ੁੱਲਾਂ ਲੱਦੇ ਬਗੀਚੇ ਵਿੱਚ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਦਾ ਆਨੰਦ ਮਾਨਣ ਦਾ

ਸੁਭਾਗ ਪ੍ਰਾਪਤ ਕਰ ਰਹੇ ਸਨ ਸ.ਸੁਵਰਨ ਸਿੰਘ ਵਿਰਕ,ਸ.ਅਜੀਤ ਸਿੰਘ ਲਾਇਲ ਅਤੇ ਸੇਵਕ ਹਰਪਾਲ ਸਿੰਘ। ਸਤਿਗੁਰੂ ਜਗਜੀਤ ਸਿੰਘ ਦੇ ਬਚਨ-ਬਲਾਸ ਕਰਦਿਆਂ ਸੁਭਾਵਿਕ ਸਤਿਗੁਰੂ ਉਦੇ ਸਿੰਘ ਜੀ ਜੀ ਨੇ ਬਚਨ ਕੀਤਾ:

ਕੋਈ ਬਾਲ-ਸ਼ੈਲੀ ਵਿੱਚ ਸਾਖੀਆਂ ਲਿਖ ਸਕੇ ਤਾਂ ਯਤਨ ਕਰੀਏ,ਖ਼ਾਸ ਕਰਕੇ ਗੁਰੂ ਨਾਨਕ ਦੇਵ ਜੀ ਬਾਰੇ,ਇਸ ਦੀ ਅੱਜ ਦੇ ਸਮੇਂ ਵਿੱਚ ਬਹੁਤ ਜਰੂਰਤ ਹੈ.....

ਅਸੀਂ ਤਾਂ ਅਜੇ ਸੋਚ ਹੀ ਰਹੇ ਸਾਂ ਲਾਇਲ ਜੀ ਨੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ : ਗਰੀਬ-ਨਿਵਾਜ਼ ਜੀ ਆਪ ਜੀ ਉੱਦਮ ਬਖ਼ਸ਼ੋ ਇਸ ਪਰੋਜੈਕਟ ਤੇ ਮੈਂ ਤੇ ਸੇਵਕ ਹਰਪਾਲ ਸਿੰਘ ਰਲ਼ ਕੇ ਕੰਮ ਕਰ ਸਕੀਏ.....

ਸਤਿਗੁਰੂ ਜੀ ਨੇ ਮੁਸਕਰਾਂਦਿਆਂ ਪ੍ਰਵਾਨਗੀ ਦਿੱਤੀ ਤੇ ਬਚਨ ਕੀਤਾ:

ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਕਰਨਗੇ....

ਲਾਇਲ ਜੀ ਨੇ ਤਾਂ ਵਾਪਸ ਕਨੇਡਾ ਚਲੇ ਜਾਣਾ ਸੀ,ਉਹਨਾਂ ਮੇਰੇ ਨਾਲ ਬੈਠ ਕੇ ਇਸ ਬਾਲ-ਪੁਸਤਕ ਦੀ ਰੂਪ-ਰੇਖਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਕਿ ਕਿਵੇਂ ਆਪਾਂ ਦੋਵੇਂ ਰਲ ਕੇ ਇਸ ਪੁਸਤਕ ਨੂੰ ਲਿਖਣਾ ਸ਼ੁਰੂ ਕਰਾਂਗੇ। ਕੁਝ ਸਮ੍ਹਾਂ ਅਸਾਂ ਦੋਵਾਂ ਨੇ ਪੁਰਾਤਨ ਜਨਮ ਸਾਖੀਆਂ ਅਤੇ ਗੁਰੂ ਨਾਨਕ ਦੇਵ ਜੀ ਬਾਰੇ ਛਪੀਆਂ ਇਤਿਹਾਸਕ ਪੁਸਤਕਾਂ ਪੜ੍ਹਣ ਤੇ ਲਾਇਆ ਅਤੇ ਆਪਸ ਵਿਚ ਇਸ ਸਬੰਧੀ ਵਿਚਾਰ-ਚਰਚਾ ਵੀ ਕਰਦੇ ਰਹੇ। ਇਸ ਪ੍ਰਕਿਰਿਆ ਤੋਂ ਤਕਰੀਬਨ ਇੱਕ ਮਹੀਨਾ ਬਾਅਦ ਅਸੀਂ ਸਤਿਗੁਰੂ ਜੀ ਦਾ ਆਸਰਾ-ਓਟ ਲੈ ਕੇ ਲਿਖਣ-ਕਾਰਜ਼ ਸ਼ੁਰੂ ਕੀਤਾ। ਲਾਇਲ ਜੀ ਆਪਣਾ ਲਿਖਿਆ ਮੈਨੂੰ ਭੇਜ ਦਿੰਦੇ ਤੇ ਮੈਂ ਆਪਣਾ ਲਿਖਿਆ ਲਾਇਲ ਜੀ ਨੂੰ। ਜੋ ਵੀ ਵਾਧਾ-ਘਾਟਾ ਕਰਨਾ ਹੁੰਦਾ ਅਸੀਂ ਆਪਸ ਵਿੱਚ ਵਿਚਾਰ ਕਰਕੇ ਕਰ ਲੈਂਦੇ। ਫਿਰ ਲਾਇਲ ਜੀ ਉਹਨਾਂ ਸਾਖੀਆਂ ਨੂੰ ਤਰਤੀਬ ਦੇ ਕੇ ਟਾਈਪ ਕਰਕੇ ਮੈਨੂੰ ਭੇਜ ਦਿੰਦੇ ਅਤੇ ਮੈਂ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਸਤਿਗੁਰੂ ਜੀ ਨਾਲ ਸਾਂਝਿਆਂ ਕਰਦਾ ਅਤੇ ਮਾਰਗ-ਦਰਸ਼ਨ ਲੈਂਦਾ।

ਬਾਲ-ਸ਼ੈਲੀ ਵਿੱਚ ਕਿਵੇਂ ਕੋਈ ਲਿਖਤ ਲਿਖਣੀ ਹੈ ਭਾਵੇਂ ਇਸ ਵਾਰੇ ਨਾ ਕੋਈ ਮੇਰਾ ਤਜ਼ੁਰਬਾ ਸੀ ਨਾ ਮੇਰੇ ਵੱਸ ਦੀ ਗੱਲ,ਪਰ ਲਾਇਲ ਜੀ ਨੇ ਮੈਨੂੰ ਵੀ ਆਪਣੇ ਨਾਲ ਤੋਰੀ ਰੱਖਿਆ। ਕਿਉਂਕਿ ਬਾਲ ਸਾਹਿਤ ਦੀ ਰਚਨਾ ਕਰਨਾ ਕਿਸੇ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ। ਆਪਣੀ ਬੋਧਿਕਤਾ ਨੂੰ ਦੁਰਾਡੇ ਰੱਖ ਕੇ ਬਾਲ-ਮਾਨਸਿਕਤਾ ਦੇ ਬਰੋਬਰ ਆਉਂਣਾ ਪੈਂਦਾ ਹੈ। ਲਾਇਲ ਜੀ ਦੀ ਲਿਖਣ-ਸ਼ੈਲੀ ਵਿੱਚ ਕਵਿਤਾ ਵਰਗੀ ਰਵਾਨੀ,ਕਹਾਣੀ ਵਰਗੀ ਰੌਚਿਕਤਾ ਅਤੇ ਬਾਲਾਂ ਵਾਲੀ

ਸਰਲਤਾ ਹੈ। ਇਸ ਕਾਰਜ਼ ਵਿੱਚ ਮੇਰਾ ਯੋਗਦਾਨ ਤਾਂ ਜੰਝ ਵਿੱਚ ਸਰਵਾਲ੍ਹੇ ਵਾਲਾ ਹੈ। ਲਿਖੀ ਕਥਾ ਵਿੱਚ ਕੋਈ ਪਹਿਰਾ ਜੋੜ ਦੇਣਾ,ਕਿਧਰੇ ਕੋਈ ਵਾਕ ਜਾਂ ਸ਼ਬਦ ਕੱਟ ਕੇ ਜਾਂ ਚੁੱਕ ਕੇ ਅੱਗੇ ਪਿੱਛੇ ਕਰ ਦੇਣਾ। ਮੈਂ ਬਹੁਤ ਵੇਰ ਮਹਿਸੂਸ ਕੀਤਾ ਹੈ ਕਿ ਲਾਇਲ ਜੀ ਲਿਖਤ ਸਤਿਗੁਰੂ ਪ੍ਰੇਮ ਨਾਲ ਲਿਬਰੇਜ਼,ਸ਼ਰਧਾਭਾਵ ਵਾਲੀ ਤੇ ਦਿਲ ਹਿਰਦੇ ਨੂੰ ਟੁੰਬਣ ਵਾਲੀ ਹੁੰਦੀ ਹੈ। ਮੈਂ ਕਈ ਬਾਰ ਉਹਨਾ ਨੂੰ ਆਪਣੀ ਹੀ ਲਿਖਤ ਪੜ੍ਹਦਿਆਂ,ਸੁਣਾਦਿਆਂ ਵੈਰਾਗੀ ਹੋਇਆਂ ਵੇਖਿਆ ਹੈ। ਇਹ ਬਾਲ ਸਾਖੀਆਂ ਵੀ ਉਹੋ ਜਿਹੀ ਸ਼ਰਧਾ,ਸਤਿਗੁਰੂ-ਪਿਆਰ ਤੇ ਮਨ ਨੂੰ ਗੁਰੂ-ਚਰਨਾ ਨਾਲ ਜੋੜਨ ਵਾਲੀ ਸ਼ੈਲੀ ਵਿੱਚ ਹੀ ਲਿਖੀਆਂ ਗਈਆਂ ਹਨ ਜਿਸ ਪਿੱਛੇ ਸਤਿਗੁਰੂ ਉਦੇ ਸਿੰਘ ਜੀ ਦਾ ਵਰਦ-ਹੱਸਤ-ਕੰਵਲ ਅਤੇ ਅਸ਼ੀਰਵਾਦ ਰੂਪੀ ਬਖਸ਼ਿਸ਼ ਦੀ ਹੀ ਕਰਾਮਾਤ ਹੈ।

ਜਿਸ ਤਰ੍ਹਾਂ ਬਾਲ-ਸ਼ੈਲੀ ਵਿੱਚ ਬੱਚਿਆਂ ਵਲੋਂ ਦਾਦੀ ਮਾਂ ਨੂੰ ਕੀਤੇ ਸਵਾਲ ਅਤੇ ਦਾਦੀ ਜੀ ਵਲੋਂ ਬੱਚਿਆਂ ਦੀਆਂ ਪੁੱਛਾਂ ਦੇ ਦਿੱਤੇ ਜਵਾਬ ਪਾਠਕ ਇਸ ਪੁਸਤਕ ਵਿੱਚ ਪੜ੍ਹਣਗੇ,ਇਹ ਲਿਖਤ ਪਾਠਕ ਨੂੰ ਪੰਜ ਸਦੀਆਂ ਪਿਛਾਂਹ ਲੈ ਜਾਂਦੀ ਹੈ। ਇਹ ਪੁਸਤਕ ਪੜ੍ਹਦਿਆਂ ਸੁਣਦਿਆਂ ਬੱਚਿਆਂ ਦੇ ਨਾਲ ਨਾਲ ਵੱਡਿਆਂ ਨੂੰ ਵੀ ਬਹੁਤ ਸਾਰੇ ਪੁਰਾਣੇ ਲਫ਼ਜ਼,ਬਿੰਬ,ਅਲੰਕਾਰ ਬਹੁਤ ਕੁਝ ਨਵਾਂ ਪੜ੍ਹਣ ਅਤੇ ਸਿਖਣ ਨੂੰ ਮਿਲੇਗਾ।

ਗੁਰ-ਗਾਥਾ ਸੁਣਾਉਂਦਿਆਂ ਬੱਚਿਆਂ ਨੂੰ ਪੂਰਨਮਾਸ਼ੀ ਅਤੇ ਮੱਸਿਆ ਬਾਰੇ ਦੱਸਿਆ ਹੈ ; ਮੱਸਿਆ-ਮਾਹ-ਸਿਆਹ, ਜਦ ਪੂਰਾ ਹਨੇਰਾ ਹੋਵੇ, ਚੰਦ ਬਿਨਾ ਪੂਰੀ ਕਾਲੀ ਰਾਤ। ਪਾਠ-ਸ਼ਾਲਾ ਕੀ ਹੈ? ਅੱਜ ਦੇ ਬੱਚਿਆਂ ਨੂੰ ਤਾਂ ਸਕੂਲ-ਕਾਲਜ ਦਾ ਹੀ ਪਤਾ ਹੈ, ਬਹੁਤੇ ਤਾਂ ਵਿਦਿਆਲਾ ਸ਼ਬਦ ਤੋਂ ਵੀ ਅਨਜਾਣ ਹੋਣਗੇ। ਪੁਰਾਤਨ ਲਿਪੀ ਲੰਡੇ ਅਤੇ ਉਸ ਸਮੇਂ ਪ੍ਰਚਲਤ ਫਾਰਸੀ,ਅਰਬੀ, ਹਿੰਦਵੀ, ਸੰਸਕ੍ਰਿਤ ਅਤੇ ਮਹਾਜਨੀ ਆਦਿ ਬਾਰੇ ਵੀ ਸਮਝਾਇਆ ਹੈ। ਬੱਚੇ ਪੁੱਛਦੇ ਹਨ- ਮੱਝਾਂ ਚਰਾਉਣ ਗਏ, ਮੱਝਾਂ ਚਰਾਉਣਾ, ਕੀ ਮੱਝਾਂ ਚੋਣਾ ਹੁੰਦਾ ਹੈ?' ਪਰੋਹਤ, ਪਟਵਾਰੀ ਕੌਣ ਹੁੰਦੇ ਹਨ, ਸਹੀ ਪਾਉਣਾ ਕੀ ਹੋਇਆ? ਪਿਤਰ, ਬਸੀਮਾ, ਮੁਨਤਜਿਮ ਆਦਿ ਸ਼ਬਦ ਜੋ ਇਸ ਕਥਾ ਰਾਹੀਂ ਸਿਖਾਏ ਹਨ, ਇਹ ਬੱਚਿਆਂ ਲਈ ਹੀ ਨਹੀਂ ਸਿਆਣਿਆ ਲਈ ਵੀ ਨਵੇਂ ਹਨ। ਤਖਤੀ/ਫੱਟੀ, ਕੁਰਸੀਨਾਮਾ, ਡੂਮ ਆਦਿ ਸ਼ਬਦ ਵੀ ਏਸੇ ਕਥਾ ਚੋਂ ਸਿੱਖਣ ਨੂੰ ਮਿਲਦੇ ਹਨ। ਵਾਕਿਆਤ ਦੇ ਸੰਨ-ਸੰਮਤ ਅਤੇ ਉਸ ਸਮੇਂ ਦੇ ਸ਼ਹਿਰ ਅੱਜ ਕੱਲ੍ਹ ਕਿਨ੍ਹਾਂ ਨਾਵਾਂ ਨਾਲ ਪ੍ਰਸਿੱਧ ਹਨ, ਅਜੇਹਾ ਬਹੁਤ ਕੁਝ ਇਸ ਕਥਾ ਵਾਰਤਾ ਰਾਹੀਂ ਸਿਖਾਇਆ-ਸਮਝਾਇਆ ਗਿਆ ਹੈ। ਗੁਰ-ਸਾਖੀਆਂ ਦੇ ਨਾਲ-ਨਾਲ ਪੁਰਾਤਨ ਅਤੇ ਵਰਤਮਾਨ ਭਾਸ਼ਾ ਦਾ ਫਰਕ ਵੀ ਜਾਨਣ ਨੂੰ ਮਿਲਦਾ ਹੈ। ਵਿਰਸੇ ਅਤੇ ਇਤਿਹਾਸ ਨਾਲ ਸਾਂਝ ਪੈਂਦੀ ਹੈ। ਗੁਰੂ ਨਾਨਕ ਦੇਵ ਜੀ ਪ੍ਰਤੀ ਪ੍ਰੇਮ

ਅਤੇ ਸ਼ਰਧਾ ਉਜਾਗਰ ਹੁੰਦੀ ਹੈ, ਬਿਰਤੀ ਧਾਰਮਿਕ ਹੋਣ ਲੱਗਦੀ ਹੈ।

ਗੁਰੂ ਨਾਨਕ ਸੱਚੇ ਪਾਤਸ਼ਾਹ ਜਦੋਂ ਸਿਰਫ ਦਸ ਕੁ ਸਾਲ ਦੀ ਅਵਸਥਾ ਵਿੱਚ ਸਨ, ਪਹਿਲੀ ਵੇਰ ਕਿਵੇਂ ਭਾਈ ਮਰਦਾਨਾ ਜੀ ਨਾਲ ਮਿਲਾਪ ਹੁੰਦਾ ਹੈ ਅਤੇ ਉਸਦਾ ਨਾਮ ਵੀ ਮਰ-ਜਾਣਾ ਤੋਂ ਮਰਦਾ-ਨਾ 'ਮਰਦਾਨਾ' ਗੁਰੂ ਸਾਹਿਬ ਨੇ ਕਿਵੇਂ ਬਦਲਿਆ, ਕਥਾ ਦੀ ਪੇਸ਼ਕਾਰੀ ਬੜੀ ਰੌਚਕ ਹੈ-

ਤੇ ਬੱਚਿਓ! ਨਾਨਕ ਜਿਵੇਂ ਹੌਲੀ-ਹੌਲੀ ਵੱਡਾ ਹੋ ਰਿਹਾ ਸੀ, ਇੱਕ ਦਿਨ ਕੀ ਹੋਇਆ, ਬਾਲ ਨਾਨਕ ਦਸ-ਗਿਆਰਾਂ ਬਰਸ ਦੇ ਹੋਣਗੇ ਕਿ ਤਲਵੰਡੀ ਦਾ ਇੱਕ ਡੂਮ ਆਪਣੀ ਰਬਾਬ ਵਜਾਉਂਦਾ, ਮਹਿਤਾ ਕਾਲੂ ਜੀ ਦੀ ਚੌਖਟ ਤੇ ਆਇਆ, ਤੇ ਅਲਖ ਜਗਾਈ।

'ਤੇ ਬੱਚਿਓ! ਉਸ ਨਾਲ ਉਸਦਾ ਵੀਹ ਕੁ ਸਾਲ ਦਾ ਪੁੱਤਰ ਵੀ ਸੀ।

'ਨਾਨੀ ਜੀ ਫਿਰ ਕੀ ਹੋਇਆ?' ਅਮਰ ਕੌਰ ਨੇ ਪੁਛਿਆ।

'ਅਮਰ ਕੌਰ ਜੀ, ਭੈਣ ਨਾਨਕੀ ਜੋ ਉਸ ਵਕਤ ਚੌਦਾਂ-ਪੰਦਰਾਂ ਕੁ ਸਾਲਾਂ ਦੇ ਸਨ, ਉਸ ਨੇ ਉਸ ਡੂਮ ਤੋਂ ਪੁੱਛਿਆ- 'ਦਾਦਾ ਜੀ ਤੇਰੇ ਪੁੱਤਰ ਦਾ ਨਾਮ ਕੀ ਹੈ?'

'ਮਰ-ਜਾਣਾ।' ਉਸ ਰਬਾਬੀ ਡੂਮ ਨੇ ਆਖਿਆ।

'ਭਲਾ ਇਹ ਵੀ ਕੋਈ ਨਾਮ ਹੋਇਆ, 'ਮਰ-ਜਾਣਾ।'

'ਪੁੱਤਰ ਜੀ, ਮੇਰੇ ਘਰ ਕੋਈ ਬੱਚਾ ਬਚਦਾ ਹੀ ਨਹੀਂ। ਇਸ ਤੋਂ ਪਹਿਲੋਂ ਮੇਰੇ ਛੇ ਬੱਚੇ ਮਰ ਚੁੱਕੇ ਹਨ, ਮਰ ਏਸ ਵੀ ਜਾਣਾ ਹੈ। ਇਸ ਲਈ ਮੈਂ ਇਸਦਾ ਨਾਮ ਹੀ ਮਰ-ਜਾਣਾ ਰੱਖ ਦਿੱਤਾ ਹੈ ਤਾਂ ਕਿ ਮੈਨੂੰ ਕੋਈ ਬਹੁਤੀ ਪਰੇਸ਼ਾਨੀ ਨਾ ਹੋਵੇ ਇਸਦੇ ਮਰਨ ਤੇ।'

'ਬੱਚਿਓ! ਕੋਲ ਖੜ੍ਹੇ ਸਾਡੇ ਬਾਲ ਗੁਰੂ ਨਾਨਕ ਝੱਟ ਬੋਲੇ- ਤੂੰ ਇਸਦਾ ਨਾਮ 'ਮਰਦਾ-ਨਾ' ਕਿਉਂ ਨਹੀਂ ਰੱਖ ਦੇਂਦਾ?'

"ਤੁਸਾਂ ਆਖਿਆ, ਲਓ ਪੁੱਤਰ ਜੀ ਤੁਹਾਡੇ ਆਖਣ ਤੇ ਮੈਂ ਅੱਜ ਤੋਂ ਇਸ ਦਾ ਨਾਮ ਮਰਦਾ-ਨਾ ਰੱਖ ਦਿੱਤਾ, ਕੀ ਹੁਣ ਇਹ ਬਚ ਜਾਏਗਾ?"

"ਦਾਦੀ ਜੀ, ਇਹ ਮਰਦਾਨਾ ਉਹੀਓ ਹੈ, ਜੋ ਸਤਿਗੁਰੂ ਨਾਨਕ ਦੇਵ ਜੀ ਦਾ ਸਾਥੀ ਰਿਹਾ ਹੈ?" ਗੰਗਾ ਸਿੰਘ ਨੇ ਪੁੱਛਿਆ।

"ਹਾਂ ਪੁੱਤਰ ਜੀ, ਉਹੀਓ ਮਰਦਾਨਾ ਜੋ ਸਤਿਗੁਰੂ ਨਾਨਕ ਦੇਵ ਜੀ ਦਾ ਸਾਥੀ ਸੀ।"

"ਨਾਨੀ ਜੀ, ਇਸ ਦਾ ਮਤਲਬ ਸਤਿਗੁਰੂ ਜੀ ਨੇ ਜਦੋਂ ਉਸਦਾ ਨਾਮ ਮਰਦਾ-ਨਾ ਰੱਖ ਦਿੱਤਾ ਫਿਰ ਉਹ ਬਚ ਗਿਆ?" ਆਤਮਾ ਸਿੰਘ ਨੇ ਪੁੱਛਿਆ।

ਇਸ ਤਰ੍ਹਾਂ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦੀਆਂ ਦਾਦੀ-ਨਾਨੀ-ਮਾਂ ਨਾਲ ਬੜੇ ਭੋਲੇ ਭਾਲੇ ਸਵਾਲਾਂ-ਜੁਆਬਾਂ ਵਿੱਚ ਗੁਰ-ਸਾਖੀਆਂ ਦਾ ਸਿਲਸਿਲਾ ਚੱਲਦਾ ਹੈ।

ਗੁਰੂ ਨਾਨਕ ਦੀ ਬਾਲ-ਲੀਲ੍ਹਾ ਦੇ ਕੌਤਕ ਅਤੇ ਚੌਧਰੀ ਰਾਇ ਬੁਲਾਰ ਦੀ ਸ਼ਰਧਾ ਨੂੰ ਬੜੇ ਹੀ ਸਰਲ ਅਤੇ ਰੌਚਕ ਅੰਦਾਜ਼ ਵਿੱਚ ਪੇਸ਼ ਕੀਤਾ ਹੈ-

'ਬੱਚਿਓ ਇੱਕ ਦਿਨ ਕਰਨੀ ਰੱਬ ਦੀ ਅਜਿਹੀ ਹੋਈ ਕਿ ਚੌਧਰੀ ਰਾਇ ਬੁਲਾਰ ਘੋੜੇ ਤੇ ਚੜ੍ਹਿਆ, ਕਿਤੇ ਬਾਹਰੋਂ ਵਾਪਸ ਤਲਵੰਡੀ ਪਰਤ ਰਿਹਾ ਸੀ, ਦੁਪਹਿਰ ਢਲ ਗਈ ਸੀ, ਉਸ ਨੇ ਵੇਖਿਆ ਕਿ ਇਕ ਦਰਖਤ ਹੇਠ ਨਾਨਕ ਸੁੱਤਾ ਪਿਆ ਹੈ ਉਹ ਇਹ ਵੇਖ ਕੇ ਬੜਾ ਹੈਰਾਨ ਹੋਇਆ ਕਿ ਸੂਰਜ ਦੇ ਢਲਣ ਨਾਲ ਬਾਕੀ ਦਰੱਖਤਾਂ ਦੀਆਂ ਛਾਵਾਂ ਤੇ ਪੂਰਬ ਵੰਨੇ ਚਲੇ ਗਈਆਂ ਸਨ ਪਰ ਜਿਸ ਦਰੱਖਤ ਹੇਠ ਨਾਨਕ ਸੁੱਤਾ ਪਿਆ ਸੀ, ਉਸ ਦਰੱਖਤ ਦੀਆਂ ਛਾਵਾਂ ਨਾਨਕ 'ਤੇ ਉਵੇਂ ਦੀਆਂ ਉਵੇਂ ਰੁਕੀਆਂ ਹੋਈਆਂ ਸਨ। ਚੌਧਰੀ ਰਾਇ ਬੁਲਾਰ ਜੋ ਇਕ ਭਲ਼ਾ ਪੁਰਸ਼ ਤੇ ਖ਼ੁਦਾ ਦੇ ਖ਼ੌਫ ਵਾਲਾ ਬੰਦਾ ਸੀ, ਇਹ ਵੇਖ ਹੈਰਾਨ ਹੋਇਆ, ਰਾਇ ਬੁਲਾਰ ਆਪਣੇ ਘੋੜੇ ਤੋਂ ਉੱਤਰ ਪਿਆ।..... ਉਸਨੇ ਬੜੇ ਹੀ ਅਦਬ ਨਾਲ ਨਾਨਕ ਨੂੰ ਸਿਜਦਾ ਕੀਤਾ ਅਤੇ ਇਸ ਵਿਸ਼ਵਾਸ ਨਾਲ ਘਰ ਪਰਤਿਆ ਕਿ ਨਾਨਕ ਕੋਈ ਆਮ ਬਾਲਕ ਨਹੀਂ ਇਹ ਤਾਂ ਕੋਈ ਰੱਬੀ ਨੂਰ ਹੈ।'

ਇਸ ਸੰਖੇਪ ਜਹੀ ਗੁਰ-ਗਾਥਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਕੌਤਕ ਬੜੇ ਹੀ ਪਿਆਰੇ ਅੰਦਾਜ਼ ਵਿੱਚ ਪੇਸ਼ ਕੀਤੇ ਗਏ ਹਨ। ਵੇਈਂ ਨਦੀ ਵਿੱਚ ਗੁਰੂ ਨਾਨਕ ਨੇ ਇਸ਼ਨਾਨ ਕਰਨ ਜਾਣਾ; ਵੇਈਂ ਦੇ ਪਾਣੀ ਵਿੱਚ ਹੀ ਅਲੋਪ ਹੋ ਜਾਣਾ ਅਤੇ ਤੀਸਰੇ ਦਿਨ ਪ੍ਰਗਟ ਹੋਣ ਦੀ ਕਥਾ ਵੀ ਗੁਰੂ ਪਿਆਰਿਆਂ ਦੀ ਆਸਥਾ ਪਰਪੱਕ ਕਰਦੀ ਹੈ।

'ਬੱਚਿਓ ਤੀਸਰੇ ਦਿਨ ਦਾ ਸੂਰਜ ਚੜ੍ਹਿਆ, ਨਾਨਕੀ ਨੇ ਸਾਰਿਆਂ ਨੂੰ ਸ਼ਾਹ-ਵੇਲਾ ਕਰਵਾਇਆ ਤੇ ਮਰਦਾਨੇ ਦੀ ਰੋਟੀ ਲੈ ਵੇਈਂ ਵੱਲ ਚੱਲ ਪਈ।

ਸਾਰੇ ਬੱਚੇ ਟਿੱਕ-ਟਿੱਕੀ ਲਗਾਈ, ਸੁੰਨ ਹੋਏ ਬੈਠੇ ਦਾਦੀ ਮਾਂ ਦੇ ਮੂੰਹ ਵੱਲ ਵੇਖ ਰਹੇ ਸਨ, ਜਿਵੇਂ ਅਗਲੀ ਗੱਲ ਦੀ ਉਡੀਕ ਕਰ ਰਹੇ ਹੋਣ।

ਨਾਨਕੀ ਵੇਈਂ ਨਦੀ ਤੇ ਮਰਦਾਨੇ ਕੋਲ ਪਹੁੰਚ ਗਈ ਤੇ ਉਸਨੂੰ ਸ਼ਾਹ-ਵੇਲਾ ਕਰਵਾਇਆ। ਉਹ ਅਜੇ ਕੋਈ ਗੱਲ ਬਾਤ ਕਰਨ ਹੀ ਲੱਗੇ ਸਨ ਕਿ ਉਨ੍ਹਾਂ ਨੂੰ ਵੇਈਂ ਦੇ ਵਗਦੇ ਪਾਣੀਆਂ ਵਲੋਂ ਸਤਿ-ਕਰਤਾਰ ਦੀ ਅਵਾਜ਼ ਸੁਣਾਈ ਦਿੱਤੀ। ਉਹ ਦੋਵੇਂ ਜਿੱਧਰੋਂ ਆਵਾਜ਼ ਆ ਰਹੀ ਸੀ, ਉੱਠ ਕੇ ਉੱਧਰ ਨੂੰ ਭੱਜੇ। ਕੀ ਵੇਖਿਆ ਕਿ ਵੇਈਂ ਦੇ ਪਾਣੀਆਂ ਕੋਲ ਕੋਈ ਬਹੁਤ ਹੀ ਅਲੋਕਾਰ ਜਿਹਾ ਪ੍ਰਕਾਸ਼ ਹੈ, ਜੋ ਹੌਲੀ ਹੌਲੀ ਉਨ੍ਹਾਂ ਵੱਲ ਆ ਰਿਹਾ ਹੈ। ਫਿਰ ਉਨ੍ਹਾਂ ਨੂੰ ਨਾਨਕ ਦਾ ਝਾਉਲਾ ਪੈਣ

ਲੱਗਾ, ਉਨ੍ਹਾਂ ਵੇਖਿਆ ਇਹ ਪ੍ਰਕਾਸ਼ ਨਾਨਕ ਦੇ ਉਦਾਲੇ ਸੀ ਤੇ ਨਾਨਕ ਬਾਰ ਬਾਰ ਸਤਿ ਕਰਤਾਰ ਬੋਲ ਰਿਹਾ ਸੀ, ਫਿਰ ਉਸ ਹੋਕਾ ਦੇਣਾ ਸ਼ੁਰੂ ਕੀਤਾ ਤੇ ਆਖਣ ਲੱਗਾ- ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ,-ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ।

ਨਾਨਕੀ ਤੇ ਮਰਦਾਨੇ ਵੇਖਿਆ ਕਿ ਨਾਨਕ ਦੇ ਚਿਹਰੇ ਤੇ ਕੋਈ ਰੱਬੀ ਨੂਰ ਤੇ ਜਲਾਲ ਸੀ ਤੇ ਉਸਦੀਆਂ ਅੱਖਾਂ ਵਿੱਚ ਇੱਕ ਅਜੀਬ ਕਿਸਮ ਦੀ ਚਮਕ ਤੇ ਕਸ਼ਿਸ਼ ਸੀ। ਸੁਲਤਾਨਪੁਰ ਦੇ ਲੋਕਾਂ ਨੇ ਵੀ ਇਹ ਅਵਾਜ ਸੁਣੀ, ਤੇ ਉਨ੍ਹਾਂ ਪਹਿਚਾਣ ਲਿਆ ਕਿ ਇਹ ਅਵਾਜ ਤੇ ਨਾਨਕ ਦੀ ਏ। ਪਲਾਂ ਵਿਚ ਹੀ ਸਾਰਾ ਸੁਲਤਾਨਪੁਰ ਲੋਧੀ ਵੇਈਂ ਨਦੀ ਦੇ ਕੰਢਿਆਂ ਤੇ ਨਾਨਕ ਦੇ ਉਦਾਲੇ ਇਕੱਠਾ ਹੋ ਗਿਆ। ਇੱਕ ਵੱਡੀ ਭੀੜ ਨਾਨਕ ਦੇ ਪਿੱਛੇ ਪਿੱਛੇ ਸੁਲਤਾਨਪੁਰ ਦੇ ਚੁਰੱਸਤੇ ਵੱਲ ਜਾ ਰਹੀ ਸੀ....... ਲੋਕਾਂ ਵੇਖਿਆ ਨਾਨਕ ਦੇ ਚਿਹਰੇ ਤੇ ਇਕ ਅਲੌਕਿਕ ਨੂਰ ਸੀ, ਅੱਖਾਂ ਵਿੱਚ ਰੂਹਾਨੀ ਚਮਕ ਤੇ ਉਹਦੇ ਬੋਲ ਠੰਡ ਪਾਉਂਦੇ ਤੇ ਸੁੱਖ ਦੇਂਦੇ ਸਨ।

ਨਾਨਕ ਦੇ ਮੁੱਖ ਤੋਂ ਰੱਬੀ ਇਲਹਾਮ ਸੁਣ ਲੋਕ ਤਾਂ ਜਿਵੇਂ ਨਾਨਕ ਦੇ ਮੁਰੀਦ ਹੀ ਹੋ ਗਏ। ਕੋਈ ਨਾਨਕ ਨੂੰ ਖੁਦਾਵੰਦ ਦਾ ਪੈਗੰਬਰ ਆਖ ਰਿਹਾ ਸੀ, ਕੋਈ ਫਰਿਸ਼ਤਾ ਆਖਦਾ ਤੇ ਕੋਈ ਨਾਨਕ ਨੂੰ ਜਗਤ ਗੁਰੂ ਆਖਣ ਲੱਗਾ। ਸਭ ਜਾਣਦੇ ਸਨ ਜਿਸ ਵੇਈਂ ਨਦੀ ਦਾ ਚੱਪਾ ਚੱਪਾ ਛਾਣ ਮਾਰਿਆ ਸੀ, ਤੀਸਰੇ ਦਿਨ ਉਸੇ ਵੇਈਂ ਚੋਂ ਨਾਨਕ ਪ੍ਰਗਟ ਹੋ ਗਿਆ ਹੈ, ਇਹ ਕੋਈ ਰੱਬੀ ਰੂਹ ਹੈ।'

ਏਸੇ ਤਰ੍ਹਾਂ ਜਦੋਂ ਗੁਰੂ ਨਾਨਕ ਦੇਵ ਜੀ ਮਲਕ ਭਾਗੋ ਦੇ ਬ੍ਰਹਮ ਭੋਜ ਨੂੰ ਪ੍ਰਵਾਨ ਨਹੀਂ ਕਰਦੇ ਤਾਂ ਧਰਮ ਦੀ ਕਿਰਤ ਦੀ ਕਮਾਈ ਅਤੇ ਪਾਪ ਦੀ ਲੁੱਟ-ਖਸੁੱਟ ਨਾਲ ਕੀਤੀ ਕਮਾਈ ਦਾ ਫਰਕ ਕਿਵੇਂ ਸਮਝਾਉਂਦੇ ਹਨ-ਗੁਰੂ ਸਾਹਿਬ ਲੋਕਾਈ ਨੂੰ ਕਿਵੇਂ ਸੱਚਾ ਆਚਾਰ-ਵਿਹਾਰ ਸਿਖਾਉਂਦੇ ਹਨ-

ਨਾਨਕ ਨੇ ਭਾਈ ਲਾਲੋ ਨੂੰ ਪੁੱਛਿਆ- ਭਾਈ ਲਾਲੋ ਜੀ! ਇਹ ਸਾਰਾ ਪਦਾਰਥ ਤੁਸਾਂ ਪਾਸ ਕਿਵੇਂ ਆਇਆ, ਤੇ ਤੁਸਾਂ ਇਹ ਤਿਆਰ ਕਿਵੇਂ ਕੀਤਾ?

ਭਾਈ ਲਾਲੋ ਨੇ ਆਖਿਆ- ਐ ਨਾਨਕ ਤਪਾ, ਮੈਂ ਆਪਣੇ ਹੱਥਾਂ ਨਾਲ ਸੱਚੀ ਸੁੱਚੀ, ਧਰਮ ਦੀ ਕਿਰਤ ਕੀਤੀ, ਹੱਡ-ਭੰਨਵੀਂ ਮਿਹਨਤ ਨਾਲ ਖੂਨ-ਪਸੀਨੇ ਦੀ ਜੋ ਕਮਾਈ ਹੋਈ, ਉਸ ਨਾਲ ਇਹ ਪਦਾਰਥ ਮੈਨੂੰ ਪਰਾਪਤ ਹੋਇਆ ਹੈ। ਇਸ ਪਦਾਰਥ ਨੂੰ ਮੈਂ ਤੇ ਮੇਰੀ ਤਰੀਮਤ ਨੇ ਪ੍ਰਮਾਤਮਾ ਦੀ ਰਹਿਮਤ ਸਮਝ ਕੇ, ਉਸ ਪਰਮਾਤਮਾ ਦਾ ਧੰਨਵਾਦ ਕਰਦਿਆਂ, ਸਿਰ ਝੁਕਾਇਆ ਫਿਰ ਇਸ਼ਨਾਨ ਕਰਕੇ ਸੁੱਚੇ ਹੱਥਾਂ ਨਾਲ, ਪਰਮੇਸਰ ਦਾ ਨਾਮ ਜਪਦਿਆਂ, ਆਪਣੇ ਹੱਥੀ ਇਹ ਪਦਾਰਥ ਤਿਆਰ ਕੀਤਾ ਹੈ, ਜੋ ਮੈ ਤੁਸਾਂ ਵਾਸਤੇ ਲੈ ਕੇ ਹਾਜ਼ਰ ਹੋਇਆ ਹਾਂ।

ਹੁਣ ਨਾਨਕ ਨੇ ਮਲਕ ਭਾਗੋ ਨਾਲ ਨਿਗਾਹਾਂ ਮਿਲਾਈਆਂ ਪਰ ਮਲਕ ਕੋਲ ਤੇ ਅਜਿਹਾ ਕਹਿਣ ਨੂੰ ਕੁਝ ਵੀ ਨਹੀਂ ਸੀ, ਜਿਹੋ ਜਿਹਾ ਲਾਲੋ ਨੇ ਸੁਣਾ ਛੱਡਿਆ ਸੀ। ਮਲਕ ਨੇ ਨੀਵੀਂ ਪਾ ਲਈ।

ਨਾਨਕ ਆਖਿਆ- ਮਲਕ ਜੀ 'ਹੋਰੁ ਖਾਣਾ ਖੁਸੀ ਖੁਆਰੁ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥' ਦੱਸਿਓ ਜ਼ਰਾ ਬ੍ਰਹਮ-ਭੋਜ ਵਿੱਚ ਵਰਤਿਆ ਗਿਆ ਤੁਸਾਂ ਦਾ ਸਾਰਾ ਪਦਾਰਥ ਕਿੱਥੋਂ ਆਇਆ? ਕੀ ਤੁਸਾਂ ਆਪਣੇ ਹੱਥੀਂ ਕੋਈ ਕਿਰਤ ਕੀਤੀ ਹੈ ਜਾਂ ਕਿ ਇਹ ਸਭੋ ਕੁਝ ਗਰੀਬਾਂ ਦੀ ਰੱਤ ਨਿਚੋੜ ਕੇ ਤੁਹਾਡੇ ਖ਼ਜ਼ਾਨਿਆਂ ਵਿੱਚ ਆਇਆ ਹੈ? ਇਹ ਪਦਾਰਥ ਤਿਆਰ ਕਰਨ ਲਈ ਦੁੱਧ, ਘਿਓ, ਤੇਲ ਕਿਸ ਕਿਸ ਨੂੰ ਵਗਾਰਾਂ ਪਾ ਕੇ ਤੁਸਾਂ ਇਕੱਠੇ ਕੀਤੇ ਹਨ? ਕੀ ਇਹ ਪਦਾਰਥ ਲਿਆਣ ਵਾਲੇ, ਆਪਣੇ ਕਾਮਿਆਂ ਨੂੰ ਤੁਸਾਂ ਉਨ੍ਹਾਂ ਦੀ ਮਿਹਨਤ ਦਿੱਤੀ ਹੈ? ਕੀ ਇਹ ਪਦਾਰਥ ਤੁਸਾਂ ਆਪ ਆਪਣੇ ਹੱਥੀਂ ਤਿਆਰ ਕੀਤੇ ਹਨ ਜਾਂ ਕਿ ਵਗਾਰ ਤੇ ਆਏ ਗਰੀਬ ਮਿਹਨਤਕਸ਼ਾਂ ਨੇ, ਤੇ ਜਿਨ੍ਹਾਂ ਦੀ ਮਿਹਨਤ ਮਜਦੂਰੀ ਵੀ ਤੁਸਾਂ ਨਹੀਂ ਦੇਣੀ। ਹੁਣ ਨੀਵੀਂ ਪਾਈ ਕਿਉਂ ਖੜ੍ਹੇ ਹੋ? ਕੋਈ ਜਵਾਬ ਹੈ ਤੁਸਾਂ ਕੋਲ, ਇਨ੍ਹਾਂ ਗੱਲਾਂ ਦਾ?

ਫਿਰ ਨਾਨਕ ਨੇ ਇਕੱਠੇ ਹੋਏ ਸਾਰੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ- ਸੱਜਨੋ, ਹੁਣ ਤੁਸੀਂ ਸਾਰੇ ਦੱਸੋ ਇਨ੍ਹਾਂ ਵਿੱਚੋਂ ਕਿਹੜਾ ਪਦਾਰਥ ਹਰਾਮ ਹੈ ਤੇ ਕਿਹੜਾ ਹਲਾਲ?

ਬੱਚਿਓ ਜਦੋਂ ਲੋਕਾਂ ਦਾ ਧਿਆਨ ਨਾਨਕ ਦੇ ਸਾਹਵੇ ਪਏ ਦੋਹਾਂ ਪਕਵਾਨਾ ਤੇ ਪਿਆ, ਤਾਂ ਉਨ੍ਹਾਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਉਹਨਾਂ ਵੇਖਿਆ ਕਿ ਮਲਕ ਭਾਗੋ ਦੇ ਪਕਵਾਨ ਤੇ ਗਰੀਬ ਗੁਰਬਿਆਂ ਦੀ ਨਿਚੋੜੀ ਹੋਈ ਰੱਤ ਹੈ, ਤੇ ਭਾਈ ਲਾਲੋ ਦੇ ਪਦਾਰਥ ਸੁੱਚੀ ਕਿਰਤ ਤੇ ਸੁੱਚੇ ਦੁੱਧ ਵਰਗੇ। ਨਾਨਕ ਨੇ ਆਖਿਆ- ਤੁਸੀਂ ਸਾਰੇ ਜ਼ਰਾ ਮੈਨੂੰ ਦੱਸਿਓ ਕਿ ਸਾਧੂ ਮਹਾਤਮਾ ਜਾਂ ਕਿਸੇ ਫਕੀਰ ਦੀ ਅਜਿਹੇ ਪਕਵਾਨਾਂ ਦਾ ਸੇਵਨ ਕਰਕੇ ਬਿਰਤੀ ਪਰਮੇਸਰ ਨਾਲ ਜੁੜ ਸਕਦੀ ਹੈ? ਜਿਹੋ ਜਿਹੇ ਪਦਾਰਥਾਂ ਨਾਲ ਤੇ ਜਿਹੋ ਜਿਹੇ ਤਰੀਕੇ ਨਾਲ ਇਹ ਪਕਵਾਨ ਮਲਕ ਸਾਹਿਬ ਦੇ ਬ੍ਰਹਮ-ਭੋਜ ਵਿੱਚ ਤਿਆਰ ਹੋਏ ਹਨ, ਉਹ ਵੀ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ।

ਪਾਠਕਾਂ ਨੂੰ ਪੁਸਤਕ ਵਿਚਲੀ ਜਾਣਕਾਰੀ ਦੇਣ ਅਤੇ ਗੁਰ-ਗਾਥਾ ਪੜ੍ਹਨ ਵਾਸਤੇ ਪ੍ਰੇਰਤ ਕਰਨ ਲਈ ਇਹ ਕੁਝ ਵੰਨਗੀ ਸਾਂਝੀ ਕੀਤੀ ਹੈ। ਕੇਵਲ ਅਲੌਕਿਕ ਕੌਤਕ ਹੀ ਨਹੀਂ, ਇਨ੍ਹਾਂ ਗੁਰ ਸਾਖੀਆਂ ਵਿੱਚ ਧਰਮ ਦੀ ਸੁੱਚੀ ਕਿਰਤ ਕਰਨ ਦਾ ਉਪਦੇਸ਼ ਹੈ, ਪਦਵੀ ਤੇ ਮਾਇਆ ਦੇ ਹੰਕਾਰ ਦਾ ਤਿਆਗ ਕਰਕੇ ਪ੍ਰੇਮ ਅਤੇ ਸ਼ਰਧਾ ਭਾਵਨਾ ਨਾਲ ਪ੍ਰਭੂ ਭਗਤੀ ਕਰਨ ਦੀ ਪ੍ਰੇਰਣਾ ਹੈ, ਵਲੀ ਕੰਧਾਰੀ ਵਾਲੇ ਪ੍ਰਸੰਗ ਵਿੱਚ ਸਭ ਪ੍ਰਤੀ ਨਿਮਰ ਭਾਵ ਨਾਲ ਪੇਸ਼ ਆਉਣ ਅਤੇ ਨਿਸ਼ਕਾਮ ਸੇਵਾ ਕਰਨ ਦੀ ਸਿੱਖਿਆ ਹੈ।

ਇਹ 'ਨਾਨਕ ਸ਼ਾਹ ਫਕੀਰ' ਦੀਆਂ ਸਾਖੀਆਂ ਬਾਲ ਮਨਾਂ ਦੇ ਕੋਰੇ ਕਾਗਜ ਤੇ ਪਾਏ ਸੁਨਹਿਰੀ ਪੂਰਨੇ ਹਨ, ਜੋ ਪਾਠਕਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ ਅਤੇ ਧਰਮ ਦੇ ਸ਼ੁੱਧ ਸਰੂਪ ਦੇ ਪ੍ਰਕਾਸ਼ ਨਾਲ ਹਿਰਦਾ ਰੌਸ਼ਨ ਕਰਨਗੇ ਅਤੇ ਹੋਰ ਗੁਰ-ਸਾਖੀਆਂ ਪੜ੍ਹਨ ਪਈ ਪ੍ਰੇਰਣਾ ਸ੍ਰੋਤ ਬਣਨਗੇ, ਅਜੇਹੀ ਉਮੀਦ ਹੈ।

-ਹਰਪਾਲ ਸਿੰਘ ਸੇਵਕ





**ਸ੍ਰੀ ਸਤਿਗੁਰੂ ਉਦੇ ਸਿੰਘ ਜੀ,**
**ਅਜੀਤ ਸਿੰਘ ਲਾਇਲ ਦਾ ਮਾਰਗ ਦਰਸ਼ਨ ਕਰਦੇ ਹੋਏ।**



**ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨਾਲ**
**ਹਰਪਾਲ ਸਿੰਘ ਸੇਵਕ ਦੇ ਨਿਕਟਤਾ ਦੇ ਪਲ**


ਚੜ੍ਹਿਆ ਸੋਧਣਿ ਧਰਤਿ ਲੁਕਾਈ ॥




ਗੁਰੂ ਨਾਨਕ ਦੇ ਉਪਕਾਰ
ਸਾਰੀਆਂ ਜੁਬਾਨਾ ਵਿਚ ਛਾਪੇ
ਜਾਣ ਪਹਿਲਾਂ ਫੋਲਡਰ
ਫਿਰ ਲੀਫ ਲੈਟ ਫਿਰ ਕਤਾਬਾਂ
ਹੋਣ

ਹਸਤ ਲਿਖਤ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਗੁਰੂ ਨਾਨਕ ਦੇ ਉਪਕਾਰ
ਸਾਰੀਆਂ ਜੁਬਾਨਾ ਵਿਚ ਛਾਪੇ
ਜਾਣ ਪਹਿਲਾਂ ਫੋਲਡਰ
ਫਿਰ ਲੀਫ ਲੈਟ ਫਿਰ ਕਤਾਬਾਂ
ਹੋਣ



ਮਰਦਾਨੇ ਰਵਾਬ ਵਜਾਇਆ,
ਬਾਬੇ ਸ਼ਬਦ ਉਠਾਇਆ...

# ਨਾਨਕ ਨੇ ਜਦ ਨਗਮਾ ਗਾਇਆ

ਸੂਰਜ ਆਇਆ ਕਰਨ ਦੀਦਾਰੇ। ਨੂਰੀ ਤੱਕਣ ਲਈ ਨਜਾਰੇ।
ਚਿਹਰੇ ਉੱਤੇ ਧੌਣ ਝੁਕਾ ਕੇ। ਸੱਪ ਖਲੋਤਾ ਫਨ ਫੈਲਾ ਕੇ।
ਸੱਪਾਂ ਆਪਨਾ ਜ਼ਹਿਰ ਗਵਾਇਆ। ਨਾਨਕ ਨੇ ਜਦ...
ਜਾ ਕੇ ਵਿੱਚ ਬਗਦਾਦ ਸ਼ਹਿਰ ਦੇ। ਜਿਸ ਥਾਂ ਹੁੰਦੇ ਜ਼ੁਲਮ ਕਹਿਰ ਦੇ
ਲੱਖ ਆਕਾਸ਼ ਪਾਤਾਲ ਵਿਖਾ ਕੇ। ਪੀਰਾਂ ਤਾਈਂ ਮੁਰੀਦ ਬਣਾ ਕੇ।
ਪੀਰਾਂ ਨੇ ਮਿਲ ਸੀਸ ਝੁਕਾਇਆ। ਨਾਨਕ ਨੇ ਜਦ...
ਜਦ ਮਰਦਾਨੇ ਮੰਗਿਆ ਪਾਣੀ। ਪਹਾੜ ਚੀਰਦਾ ਲੰਘਿਆ ਪਾਣੀ।
ਪੀ ਮਰਦਾਨੇ ਸ਼ਬਦ ਸੁਣਾਇਆ। ਉੱਤੋਂ ਪੀਰ ਪਹਾੜ ਵਗਾਇਆ।
ਪੱਥਰ ਨੇ ਆ ਕੀਤੀ ਛਾਇਆ। ਨਾਨਕ ਨੇ ਜਦ...
ਰੇਠੇ ਮਿੱਠੇ ਸ਼ਹਿਦ ਬਣਾਏ। ਅੰਬ ਅਨਾਰ ਅੱਕਾਂ ਨੂੰ ਲਾਏ।
ਰੱਸਗੁੱਲੇ ਰੁੱਖਾਂ ਨੂੰ ਲੱਗੇ। ਦੁੱਧ ਨਾਲਿਆਂ ਅੰਦਰ ਵਗੇ।
ਉੱਜੜੇ ਖੇਤਾਂ ਫਲ ਖਵਾਇਆ । ਨਾਨਕ ਨੇ ਜਦ...
ਪਾਪੀ ਸਾਰੇ ਹੋਏ ਪਵਿੱਤਰ। ਠੱਗ ਚੋਰ ਸਭ ਹੋਏ ਮਿੱਤਰ
ਪੂੜੀ ਵਿੱਚੋਂ ਖੂਨ ਸਿੰਮਿਆ। ਕੋਧਰੇ ਵਿੱਚੋਂ ਦੁੱਧ ਨਿੰਮਿਆ।
ਭਾਗੋ ਆਪਣਾ ਭਰਮ ਗਵਾਇਆ। ਨਾਨਕ ਨੇ ਜਦ...

# ਕਲਿ ਤਾਰਣ ਗੁਰੂ ਨਾਨਕ ਆਇਆ ॥

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ।

ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।

ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ।

ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।

ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।

ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।

ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰੁ ਸੁਣਾਇਆ।

ਕਲਿ ਤਾਰਣ ਗੁਰੂ ਨਾਨਕ ਆਇਆ ॥੨੩॥

# (ਤਤਕਰਾ)


| | | |
|---|---|---|
| 1. | ਆਦਿ ਗੁਰੂ ਬਾਬਾ: ਨਾਨਕ ਸ਼ਾਹ ਫ਼ਕੀਰ (ਪ੍ਰਕਾਸ਼ ਅਤੇ ਬਾਲ ਲੀਲ੍ਹਾ) | 1 |
| 2. | ਸਾਖੀ ਗੁਰੂ ਨਾਨਕ ਦੇ ਸੁਲਤਾਨਪੁਰ ਜਾਣ ਦੀ .......................... | 15 |
| 3. | ਗੁਰੂ ਨਾਨਕ ਦੇ ਵਿਆਹ ਦੀ ਸਾਖੀ .................................... | 26 |
| 4. | ਸਾਖੀ ਵੇਈਂ ਨਦੀ ਦੀ .................................................. | 32 |
| 5. | ਸਾਖੀ ਕਾਜੀ ਨਾਲ ਨਿਮਾਜ਼ ਪੜਣ ਦੀ ................................ | 36 |
| 6. | ਸੈਦਪੁਰ ਭਾਈ ਲਾਲੋ ਦੇ ਘਰ ........................................... | 42 |
| 7. | ਮਲਕ ਭਾਗੋ ਦਾ ਬ੍ਰਹਮ ਭੋਜ ............................................. | 47 |
| 8. | ਸਾਖੀ ਸੈਦਪੁਰ ਦੇ ਨਵਾਬ ਦੀ ........................................... | 50 |
| 9. | ਸਾਖੀ ਸੱਜਣ ਠੱਗ ਦੀ .................................................. | 55 |
| 10. | ਸਾਖੀ ਹਰਿਦੁਆਰ ਸੂਰਜ ਗ੍ਰਹਿਣ ਦੀ ................................. | 59 |
| 11. | ਸਾਖੀ ਗੋਰਖ ਮਤੇ ਦੀ ..................................................... | 63 |
| 12. | ਜੋਗੀ ਢੇਰ ਨਾਥ ਅਤੇ ਰੀਠੇ ਮਿੱਠੇ ਕਰਨ ਦੀ ਸਾਖੀ .................. | 69 |
| 13. | ਉੱਜੜ ਜਾਓ, ਵੱਸਦੇ ਰਹੋ ................................................ | 71 |
| 14. | ਪੰਡੇ ਧੱਤਰੀ ਦੀ ਸਾਖੀ .................................................... | 75 |
| 15. | ਚੇਤੰਨਯਾ ਮਹਾਪ੍ਰਭੂ ........................................................ | 77 |
| 16. | ਭਵ ਖੰਡਨਾ ਤੇਰੀ ਆਰਤੀ ................................................ | 77 |
| 17. | ਕੌਡੇ ਦਾ ਉਧਾਰ ........................................................... | 81 |
| 18. | ਸਾਖੀ ਹਸਨ ਅਬਦਾਲ ਦੀ (ਪੰਜਾ ਸਾਹਿਬ) ......................... | 85 |
| 19. | ਮਰਨਾ ਸੱਚ, ਜਿਊਣਾ ਝੂਠ ............................................... | 89 |
| 20. | ਸਾਖੀ ਭੈਣ ਨਾਨਕੀ ਦੀ .................................................. | 90 |
| 21. | ਸਾਖੀ ਸੇਠ ਦੁਨੀ ਚੰਦ ਦੀ ............................................... | 94 |
| 22. | ਸਾਖੀ ਪਾਲੀ ਲੜਕੇ ਦੇ ਸੁਲਤਾਨ ਬਣਨ ਦੀ ........................... | 96 |
| 23. | ਫ਼ਕੀਰ ਮੀਆਂ ਮਿੱਠਾ ਦੀ ਸਾਖੀ ........................................ | 100 |
| 24. | ਮੁਲਤਾਨ ਦੀ ਸਾਖੀ ........................................................ | 101 |
| 25. | ਮੱਕੇ ਦੀ ਸਾਖੀ .............................................................. | 104 |
| 26. | ਫ਼ਕੀਰ ਦਸਤਗੀਰ ਦੀ ਸਾਖੀ ............................................ | 107 |
| 27. | ਮਰਦਾਨੇ ਦੀ ਰੁਖ਼ਸਤਗੀ .................................................. | 111 |
| 28. | ਕਰਤਾਰਪੁਰ ਵਸਾਉਣਾ .................................................. | 114 |
| 29. | ਸਿੱਧ ਗੋਸ਼ਟਿ: ਅਚਲ ਬਟਾਲਾ .......................................... | 117 |
| 30. | ਭਾਈ ਲਹਿਣਾ ਜੀ ........................................................... | 120 |

## ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥



ਦਾਦੀ ਮਾਂ ਬੱਚਿਆਂ ਨੂੰ ਸਾਖੀਆਂ ਸੁਣਾਉਂਦੇ ਹੋਏ।

# ਆਦਿ ਗੁਰੂ ਬਾਬਾ : ਨਾਨਕ-ਸ਼ਾਹ-ਫ਼ਕੀਰ

ਭੈਣ ਗੰਗਾ ਕੌਰ! ਤੂੰ ਦਾਦੀ ਜੀ ਕੋਲ ਜਾਹ ਤੇ ਆਖੀਂ, ਦਾਦੀ ਜੀ ਅੱਜ ਰਾਤੀਂ ਵੀ ਸਾਨੂੰ ਕੋਈ ਬਾਤ ਸੁਣਾਇਓ।

'ਚੱਲ ਗੰਗਾ ਸਿੰਘ ਆਪਾਂ ਦੋਵੇਂ ਜਾ ਕੇ ਦਾਦੀ ਜੀ ਨੂੰ ਆਖਦੇ ਹਾਂ।' (ਦੋਵੇਂ ਦਾਦੀ ਮਾਂ ਜੀ ਕੋਲ ਚਲੇ ਜਾਂਦੇ ਹਨ)

"ਦਾਦੀ ਮਾਂ ਜੀ, ਸਾਨੂੰ ਅੱਜ ਵੀ ਰਾਤੀਂ ਕੋਈ ਬਾਤ ਸੁਣਾਇਓ।"

"ਪੁੱਤਰ ਜੀ, ਜ਼ਰੂਰ ਸੁਣਾਵਾਂਗੀ, ਪਰ ਅੱਜ ਬਾਤ ਨਹੀਂ, ਅੱਜ ਮੈਂ ਤੁਹਾਨੂੰ ਸਾਖੀ ਸੁਣਾਵਾਂਗੀ।"

"ਦਾਦੀ ਮਾਂ ਜੀ! ਸਾਖੀ ਕੀ ਹੁੰਦੀ ਹੈ?"

"ਪੁੱਤਰ ਜੀ! ਸਾਖੀ ਉਹ ਹੁੰਦੀ ਹੈ, ਜੋ ਅੱਖੀਆਂ ਦੇ ਸਾਹਮਣੇ ਵਾਪਰੀ ਹੋਵੇ ਅਤੇ ਸਾਡੇ ਸਤਿਗੁਰੂਆਂ ਨਾਲ ਵਾਪਰੀਆਂ ਘਟਨਾਵਾਂ ਨੂੰ ਸ਼ਰਧਾ ਸਤਿਕਾਰ ਨਾਲ ਸਾਖੀ ਆਖਿਆ ਜਾਂਦਾ ਹੈ।"

"ਫਿਰ ਦਾਦੀ ਜੀ, ਅੱਜ ਕਿਸ ਸਤਿਗੁਰੂ ਜੀ ਦੀ ਤੁਸੀਂ ਸਾਖੀ ਸੁਣਾਓਗੇ?"

"ਪੁੱਤਰ ਜੀ, ਅੱਜ ਮੈਂ ਤੁਹਾਨੂੰ ਸਾਡੇ ਪਹਿਲੇ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦੀ ਸਾਖੀ ਸੁਣਾਵਾਂਗੀ।"

"ਦਾਦੀ ਜੀ, ਚਲੋ! ਠੀਕ ਹੈ ਜਿਵੇਂ ਤੁਸੀਂ ਕਹਿੰਦੇ ਹੋ।"

"ਨਹੀਂ ਪੁੱਤਰ ਜੀ, ਹੁਣੇ ਨਹੀਂ, ਸਾਰੇ ਪ੍ਰਸ਼ਾਦਾ ਛਕ ਲਓ, ਲੰਗਰ-ਪਾਣੀ ਦਾ ਕੰਮ ਖਤਮ ਹੋ ਜਾਏਗਾ ਫਿਰ ਤੁਸੀਂ ਸਾਰੇ ਆ ਜਾਇਓ, ਫਿਰ ਮੈਂ ਤੁਹਾਨੂੰ ਸਾਖੀ ਸੁਣਾਵਾਂਗੀ।"

"ਦਾਦੀ ਜੀ, ਉੱਧਰ ਚਾਚਾ ਜੀ ਦੇ ਘਰੋਂ ਰਤਨ ਸਿੰਘ ਨੂੰ ਵੀ ਬੁਲਾ ਲਿਆਈਏ।"

"ਹਾਂ ਪੁੱਤਰ ਜੀ, ਰਤਨ ਸਿੰਘ ਦੇ ਨਾਲ ਨਾਲ ਰਤਨ ਕੌਰ ਨੂੰ ਵੀ ਬੁਲਾ ਲਿਆਇਓ। ਹਾਂ, ਨਾਲੇ ਆਪਣੇ ਤਾਇਆ ਜੀ ਵੱਲ ਵੀ ਜਾਇਓ ਤੇ ਧੰਨਾ ਸਿੰਘ ਤੇ ਧਰਮ ਕੌਰ ਨੂੰ ਵੀ ਬੁਲਾ ਲਿਆਇਓ, ਉਹ ਵੀ ਸਤਿਗੁਰੂ ਨਾਨਕ ਦੇਵ ਜੀ ਦੀ ਸਾਖੀ ਸੁਣ ਲੈਣਗੇ।"

"ਦਾਦੀ ਜੀ ਵੱਡੇ ਭੂਆ ਜੀ ਵੀ ਆਏ ਹੋਏ ਹਨ।"

"ਉਹ ਬੇਟਾ ਜੀ, ਮੈਂ ਤੇ ਭੁੱਲ ਹੀ ਗਈ, ਤੁਸੀਂ ਆਤਮਾ ਸਿੰਘ ਤੇ ਅਮਰ ਕੌਰ ਨੂੰ ਵੀ ਨਾਲ ਹੀ ਲੈ ਆਇਓ।"

(ਬੜੇ ਚਾਅ ਨਾਲ ਗੰਗਾ ਸਿੰਘ ਤੇ ਗੰਗਾ ਕੌਰ ਆਪਣੇ ਤਾਇਆ ਜੀ ਫਿਰ ਚਾਚਾ ਜੀ ਵੱਲ ਗਏ, ਭੂਆ ਜੀ ਵੀ ਚਾਚਾ ਜੀ ਵੱਲੇ ਹੀ ਸਨ, ਸਾਰੇ ਬੱਚਿਆਂ ਨੂੰ ਦੱਸਿਆ ਕਿ ਸ਼ਾਮ ਦਾ ਪ੍ਰਸ਼ਾਦਾ ਛਕ ਕੇ ਦਾਦੀ ਜੀ ਕੋਲ ਆ ਜਾਇਓ, ਅੱਜ ਦਾਦੀ ਜੀ ਸਾਨੂੰ ਸਭ ਨੂੰ ਸਤਿਗੁਰੂ ਨਾਨਕ ਦੇਵ ਜੀ ਦੀ ਸਾਖੀ ਸੁਣਾਉਣਗੇ)

ਦਾਦੀ ਜੀ ਅਜੇ ਰੋਟੀ-ਟੁਕ ਤੋਂ ਵੇਹਲੇ ਹੋ ਕੇ ਆਪਣੇ ਮੰਜੇ ਤੇ ਬੈਠੇ ਹੀ ਸਨ ਕਿ ਬੱਚਿਆਂ ਨੇ ਆ ਘੇਰਾ ਪਾਇਆ। ਦੋਵੇਂ ਹੱਥ ਜੋੜ ਦਾਦੀ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਉਂਦੇ ਤੇ ਪੈਰੀਂ ਹੱਥ ਲਾ ਕੋਲ ਬੈਠ ਜਾਂਦੇ। ਜਦ

ਸਾਰੇ ਬੱਚੇ ਆ ਗਏ ਤਾਂ ਦਾਦੀ ਜੀ ਨੇ ਆਖਿਆ–

"ਹਾਂ ਬੱਚਿਓ! ਅੱਜ ਮੈਂ ਤੁਹਾਨੂੰ ਸਤਿਗੁਰੂ ਨਾਨਾਕ ਦੇਵ ਜੀ, ਜੋ ਸਾਡੇ ਪਹਿਲੇ ਸਤਿਗੁਰੂ ਜੀ ਸਨ ਉਨ੍ਹਾਂ ਦੀ ਸਾਖੀ ਸੁਣਾਵਾਂਗੀ।"

'ਜੀ, ਦਾਦੀ ਜੀ।



"ਹਾਂ ਬੱਚਿਓ! ਕੱਤਕ ਦੀ ਪੂਰਨਮਾਸੀ ਸੀ ਤੇ ਈਸਵੀ ਸੰਨ ੧੪੬੯, ਅੰਮ੍ਰਿਤ ਵੇਲੇ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ।"

"ਦਾਦੀ ਜੀ ਪੂਰਨਮਾਸ਼ੀ ਕੀ ਹੁੰਦੀ ਹੈ?"

"ਰਤਨ ਸਿੰਘ ਜੀ, ਹਿੰਦੋਸਤਾਨੀ ਤਰੀਕੇ ਦੇ ਅਨੁਸਾਰ ਮਹੀਨੇ ਦੀ ਗਿਣਤੀ ਚੰਦ ਦੇ ਹਿਸਾਬ ਨਾਲ ਕੀਤੀ

ਜਾਂਦੀ ਹੈ। ਪੂਰਨਮਾਸ਼ੀ ਦਾ ਭਾਵ ਹੈ ਜਦੋਂ ਮਹੀਨਾ ਪੂਰਾ ਹੋ ਗਿਆ ਭਾਵ ਮਾਸ ਪੂਰਨ ਹੋ ਗਿਆ ਅਤੇ ਉਸ ਰਾਤ ਅਕਾਸ਼ ਵਿਚ ਚੰਦਰਮਾ ਪੂਰਾ ਹੁੰਦਾ ਹੈ ਅਤੇ ਜਿਸ ਦਿਨ ਚੰਦਰਮਾ ਬਿਲਕੁੱਲ ਪੂਰਾ ਗੋਲ ਵਿਖਾਈ ਦਿੰਦਾ ਹੈ,ਉਸ ਦਿਨ ਨੂੰ ਪੂਰਨਮਾਸ਼ੀ ਕਿਹਾ ਜਾਂਦਾ ਹੈ।"

"ਦਾਦੀ ਮਾਂ ਜੀ ਫਿਰ ਮੱਸਿਆ ਕੀ ਹੁੰਦੀ ਹੈ?"

"ਹਾਂ ਧੰਨਾ ਸਿੰਘ ਜੀ, ਪੂਰਨਮਾਸ਼ੀ ਤੋਂ ਬਾਅਦ ਚੰਦ ਘਟਣਾ ਸ਼ੁਰੂ ਹੋ ਜਾਂਦਾ ਹੈ ਤੇ ਜਿਸ ਰਾਤ ਚੰਦ ਬਿਲਕੁਲ ਵਿਖਾਈ ਨਾ ਦੇਵੇ ਉਸ ਹਨੇਰੀ ਰਾਤ ਨੂੰ ਮੱਸਿਆ ਕਹਿੰਦੇ ਹਨ ਜਿਵੇਂ ਇਸ ਦਾ ਨਾਮ ਹੀ ਹੈ ਕਿ ਮਾਹ-ਸਿਆਹ, ਸਿਆਹ ਜਾਣੀਕੇ ਕਾਲੀ ਸਿਆਹ ਰਾਤ, ਤੇ ਇਹ ਮੱਸਿਆ ਪੂਰਨਮਾਸ਼ੀ ਤੋਂ ਤਕਰੀਬਨ ਪੰਦਰਾਂ ਕੁ ਦਿਨ ਬਾਅਦ ਹੁੰਦੀ ਹੈ।"

"ਹਾਂ, ਤੇ ਮੈਂ ਤੁਹਾਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਬਾਰੇ ਦੱਸ ਰਹੀ ਸੀ।"

"ਦਾਦੀ ਮਾਂ ਜੀ, ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ ਦਾ ਨਾਮ ਕੀ ਸੀ?"

"ਹਾਂ ਤੇ ਅਮਰ ਕੌਰ ਜੀ, ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਤ੍ਰਿਪਤਾ ਸੀ ਅਤੇ ਪਿਤਾ ਜੀ ਦਾ ਨਾਮ ਮਹਿਤਾ ਕਾਲੂ ਰਾਇ ਸੀ।"

"ਦਾਦੀ ਜੀ ਗੁਰੂ ਨਾਨਕ ਦੇਵ ਜੀ ਦਾ ਪਿੰਡ ਕਿਹੜਾ ਸੀ?"

"ਹਾਂ ਪੁੱਤਰ ਜੀ, ਰਾਇ ਭੋਇ ਦੀ ਤਲਵੰਡੀ ਜੋ ਅੱਜਕੱਲ੍ਹ ਪਾਕਿਸਤਾਨ ਵਿਚ ਹੈ ਅਤੇ ਇਸ ਨੂੰ ਹੁਣ ਸਤਿਕਾਰ ਨਾਲ ਅਸੀਂ ਸਾਰੇ ਨਨਕਾਣਾ ਸਾਹਿਬ ਕਹਿੰਦੇ ਹਾਂ।"

"ਜੀ, ਦਾਦੀ ਜੀ।"

"ਗੁਰੂ ਜੀ ਦੀ ਕੋਈ ਭੈਣ ਵੀ ਸੀ?"

"ਹਾਂ ਰਤਨ ਕੌਰ ਜੀ, ਗੁਰੂ ਨਾਨਕ ਦੇਵ ਜੀ ਤੋਂ ਚਾਰ ਸਾਲ ਵੱਡੇ ਉਨ੍ਹਾਂ ਦੇ ਭੈਣ ਜੀ ਸਨ, ਜਿਨ੍ਹਾਂ ਦਾ ਨਾਮ ਬੇਬੇ ਨਾਨਕੀ ਜੀ ਸੀ। ਨਾਨਕੀ ਆਪਣੇ ਛੋਟੇ ਵੀਰ ਨਾਨਕ ਨੂੰ ਬਹੁਤ ਪਿਆ ਕਰਦੀ ਸੀ। ਆਪਣੇ ਮਾਤਾ ਜੀ ਨੂੰ ਆਖਦੀ, ਮਾਤਾ ਜੀ ਵੀਰ ਨੂੰ ਮੇਰੀ ਗੋਦੀ ਵਿਚ ਪਾ ਦਿਓ। ਫਿਰ ਨਾਨਕ ਨਾਲ ਛੋਟੀਆਂ ਛੋਟੀਆਂ ਗੱਲਾਂ ਕਰਦੀ ਤੇ ਕਹਿੰਦੀ ਮਾਤਾ ਜੀ ਮੇਰੇ ਵੀਰ ਦੀਆਂ ਨਿੱਕੀਆਂ ਨਿੱਕੀਆਂ ਬੁੱਲੀਆਂ ਤੇ ਕੁਝ ਕਹਿੰਦੀਆਂ ਜਾਪਦੀਆਂ ਨੇ। ਵੀਰ ਦਾ ਮੱਥਾ ਵੇਖੋ ਜਿਵੇਂ ਵੀਰ ਕੁਝ ਸੋਚ ਰਿਹਾ ਹੋਵੇ ਇੰਝ ਲਗਦੈ ਜਿਵੇਂ ਹੁਣੇ ਹੀ ਕੁਝ ਬੋਲੇਗਾ। ਇਵੇਂ ਲਾਡ ਪਿਆਰ ਨਾਲ, ਨਾਨਕ ਦਾ ਬਚਪਨ ਬੀਤਿਆ। ਛੇ ਸਾਲ ਦੀ ਉਮਰ ਵਿਚ ਨਾਨਕ ਨੂੰ ਗੋਪਾਲ ਪਾਂਧੇ ਕੋਲ ਪਾਠਸ਼ਾਲਾ ਪੜ੍ਹਨ ਲਈ ਭੇਜ ਦਿੱਤਾ ਗਿਆ।"

"ਦਾਦੀ ਜੀ, ਪਾਠਸ਼ਾਲਾ ਕੀ ਹੁੰਦੀ ਹੈ?"

"ਪੁੱਤਰ ਜੀ, ਜਿਸਨੂੰ ਤੁਸੀਂ ਅੱਜਕੱਲ੍ਹ ਸਕੂਲ ਕਹਿੰਦੇ ਹੋ, ਪਹਿਲੇ ਸਮਿਆਂ ਵਿੱਚ ਇਸੇ ਨੂੰ ਪਾਠਸ਼ਾਲਾ ਕਿਹਾ ਜਾਂਦਾ ਸੀ। ਪੰਡਿਤ-ਬ੍ਰਾਹਮਣ, ਵੇਦ ਸ਼ਾਸ਼ਤ੍ਰਾਂ ਦੇ ਗਿਆਤਾ ਹੁੰਦੇ ਸਨ ਤੇ ਉਹ ਹੀ ਛੋਟੇ ਬੱਚਿਆਂ ਨੂੰ ਪਾਠਸ਼ਾਲਾ ਵਿੱਚ,ਵਿਦਿਆ ਪੜ੍ਹਾਇਆ ਕਰਦੇ ਸਨ।"

"ਨਾਨੀ ਮਾਂ ਜੀ, ਕੀ ਪਾਠਸ਼ਾਲਾ ਵਿਚ ਅੰਗਰੇਜ਼ੀ ਵੀ ਪੜ੍ਹਾਉਂਦੇ ਸਨ?"

"ਆਤਮਾ ਸਿੰਘ ਜੀ, ਨਹੀਂ, ਅੰਗਰੇਜ਼ੀ ਤਾਂ ਹਿੰਦੋਸਤਾਨ ਵਿੱਚ ਅੰਗਰੇਜ਼ ਲੈ ਕੇ ਆਏ ਸਨ। ਪਹਿਲੋਂ ਤਾ ਹਿੰਦੋਸਤਾਨ ਵਿੱਚ ਹਿੰਦਵੀ, ਸੰਸਕ੍ਰਿਤ, ਮਹਾਜਨੀ, ਅਰਬੀ ਫਾਰਸੀ ਅਤੇ ਲੰਡੇ ਹੋਇਆ ਕਰਦੇ ਸਨ।"

"ਦਾਦੀ ਮਾਂ, ਇਹ ਲੰਡੇ ਕੀ ਹੁੰਦੇ ਹਨ?"

"ਪੁੱਤਰ ਜੀ, ਲੰਡੇ ਉਹ ਪੜ੍ਹਾਈ ਸੀ, ਜਿਸ ਵਿੱਚ ਵਪਾਰੀ ਲੋਕ ਆਪਣਾ ਹਿਸਾਬ ਕਿਤਾਬ ਲਿਖਿਆ

ਕਰਦੇ ਸਨ। ਇਹ ਕਰੀਬ ਗੁਰਮੁਖੀ ਲਿਪੀ ਵਰਗੀ ਲਗਾਂ ਮਾਤਰਾਂ ਤੋਂ ਬਗੈਰ ਹੀ ਇੱਕ ਲਿਪੀ ਸੀ।"

"ਦਾਦੀ ਜੀ ,ਤੁਸੀਂ ਫਾਰਸੀ ਦਾ ਨਾਮ ਵੀ ਲਿਆ ਸੀ?"

"ਹਾਂ ਪੁੱਤਰ ਜੀ, ਫਾਰਸੀ ਤੇ ਅਰਬੀ, ਮੌਲਵੀ ਪੜ੍ਹਾਇਆ ਕਰਦੇ ਸਨ।"

"ਬਾਲ ਨਾਨਕ ਨੂੰ ਪਾਂਧਾ (ਅਧਿਆਪਕ) ਜਿਹੜਾ ਵੀ ਸਬਕ ਪੜ੍ਹਾਉਂਦਾ, ਨਾਨਕ ਦੂਸਰੇ ਦਿਨ ਯਾਦ ਕਰਕੇ ਪਾਂਧੇ ਨੂੰ ਜਾ ਸੁਣਾਉਂਦੇ ਤੇ ਪਾਂਧੇ ਦੀ ਵਿਦਿਆ, ਨਾਨਕ ਨੇ ਬਹੁਤ ਜਲਦੀ ਹੀ ਸਿੱਖ ਲਈ। ਪਾਂਧਾ ਨਾਨਕ ਦੀ ਯਾਦ ਸ਼ਕਤੀ ਤੇ ਸਿੱਖਣ ਸ਼ਕਤੀ ਵੇਖ, ਬੜਾ ਹੈਰਾਨ ਹੋਇਆ। ਇੱਕ ਦਿਨ ਪਾਂਧੇ ਨੇ ਜਦੋਂ ਨਾਨਕ ਦੀ ਤਖਤੀ ਤੇ ਸੱਸਾ ਲਿਖਿਆ, ਤਾਂ ਨਾਨਕ ਪੁੱਛਿਆ ਇਹ ਕੀ ਹੈ? ਪਾਂਧੇ ਦੱਸਿਆ ਇਹ ਸੱਸਾ ਹੈ, ਨਾਨਕ ਨੇ ਪੁੱਛਿਆ, ਇਸ ਦਾ ਅਰਥ ਕੀ ਹੈ? ਪਾਂਧੇ ਆਖਿਆ, ਇਸ ਦਾ ਅਰਥ ਕੀ ਹੋ ਸਕਦਾ ਹੈ? ਇਹ ਤੇ ਇਕ ਅੱਖਰ ਹੈ। ਨਾਨਕ ਆਖਿਆ ਨਹੀ ਇਸ ਦਾ ਅਰਥ ਹੈ:-

**ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥**

ਪਾਂਧਾ ਤੇ ਨਾਨਕ ਦੇ ਮੂੰਹ ਵੱਲ ਤੱਕਦਾ ਰਿਹਾ ਕਿ ਨਾਨਕ ਇਹ ਕੀ ਬੋਲ ਰਿਹਾ ਹੈ? ਏਨੀ ਛੋਟੀ ਜਿਹੀ ਉਮਰ ਵਿੱਚ ਏਨੀ ਸਮਝ ਰਾਮ...ਰਾਮ...ਰਾਮ...!!!

"ਰਤਨ ਕੌਰ ਜੀ, ਤੁਸੀਂ ਕੁਝ ਪੁੱਛਣਾ ਚਾਹੁੰਦੇ ਹੋ?" ਰਤਨ ਕੌਰ ਦੇ ਬੁੱਲ੍ਹ ਫਰਕਦੇ ਵੇਖ ਦਾਦੀ ਜੀ ਨੇ ਪੁੱਛਿਆ?

"ਜੀ ਦਾਦੀ ਜੀ, ਇਹ ਤਖਤੀ ਕੀ ਹੁੰਦੀ ਹੈ?"

"ਮੇਰੇ ਬੱਚੇ ਪਹਿਲੇ ਸਮਿਆਂ ਵਿੱਚ, ਸਗੋਂ ਸਾਡੇ ਸਮਿਆਂ ਵਿੱਚ ਵੀ, ਇੱਕ ਏਡੀ ਕੁ ਵੱਡੀ (ਦਾਦੀ ਜੀ ਨੇ ਦੋਵੇ ਹੱਥਾਂ ਨਾਲ ਤਖਤੀ ਦੇ ਅਕਾਰ ਬਾਰੇ ਦੱਸਿਆ) ਤਖਤੀ ਹੋਇਆ ਕਰਦੀ ਸੀ, ਜਿਸਨੂੰ ਫੱਟੀ ਵੀ ਆਖਿਆ ਜਾਂਦਾ ਸੀ, ਇਸ ਫੱਟੀ ਦੇ ਦੋਵੇਂ ਪਾਸੇ, ਗਾਚਨੀ ਜਿਸਨੂੰ ਅੱਜ ਕੱਲ ਕੁੜੀਆਂ ਮੁਲਤਾਨੀ-ਮਿੱਟੀ ਵੀ ਕਹਿ ਦੇਂਦੀਆਂ ਹਨ, ਲਾਇਆ ਕਰਦੇ ਸਨ। ਪਹਿਲਾਂ ਫੱਟੀ ਨੂੰ ਪਾਣੀ ਨਾਲ ਗਿੱਲਿਆਂ ਕੀਤਾ ਜਾਂਦਾ ਸੀ, ਫਿਰ ਉਸ ਉਤੇ ਗਾਚਨੀ ਦਾ ਪਤਲਾ ਪਤਲਾ ਲੇਪ ਕਰ ਦਿੱਤਾ ਜਾਂਦਾ ਸੀ, ਫਿਰ ਇਸ ਨੂੰ ਧੁੱਪ ਵਿੱਚ ਰੱਖ ਕੇ ਸੁਕਾ ਲੈਂਦੇ ਸਨ। ਇਸ ਸੁੱਕੀ ਹੋਈ ਫੱਟੀ ਤੇ ਉਸਤਾਦ ਪੈਨਸਲ ਨਾਲ ਲਿਖ ਦਿਆ ਕਰਦੇ ਸਨ, ਤੇ ਬੱਚੇ ਉਸ ਲਿਖੇ ਦੇ ਉੱਪਰ ਉੱਪਰ, ਸਿਆਹੀ ਵਿੱਚ ਕਲਮ ਡਬੋ ਕੇ, ਕਾਨ੍ਹੇ ਦੀ ਬਣੀ ਹੋਈ ਕਲਮ ਨਾਲ ਲਿਖਿਆ ਕਰਦੇ ਸਨ ਤੇ ਲਿਖਣਾ ਸਿੱਖਦੇ ਸਨ।"

"ਨਾਨੀ ਜੀ, ਤੁਸੀਂ ਸਾਖੀ ਅੱਗੇ ਸੁਣਾਓ?" ਆਤਮਾ ਸਿੰਘ ਨੇ ਆਖਿਆ, ਉਸਨੂੰ ਬੱਚਿਆਂ ਵਲੋਂ ਵਾਰ ਵਾਰ ਸਵਾਲ ਪੁੱਛਣੇ ਅੱਛੇ ਨਹੀਂ ਸਨ ਲੱਗਦੇ।

ਬੱਚਿਓ ਨਾਨਕ ਨੇ ਪਾਂਧੇ ਕੋਲੋਂ ਬੜੇ ਹੈਰਾਨ ਕਰਨ ਵਾਲੇ ਸਵਾਲ ਪੁੱਛਣੇ, ਜਿਵੇਂ-

ਧਰਤੀਆਂ ਕਿੰਨੀਆਂ ਹਨ? ਚੰਦ ਕਿੰਨੇ ਹਨ? ਸੂਰਜ ਕਿੰਨੇ ਹਨ? ਇਸ ਸੰਸਾਰ ਦੀ ਰਚਨਾ ਕਿਵੇਂ ਹੋਈ? ਅਸਮਾਨ ਕਿੰਨਾ ਵੱਡਾ ਹੈ?

ਪਾਂਧੇ ਨੇ ਨਾਨਕ ਦੇ ਪਿਤਾ ਮਹਿਤਾ ਕਾਲੂ ਰਾਇ ਜੀ ਨੂੰ ਪਾਠਸ਼ਾਲਾ ਬੁਲਾਇਆ ਤੇ ਦੱਸਿਆ ਮਹਿਤਾ ਸਾਹਿਬ, ਤੁਹਾਡਾ ਪੁੱਤਰ ਨਾਨਕ ਬਹੁਤ ਤੇਜ਼ ਦਿਮਾਗ ਤੇ ਹੋਣਹਾਰ ਬਾਲਕ ਹੈ, ਤੇ ਇਸਨੇ ਮੇਰੀ ਪੜ੍ਹਾਈ ਬਹੁਤ ਜਲਦੀ ਹੀ ਸਿੱਖ ਲਈ ਹੈ। ਤੁਸੀਂ ਤੇ ਹੈਰਾਨ ਹੋਵੋਗੇ ਹੀ ਮੈਂ ਤੇ ਆਪ ਇਸਦੀ ਬੁੱਧੀ ਵੇਖ ਬਹੁਤ ਹੈਰਾਨ ਹੋਇਆ

ਹਾਂ।

ਫਿਰ ਮਹਿਤਾ ਕਾਲੂ ਰਾਇ ਨੇ ਸੋਚਿਆ, ਕਿਉਂ ਨਾ ਨਾਨਕ ਨੂੰ ਮੌਲਵੀ ਸਾਹਿਬ ਕੋਲ ਮਦਰੱਸੇ ਵੀ ਲੈ ਚੱਲਾਂ, ਤਾਂ ਕਿ ਉਹ ਮੌਲਵੀ ਦੀ ਪੜ੍ਹਾਈ ਜਾਣ ਵਾਲੀ ਪੜ੍ਹਾਈ ਫਾਰਸੀ ਵੀ ਸਿੱਖ ਲਵੇ। ਤੇ ਬੱਚਿਓ ਮਹਿਤਾ ਕਾਲੂ ਰਾਇ, ਨਾਨਕ ਨੂੰ ਮਦਰੱਸੇ ਮੌਲਵੀ ਕੁਤਬਦੀਨ ਪਾਸ ਲੈ ਗਏ। ਨਾਲ ਝੋਲਾ ਭਰ ਕੇ ਪਤਾਸਿਆਂ ਦਾ ਲੈ ਗਏ। ਇਹ ਵੀ ਇੱਕ ਰਿਵਾਜ ਹੁੰਦਾ ਸੀ ਕਿ ਜਦੋਂ ਬਾਲਕ ਨੂੰ ਪਹਿਲੇ ਦਿਨ ਪਾਠਸ਼ਾਲਾ ਲੈ ਕੇ ਜਾਂਦੇ ਤਾਂ ਨਾਲ ਗੁੜ, ਪਤਾਸੇ ਵਗੈਰਾ, ਕੋਈ ਪ੍ਰਸ਼ਾਦ ਲੈ ਜਾਂਦੇ। ਉਹ ਪ੍ਰਸ਼ਾਦ ਜਮਾਤ ਦੇ ਸਾਰੇ ਬੱਚਿਆਂ ਨੂੰ ਵੰਡਿਆ ਜਾਂਦਾ। ਇਸ ਤਰ੍ਹਾਂ ਸਾਰੇ ਬੱਚਿਆਂ ਨੂੰ ਬੜਾ ਚਾਅ ਹੁੰਦਾ ਨਵੇਂ ਆਏ ਸਾਥੀ ਦਾ ਅਤੇ ਸਾਰੇ ਬੱਚਿਆਂ ਨਾਲ ਨਵੇਂ ਆਏ ਸਾਥੀ ਦੀ ਇੱਕ ਸਾਂਝ ਬਣ ਜਾਂਦੀ। ਮਹਿਤਾ ਜੀ ਨੇ ਦੁਆ ਸਲਾਮ ਕੀਤੀ, ਤੇ ਆਖਿਆ, "ਮੌਲਵੀ ਸਾਹਿਬ, ਮੈਂ ਨਾਨਕ ਨੂੰ ਤੁਸਾਂ ਪਾਸ ਸ਼ਗਿਰਦ ਬਿਠਾਉਣ ਆਇਆ ਹਾਂ।" ਮੌਲਵੀ ਨੇ ਆਖਿਆ, "ਮਹਿਤਾ ਸਾਹਿਬ, ਤੁਸਾਂ ਬਹੁਤ ਅੱਛਾ ਕੀਤਾ, ਨਾਨਕ ਨੂੰ ਤੁਸੀਂ ਮੇਰੇ ਸਾਹਮਣੇ ਹੀ, ਬੱਚਿਆਂ ਵਿਚ ਬਿਠਾ ਦਿਓ, ਇਸਦੀ ਪੜ੍ਹਾਈ ਵੀ ਅੱਜ ਹੀ ਸ਼ੁਰੂ ਕਰ ਦਿੰਦੇ ਹਾਂ।"

ਸੋ ਬੱਚਿਓ ਇਸ ਤਰ੍ਹਾਂ ਨਾਨਕ ਮੌਲਵੀ ਪਾਸ ਤਲਵੰਡੀ ਦੇ ਮਦਰੱਸੇ ਵਿਚ ਪੜ੍ਹਨ ਲਈ ਜਾਣ ਲੱਗਾ। ਮੌਲਵੀ ਜਿਹੜਾ ਵੀ ਸਬਕ ਨਾਨਕ ਨੂੰ ਦੇਂਦਾ, ਨਾਨਕ ਦੂਸਰੇ ਦਿਨ ਯਾਦ ਕਰਕੇ ਆਪਣੇ ਉਸਤਾਦ ਨੂੰ ਸੁਣਾ ਦੇਂਦਾ। ਮੌਲਵੀ ਦੀ ਪੜ੍ਹਾਈ ਵੀ ਨਾਨਕ ਨੇ ਬਹੁਤ ਜਲਦੀ ਹੀ ਸਿਖ ਸਮਝ ਲਈ। ਇੱਕ ਦਿਨ ਮੌਲਵੀ ਨੇ ਨਾਨਕ ਨੂੰ ਕੋਲ ਬਿਠਾਇਆ ਤੇ ਨਾਨਕ ਦੀ ਤਖਤੀ ਲੈ ਕੇ ਉਸ ਉੱਪਰ ਪੂਰਨੇ ਪਾਉਣ ਲੱਗਾ। ਮੌਲਵੀ ਨੇ ਅਲਫ਼ ਲਿਖਿਆ, ਤੇ ਨਾਨਕ ਨੂੰ ਆਖਿਆ, "ਨਾਨਕ ਬੋਲ 'ਅਲਫ਼'।" ਨਾਨਕ ਆਖਿਆ, "ਮੌਲਵੀ ਸਾਹਿਬ ਅਲਫ਼ ਦਾ ਮਤਲਬ ਕੀ ਹੈ?" ਮੌਲਵੀ ਕੁਤਬਦੀਨ ਨੇ ਆਖਿਆ ਅਲਫ਼ ਤੇ ਇਕ ਅੱਖਰ ਹੈ। ਨਾਨਕ ਆਖਿਆ– ਇਸ ਦਾ ਕੋਈ ਅਰਥ ਤੇ ਹੋਏਗਾ। ਫਿਰ ਨਾਨਕ ਆਪੇ ਹੀ ਦੱਸਣ ਲੱਗੇ–




"ਅਲਫ਼ ਅੱਲਾ ਨੂੰ ਯਾਦ ਕਰ ਗਫ਼ਲਤ ਮਨੋ ਬਿਸਾਰ– ਇਹ ਤਾਂ ਇੱਕ ਹੈ ਅਤੇ ਇੱਕ ਅੱਲ੍ਹਾ ਹੁੰਦਾ ਹੈ,

ਬਾਕੀ ਤਾਂ ਸਾਰਾ ਅਲਫ਼ ਦਾ ਹੀ ਪਸਾਰਾ ਹੈ। ਅੱਲ੍ਹਾ ਦੀ ਰਚਨਾ ਹੈ ਇਹ ਸਾਰੀ ਕਾਇਨਾਤ।"

ਨਾਨਕ ਦੇ ਮੂੰਹੋਂ ਇਹ ਸੁਣ ਮੌਲਵੀ ਤੇ ਹੱਕਾ ਬੱਕਾ ਰਹਿ ਗਿਆ, ਜਿਹੋ ਜਿਹੀ ਪਾਧੇ ਵਾਲੀ ਗੱਲ ਦਾ, ਪਿੰਡ ਵਿਚ ਚਰਚਾ ਸੀ, ਮੌਲਵੀ ਨੂੰ ਉਸ ਗੱਲ ਤੇ ਵਿਸ਼ਵਾਸ ਹੋਣ ਲੱਗਾ। ਮੌਲਵੀ ਕੁਤਬਦੀਨ ਨੇ ਇਹ ਸਾਰੀ ਗੱਲ ਨਾਨਕ ਦੇ ਪਿਤਾ ਮਹਿਤਾ ਕਾਲੂ, ਰਾਇ ਨੂੰ ਦੱਸੀ ਤੇ ਇਹ ਵੀ ਦੱਸਿਆ ਤੇਰਾ ਪੁੱਤਰ ਨਾਨਕ ਬਹੁਤ ਤੇਜ਼ ਦਿਮਾਗ, ਬੁੱਧੀਮਾਨ ਤੇ ਚੇਤੰਨ ਬਾਲਕ ਹੈ।

ਤੇ ਬੱਚਿਓ! ਨਾਨਕ ਇਵੇਂ ਹੌਲੀ ਹੌਲੀ ਵੱਡਾ ਹੋ ਰਿਹਾ ਸੀ। ਇੱਕ ਦਿਨ ਕੀ ਹੋਇਆ ਬੱਚਿਓ ਬਾਲ ਨਾਨਕ ਦਸ ਗਿਆਰਾਂ ਬਰਸ ਦੇ ਹੋਣਗੇ ਕਿ ਤਲਵੰਡੀ ਦਾ ਇੱਕ ਡੂਮ ਆਪਣੀ ਰਬਾਬ ਵਜਾਉਂਦਾ ਮਹਿਤਾ ਕਾਲੂ ਰਾਇ ਜੀ ਦੀ ਚੌਖਟ ਤੇ ਆਇਆ ਤੇ ਅਲਖ ਜਗਾਈ।

"ਦਾਦੀ ਜੀ, ਇਹ ਡੂਮ ਕੌਣ ਹੁੰਦੇ ਹਨ?" ਰਤਨ ਸਿੰਘ ਨੇ ਪੁੱਛਿਆ।

"ਰਤਨ ਸਿੰਘ ਜੀ, ਪਹਿਲੇ ਸਮਿਆਂ ਵਿਚ ਗਾਉਣ ਵਜਾਉਣ ਦਾ ਕੰਮ ਡੂਮ ਕਰਿਆ ਕਰਦੇ ਸਨ ਅਤੇ ਇਨ੍ਹਾਂ ਨੂੰ ਮਿਰਾਸੀ ਵੀ ਕਿਹਾ ਜਾਂਦਾ ਸੀ, ਤੇ ਇਹ ਡੂਮ ਹਰ ਛਿਮਾਹੀ ਆਪਣੇ ਇਲਾਕੇ ਵਿੱਚ, ਘਰ ਘਰ ਜਾ ਕੇ, ਆਪਣਾ ਸਾਜ਼ ਵਜਾਉਂਦੇ ਤੇ ਹਰ ਹਾੜ੍ਹੀ ਸਾਉਣੀ ਦੀਆਂ ਫਸਲਾਂ ਆਉਣ ਤੇ ਆਪਣੇ ਖਾਣ ਪੀਣ ਲਈ ਅਨਾਜ ਇਕੱਠਾ ਕਰ ਲੈਂਦੇ ਸਨ।"

"ਤੇ ਬੱਚਿਓ ਉਸ ਡੂਮ ਨਾਲ ਉਸਦਾ ਵੀਹ ਕੁ ਸਾਲ ਦਾ ਪੁੱਤਰ ਵੀ ਸੀ।"

"ਨਾਨੀ ਜੀ, ਫਿਰ ਕੀ ਹੋਇਆ?" ਅਮਰ ਕੌਰ ਨੇ ਪੁਛਿਆ।

"ਅਮਰ ਕੌਰ ਜੀ, ਭੈਣ ਨਾਨਕੀ ਜੋ ਉਸ ਵਕਤ ਚੌਦਾਂ ਪੰਦਰਾਂ ਕੁ ਸਾਲਾਂ ਦੇ ਸਨ, ਉਸ ਨੇ ਉਸ ਡੂਮ ਤੋਂ ਪੁੱਛਿਆ–

ਦਾਦਾ ਤੇਰੇ ਪੁੱਤਰ ਦਾ ਨਾਮ ਕੀ ਹੈ?"

"ਮਰ-ਜਾਣਾ" -ਉਸ ਰਬਾਬੀ ਡੂਮ ਨੇ ਆਖਿਆ।

"ਭਲਾ ਇਹ ਵੀ ਕੋਈ ਨਾਮ ਹੋਇਆ, ਮਰ-ਜਾਣਾ?"

"ਪੁੱਤਰ ਜੀ, ਮੇਰੇ ਘਰ ਕੋਈ ਬੱਚਾ ਬਚਦਾ ਹੀ ਨਹੀਂ ਤੇ ਇਸ ਤੋਂ ਪਹਿਲੋਂ ਮੇਰੇ ਛੇ ਬੱਚੇ ਮਰ ਚੁੱਕੇ ਹਨ, ਤੇ ਮਰ ਇਸ ਵੀ ਜਾਣਾ ਹੈ, ਇਸ ਲਈ ਮੈਂ ਇਸਦਾ ਨਾਮ ਹੀ ਮਰ-ਜਾਣਾ ਰੱਖ ਦਿੱਤਾ ਹੈ ਤਾਂ ਕਿ ਮੈਨੂੰ ਬਹੁਤੀ ਪਰੇਸ਼ਾਨੀ ਨਾ ਹੋਵੇ ਇਸ ਦੇ ਮਰਨ ਤੇ।"

"ਬੱਚਿਓ, ਕੋਲ ਖੜ੍ਹੇ ਸਾਡੇ ਬਾਲ ਗੁਰੂ ਨਾਨਕ, ਝੱਟ ਬੋਲੇ- ਤੂੰ ਇਸਦਾ ਨਾਮ ਮਰਦਾ-ਨਾ ਕਿਉਂ ਨਹੀਂ ਰੱਖ ਦਿੰਦਾ।"

"ਤੁਸਾਂ ਆਖਿਆ, ਲਓ ਪੁੱਤਰ ਜੀ ਤੁਹਾਡੇ ਆਖਣ ਤੇ ਮੈਂ ਅੱਜ ਤੋਂ ਇਸ ਦਾ ਨਾਮ ਮਰਦਾ-ਨਾ ਰੱਖ ਦਿੱਤਾ, ਕੀ ਹੁਣ ਇਹ ਬਚ ਜਾਏਗਾ?"

"ਦਾਦੀ ਜੀ, ਇਹ ਮਰਦਾਨਾ ਉਹੀਓ ਹੈ, ਜੋ ਸਤਿਗੁਰੂ ਨਾਨਕ ਦੇਵ ਜੀ ਦਾ ਸਾਥੀ ਰਿਹਾ ਹੈ?" ਗੰਗਾ ਸਿੰਘ ਨੇ ਪੁੱਛਿਆ।

"ਹਾਂ ਪੁੱਤਰ ਜੀ, ਉਹੀਓ ਮਰਦਾਨਾ ਜੋ ਸਤਿਗੁਰੂ ਨਾਨਕ ਦੇਵ ਜੀ ਦਾ ਸਾਥੀ ਸੀ।"

"ਨਾਨੀ ਜੀ, ਇਸ ਦਾ ਮਤਲਬ ਸਤਿਗੁਰੂ ਜੀ ਨੇ ਜਦੋਂ ਉਸਦਾ ਨਾਮ ਮਰਦਾ-ਨਾ ਰੱਖ ਦਿੱਤਾ ਫਿਰ ਉਹ ਬਚ ਗਿਆ?" ਆਤਮਾ ਸਿੰਘ ਨੇ ਪੁੱਛਿਆ।

"ਹਾਂ ਮੇਰੇ ਬੱਚਿਓ, ਸਤਿਗੁਰੂ ਜੀ ਦੇ ਬਚਨਾ ਨਾਲ ਉਸ ਡੂਮ ਦਾ ਪੁੱਤਰ, ਜਿਸਦਾ ਨਾਮ ਉਸ ਨੇ

ਮਰਜਾਣਾ ਰੱਖਿਆ ਹੋਇਆ ਸੀ, ਉਹ ਫਿਰ ਸਤਿਗੁਰੂ ਜੀ ਦੇ ਬਚਨਾ ਨਾਲ ਬਚ ਗਿਆ ਅਤੇ ਸਤਿਗੁਰੂ ਜੀ ਦਾ ਸਭ ਤੋਂ ਪਿਆਰਾ ਸਾਥੀ ਮਰਦਾਨਾ ਬਣਿਆ।"

ਧੰਨਾ ਸਿੰਘ ਅੱਗੇ ਸਾਖੀ ਸੁਨਣ ਨੂੰ ਕਾਹਲਾ ਸੀ, ਉਹ ਅੱਜ ਹੀ ਗੁਰੂ ਨਾਨਕ ਦੇਵ ਜੀ ਬਾਰੇ ਸਭ ਕੁਝ ਜਾਣ ਲੈਣਾ ਚਾਹੁੰਦਾ ਸੀ। ਉਸ ਝੱਟ ਆਖਿਆ ਦਾਦੀ ਜੀ ਅੱਗੇ ਸੁਣਾਓ, "ਫਿਰ ਕੀ ਹੋਇਆ?"

"ਬੱਚਿਓ, ਨਾਨਕ ਦੇ ਪਿਤਾ ਨੇ ਸੋਚਿਆ ਹੁਣ ਨਾਨਕ ਵੱਡਾ ਹੋ ਰਿਹਾ ਹੈ, ਕਿਉਂ ਨਾ ਆਪਣੀ ਸਾਰੀ ਬਰਾਦਰੀ ਨੂੰ ਬੁਲਾ ਕੇ, ਹਿੰਦੂ ਧਰਮ ਦੀ, ਜਨੇਊ ਸੰਸਕਾਰ ਦੀ ਰਸਮ ਵੀ ਕਰ ਲਈ ਜਾਵੇ।ਮਹਿਤਾ ਕਾਲੂ ਰਾਇ ਨੇ ਆਪਣੇ ਪਰੋਹਤ ਹਰਦਿਆਲ ਨਾਲ ਗੱਲ ਕਰਕੇ, ਜਨੇਊ ਸੰਸਕਾਰ ਲਈ ਦਿਨ ਮਿੱਥ ਲਿਆ, ਤੇ ਓਸ ਦਿਨ ਸਾਰੀ ਬਰਾਦਰੀ, ਮਹਿਤਾ ਕਾਲੂ ਰਾਇ ਦੇ ਘਰ ਆਣ ਢੁੱਕੀ। ਪਰੋਹਤ ਹਰਦਿਆਲ ਨੇ ਵੀ ਹਵਨ ਕੀਤਾ ਅਤੇ ਕੱਚੇ ਧਾਗੇ ਦਾ ਜਨੇਊ ਬਣਾ ਲਿਆ ਤੇ ਨਾਨਕ ਦੇ ਜਨੇਊ ਪਹਿਨਾਣ ਲਈ ਤਿਆਰੀ ਕਰ ਲਈ। ਨਾਨਕ ਨੂੰ ਪਰੋਹਤ ਦੇ ਕੋਲ ਬਿਠਾਇਆ ਗਿਆ। ਜਦੋਂ ਪਰੋਹਤ ਨੇ ਨਾਨਕ ਦੇ ਗਲ ਪਾਉਣ ਲਈ ਜਨੇਊ ਆਪਣੇ ਹੱਥ ਵਿੱਚ ਫੜਿਆ ਤਾਂ ਨਾਨਕ ਬੋਲੇ, ਪੰਡਿਤ ਜੀ ਇਸ ਜਨੇਊ ਨਾਲ ਕੀ ਹੋਏਗਾ?"

ਪਰੋਹਤ ਹਰਦਿਆਲ ਨੇ ਆਖਿਆ- "ਨਾਨਕ, ਹਿੰਦੂ ਧਰਮ ਦੀਆਂ ਮਰਿਯਾਦਾਵਾਂ ਵਿੱਚ ਪੱਕਿਆਂ ਰਹਿਣ ਲਈ ਜਨੇਊ ਪਹਿਰਿਆ ਜਾਂਦਾ ਹੈ।"

ਨਾਨਕ ਆਖਿਆ- "ਕੀ ਇਹ ਇਕ ਹੀ ਜਨੇਊ ਸਾਰੀ ਉਮਰ ਮੇਰੀ ਰੱਖਿਆ ਕਰ ਸਕਦਾ ਹੈ? ਕੀ ਇਹ ਗੰਦਾ ਨਹੀਂ ਹੋਏਗਾ? ਕੀ ਇਹ ਟੁੱਟੇਗਾ ਨਹੀਂ? ਜੇ ਇਸ ਜਨੇਊ ਨੇ ਗੰਦਾ ਵੀ ਹੋਣਾ ਹੈ ਤੇ ਟੁੱਟਣਾ ਵੀ ਹੈ, ਫਿਰ ਇਹ ਜਨੇਊ ਮੇਰੀ ਸਾਰੀ ਉਮਰ ਰੱਖਿਆ ਕਿਵੇਂ ਕਰੇਗਾ? ਜਿਹੜਾ ਆਪਣੇ ਆਪ ਨੂੰ ਨਹੀਂ ਬਚਾ ਸਕਦਾ, ਉਹ ਦੂਸਰੇ ਦੀ ਰੱਖਿਆ ਕਿਵੇਂ ਕਰੇਗਾ?"

ਨਾਨਕ ਆਖਿਆ, "ਪੰਡਿਤ ਜੀ, ਉਹ ਜਨੇਊ ਪਾਉਣਾ ਚਾਹੀਦਾ ਹੈ ਜੋ ਸਤੁ ਧਰਮ ਦ੍ਰਿੜ ਕਰਵਾਏ। ਜਿਸਦੀ ਕਪਾਹ ਦਇਆ ਹੋਵੇ, ਸੂਤ ਸੰਤੋਖ ਦਾ, ਗੰਢਾਂ ਅਤੇ ਉਸਦੇ ਵੱਟ ਜਤ-ਸਤ ਦੇ ਹੋਣ। ਅਜੇਹਾ ਜਨੇਊ ਨਾ ਮੈਲਾ ਹੋਵੇ, ਨਾ ਟੁੱਟੇ, ਨਾ ਉਸਨੂੰ ਅੱਗ ਹੀ ਸਾੜ ਸੱਕੇ। ਅਜਿਹਾ ਜਨੇਊ ਜੇ ਤੁਹਾਡੇ ਪਾਸ ਹੈ ਤਾਂ ਮੈਂ ਜ਼ਰੂਰ ਧਾਰਨ ਕਰਾਂਗਾ-ਤੇ ਫੇਰ ਨਾਨਕ ਦੇ ਮੁੱਖ ਤੋਂ ਰੱਬੀ ਇਲਹਾਮ ਸ਼ੁਰੂ ਹੋਇਆ-

**'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥'**



ਨਾਨਕ ਦਾ ਜਵਾਬ ਸੁਣ ਕੇ ਪਰੋਹਤ ਹਰਦਿਆਲ ਤੇ ਸੁੰਨ ਹੋਇਆ ਹੀ, ਬਰਾਦਰੀ ਚੋਂ ਵੀ ਕਿਸੇ ਨੂੰ ਕੋਈ ਜਵਾਬ ਨਾ ਓਹੜੇ। ਮਹਿਤਾ ਕਾਲੂ ਰਾਇ ਨੂੰ ਤੇ ਸਮਝ ਹੀ ਨਹੀਂ ਆ ਰਹੀ ਸੀ ਕਿ ਕੀ ਕਹੇ ਤੇ ਕੀ ਨਾ ਕਹੇ। ਪਰੋਹਤ ਹਰਦਿਆਲ ਜੋ ਨਾਨਕ ਨੂੰ ਆਪਣਾ ਮੁਰੀਦ ਬਣਾਉਣ ਆਇਆ ਸੀ, ਨਾਨਕ ਦਾ ਮੁਰੀਦ ਬਣ ਗਿਆ।

ਸਾਰੇ ਬੱਚੇ ਚੁੱਪ-ਚਾਪ ਪਰ ਬੜੇ ਹੀ ਧਿਆਨ ਨਾਲ ਦਾਦੀ ਜੀ ਦੇ ਮੂੰਹ ਚੋਂ ਨਿਕਲ ਰਹੇ ਇੱਕ ਇੱਕ ਲਫ਼ਜ ਨੂੰ ਸੁਣ ਰਹੇ ਸਨ।

ਦਾਦੀ ਜੀ ਨੇ ਧੰਨਾ ਸਿੰਘ ਵੱਲ ਵੇਖਦਿਆਂ ਸਾਖੀ ਅੱਗੇ ਸੁਨਾਣੀ ਸ਼ੁਰੂ ਕੀਤੀ।

"ਪੁੱਤਰ ਧੰਨਾ ਸਿੰਘ ਜੀ, ਨਾਨਕ ਬਾਰਾਂ ਜਾਂ ਚੌਦਾਂ ਸਾਲਾਂ ਦਾ ਹੋਏਗਾ ਕਿ ਪਿਤਾ ਨੇ ਇੱਕ ਦਿਨ ਨਾਨਕ ਨੂੰ ਆਖਿਆ ਪੁੱਤਰ, ਪਾਧੇ ਤੇ ਮੌਲਵੀ ਵਲੋਂ ਪੜ੍ਹਾਈ ਹੋਈ ਵਿਦਿਆ ਨੂੰ ਯਾਦ ਕਰਨ ਤੋਂ ਬਾਅਦ ਜਦੋਂ ਵਿਹਲਾ ਵਕਤ ਹੋਵੇ ਤਾਂ ਤੂੰ ਮੱਝੀਆਂ ਤੇ ਗਊਆਂ ਨੂੰ ਹੀ ਚਰਾ ਲਿਆਇਆ ਕਰ।"

"ਨਾਨੀ ਜੀ ਮੱਝੀਆਂ ਚਰਾਉਣਾ ਕਿ ਚੋਣਾ?"

"ਅਮਰ ਕੌਰ ਜੀ ਮੱਝੀਆਂ ਚੋਣਾ, ਮੱਝੀਆਂ ਦਾ ਦੁੱਧ ਚੋਣਾ ਜਾਂ ਧਾਰ ਕੱਢਣੀ ਹੁੰਦਾ ਏ, ਜਦੋਂ ਕਿ ਮੱਝੀਆਂ ਚਰਾਉਣ ਦਾ ਮਤਲਬ ਮੱਝੀਆਂ ਗਊਆਂ ਨੂੰ ਉਨ੍ਹਾਂ ਦੇ ਕਿੱਲੇ ਨਾਲੋਂ ਖੋਹਲ ਕੇ ਬਾਹਰ ਘਾਹ ਦੀਆਂ ਚਰਗਾਹਾਂ ਵਿਚ ਲੈ ਜਾਈਦਾ ਹੈ ਜਿਥੇ ਮੱਝੀਆਂ ਗਊਆਂ ਘਾਹ ਪੱਠਾ ਚਰ ਕੇ, ਆਪਣਾ ਪੇਟ ਭਰ ਲੈਂਦੀਆਂ ਹਨ।"

"ਠੀਕ ਹੈ ਦਾਦੀ ਜੀ, ਫਿਰ?"

"ਇੱਕ ਦਿਨ ਕੀ ਹੋਇਆ ਕਿ ਨਾਨਕ ਮੱਝੀਆਂ ਗਊਆਂ ਬਾਹਰ ਚਾਰਗਾਹ ਵਿੱਚ ਚਰਾਉਣ ਵਾਸਤੇ ਲੈ

ਕੇ ਗਿਆ। ਤਰਕਾਲਾਂ ਪਈਆਂ ਜਦੋਂ ਨਾਨਕ ਅਜੇ ਉਨ੍ਹਾਂ ਨੂੰ ਚਰਾ ਕੇ ਵਾਪਸ ਘਰ ਵੜਿਆ ਹੀ ਸੀ ਕਿ ਪਿੰਡ ਦਾ ਇਕ ਕਿਸਾਨ ਜਿਹੜਾ ਬੜਾ ਗੁੱਸੇ ਵਿਚ ਸੀ, ਉਲਾਂਭਾ ਲੈ ਕੇ ਮਹਿਤਾ ਕਾਲੂ ਰਾਇ ਦੇ ਘਰ ਆ ਵੜਿਆ ਤੇ ਉਸਨੇ ਮਹਿਤਾ ਕਾਲੂ ਰਾਇ ਨੂੰ ਦੱਸਿਆ ਕਿ ਨਾਨਕ ਨੇ ਆਪਣੀਆਂ ਮੱਝਾਂ ਗਊਆਂ ਉਸ ਦੇ ਖੇਤ ਵਿਚ ਵਾੜ ਕੇ ਉਸਦਾ ਖੇਤ ਉਜਾੜ ਦਿੱਤਾ ਹੈ, ਤੇ ਸਾਰੀ ਫਸਲ ਰੌਂਧ ਦਿੱਤੀ ਹੈ। ਉਸ ਨੇ ਬੜੇ ਗੁਸੇ ਨਾਲ ਆਪਣੀ ਸਾਰੀ ਗੱਲ ਮਹਿਤਾ ਕਾਲੂ ਰਾਇ ਨੂੰ ਆਖੀ ਤੇ ਇਹ ਕਹਿੰਦਾ ਘਰੋਂ ਬਾਹਰ ਨਿਕਲ ਗਿਆ ਕਿ ਮੈਂ ਆਪਣੀ ਸ਼ਿਕਾਇਤ ਲੈ ਕੇ ਚੌਧਰੀ ਸਾਹਿਬ ਕੋਲ ਜਾ ਰਿਹਾ ਹਾਂ। ਚੌਧਰੀ ਰਾਇ ਬੁਲਾਰ ਆਪੇ ਤੁਸਾਂ ਕੋਲੋਂ ਮੇਰੀ ਫਸਲ ਦਾ ਮੁਆਵਜਾ ਦੁਆਣਗੇ ਨਾਲੇ ਤੁਹਾਡੀ ਕੁਪੱਤ ਕਰਨਗੇ।

ਬੱਚਿਓ ਮਹਿਤਾ ਕਾਲੂ ਰਾਇ ਪਟਵਾਰੀ ਸਨ ਤੇ ਚੌਧਰੀ ਰਾਇ ਬੁਲਾਰ ਪਾਸ ਮੁਲਾਜਮ ਸਨ।"

"ਦਾਦੀ ਜੀ, ਇਹ ਪਟਵਾਰੀ ਕੌਣ ਹੁੰਦੇ ਹਨ?"

"ਧੰਨਾ ਸਿੰਘ ਜੀ ਪਟਵਾਰੀ ਪਿੰਡ ਦੀ ਸਾਰੀ ਜਮੀਨ ਦਾ ਹਿਸਾਬ ਕਿਤਾਬ ਰੱਖਿਆ ਕਰਦੇ ਹਨ, ਜਿਵੇਂ ਕਿ ਪਿੰਡ ਦੀ ਸਾਰੀ ਜਮੀਨ ਕਿੰਨੀ ਹੈ? ਕਿੱਥੇ ਹੈ? ਤੇ ਕਿਸ ਕਿਸ ਦੀ ਹੈ? ਇਸ ਹਿਸਾਬ ਕਿਤਾਬ ਲਈ ਪਟਵਾਰੀ ਨੇ ਵਹੀਆਂ ਖਾਤੇ ਰੱਖੇ ਹੁੰਦੇ ਹਨ। ਪਟਵਾਰੀ ਕੋਲ ਪਿੰਡ ਦੀ ਸਾਰੀ ਜਮੀਨ ਦਾ ਨਕਸ਼ਾ ਵੀ ਹੁੰਦਾ ਹੈ।"

"ਦਾਦੀ ਜੀ ਇਹ ਵਹੀ ਖਾਤੇ ਕੀ ਹੁੰਦੇ ਹਨ?"

"ਬੇਟਾ ਜੀ, ਇਹ ਵਹੀ ਖਾਤੇ ਉਹ ਵੱਡੀਆਂ ਵੱਡੀਆਂ ਕਿਤਾਬਾਂ ਹੁੰਦੀਆਂ ਹਨ ਜਿਨ੍ਹਾਂ ਕਿਤਾਬਾਂ ਵਿਚ ਜਮੀਨ ਦੇ ਮਾਲਕਾਂ ਦੀ ਜਮੀਨ ਦਾ ਹਿਸਾਬ-ਕਿਤਾਬ ਹੁੰਦਾ ਹੈ ਕਿ ਕਿਸ ਵਿਅਕਤੀ ਦੀ ਕਿੰਨੇ ਏਕੜ, ਕਿੰਨੇ ਕਨਾਲ, ਕਿੰਨੇ ਮਰਲੇ ਤੇ ਸਰਸਾਹੀਆਂ ਜ਼ਮੀਨ ਹੈ, ਤੇ ਇਹ ਵੱਡੀਆਂ ਵੱਡੀਆਂ ਕਿਤਾਬਾਂ ਬਹੁਤ ਹੀ ਸੰਭਾਲ ਕੇ ਰੱਖੀਆਂ ਜਾਂਦੀਆਂ ਹਨ।"

"ਦਾਦੀ ਜੀ, ਤੁਸੀਂ ਚੌਧਰੀ ਰਾਇ ਬੁਲਾਰ ਦੀ ਗੱਲ ਸੁਨਾਉਣ ਲੱਗੇ ਸਓ।"

"ਹਾਂ ਪੁੱਤਰ ਜੀ, ਉਹ ਕਿਸਾਨ ਗੁੱਸੇ ਵਿਚ ਅੱਗ ਬਬੂਲਾ ਹੋਇਆ ਚੌਧਰੀ ਰਾਇ ਬੁਲਾਰ ਪਾਸ ਚਲੇ ਗਿਆ ਤੇ ਨਾਨਕ ਦੀ ਸ਼ਿਕਾਇਤ ਕੀਤੀ। ਚੌਧਰੀ ਰਾਇ ਬੁਲਾਰ ਨੇ ਮਹਿਤਾ ਕਾਲੂ ਰਾਇ ਨੂੰ ਬੁਲਾ ਭੇਜਿਆ ਤੇ ਨਾਲ ਹੀ ਤਾਕੀਦ ਕੀਤੀ ਕਿ ਆਪਣੇ ਪੁੱਤਰ ਨਾਨਕ ਨੂੰ ਵੀ ਨਾਲ ਲੈਂਦਾ ਆਵੇ। ਚੌਧਰੀ ਰਾਇ ਬੁਲਾਰ ਦੀ ਹਵੇਲੀ ਵਿਚ ਜਾ ਕੇ ਮਹਿਤਾ ਕਾਲੂ ਰਾਇ ਨੇ ਵੇਖਿਆ ਕਿ ਉਹ ਕਿਸਾਨ ਚੌਧਰੀ ਸਾਹਿਬ ਦੇ ਕੋਲ ਬੈਠਾ ਹੈ। ਰਾਇ ਸਾਹਿਬ ਨੇ ਮਹਿਤਾ ਕਾਲੂ ਰਾਇ ਨੂੰ ਬੈਠਣ ਲਈ ਕਿਹਾ ਤੇ ਨਾਨਕ ਨੂੰ ਪੁੱਛਿਆ, "ਨਾਨਕਾ, ਇਹ ਕਿਸਾਨ ਤੇਰੀ ਸ਼ਿਕਾਇਤ ਲੈ ਕੇ ਮੇਰੇ ਕੋਲ ਆਇਆ ਹੈ ਕਿ ਤੇਰੀਆਂ ਮੱਝਾਂ ਨੇ ਇਸ ਕਿਸਾਨ ਦੀ ਫਸਲ ਉਜਾੜ ਦਿੱਤੀ ਹੈ ਤੇ ਰੌਂਧ ਦਿੱਤੀ ਹੈ। ਹੁਣ ਤੂੰ ਹੀ ਦੱਸ ਕਿ ਤੂੰ ਆਪਣੇ ਡੰਗਰ, ਇਸ ਕਿਸਾਨ ਦੇ ਖੇਤ ਵਿਚ ਕਿਉਂ ਵਾੜੇ?"

"ਦਾਦੀ ਜੀ, ਫਿਰ ਨਾਨਕ ਨੇ ਕੀ ਆਖਿਆ।"

"ਪੁੱਤਰ ਜੀ, ਨਾਨਕ ਨੇ ਜਵਾਬ ਦਿੱਤਾ, ਰਾਇ ਸਾਹਿਬ ਮੇਰੀਆਂ ਮੱਝਾਂ, ਗਾਈਆਂ ਤੇ ਇਸਦੀ ਫਸਲ ਦਾ ਕੋਈ ਨੁਕਸਾਨ ਨਹੀਂ ਕੀਤਾ।"

ਚੌਧਰੀ ਰਾਇ ਬੁਲਾਰ ਨੇ ਆਪਣੇ ਇਕ ਮੁਹਤਬਰ ਆਦਮੀ ਨੂੰ ਹੁਕਮ ਕੀਤਾ ਕਿ ਤੂੰ ਇਸ ਕਿਸਾਨ ਨਾਲ ਜਾਹ ਤੇ ਇਸਦਾ ਖੇਤ ਵੇਖ ਕੇ ਆ ਕਿ ਨਾਨਕ ਦੇ ਡੰਗਰਾਂ ਨੇ ਇਸ ਕਿਸਾਨ ਦਾ ਕਿੰਨਾਂ ਕੁ ਨੁਕਸਾਨ ਕੀਤਾ ਹੈ, ਤੇ ਚੌਧਰੀ ਸਾਹਿਬ ਨੇ ਪਟਵਾਰੀ ਸਾਹਿਬ ਅਤੇ ਨਾਨਕ ਨੂੰ ਬੈਠ ਕੇ ਉਨ੍ਹਾਂ ਦੀ ਉਡੀਕ ਕਰਨ ਲਈ ਕਿਹਾ। ਕੁਝ ਦੇਰ ਬਾਅਦ ਰਾਇ ਬੁਲਾਰ ਦਾ ਮੁਹਤਬਰ ਅਤੇ ਉਹ ਕਿਸਾਨ ਵਾਪਸ ਪਰਤ ਆਏ ਅਤੇ ਰਾਇ ਸਾਹਿਬ ਨੂੰ ਦੱਸਿਆ ਕਿ ਰਾਇ ਸਾਹਿਬ ਇਸਦੀ ਫਸਲ ਤੇ ਖੇਤ ਵਿਚ ਹਰੀ ਭਰੀ ਖਲੋਤੀ ਹੈ, ਮੈਂ ਸਾਰਾ ਖੇਤ ਘੁੰਮ ਕੇ ਵੇਖਿਆ ਹੈ,

ਕਿਤੇ ਵੀ ਪਸ਼ੂਆਂ ਦੇ ਪੈਰਾਂ ਦੇ ਨਿਸ਼ਾਨ ਤੱਕ ਵੀ ਨਹੀਂ ਹਨ। ਉਹ ਕਿਸਾਨ ਵੀ ਬੜਾ ਹੈਰਾਨ ਹੋਇਆ ਦਿਸ ਰਿਹਾ ਸੀ ਪਰ ਬੋਲਿਆ ਕੁਝ ਵੀ ਨਹੀਂ। ਉਹ ਹੈਰਾਨ ਸੀ ਕਿ ਮੈਂ ਆਪ ਖੇਤ ਉਜੜਿਆ ਵੇਖਿਆ ਸੀ, ਨਾਨਕ ਨੇ ਆਖ ਦਿੱਤਾ ਕਿ ਇਸਦੀ ਫਸਲ ਠੀਕ ਠਾਕ ਹੈ, ਤਾਂ ਉਹ ਖੇਤ ਠੀਕ ਹੋ ਗਿਆ। ਨਾਨਕ ਕੋਈ ਸਿਧ ਪੁਰਸ਼ ਹੈ।

"ਤੇ ਬੱਚਿਓ ਰਾਇ ਸਾਹਿਬ ਉਸ ਕਿਸਾਨ ਨਾਲ ਗਲਤ ਸ਼ਕਾਇਤ ਲੈ ਕੇ ਆਉਣ ਲਈ ਨਾਰਾਜ ਵੀ ਹੋਏ। ਫਿਰ ਉਹ ਕਿਸਾਨ ਦੁਆ ਸਲਾਮ ਕਰਕੇ ਆਪਣੇ ਘਰ ਨੂੰ ਚੱਲਦਾ ਬਣਿਆ।"

ਸਾਰੇ ਬੱਚੇ ਬੜੇ ਹੀ ਧਿਆਨ ਨਾਲ ਬਾਲ ਗੁਰੂ ਨਾਨਕ ਦੀ ਸਾਖੀ ਸੁਣ ਰਹੇ ਸਨ। ਦਾਦੀ ਮਾਂ ਨੇ ਬੱਚਿਆਂ ਦੀ ਉਤਸਕਤਾ ਵੇਖ ਅਗਾਂਹ ਗੱਲ ਸ਼ੁਰੂ ਕੀਤੀ–

ਬੱਚਿਓ ਇੱਕ ਦਿਨ ਕਰਨੀ ਰੱਬ ਦੀ ਅਜਿਹੀ ਹੋਈ ਕਿ ਚੌਧਰੀ ਰਾਇ ਬੁਲਾਰ ਘੋੜੇ ਤੇ ਚੜ੍ਹਿਆ, ਕਿਤੇ ਬਾਹਰੋਂ ਵਾਪਸ ਤਲਵੰਡੀ ਪਰਤ ਰਿਹਾ ਸੀ, ਦੁਪਹਿਰ ਢਲ ਗਈ ਸੀ, ਉਸ ਨੇ ਵੇਖਿਆ ਕਿ ਇਕ ਦਰਖਤ ਹੇਠ ਨਾਨਕ ਸੁੱਤਾ ਪਿਆ ਹੈ ਉਹ ਇਹ ਵੇਖ ਕੇ ਬੜਾ ਹੈਰਾਨ ਹੋਇਆ ਕਿ ਸੂਰਜ ਦੇ ਢਲਣ ਨਾਲ ਬਾਕੀ ਦਰੱਖਤਾਂ ਦੀਆਂ ਛਾਵਾਂ ਤੇ ਪੂਰਬ ਵੰਨੇ ਚਲੇ ਗਈਆਂ ਸਨ ਪਰ ਜਿਸ ਦਰੱਖਤ ਹੇਠ ਨਾਨਕ ਸੁੱਤਾ ਪਿਆ ਸੀ, ਉਸ ਦਰੱਖਤ ਦੀਆਂ ਛਾਵਾਂ ਨਾਨਕ 'ਤੇ ਉਵੇਂ ਦੀਆਂ ਉਵੇਂ ਰੁਕੀਆਂ ਹੋਈਆਂ ਸਨ। ਚੌਧਰੀ ਰਾਇ ਬੁਲਾਰ ਜੋ ਇਕ ਭ਼ਲਾ ਪੁਰਸ਼ ਤੇ ਖ਼ੁਦਾ ਦੇ ਖ਼ੌਫ ਵਾਲਾ ਬੰਦਾ ਸੀ, ਇਹ ਵੇਖ ਹੈਰਾਨ ਹੋਇਆ ਰਾਇ ਬੁਲਾਰ ਆਪਣੇ ਘੋੜੇ ਤੋਂ ਉੱਤਰ ਪਿਆ। ਉਸਨੂੰ ਕਿਸਾਨ ਦੇ ਖੇਤ ਦੇ ਉਜੜਨ ਵਾਲੀ ਘਟਨਾ ਵੀ ਸੱਚੀ ਜਾਪੀ, ਉਸਨੇ ਬੜੇ ਅਦਬ ਸਤਿਕਾਰ ਨਾਲ ਨਾਨਕ ਨੂੰ ਸਿਜਦਾ ਕੀਤਾ ਤੇ ਇਸ ਵਿਸ਼ਵਾਸ ਨਾਲ ਘਰ ਪਰਤਿਆ ਕਿ ਨਾਨਕ ਕੋਈ ਆਮ ਬਾਲਕ ਨਹੀਂ ਸਗੋਂ ਕੋਈ ਰੱਬੀ ਨੂਰ ਹੈ। ਚੌਧਰੀ ਰਾਇ ਬੁਲਾਰ ਨੇ ਮਹਿਤਾ ਕਾਲੂ ਰਾਇ ਨੂੰ ਆਪਣੀ ਹਵੇਲੀ ਬੁਲਾ ਭੇਜਿਆ ਅਤੇ ਤਾਕੀਦ ਕੀਤੀ ਕਿ ਨਾਨਕ ਕੋਈ ਰੱਬੀ ਨੂਰ ਹੈ, ਜਿਸਨੇ ਤੇਰੇ ਘਰ ਪੁੱਤਰ ਬਣਕੇ ਜਨਮ ਲਿਆ ਹੈ, ਜੋ ਦੁਨੀਆਂ ਦਾ ਉਧਾਰ ਕਰਨ ਵਾਸਤੇ ਆਇਆ ਹੈ, ਤੁਸਾਂ ਅੱਜ ਤੋਂ ਬਾਅਦ ਨਾਨਕ ਨੂੰ ਕਿਸੇ ਗੱਲੋਂ ਝਿੜਕਣਾ ਨਹੀਂ।

ਪਰ ਬੱਚਿਓ ਨਾਨਕ ਦੇ ਪਿਤਾ ਨੂੰ ਤੇ ਅਜਿਹੀਆਂ ਗੱਲਾਂ ਤੇ ਵਿਸ਼ਵਾਸ ਹੀ ਨਹੀਂ ਸੀ। ਉਹ ਤੇ ਨਾਨਕ ਨੂੰ ਆਮ ਬਾਲਾਂ ਵਾਂਗ ਹੀ ਸਮਝਦਾ ਸੀ। ਨਾਨਕ ਦਾ ਪਿਤਾ ਨਾਨਕ ਨੂੰ ਇੱਕ ਸਫਲ ਵਿਹਾਰੀ ਵੇਖਣਾ ਚਾਹੁੰਦਾ ਸੀ। ਇੱਕ ਦਿਨ ਉਸਨੇ ਨਾਨਕ ਦੇ ਹੱਥ ਚਾਂਦੀ ਦੇ ਵੀਹ ਰੁਪਈਏ ਫੜਾਏ ਅਤੇ ਆਪਣੇ ਇੱਕ ਖਾਸ ਇਤਬਾਰੀ ਬੰਦੇ ਬਾਲੇ ਨੂੰ ਨਾਨਕ ਦੇ ਨਾਲ ਜਾਣ ਲਈ ਕਹਿੰਦਿਆਂ, ਨਾਨਕ ਨੂੰ ਤਾਗੀਦ ਕੀਤੀ ਕਿ ਇਨ੍ਹਾਂ ਵੀਹ ਰੁਪਈਆਂ ਦੇ ਮੰਡੀ ਚੂਹੜਕਾਣੇ ਤੋਂ ਕੋਈ ਅਜਿਹੇ ਸੌਦੇ ਖਰੀਦ ਕੇ ਲਿਆਓ ਜਿਨ੍ਹਾਂ ਨਾਲ ਤੂੰ ਕਾਰ ਵਿਹਾਰ ਸ਼ੁਰੂ ਕਰ ਸਕੇਂ।

ਧੰਨਾ ਸਿੰਘ ਜੋ ਉਮਰ ਵਿਚ ਸਭ ਬੱਚਿਆਂ ਤੋਂ ਵੱਡਾ ਸੀ, ਝੱਟ ਬੋਲਿਆ ਦਾਦੀ ਜੀ ਭਲਾ ਦੱਸੋ ਵੀਹ ਰੁਪਈਆਂ ਦਾ ਕਿੰਨਾਂ ਕੁ ਸੌਦਾ ਆ ਸਕਦਾ ਸੀ?

"ਪੁੱਤਰ ਜੀ, ਉਨ੍ਹਾਂ ਸਮਿਆਂ ਵਿੱਚ ਇੰਨੀ ਮਹਿੰਗਾਈ ਨਹੀਂ ਸੀ ਹੋਇਆ ਕਰਦੀ, ਵੀਹ ਰੁਪਈਏ ਦਾ ਤੇ ਗੱਡਾ ਭਰ ਕੇ ਸਮਾਨ ਲਿਆਂਦਾ ਜਾ ਸਕਦਾ ਸੀ।"

"ਠੀਕ ਹੈ ਦਾਦੀ ਜੀ, ਅੱਗੇ ਦੱਸੋ ਫਿਰ ਕਿਵੇਂ ਹੋਇਆ?"

ਅਮਰ ਸਿੰਘ ਜਲਦੀ ਸੁਨਣਾ ਚਾਹੁੰਦਾ ਸੀ, ਉਸਨੇ ਆਪਣੀ ਉਤਸਕਤਾ ਵਿਖਾਈ।

"ਹਾਂ ਅਮਰ ਸਿੰਘ ਜੀ, ਜਿਓਂ ਹੀ ਨਾਨਕ ਤੇ ਉਸਦਾ ਸਾਥੀ ਬਾਲਾ, ਚੂਹੜਕਾਣੇ ਮੰਡੀ ਦੇ ਕੋਲ ਪਹੁੰਚੇ ਤੇ ਬਾਹਰਵਾਰ ਹੀ ਉਨ੍ਹਾਂ ਨੇ ਦਰਖਤਾਂ ਦੇ ਝੁੰਡ ਹੇਠ ਇਕ ਸਾਧੂਆਂ ਦਾ ਟੋਲਾ, ਧੂਣਾ ਤਪਾਈ, ਹਰੀ ਚਰਚਾ ਕਰਦਾ ਵੇਖਿਆ। ਨਾਨਕ ਨੇ ਹੱਥ ਜੋੜ, ਉਨ੍ਹਾਂ ਸਾਧੂਆਂ ਨੂੰ ਪ੍ਰਨਾਮ ਕੀਤਾ। ਮੁੱਖ ਸਾਧੂ, ਜਿਸ ਦੇ ਦੁਆਲੇ ਦੂਸਰੇ ਸਾਧੂ ਬੈਠੇ ਹਰੀ ਚਰਚਾ ਸੁਣ ਰਹੇ ਸਨ, ਉਸਨੇ ਨਾਨਕ ਨੂੰ ਵੇਖਦਿਆਂ ਆਖਿਆ–

ਬੱਚਾ ਅਸੀਂ ਕਈ ਦਿਨਾਂ ਦੇ ਭੁੱਖੇ ਹਾਂ ਕੀ ਤੂੰ ਸਾਨੂੰ ਭੋਜਨ ਕਰਾਏਂਗਾ?"

ਦਿਆਲੂ ਨਾਨਕ ਦਾ ਸਾਧੂਆਂ ਦੀ ਇਹ ਗੱਲ ਸੁਣ ਕੇ ਮਨ ਪਸੀਜ ਗਿਆ ਤੇ ਨਾਨਕ ਨੇ ਆਖਿਆ– "ਜੀ ਜਰੂਰ।"

ਭਾਈ ਬਾਲੇ ਆਖਿਆ– "ਨਾਨਕ, ਮਹਿਤਾ ਸਾਹਿਬ ਗੁੱਸੇ ਹੋਵਣਗੇ।"



ਨਾਨਕ ਆਖਿਆ– "ਭਾਈ ਬਾਲੇ, ਇਸ ਤੋਂ ਖਰਾ ਸੌਦਾ ਭਲਾ ਹੋਰ ਕੀ ਹੋਵੇਗਾ। ਤੂੰ ਹੀ ਦੱਸ?" ਤੇ ਨਾਨਕ ਆਪਣੇ ਸਾਥੀ ਭਾਈ ਬਾਲੇ ਨੂੰ ਨਾਲ ਲੈ ਕੇ, ਮੰਡੀ ਚੂਹੜਕਾਣੇ ਚੋਂ ਦਾਲ ਚਾਵਲ ਤੇ ਹੋਰ ਰਸਦ ਖਰੀਦੀ ਅਤੇ ਭੁੱਖੇ ਸਾਧੂਆਂ ਨੂੰ ਪੇਟ ਭਰ ਕੇ ਭੋਜਨ ਛਕਾਇਆ ਤੇ ਹੋਰ ਪਦਾਰਥ ਵੀ ਛਕਾਏ। ਸਾਧੂ ਬਹੁਤ ਪ੍ਰਸੰਨ ਹੋਏ ਅਤੇ ਨਾਨਕ ਦੀ ਦਿਆਲਤਾ ਵੇਖ ਬਹੁਤ ਅਸੀਸਾਂ ਦਿੱਤੀਆਂ। ਨਾਨਕ ਆਪਣੇ ਸਾਥੀ ਬਾਲੇ ਨਾਲ ਵਾਪਸ ਤਲਵੰਡੀ ਪਰਤ ਆਇਆ, ਪਰ ਉਸਨੂੰ ਆਪਣੇ ਪਿਤਾ ਦੇ ਸੁਭਾਓ ਦਾ ਤੇ ਪਤਾ ਹੀ ਸੀ, ਤੇ ਇਹ ਵੀ ਪਤਾ ਸੀ ਕਿ ਪਿਤਾ ਨਾਰਾਜ਼ ਹੋਣਗੇ, ਇਸ ਲਈ ਉਹ ਆਪ ਤੇ ਪਿੰਡ ਤੋਂ ਬਾਹਰ ਹੀ ਰੁਕ ਗਏ ਪਰ ਭਾਈ ਬਾਲੇ ਨੂੰ ਘਰ ਜਾਣ ਵਾਸਤੇ ਕਹਿ ਦਿੱਤਾ।

ਬੱਚਿਓ ਜਿਉਂ ਹੀ ਮਹਿਤਾ ਕਾਲੂ ਰਾਇ ਨੂੰ ਪੂਰੀ ਗੱਲ ਦਾ ਪਤਾ ਲੱਗਾ ਉਹ ਤੇ ਅੱਗ ਬਬੂਲਾ ਹੋ ਗਏ, ਬਹੁਤ ਹੀ ਗੁੱਸੇ ਵਿਚ ਆ ਗਏ ਅਤੇ ਘਰੋਂ ਬਾਹਰ ਨਿਕਲ, ਚੂਹੜਕਾਣੇ ਦੇ ਰਸਤੇ ਵੱਲ ਤੇਜ਼ ਕਦਮੀਂ ਹੋ ਤੁਰੇ। ਨਾਨਕੀ ਨੇ ਪਿਤਾ ਨੂੰ ਉੱਚੀ ਉੱਚੀ ਗੁੱਸੇ ਵਿਚ ਬੋਲਦਿਆਂ ਸੁਣਿਆ। ਇਹ ਵੀ ਵੇਖਿਆ ਕਿ ਉਹ ਨਾਨਕ ਨੂੰ ਬੁਰਾ–ਭਲਾ ਕਹਿੰਦਾ ਤੇਜ਼ ਕਦਮੀ ਬਾਹਰ ਵੱਲ ਤੁਰ ਗਿਆ ਹੈ।

ਬੱਚਿਓ, ਨਾਨਕੀ ਨੂੰ ਆਪਣੇ ਵੀਰ ਨਾਨਕ ਨਾਲ ਬਹੁਤ ਪਿਆਰ ਸੀ ਤੇ ਉਹ ਇਹ ਵੀ ਜਾਣਦੀ ਸੀ ਕਿ ਨਾਨਕ ਕੋਈ ਆਮ ਬਾਲ ਨਹੀਂ ਪਰ ਆਪਣੇ ਪਿਤਾ ਦੇ ਗੁੱਸੇ ਅਤੇ ਸੁਭਾਅ ਬਾਰੇ ਵੀ ਉਹ ਜਾਣਦੀ ਹੀ ਸੀ। ਇਸੇ ਲਈ ਨਾਨਕੀ ਵੀ ਨੰਗੇ ਪੈਰੀਂ ਆਪਣੇ ਪਿਤਾ ਦੇ ਪਿੱਛੇ ਪਿੱਛੇ ਬਾਹਰ ਵੱਲ ਭੱਜ ਪਈ ਕਿ ਪਿਤਾ ਕਿਤੇ ਗੁੱਸੇ ਵਿੱਚ ਨਾਨਕ ਦੀ ਕੁੱਟ-ਮਾਰ ਹੀ ਨਾ ਕਰ ਦੇਵੇ।

ਸਾਰੇ ਬੱਚੇ ਚੁੱਪ-ਚਾਪ ਬੈਠੇ ਦਾਦੀ ਮਾਂ ਦੇ ਮੂੰਹੋਂ ਨਿਕਲੇ ਹਰ ਲਫ਼ਜ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ, ਗੰਗਾ ਤੇ ਹਟਕੋਰੇ ਭਰ ਰਹੀ ਸੀ ਤੇ ਵਾਰ ਵਾਰ ਆਪਣੀਆਂ ਅੱਖੀਆਂ ਪੂੰਝ ਰਹੀ ਸੀ, ਉਸਨੇ ਹਟਕੋਰੇ ਭਰਦਿਆਂ ਪੁੱਛਿਆ-

"ਕੀ ਦਾਦੀ ਮਾਂ ਜੀ, ਸਾਡੇ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਪਿਤਾ ਜੀ ਨੇ ਝਿੜਕਿਆ, ਮਾਰਿਆ ਵੀ ਸੀ?

'ਮੇਰੀ ਲਾਡੋ ਧੀਅ ਰਾਣੀਏ, ਉਸ ਲਈ ਤੇ ਨਾਨਕ ਉਸਦਾ ਪੁੱਤਰ ਹੀ ਸੀ।'

'ਫੇਰ ਦਾਦੀ ਮਾਂ, ਕੀ ਹੋਇਆ? ਆਤਮਾ ਸਿੰਘ ਨੇ ਪੁੱਛਿਆ।

'ਪੁੱਤਰ ਜੀ, ਹੋਇਆ ਇਹ ਕਿ ਜਿਓਂ ਹੀ ਨਾਨਕ ਮਹਿਤਾ ਕਾਲੂ ਰਾਇ ਦੀ ਨਜ਼ਰੀਂ ਪਿਆ, ਉਹ ਤੇਜੀ ਨਾਲ ਨਾਨਕ ਵੱਲ ਵਧਿਆ, ਨਾਨਕ ਦੇ ਦੋਵੇਂ ਹੱਥ ਆਪਣੇ ਹੱਥ ਨਾਲ ਫੜ ਲਏ ਤੇ ਸੱਜਾ ਹੱਥ ਚਪੇੜ ਮਾਰਨ ਲਈ, ਉੱਪਰ ਉਲਾਰਿਆ।

'ਫਿਰ ਦਾਦੀ ਮਾਂ?' ਬੱਚੇ ਟਿੱਕ-ਟਿੱਕੀ ਲਗਾਈ ਦਾਦੀ ਮਾਂ ਦੇ ਮੂੰਹ ਚੋਂ ਨਿਕਲਦੇ ਹਰ ਲਫ਼ਜ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ।

ਇਸ ਤੋਂ ਪਹਿਲੋਂ ਕਿ ਪਿਤਾ ਦੀ ਚਪੇੜ ਨਾਨਕ ਦੇ ਮੂੰਹ ਤੇ ਵੱਜਦੀ, ਨਾਨਕੀ ਨੇ ਛਾਲ ਮਾਰ ਕੇ ਪਿਤਾ ਦਾ ਹੱਥ ਜਾ ਫੜਿਆ ਪਰ ਰੋਕਦੇ ਰੋਕਦੇ ਵੀ ਉਸਦਾ ਹੱਥ ਨਾਨਕ ਦੀ ਗੱਲ੍ਹ ਤੇ ਜਾ ਹੀ ਵੱਜਾ। ਨਾਨਕੀ ਨੇ ਆਖਿਆ ਬਾਪੂ ਨਾਨਕ ਤੇ ਕਰਤਾਰ ਦਾ ਰੂਪ ਏ, ਕੀ ਤੂੰ ਕਰਤਾਰ ਦੇ ਮੂੰਹ ਤੇ ਚਪੇੜਾਂ ਮਾਰੇਂਗਾ, ਪਿਤਾ ਦਾ ਹੱਥ ਤੇ ਰੁਕ ਗਿਆ ਪਰ ਉਹ ਭਰਿਆ ਪੀਤਾ ਘਰ ਮੁੜ ਆਇਆ।

'ਦਾਦੀ ਜੀ, ਮੈਂ ਗੁਰਦਵਾਰੇ ਕਥਾ ਵਿਚ ਸੁਣਿਆ ਸੀ ਕਿ ਸਤਿਗੁਰੂ ਜੀ ਸੁਲਤਾਨਪੁਰ ਚਲੇ ਗਏ ਸਨ।'

'ਹਾਂ ਧੰਨਾ ਸਿੰਘ ਜੀ, ਤੁਸੀਂ ਠੀਕ ਕਹਿੰਦੇ ਹੋ,ਪਰ ਸੁਲਤਾਨਪੁਰ ਦੀ ਗੱਲ ਮੈਂ ਤੁਹਾਨੂੰ ਬਾਅਦ ਵਿਚ ਸੁਣਾਵਾਂਗੀ, ਪਹਿਲੋਂ ਇਹ ਗੱਲ ਪੂਰੀ ਕਰ ਲਵਾਂ।'

'ਠੀਕ ਹੈ, ਦਾਦੀ ਜੀ।'

'ਹਾਂ ਬੱਚਿਓ, ਤਲਵੰਡੀ ਵਿਚ ਇਹ ਖਬਰ ਇਕ ਦਮ ਫੈਲ ਗਈ ਕਿ ਨਾਨਕ ਨੂੰ ਮਹਿਤਾ ਕਾਲੂ ਰਾਇ ਨੇ ਚਪੇੜਾਂ ਮਾਰੀਆਂ ਨੇ। ਇਹ ਤਾਂ ਚੰਗੀ ਗੱਲ ਹੋਈ ਕਿ ਨਾਨਕੀ ਮੌਕੇ ਤੇ ਪਹੁੰਚ ਗਈ ਨਹੀਂ ਤੇ ਪਟਵਾਰੀ ਨੇ ਤੇ ਨਾਨਕ ਨੂੰ ਕੁੱਟ ਧਰਿਆ ਸੀ।

'ਦਾਦੀ ਜੀ ਫਿਰ ਕੀ ਹੋਇਆ?' ਗੰਗਾ ਅਗਾਂਹ ਸੁਨਣ ਲਈ ਬੜੀ ਉਤਸਕ ਸੀ। ਉਹ ਸੋਚ ਰਹੀ ਸੀ ਕਿ ਘਰ ਆ ਕੇ ਨਾਨਕ ਦੇ ਪਿਤਾ ਨੇ ਨਾਨਕੀ ਨੂੰ ਵੀ ਝਿੜਕਿਆ ਹੋਏਗਾ ਤੇ ਨਾਨਕ ਨੂੰ ਜਰੂਰ ਮਾਰਿਆ ਵੀ ਹੋਵੇਗਾ।

'ਗੰਗਾ ਪੁੱਤਰ ਇਹ ਗੱਲ ਘੜੀਆਂ ਪਲਾਂ ਵਿਚ ਹੀ ਸਾਰੇ ਪਿੰਡ ਵਿਚ ਫੈਲ ਗਈ ਅਤੇ ਚੌਧਰੀ ਰਾਇ ਬੁਲਾਰ ਹੁਰਾਂ ਕੋਲ ਵੀ ਪਹੁੰਚ ਗਈ, ਤੁਹਾਨੂੰ ਯਾਦ ਹੋਇਗਾ, ਬੱਚਿਓ ਮੈਂ ਤੁਹਾਨੂੰ ਦੱਸਿਆ ਸੀ ਕਿ ਚੌਧਰੀ ਰਾਇ ਬੁਲਾਰ ਤਾਂ ਨਾਨਕ ਨੂੰ ਕੋਈ ਰੱਬੀ ਪੈਗੰਬਰ ਸਮਝਦਾ ਸੀ ਤੇ ਉਹ ਨਾਨਕ ਨੂੰ ਪਿਆਰ ਤੇ ਕਰਦਾ ਹੀ ਸੀ ਉਸਨੂੰ ਰੱਬ ਦਾ ਰੂਪ ਵੀ ਸਮਝਦਾ ਸੀ।

'ਫਿਰ ਦਾਦੀ ਮਾਂ ਜੀ?'

ਫਿਰ ਕੀ ਬੱਚਿਓ, ਚੌਧਰੀ ਸਾਹਿਬ ਨੇ ਆਪਣਾ ਨੌਕਰ ਭੇਜ ਕੇ ਮਹਿਤਾ ਸਾਹਿਬ ਨੂੰ ਆਪਣੀ ਹਵੇਲੀ ਬੁਲਾ ਭੇਜਿਆ, ਚੌਧਰੀ ਰਾਇ ਬੁਲਾਰ ਦਾ ਨੌਕਰ ਜਿਉਂ ਹੀ ਮਹਿਤਾ ਸਾਹਿਬ ਕੋਲ ਪਹੁੰਚਿਆ, ਤਾਂ ਉਹ ਉਸੇ ਵਕਤ ਹੀ ਹੱਥਲੇ ਕੰਮ ਛੱਡ ਕੇ ਚੌਧਰੀ ਸਾਹਿਬ ਦੀ ਹਵੇਲੀ ਵੱਲ ਹੋ ਤੁਰੇ। ਜਦੋਂ ਮਹਿਤਾ ਕਾਲੂ ਰਾਇ ਹਵੇਲੀ ਵਿਚ ਪਹੁੰਚੇ, ਰਾਇ ਸਾਹਿਬ ਬੇਚੈਨੀ ਤੇ ਪਰੇਸ਼ਾਨੀ ਵਿੱਚ ਏਧਰ ਓਧਰ ਹਵੇਲੀ ਵਿੱਚ ਘੁੰਮ ਰਹੇ ਸਨ, ਮਹਿਤਾ ਕਾਲੂ ਰਾਇ ਨੂੰ ਵੇਖ ਉਹ ਇਕ ਦਮ ਰੁੱਕੇ ਤੇ ਗੁੱਸੇ ਨਾਲ ਆਖਿਆ–

'ਮਹਿਤਾ ਸਾਹਿਬ ਤੁਸਾਂ ਨੂੰ ਅਸਾਂ ਕਿੰਨੀ ਵਾਰ ਵਰਜਿਆ ਹੈ ਕਿ ਨਾਨਕ ਨੂੰ ਤੁਸਾਂ ਕੁਝ ਵੱਧ ਘੱਟ ਨਹੀਂ ਕਹਿਣਾ। ਪਤਾ ਲੱਗਾ ਹੈ ਅੱਜ ਤੁਸਾਂ ਨਾਨਕ ਨੂੰ ਫਿਰ ਮਾਰਿਆ ਹੈ, ਸਾਡਾ ਤੇ ਮਨ ਕਰਦਾ ਹੈ, ਅਸੀਂ ਨਾਨਕ ਨੂੰ ਆਪਣੇ ਪਾਸ ਹਵੇਲੀ ਵਿਚ ਹੀ ਲੈ ਆਈਏ ਪਰ ਤੁਸਾਂ ਦੀ ਬਰਾਦਰੀ ਤੋਂ ਡਰਦੇ ਪਏ ਹਾਂ ਕਿ ਮਤੇ ਤੁਸਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਅੱਜ ਨਾਨਕ ਨੂੰ ਮਾਰ ਕੇ ਤੁਸਾਂ ਅੱਛਾ ਨਹੀਂ ਕੀਤਾ।'

'ਭਲਾ ਰਾਇ ਸਾਹਿਬ, ਕੀ ਅਸਾਂ ਨੂੰ ਆਪਣੇ ਪੁੱਤਰ ਨੂੰ ਸਮਝਾਉਣ ਲਈ, ਉਸਨੂੰ ਝਿੜਕਣ ਦਾ ਵੀ ਹੱਕ ਨਹੀਂ?' ਮਹਿਤਾ ਕਾਲੂ ਰਾਇ ਨੇ ਆਖਿਆ।

ਚੌਧਰੀ ਰਾਇ ਬੁਲਾਰ ਆਖਿਆ– 'ਕਾਲੂ ਤੈਨੂੰ ਇਹ ਆਪਣਾ ਪੁੱਤਰ ਦਿੱਸਦਾ ਹਈ ਤੇ ਅਸਾਂ ਨੂੰ ਦਿਸਦਾ ਹਈ ਕਿ ਸਾਰੇ ਸੰਸਾਰ ਦਾ ਰਿਜਕ ਨਾਨਕ ਦੇ ਹੱਥ ਹਈ।'

ਰਾਇ ਸਾਹਿਬ ਮੈਂ ਤੇ ਨਾਨਕ ਦੇ ਹੀ ਭਲੇ ਲਈ ਵੀਹ ਰੁਪਏ ਦੇ ਕੇ ਚੂਹੜਕਾਣੇ ਮੰਡੀ ਭੇਜਿਆ ਸੀ, ਤਾਂ ਕਿ ਉਥੋਂ ਸੌਦਾ ਲਿਆ ਕੇ ਕੋਈ ਵਿਹਾਰ ਕਰੇ, ਨਾਲ ਮੈਂ ਆਪਣਾ ਆਦਮੀ ਬਾਲੇ ਨੂੰ ਵੀ ਭੇਜਿਆ ਪਰ ਉਸਨੇ ਉਸ ਦੀ ਵੀ ਪਰਵਾਹ ਨਹੀਂ ਕੀਤੀ, ਸਾਰੇ ਪੈਸੇ ਵਿਹਲੜ ਸਾਧੂਆਂ ਦੇ ਟੋਲੇ ਨੂੰ ਖੁਆ ਆਇਆ ਹੈ ਤੇ ਖਾਲੀ ਹੱਥ ਘਰ ਪਰਤ ਆਇਆ ਹੈ। ਹੁਣ ਤੁਸੀਂ ਹੀ ਦੱਸੋ, ਮੈਂ ਪਰੇਸ਼ਾਨ ਨਾ ਹੁੰਦਾ ਤੇ ਹੋਰ ਕੀ ਕਰਦਾ, ਆਖਰ ਪੇਟ ਪਾਲਣ ਲਈ ਕਾਰ ਵਿਹਾਰ ਤੇ ਕੁਛ ਕਰਨਾ ਹੀ ਪੈਣਾ ਹੈ। ਹੁਣ ਨਾਨਕ ਛੋਟਾ ਤੇ ਹੈ ਨਹੀਂ.....!!

ਮਹਿਤਾ ਸਾਹਿਬ ਜੇ ਗੱਲ ਵੀਹ ਰੁਪਈਆਂ ਦੀ ਹੀ ਸੀ, ਤੁਸਾਂ ਸਾਨੂੰ ਆਖ ਭੇਜਣਾ ਸੀ। ਅਸੀਂ ਤੁਸਾਂ ਦਾ ਹਰਜਾਨਾ ਪੂਰਾ ਕਰ ਦਿੰਦੇ ਪਰ ਨਾਨਕ ਨੂੰ ਮਾਰ ਕੇ ਤੁਸਾਂ ਅੱਛਾ ਨਹੀਂ ਕੀਤਾ।

ਬੱਚੇ ਸੁੰਨ ਹੋਏ ਦਾਦੀ ਮਾਂ ਦੀਆਂ ਗੱਲਾਂ ਬਹੁਤ ਹੀ ਧਿਆਨ ਨਾਲ ਸੁਣ ਰਹੇ ਸਨ।

'ਫਿਰ ਦਾਦੀ ਮਾਂ, ਅਗਾਂਹ ਕੀ ਹੋਇਆ?'..... ਰਤਨ ਸਿੰਘ ਅਗਾਂਹ ਜਾਨਣ ਲਈ ਉਤਾਵਲਾ ਸੀ।

ਫਿਰ ਬੱਚਿਓ ਚੌਧਰੀ ਸਾਹਿਬ ਨੇ ਕੋਲ ਖੜ੍ਹੇ ਆਪਣੇ ਨੌਕਰ ਨੂੰ ਆਖਿਆ ਕਿ ਅੰਦਰੋਂ ਬੇਗਮ ਸਾਹਿਬਾਂ ਤੋਂ ਵੀਹ ਰੁਪਈਏ ਲਿਆ ਕੇ ਮਹਿਤਾ ਸਾਹਿਬ ਨੂੰ ਦੇ ਦਿਓ।

ਇਹ ਸੁਣ ਮਹਿਤਾ ਸਾਹਿਬ ਇਕ ਦਮ ਬੋਲ ਉੱਠੇ, ਨਾ ਨਾ ਚੌਧਰੀ ਸਾਹਿਬ ਤੁਹਾਡੇ ਅਸਾਡੇ ਰੁਪੈ ਕੋਈ ਵੰਡੇ ਹੋਏ ਆ, ਅੱਗੇ ਵੀ ਤੇ ਅਸੀਂ ਤੁਸਾਂ ਦਾ ਦਿੱਤਾ ਹੀ ਤੇ ਖਾਂਵਦੇ ਹਾਂ।

ਰਾਇ ਸਾਹਿਬ ਨੇ ਮਹਿਤਾ ਕਾਲੂ ਰਾਇ ਨੂੰ ਸਖਤ ਤਾੜਨਾ ਕਰਦੇ ਹੋਏ ਕਿਹਾ, ਹੁਣ ਤੁਸੀਂ ਜਾਓ ਪਰ ਅੱਗੋਂ ਖਿਆਲ ਰੱਖਣਾ ਨਾਨਕ ਨੂੰ ਤੁਸਾਂ ਕਿਸੇ ਗੱਲੇ ਵੀ ਝਿੜਕਣਾ ਜਾਂ ਮਾਰਨਾ ਨਹੀਂ। ਨਾਨਕ ਤੁਸਾਂ ਦਾ ਕੋਈ ਵੀ ਨੁਕਸਾਨ ਕਰਦਾ ਹੈ, ਉਸਦਾ ਜ਼ਿੰਮਾ ਅਸਾਡਾ ਰਿਹਾ। ਨਿਸੰਗ ਸਾਥੋਂ ਆ ਕੇ ਲੈ ਜਾਇਓ ਪਰ ਨਾਨਕ ਨੂੰ ਤੁਸਾਂ ਕੁਛ ਨਹੀਂ ਆਖਣਾ।

ਦਰਵਾਜ਼ੇ ਦੀ ਸਾਖ ਨਾਲ ਢੋਅ ਲਾਈ ਧੰਨਾ ਸਿੰਘ ਅਤੇ ਰਤਨ ਸਿੰਘ ਦੇ ਮਾਤਾ ਜੀ ਪਤਾ ਨਹੀਂ ਦੋਨੋ ਕਦੋਂ ਦੀਆਂ ਖੜੀਆਂ ਸਨ। ਚੁੱਪ-ਚਾਪ ਉਹ ਵੀ ਇਹ ਸਾਖੀਆਂ ਸੁਣ ਰਹੀਆਂ ਸਨ।

ਦਾਦੀ ਮਾਂ ਜਰਾ ਕੁ ਸਾਹ ਲੈਣ ਲਈ ਰੁਕੇ ਤਾਂ ਰਤਨ ਸਿੰਘ ਜੀ ਦੇ ਮਾਤਾ ਜੀ ਨੇ ਆਖਿਆ ਬੱਚਿਓ ਰਾਤ

ਬਹੁਤ ਹੋ ਗਈ ਹੈ, ਤੁਸਾਂ ਸਵੇਰੇ ਸਕੂਲ ਵੀ ਜਾਣਾ ਹੈ, ਸਾਜ਼ੁਰੇ ਉੱਠਣਾ ਵੀ ਹੈ, ਤੇ ਬੇਬੇ ਜੀ ਹੁਰਾਂ ਵੀ ਅਰਾਮ ਕਰਨਾ ਹੈ। ਬਾਕੀ ਸਾਖੀ ਕੱਲ ਸੁਣ ਲਿਓ।

ਬੱਚਿਓ ਠੀਕ ਹੈ, ਹੁਣ ਜਾਓ ਤੇ ਸੌਂਵੋਂ ਮੈਨੂੰ ਵੀ ਨੀਂਦਰ ਆ ਰਹੀ ਹੈ। ਮੈਂ ਤੇ ਅਜੇ ਕੀਰਤਨ ਸੋਹਿਲੇ ਦਾ ਪਾਠ ਵੀ ਕਰਨਾ ਹੈ ਤੇ ਸਵੇਰੇ ਜਲਦੀ ਉੱਠ ਕੇ ਆਸਾ ਦੀ ਵਾਰ ਵਿੱਚ ਵੀ ਜਾਣਾ ਹੈ। ਬਾਕੀ ਸਾਖੀ ਕੱਲ ਸੁਣਾਵਾਂਗੀ।

# ਸਾਖੀ : ਗੁਰੂ ਨਾਨਕ ਦੇ ਸੁਲਤਾਨਪੁਰ ਜਾਣ ਦੀ

ਦਾਦੀ ਜੀ ਰਹਿਰਾਸ ਦਾ ਪਾਠ ਕਰ ਕੇ ਆਪਣੇ ਮੰਜੇ ਤੇ ਅਰਦਾਸ ਦੀ ਮੁਦਰਾ ਵਿੱਚ ਬੈਠੇ ਸਨ ਕਿ ਗੰਗਾ ਸਿੰਘ ਤੇ ਗੰਗਾ ਕੌਰ ਆ ਪਹੁੰਚੇ। ਜਦੋਂ ਦਾਦੀ ਜੀ ਨੇ ਅਰਦਾਸ ਕਰਕੇ ਆਪਣਾ ਸੀਸ ਨਿਵਾਇਆ, ਤਾਂ ਬੱਚਿਆਂ ਨੇ ਵੀ ਮੱਥਾ ਟੇਕਿਆ। ਦਾਦੀ ਜੀ ਨੇ ਜਦੋਂ ਆਪਣੀਆਂ ਅੱਖਾਂ ਖੋਹਲੀਆਂ ਤਾਂ ਭੈਣ ਭਰਾ ਦੋਵਾਂ ਨੂੰ ਸਾਹਵੇਂ ਵੇਖ ਪੁੱਛਿਆ–

'ਆ ਗਏ ਮੇਰੇ ਬੱਚੇ?'

'ਜੀ, ਦਾਦੀ ਜੀ।'

'ਚਲੋ ਠੀਕ ਹੈ। ਆ ਜਾ ਗੰਗਾ, ਤੂੰ ਮੇਰੇ ਕੋਲ ਬੈਠ ਜਾਹ, ਤੇ ਗੰਗਾ ਸਿੰਘ ਜੀ ਤੁਸੀਂ ਜਾਓ ਤੇ ਬਾਕੀ ਬੱਚਿਆਂ ਨੂੰ ਵੀ ਬੁਲਾ ਲਿਆਓ, ਸਾਰੇ ਬੱਚੇ ਆ ਜਾਣ, ਫਿਰ ਅਗਲੀ ਸਾਖੀ ਸ਼ੁਰੂ ਕਰਦੇ ਹਾਂ।'

'ਠੀਕ ਹੈ, ਦਾਦੀ ਜੀ।'

ਗੰਗਾ ਸਿੰਘ ਕੁਝ ਹੀ ਦੇਰ ਵਿਚ ਬਾਕੀ ਬੱਚਿਆਂ ਨੂੰ ਵੀ ਬੁਲਾ ਲਿਆਉਂਦਾ ਹੈ। ਸਾਰੇ ਬੱਚੇ ਦਾਦੀ ਜੀ ਨੂੰ ਸਤਿ ਸ੍ਰੀ ਅਕਾਲ ਬੁਲਾ, ਪੈਰੀ ਹੱਥ ਲਾ ਕੇ ਕੋਲ ਬੈਠ ਜਾਂਦੇ ਹਨ।

'ਹਾਂ ਬੱਚਿਓ! ਦੱਸੋ ਅੱਜ ਕਿਹੜੀ ਸਾਖੀ ਸੁਨਣੀ ਹੈ?'

ਧੰਨਾ ਸਿੰਘ ਨੇ ਝੱਟ ਆਖਿਆ– 'ਦਾਦੀ ਜੀ, ਸੁਲਤਾਨਪੁਰ ਵਾਲੀ।'

ਹਾਂ ਤੇ ਬੱਚਿਓ, ਤੁਹਾਨੂੰ ਕੱਲ੍ਹ ਮੈਂ ਦੱਸਿਆ ਸੀ ਕਿ ਨਾਨਕ ਦੇ ਪਿਤਾ ਮਹਿਤਾ ਕਾਲੂ ਰਾਇ, ਤਲਵੰਡੀ ਦੇ ਵੱਡੇ ਚੌਧਰੀ ਰਾਇ ਬੁਲਾਰ ਦੇ ਪਟਵਾਰੀ ਸਨ। ਚੌਧਰੀ ਸਾਹਿਬ,ਜਿਨ੍ਹਾਂ ਦੀ ਤਲਵੰਡੀ ਦੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਬਹੁਤ ਸਾਰੀ ਜਮੀਨ ਸੀ, ਉਨ੍ਹਾਂ ਸਾਰੀਆਂ ਜ਼ਮੀਨਾਂ ਦਾ ਸਾਰਾ ਲੇਖਾ–ਜੋਖਾ ਉਨ੍ਹਾਂ ਦੇ ਪਟਵਾਰੀ ਮਹਿਤਾ ਕਾਲੂ ਰਾਇ ਰੱਖਦੇ ਸਨ। ਇਸੇ ਹੀ ਇਲਾਕੇ ਵਿੱਚ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਲੋਧੀ ਦੀ ਵੀ ਬਹੁਤ ਵੱਡੀ ਜਾਗੀਰ ਸੀ, ਤੇ ਉਸ ਜਾਗੀਰ ਦੀ ਸੌਂਪਣਾ ਤੇ ਸਾਂਭ–ਸੰਭਾਲ ਵੀ ਨਵਾਬ ਸਾਹਿਬ ਨੇ ਚੌਧਰੀ ਰਾਇ ਬੁਲਾਰ ਨੂੰ ਸੰਭਾਲੀ ਹੋਈ ਸੀ। ਨਵਾਬ ਦੌਲਤ ਖਾਂ ਲੋਧੀ ਦਾ ਮਾਲ ਅਫਸਰ ਇੱਕ ਨੌਜਵਾਨ ਜੈ ਰਾਮ, ਹਰ ਛਿਮਾਹੀ ਤਲਵੰਡੀ ਆਉਂਦਾ ਤੇ ਚੌਧਰੀ ਰਾਇ ਬੁਲਾਰ ਦੇ ਨਾਲ ਲੈਣ–ਦੇਣ ਦਾ ਸਾਰਾ ਹਿਸਾਬ ਕਿਤਾਬ ਨਿਪਟਾ ਜਾਂਦਾ। ਰਾਇ ਸਾਹਿਬ ਨੇ ਵੇਖਿਆ ਕਿ ਜੈ ਰਾਮ ਸੋਹਣਾ ਸੁਨੱਖਾ, ਮਿਹਨਤੀ ਤੇ ਇਮਾਨਦਾਰ ਨੌਜਵਾਨ ਹੈ ਅਤੇ ਨਵਾਬ ਸਾਹਿਬ ਕੋਲ ਮਾਲ ਅਫਸਰ ਹੈ, ਚੰਗੇ ਰੁਤਬੇ ਤੇ ਹੈ, ਕਿਉਂ ਨਾ ਨਾਨਕ ਦੀ ਵੱਡੀ ਭੈਣ ਨਾਨਕੀ ਦਾ ਰਿਸ਼ਤਾ ਜੈ ਰਾਮ ਨਾਲ ਕਰ ਦਿੱਤਾ ਜਾਵੇ।

ਤੇ ਬੱਚਿਓ ਰਾਇ ਸਾਹਿਬ ਨੇ ਇਸ ਬਾਰੇ ਮਹਿਤਾ ਕਾਲੂ ਰਾਇ ਨਾਲ ਗੱਲ ਕੀਤੀ। ਅੱਗੋਂ ਨਾਨਕ ਦੇ ਪਿਤਾ ਨੇ ਆਖਿਆ– ਚੌਧਰੀ ਸਾਹਿਬ ਤੁਹਾਥੋਂ ਅੱਛਾ ਸਾਡੇ ਲਈ ਕੌਣ ਸੋਚ ਸਕਦਾ ਹੈ, ਨਾਲੇ ਨਾਨਕੀ ਤੁਸਾਂ ਦੀ

ਵੀ ਤੇ ਧੀ ਹੈ।

ਬੱਚਿਓ, ਅਗਲੀ ਵੇਰ ਜਦੋਂ ਜੈ ਰਾਮ ਤਲਵੰਡੀ ਆਇਆ ਤਾਂ ਰਾਇ ਸਾਹਿਬ ਨੇ ਇੱਕ ਖਤ ਜੈ ਰਾਮ ਦੇ ਹੱਥੀਂ, ਉਸਦੇ ਪਿਤਾ ਵੱਲ ਭਿਜਵਾਇਆ ਕਿ ਮੇਰੇ ਪਟਵਾਰੀ ਦੀ ਧੀ, ਜੋ ਅਸਾਂ ਦੀ ਵੀ ਧੀ ਹੀ ਸਮਝੋ, ਬਹੁਤ ਸਮਝਦਾਰ ਹੈ, ਨੇਕ ਤੇ ਘਰ ਦੇ ਕੰਮ-ਕਾਰ ਵਿਚ ਸੁਚੱਜੀ ਹੈ, ਅਸਾਂ ਦੀ ਸਮਝ ਹੈ ਕਿ ਉਸਦਾ ਸੰਜੋਗ ਆਪਦੇ ਪੁੱਤਰ ਜੈ ਰਾਮ ਨਾਲ ਬਹੁਤ ਠੀਕ ਰਹੇਗਾ। ਤੁਸੀਂ ਠੀਕ ਸਮਝੋ ਤਾਂ ਆਪਣਾ ਪਰੋਹਤ ਤਲਵੰਡੀ ਭਿਜਵਾਏ ਦੇਣਾ, ਅਸੀਂ ਬੇਦੀਆਂ ਦੇ ਪਰੋਹਤ ਨੂੰ ਆਪਣੀ ਹਵੇਲੀ ਬੁਲਾ ਭੇਜਾਂਗੇ। ਦੋਵਾਂ ਦੇ ਸੰਜੋਗ ਮਿਲਦੇ ਹੋਵਣ ਤੇ ਅੱਛਾ ਖਾਨਦਾਨ ਹੈ। ਖਰੇ ਹੈਨ। ਦੋਵਾਂ ਪਰਿਵਾਰਾਂ ਦੀ ਸੋਹਣੀ ਨਿਭੇਗੀ।

'ਦਾਦੀ ਜੀ, ਇਹ ਪਰੋਹਤ ਕੌਣ ਹੁੰਦਾ ਹੈ? ਆਤਮਾ ਸਿੰਘ ਨੇ ਪੁੱਛਿਆ।

ਠੀਕ ਪੁੱਛਿਆ, ਆਤਮਾ ਸਿੰਘ ਜੀ। ਪਹਿਲੇ ਸਮਿਆਂ ਵਿਚ ਸਾਰੇ ਪਰਿਵਾਰਾਂ ਦੇ ਆਪਣੇ ਆਪਣੇ ਪਰੋਹਤ ਹੋਇਆ ਕਰਦੇ ਸਨ, ਜਿਨ੍ਹਾਂ ਕੋਲ ਉਸ ਪਰਿਵਾਰ ਦੀ ਸਾਰੀ ਜਾਣਕਾਰੀ ਹੋਇਆ ਕਰਦੀ ਸੀ। ਇਹ ਖਾਨਦਾਨਾਂ ਦੇ ਪਰੋਹਤ ਹੀ ਆਪਸ ਵਿਚ ਬੈਠ ਕੇ ਲੜਕੇ ਲੜਕੀ ਦਾ ਰਿਸ਼ਤਾ ਤਹਿ ਕਰਿਆ ਕਰਦੇ ਸਨ।

ਸੋ ਬੱਚਿਓ, ਜੈ ਰਾਮ ਦੇ ਵਾਪਸ ਸੁਲਤਾਨਪੁਰ ਜਾਣ ਤੇ, ਜੈ ਰਾਮ ਦੇ ਪਿਤਾ ਨੇ ਆਪਣਾ ਪਰੋਹਤ ਤਲਵੰਡੀ ਭੇਜ ਦਿੱਤਾ। ਜੈ ਰਾਮ ਦਾ ਪਿਤਾ ਵੀ ਚੌਧਰੀ ਰਾਇ ਬੁਲਾਰ ਬਾਰੇ ਚੰਗੀ ਤਰ੍ਹਾਂ ਜਾਣਦਾ ਹੀ ਸੀ। ਬੱਚਿਓ ਚੰਗੇ ਬੰਦਿਆਂ ਦੀ ਸੋਭਾ ਫੁੱਲਾਂ ਦੀ ਖ਼ੁਸ਼ਬੂਈ ਵਾਂਗ, ਆਪੇ ਦੂਰ ਦੂਰ ਤੱਕ ਫੈਲ ਜਾਂਦੀ ਹੈ। ਇਸੇ ਲਈ ਸੁਲਤਾਨਪੁਰ ਲੋਧੀ ਦੇ ਨਵਾਬ ਨੇ ਆਪਣੀ ਜ਼ਮੀਨ ਦਾ ਜ਼ਿੰਮਾ ਵੀ ਚੌਧਰੀ ਰਾਇ ਬੁਲਾਰ ਨੂੰ ਹੀ ਸੰਭਾਲਿਆ ਹੋਇਆ ਸੀ।

'ਹਾਂ, ਤੇ ਧੰਨਾ ਸਿੰਘ ਜੀ, ਮੈਂ ਕੀ ਦੱਸ ਰਹੀ ਸੀ?'

ਦਾਦੀ ਮਾਂ ਜੀ ਨੇ ਇਹ ਵੇਖਣ ਲਈ ਕਿ ਬੱਚੇ ਧਿਆਨ ਨਾਲ ਸੁਣ ਵੀ ਰਹੇ ਹਨ ਕਿ ਨਹੀਂ, ਧੰਨਾ ਸਿੰਘ ਨੂੰ ਬੇ-ਧਿਆਨਾ ਵੇਖ ਪੁੱਛਿਆ?

'ਦਾਦੀ ਜੀ, ਤੁਸੀਂ ਸੁਲਤਾਨਪੁਰ ਤੋਂ ਆਏ ਪਰੋਹਤ ਬਾਰੇ ਦੱਸ ਰਹੇ ਸੀ।'

ਹਾਂ ਤੇ ਬੱਚਿਓ ਉਹ ਪਰੋਹਤ, ਤਲਵੰਡੀ ਰਾਇ ਸਾਹਿਬ ਦੀ ਹਵੇਲੀ ਪਹੁੰਚਿਆ, ਤੇ ਚੌਧਰੀ ਸਾਹਿਬ ਨੂੰ ਦੁਆ-ਸਲਾਮ ਕੀਤੀ ਅਤੇ ਦੱਸਿਆ ਕਿ ਉਸਨੂੰ ਜੈ ਰਾਮ ਦੇ ਪਿਤਾ ਨੇ ਸੁਲਤਾਨਪੁਰ ਤੋਂ ਤੁਸਾਂ ਦੇ ਪਾਸ ਭੇਜਿਆ ਹੈ। ਰਾਇ ਸਾਹਿਬ ਨੇ ਉਸਨੂੰ ਪਾਣੀ ਪਿਆਇਆ ਅਤੇ ਨੌਕਰ ਨੂੰ ਆਖਿਆ ਕਿ ਅੰਦਰ ਜਾ ਕੇ ਬੇਗਮ ਸਾਹਿਬਾਂ ਨੂੰ ਖ਼ਬਰ ਕਰੋ ਕਿ ਸੁਲਤਾਨਪੁਰ ਤੋਂ ਆਏ ਪ੍ਰਾਹੁਣੇ ਲਈ ਰੋਟੀ ਤਿਆਰ ਕਰਵਾਉਣ।

'ਦਾਦੀ ਜੀ, ਪਰੋਹਤ ਨੂੰ ਰੋਟੀ ਕਿਉਂ ਖਲਾਉਣ ਨੂੰ ਕਿਹਾ?' ਰਤਨ ਸਿੰਘ ਨੇ ਪੁੱਛਿਆ।

'ਪੁੱਤਰ ਜੀ, ਇਹ ਸਾਡੀ ਪੰਜਾਬੀਆਂ ਦੀ ਪ੍ਰੰਪਰਾ ਹੈ ਕਿ ਕੋਈ ਵੀ ਸਾਡੇ ਘਰ ਆਵੇ, ਪਹਿਲੋਂ ਆਉਂਣ ਵਾਲੇ ਨੂੰ ਜਲ-ਪਾਣੀ ਪੁੱਛਿਆ ਜਾਂਦਾ ਹੈ ਤੇ ਫਿਰ ਰੋਟੀ ਖਲਾਈ ਜਾਂਦੀ ਹੈ।'

ਦਾਦੀ ਜੀ ਆਪਾਂ ਤੇ ਸਾਰੇ ਪ੍ਰਸ਼ਾਦਾ ਛਕਾਉਣਾ ਆਖਦੇ ਹਾਂ? ਝਕਦੀ ਝਕਦੀ ਰਤਨ ਕੌਰ ਨੇ ਪੁੱਛ ਹੀ ਲਿਆ।

ਮੇਰੀ ਧੀ ਰਾਣੋ ਤੂੰ ਬਹੁਤ ਸੁਹਣੀ ਗੱਲ ਕੀਤੀ ਹੈ। ਸਾਡੇ ਸਤਿਗੁਰੂਆਂ ਨੇ ਅੰਨ ਨੂੰ ਅਦਬ ਦਿੱਤਾ ਹੈ ਕਿਉਂਕਿ ਅਸੀਂ ਸਾਰੇ ਅੰਨ ਦੇ ਪਿੱਛੇ ਸਖਤ ਮਿਹਨਤ ਕਰਦੇ ਹਾਂ ਤੇ ਦਿਨ ਰਾਤ ਨੱਠੇ ਫਿਰਦੇ ਹਾਂ ਤਾਕਿ ਦੋ ਰੋਟੀਆਂ ਨਸੀਬ ਹੋਣ। ਏਨਾ ਕੀਮਤੀ ਪਦਾਰਥ ਜਿਸ ਨਾਲ ਸਾਡਾ ਜੀਵਨ ਚਲਦਾ ਹੈ, ਉਸ ਪਦਾਰਥ ਨੂੰ ਅਦਬ ਦੇਣ ਲਈ ਹੀ ਤਾਂ, ਸਿੱਖਾਂ ਵਿੱਚ ਇਸ ਨੂੰ ਪ੍ਰਸ਼ਾਦਾ ਆਖਦੇ ਹਨ, ਤੇ ਇਸੇ ਲਈ ਸਿੱਖਾਂ ਵਿਚ ਪ੍ਰਸ਼ਾਦਾ ਛਕਣਾ ਜਾਂ ਛਕਾਉਣਾ ਆਖਿਆ ਜਾਂਦਾ ਹੈ।

'ਜੀ, ਦਾਦੀ ਜੀ।' ਧਰਮ ਕੌਰ ਨੇ ਹੁੰਗਾਰਾ ਭਰਦਿਆਂ ਆਖਿਆ।

ਸੋ ਬੱਚਿਓ ਜਦੋਂ ਸੁਲਤਾਨਪੁਰ ਤੋਂ ਆਏ ਪਰੋਹਤ ਨੇ ਖਾ ਪੀ ਲਿਆ ਤਾਂ ਰਾਇ ਸਾਹਿਬ ਨੇ ਬੇਦੀਆਂ ਦੇ ਪਰੋਹਤ ਨੂੰ ਵੀ ਆਪਣੀ ਹਵੇਲੀ ਬੁਲਾ ਲਿਆ। ਦੋਵਾਂ ਪਰੋਹਤਾਂ ਨੇ ਬੈਠ ਕੇ ਨਾਨਕੀ ਅਤੇ ਜੈ ਰਾਮ ਦੀਆਂ ਕੁੰਡਲੀਆਂ ਮਿਲਾਈਆਂ ਤੇ ਰਾਇ ਸਹਿਬ ਕੋਲ ਜਾ ਕੇ ਦੱਸਿਆ ਕਿ ਰਾਇ ਸਾਹਿਬ ਸਾਡੀ ਬੁੱਧੀ ਤੇ ਵਿਦਿਆ ਦੱਸਦੀ ਏ ਕਿ ਲੜਕਾ ਲੜਕੀ ਤੇ ਦੋਹਾਂ ਪਰਿਵਾਰਾਂ ਦੇ ਸੰਬੰਧ ਬਹੁਤ ਅੱਛੇ ਨਿਭਣਗੇ। ਤੁਸੀਂ ਬੇ-ਫਿਕਰ ਹੋ ਕੇ ਰਿਸ਼ਤਾ ਮਨਜ਼ੂਰ ਕਰੋ।

ਤੇ ਬੱਚਿਓ ਕੁਝ ਮਹੀਨਿਆਂ ਬਾਅਦ ਨਾਨਕ ਦੀ ਵੱਡੀ ਭੈਣ ਨਾਨਕੀ ਦੀ ਸ਼ਾਦੀ ਜੈ ਰਾਮ ਜੀ ਨਾਲ ਹੋ ਗਈ ਅਤੇ ਬੇਬੇ ਨਾਨਕੀ ਆਪਣੇ ਸਹੁਰੇ ਪਰਿਵਾਰ ਵਿਚ, ਸੁਲਤਾਨਪੁਰ ਲੋਧੀ ਵਸਣ ਰਸਣ ਲੱਗੀ।

'ਪਰ ਦਾਦੀ ਜੀ, ਅਸੀਂ ਤੇ ਸਤਿਗੁਰੂ ਨਾਨਕ ਦੇਵ ਜੀ ਦੀ ਸੁਲਤਾਨਪੁਰ ਵਾਲੀ ਸਾਖੀ ਸੁਨਣੀ ਸੀ?' ਗੰਗਾ ਸਿੰਘ ਨੇ ਕਿਹਾ।

ਹਾਂ ਗੰਗਾ ਸਿੰਘ ਜੀ, ਸਤਿਗੁਰੂ ਨਾਨਕ ਦੇਵ ਜੀ ਦੀ ਸੁਲਤਾਨਪੁਰ ਵਾਲੀ ਸਾਖੀ ਵੀ ਇੱਥੋਂ ਹੀ ਤੇ ਸ਼ੁਰੂ ਹੁੰਦੀ ਹੈ। ਨਾਨਕੀ ਦੀ ਸ਼ਾਦੀ ਸੁਲਤਾਨਪੁਰ ਹੋਈ, ਤਾਂ ਨਾਨਕੀ ਸੁਲਤਾਨਪੁਰ ਆਪਣੇ ਸਹੁਰੇ ਘਰ ਚਲੇ ਗਈ ਤੇ ਮਹਿਤਾ ਕਾਲੂ ਰਾਇ ਦੇ ਸੰਬੰਧ ਵੀ ਸੁਲਤਾਨਪੁਰ ਨਾਲ ਜੁੜ ਗਏ। ਇਵੇਂ ਫਿਰ ਦਿਨ ਮਹੀਨੇ ਬੀਤਦੇ ਗਏ। ਇਕ ਦਿਨ ਕੀ ਹੋਇਆ ਕਿ ਨਾਨਕ ਬਾਹਰੋਂ ਖੇਤਾਂ ਚੋਂ ਘਰ ਵੱਲ ਆ ਰਿਹਾ ਸੀ, ਉਸਨੂੰ ਰਸਤੇ ਵਿੱਚ ਪਿੱਪਲ ਦੇ ਹੇਠ ਇਕ ਸੰਨਿਆਸੀ ਬੈਠਾ ਮਿਲਿਆ।

'ਦਾਦੀ ਮਾਂ, ਇਹ ਸੰਨਿਆਸੀ ਕੌਣ ਹੁੰਦੇ ਹਨ?' ਰਤਨ ਸਿੰਘ ਨੇ ਆਪਣੀ ਉਤਸਕਤਾ ਵਿਖਾਉਂਦਿਆਂ ਪੁੱਛਿਆ।

ਰਤਨ ਸਿੰਘ ਜੀ, ਸੰਨਿਆਸੀ ਉਹ ਸਾਧੂ ਹੁੰਦੇ ਆ, ਜੋ ਆਪਣਾ ਘਰ-ਬਾਰ ਛੱਡ ਕੇ, ਤੀਰਥ ਅਸਥਾਨਾਂ ਤੇ ਚਲੇ ਜਾਂਦੇ ਹਨ ਜਾਂ ਪਹਾੜਾਂ ਵਿੱਚ ਨਦੀਆਂ ਦੇ ਕੰਢਿਆਂ ਤੇ ਸਾਧੂਆਂ ਦੇ ਬਣੇ ਆਸ਼ਰਮਾਂ ਵਿੱਚ ਬੈਠ ਕੇ ਭਗਵੇ ਜਾਂ ਗੇਰੂਏ ਕੱਪੜੇ ਪਾ ਲੈਂਦੇ ਹਨ ਅਤੇ ਭਜਨ ਬੰਦਗੀ ਕਰਦੇ ਹਨ ।

'ਨਾਨੀ ਜੀ, ਭਜਨ ਤੇ ਆਪਾਂ ਵੀ ਕਰਦੇ ਹਾਂ, ਕੀ ਆਪਾਂ ਵੀ ਸੰਨਿਆਸੀ ਹੋਏ?' ਅਮਰ ਕੌਰ ਨੇ ਪੁੱਛਿਆ, ਜਿਸਦੇ ਸਮਝ ਕੇਵਲ ਭਜਨ ਬੰਦਗੀ ਵਾਲੀ ਗੱਲ ਹੀ ਆਈ ਸੀ।

ਨਹੀਂ ਅਮਰ ਕੌਰ ਜੀ, ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਥ ਧਰਮ ਨੂੰ ਹੀ ਉੱਤਮ ਆਖਿਆ ਹੈ ਤੇ ਮੰਨਿਆ ਹੈ। ਸਾਡੇ ਸਾਰੇ ਸਤਿਗੁਰੂ ਸਹਿਬਾਨ ਵੀ ਘਰ ਪਰਿਵਾਰ ਵਾਲੇ ਗ੍ਰਿਹਸਥੀ ਜੀਵਨ ਵਾਲੇ ਹੋਏ ਹਨ। ਸਾਡੇ ਸਤਿਗੁਰੂਆਂ ਦਾ ਹੁਕਮ ਹੈ ਕਿ ਭਜਨ ਬੰਦਗੀ ਤੇ ਘਰ ਪਰਿਵਾਰ ਵਿੱਚ ਬੈਠਿਆਂ, ਹੱਥੀਂ ਕਿਰਤ ਕਰਦਿਆਂ ਵੀ ਹੋ ਸਕਦੀ ਹੈ। ਫਿਰ ਘਰ ਬਾਰ ਛੱਡ ਕੇ ਬਣੇ ਇਨ੍ਹਾਂ ਸਾਧੂਆਂ ਨੂੰ ਵੀ ਤੇ ਆਪਣੀਆਂ ਲੋੜਾਂ ਲਈ ਗ੍ਰਿਹਸਥੀਆਂ ਦੇ ਘਰੋਂ ਹੀ ਮੰਗਣਾ ਪੈਂਦਾ ਹੈ।

'ਦਾਦੀ ਜੀ, ਤੁਸੀਂ ਉਹ ਗੁਰੂ ਨਾਨਕ ਦੇਵ ਜੀ ਦੀ ਸੰਨਿਆਸੀ ਨੂੰ ਮਿਲਣ ਵਾਲੀ ਗੱਲ ਅੱਗੇ ਸੁਣਾਓ।' ਧਰਮ ਕੌਰ ਨੇ ਕਾਹਲੀ ਪੈਂਦਿਆਂ ਆਖਿਆ।

ਮੇਰੀ ਛੁਟਕੀ ਰਾਣੀ ਸੁਣ, ਉਸ ਸੰਨਿਆਸੀ ਨੇ ਨਾਨਕ ਦੀ ਉਂਗਲ ਵਿਚ ਮੁੰਦਰੀ ਤੇ ਹੱਥ ਵਿਚ ਗੜਵਾ ਵੇਖ ਲਿਆ ਤੇ ਉਹ ਪੁੱਛਣ ਲੱਗਾ-

'ਐ ਬਾਲਕ, ਤੇਰਾ ਨਾਮ ਕੀ ਹੈ ਤੇ ਤੂੰ ਕੌਣ ਹੈਂ?'

ਬਾਬੇ ਆਖਿਆ- 'ਨਾਨਕ ਹਾਂ, ਨਿਰੰਕਾਰ ਦਾ ਮੁਰੀਦ।'

ਸੰਨਿਆਸੀ ਨੇ ਆਖਿਆ– ਮੈਂ ਵੀ ਤਾਂ ਉਸੇ ਨਿਰੰਕਾਰ ਦਾ ਮੁਰੀਦ ਹਾਂ, ਅਸੀਂ ਤੇ ਫਿਰ ਇਕ ਹੀ ਹੋਏ। ਐ ਬਾਲਕ! ਕੀ ਤੂੰ ਆਪਣੀ ਮੁੰਦਰੀ ਤੇ ਇਹ ਗੜਵਾ ਉਸ ਨਿਰੰਕਾਰ ਦੇ ਨਾਮ ਤੇ ਮੈਨੂੰ ਦਾਨ ਕਰ ਸੱਕਣਾ ਏਂ।

ਨਾਨਕ ਨੇ ਇੱਕ ਪਲ ਵੀ ਨਾ ਲਾਇਆ ਆਪਣਾ ਗੜਵਾ ਸੰਨਿਆਸੀ ਦੇ ਅੱਗੇ ਰੱਖਿਆ ਅਤੇ ਹੱਥ ਚੋਂ ਮੁੰਦਰੀ ਉਤਾਰ ਸੰਨਿਆਸੀ ਨੂੰ ਦੇ ਦਿੱਤੀ। ਸੰਨਿਆਸੀ ਬੜਾ ਹੈਰਾਨ ਹੋਇਆ। ਬੱਚਿਓ, ਸੰਨਿਆਸੀ ਆਖਣ ਲੱਗਾ, ਮੈਂ ਤੇ ਨਿਰੰਕਾਰ ਦਾ ਨਕਲੀ ਮੁਰੀਦ ਹਾਂ, ਅਸਲੀ ਮੁਰੀਦ ਤੇ ਤੂੰ ਏਂ। ਆਪਣੀਆਂ ਵਸਤਾਂ ਚੁੱਕ ਲੈ, ਮੈਂ ਇਸਦਾ ਹੱਕਦਾਰ ਨਹੀਂ। ਤੇ ਨਾਨਕ ਨੇ ਆਖਿਆ– ਬਾਬਾ ਦਾਨ ਕੀਤੀ ਹੋਈ ਵਸਤ ਵਾਪਸ ਨਹੀਂ ਲਈ ਜਾਂਦੀ। ਫਿਰ ਇਹ ਤੇ ਮੈਂ ਨਿਰੰਕਾਰ ਦੇ ਨਾਮ ਤੇ ਤੈਨੂੰ ਦੇ ਚੁੱਕਾ ਹਾਂ, ਮੈਂ ਇਹ ਵਸਤਾਂ ਵਾਪਸ ਨਹੀਂ ਲੈ ਸਕਦਾ।

ਸਾਰੇ ਬੱਚੇ ਸੁੰਨ ਹੋਏ ਸੁਣ ਰਹੇ ਸਨ ਤੇ ਸੋਚ ਰਹੇ ਸਨ ਕਿ ਨਾਨਕ ਦਾ ਪਿਤਾ ਤੇ ਹੁਣ ਨਾਨਕ ਨੂੰ ਮਾਰੇਗਾ।

ਆਤਮਾ ਸਿੰਘ ਨੇ ਪੁੱਛ ਹੀ ਲਿਆ, ਨਾਨੀ ਜੀ ਫਿਰ ਸਤਿਗੁਰੂ ਜੀ ਦੇ ਪਿਤਾ ਨੇ......... ਉਹ ਕਹਿੰਦਾ ਕਹਿੰਦਾ ਚੁੱਪ ਹੀ ਕਰ ਗਿਆ।

'ਤੇ ਬੱਚਿਓ'...... ਦਾਦੀ ਮਾਂ ਨੇ ਲੰਬਾ ਸਾਹ ਲਿਆ, ਤੇ ਆਖਿਆ–

ਨਾਨਕ ਜਿਉਂ ਹੀ ਘਰ ਪਹੁੰਚਿਆ, ਉਸਦੇ ਪਿਤਾ ਨੇ ਵੇਖਿਆ ਕਿ ਨਾਨਕ ਦੇ ਹੱਥ ਵਿਚ ਨਾ ਗੜਵਾ ਹੈ ਤੇ ਨਾ ਉਂਗਲ ਵਿੱਚ ਮੁੰਦਰੀ। ਉਹ ਪਰੇਸ਼ਾਨ ਤੇ ਬਹੁਤ ਹੋਇਆ ਪਰ ਬੋਲਿਆ ਕੁਝ ਨਹੀਂ ਕਿਉਕਿ ਉਸਨੂੰ ਰਾਇ ਸਾਹਿਬ ਨੇ ਤਾਗੀਦ ਕੀਤੀ ਸੀ ਕਿ ਤੁਸਾਂ ਨਾਨਕ ਨੂੰ ਕੁਝ ਨਹੀਂ ਆਖਣਾ। ਦੂਸਰੇ ਮਹਿਤਾ ਕਾਲੂ ਰਾਇ, ਚੌਧਰੀ ਰਾਇ ਬੁਲਾਰ ਪਾਸ ਨੌਕਰ ਵੀ ਸੀ ਤੇ ਉਸਦੀ ਮਰਜੀ ਦੇ ਖਿਲਾਫ ਜਾ ਵੀ ਨਹੀਂ ਸਕਦਾ ਸੀ। ਇਸ ਲਈ ਉਹ ਭਰਿਆ ਪੀਤਾ ਚੁੱਪ ਕੀਤਾ ਰਿਹਾ, ਫਿਰ ਕੁਝ ਦੇਰ ਬੈਠਾ ਸੋਚਦਾ ਰਿਹਾ ਤੇ ਫਿਰ ਆਪਣੀ ਜੁੱਤੀ ਪਾ ਕੇ ਬਾਹਰ ਨਿਕਲ ਗਿਆ। ਜਾਪਦਾ ਸੀ ਕਿ ਰਾਇ ਸਾਹਿਬ ਦੀ ਹਵੇਲੀ ਵੱਲ ਹੀ ਗਿਆ ਹੈ।

ਬੱਚਿਓ! ਸੱਚੀ-ਮੁੱਚੀ ਉਹ ਚੌਧਰੀ ਰਾਇ ਬੁਲਾਰ ਦੀ ਹਵੇਲੀ ਹੀ ਪਹੁੰਚ ਗਿਆ ਤੇ ਉਸਨੇ ਸਾਰੀ ਗੱਲ ਰਾਇ ਸਾਹਿਬ ਨੂੰ ਜਾ ਦੱਸੀ। ਰਾਇ ਸਾਹਿਬ ਨੇ ਉਸਨੂੰ ਹੌਸਲਾ ਦੇਂਦਿਆਂ ਆਖਿਆ, ਨਾਨਕ ਬਾਰੇ ਹੁਣ ਮੈਨੂੰ ਸੋਚਣ ਦੇਹ ਕਿ ਕਿਵੇਂ ਕਰਨੀ ਹੈ, ਤੂੰ ਹੁਣ ਉਸਦਾ ਫਿਕਰ ਮੇਰੇ ਤੇ ਛੱਡ ਦੇਹ। ਹਾਂ, ਤੂੰ ਦੱਸ ਤੇਰਾ ਕਿੰਨੇ ਦਾ ਨੁਕਸਾਨ ਹੋਇਆ ਹੈ, ਤੇ ਉਹ ਤੂੰ ਲੈ ਜਾਹ।

ਨਹੀਂ ਰਾਇ ਸਾਹਿਬ ਉਹ ਤੇ ਕੋਈ ਗੱਲ ਨਹੀਂ, ਤੁਹਾਡਾ ਹੀ ਤੇ ਆਸਰਾ ਹੈ ਅਸਾਂ ਨੂੰ, ਬਸ ਨਾਨਕ ਵਲੋਂ ਮੇਰਾ ਮਨ ਬਹੁਤ ਪਰੇਸ਼ਾਨ ਹੈ, ਸਮਝ ਨਹੀਂ ਆਉਂਦੀ ਕੀ ਕੀਤਾ ਜਾਵੇ।

ਤੈਨੂੰ ਮੈਂ ਆਖਿਆ ਨਾ ਕਿ ਨਾਨਕ ਦੀ ਫਿਕਰ ਹੁਣ ਤੂੰ ਮੇਰੇ ਉੱਪਰ ਛੱਡ ਦੇਹ, ਉਹ ਮੈਂ ਆਪੇ ਸੋਚਾਂਗਾ ਕੀ ਕਰਨਾ ਹੈ ਪਰ ਤੂੰ ਉਸਨੂੰ ਕਹਿਣਾ ਕੁਝ ਨਹੀਂ, ਤੇਰੇ ਘਰ ਤੇ ਉਹ ਪੁੱਤਰ ਬਣ ਕੇ ਆਇਆ ਹੋਇਆ ਹੈ ਪਰ ਕਰਨਾ ਉਸਨੇ ਦੁਨੀਆਂ ਦਾ ਉਧਾਰ ਹੀ ਹੈ, ਤੈਨੂੰ ਇਸਦੀ ਅਜੇ ਸਮਝ ਨਹੀ, ਉਹ ਕੋਈ ਰੱਬੀ ਨੂਰ ਹੈ, ਜਿਸਨੇ ਲੁਕਾਈ ਦਾ ਬਹੁਤ ਕੁਝ ਸੁਆਰਨਾ ਹੈ।

ਦਾਦੀ ਜੀ ਫਿਰ ਕਿਵੇਂ ਹੋਇਆ? ਧਰਮ ਕੌਰ ਜੋ ਬੜੀ ਦੇਰ ਤੋਂ ਚੁੱਪ-ਚਾਪ ਬੈਠੀ ਸੀ ਤੇ ਦਾਦੀ ਜੀ ਦੀ ਹਰ ਗੱਲ ਬੜੇ ਧਿਆਨ ਨਾਲ ਸੁਣ ਰਹੀ ਸੀ, ਤੇ ਉਸਨੇ ਦਾਦੀ ਜੀ ਦੇ ਚਿਹਰੇ ਤੇ ਅੱਖਾਂ ਗੱਡੀਆਂ ਹੋਈਆਂ ਸਨ, ਅੱਗੇ ਜਾਨਣ ਨੂੰ ਉਤਾਵਲੀ ਸੀ। ਉਸ ਵੱਲ ਵੇਖਦਿਆਂ ਦਾਦੀ ਜੀ ਬੋਲੇ–

ਧਰਮ ਕੌਰ ਜੀ ਹੋਇਆ ਇਹ ਕਿ ਕੁਝ ਹੀ ਦਿਨਾਂ ਬਾਅਦ ਜੈ ਰਾਮ ਨਾਨਕੀ ਨੂੰ ਉਸਦੇ ਮਾਪਿਆ ਨੂੰ ਮਿਲਾਉਣ ਤਲਵੰਡੀ ਆਇਆ। ਸਾਰਿਆਂ ਨੂੰ ਮਿਲ ਮਿਲਾ ਕੇ ਤੇ ਨਾਨਕੀ ਨੂੰ ਮਾਪਿਆਂ ਕੋਲ ਛੱਡ, ਜੈ ਰਾਮ ਚੌਧਰੀ ਰਾਇ ਬੁਲਾਰ ਹੁਰਾਂ ਨੂੰ ਦੁਆ ਸਲਾਮ ਕਰਨ, ਹਵੇਲੀ ਚਲਾ ਗਿਆ। ਰਾਇ ਸਾਹਿਬ ਨੇ ਜੈ ਰਾਮ ਤੋਂ

ਉਸਦੇ ਪਰਿਵਾਰ ਦੀ ਸੁੱਖ-ਸਾਂਦ ਪੁੱਛੀ ਅਤੇ ਨਾਨਕੀ ਵਲੋਂ ਪੁੱਛਿਆ। ਜੈ ਰਾਮ ਨੇ ਆਖਿਆ ਜੀ-

ਨਾਨਕੀ ਦੀ ਟਹਿਲ-ਸੇਵਾ ਤੇ ਸੁਭਾਓ ਤੋਂ ਸਾਰਾ ਪਰਿਵਾਰ ਬਹੁਤ ਖੁਸ਼ ਹੈ ਤੇ ਤੁਸਾਂ ਨੂੰ ਸਤਿਕਾਰ ਸਹਿਤ ਅਦਬ-ਅਦਾਬ ਭੇਜਿਆ ਹੈ।

ਬੱਚਿਓ, ਜੈ ਰਾਮ ਨੇ ਹੱਥ ਜੋੜ ਕੇ ਆਖਿਆ- ਚੌਧਰੀ ਸਾਹਿਬ, ਮੈਂ ਕੋਈ ਆਪ ਦੀ ਸੇਵਾ ਕਰ ਸਕਾਂ ਤਾਂ ਮੈਨੂੰ ਬਹੁਤ ਖੁਸ਼ੀ ਹੋਵੇਗੀ।

ਚੌਧਰੀ ਰਾਇ ਬੁਲਾਰ ਨੇ ਆਖਿਆ- ਜੈ ਰਾਮ ਜੀ ਤੁਸਾਂ ਗੋਚਰੇ ਇਕ ਕੰਮ ਹੈ, ਜੋ ਤੁਸਾਂ ਨੇ ਜ਼ਰੂਰ ਕਰਨਾ ਹੈ।

ਜੈ ਰਾਮ ਨੇ ਹੱਥ ਜੋੜਦਿਆਂ ਆਖਿਆ- ਚੌਧਰੀ ਸਾਹਿਬ ਜੀ, ਨਿਸੰਗ ਦੱਸੋ।

ਰਾਇ ਬੁਲਾਰ ਨੇ ਆਖਿਆ- ਜੀ ਤੁਸਾਂ ਨੂੰ ਪਤਾ ਹੀ ਹੈ ਕਿ ਤੁਹਾਡਾ ਸਹੁਰਾ ਬਹੁਤ ਸਖਤ ਸੁਭਾਓ ਦਾ ਹੈ। ਨਾਨਕ ਤੇ ਕੋਈ ਰੱਬੀ ਰੂਹ ਹੈ ਤੇ ਫਕੀਰ ਹੈ। ਕਾਲੂ ਆਪਣੇ ਬੇਟੇ ਨੂੰ ਮੰਦਾ-ਚੰਗਾ ਬੋਲਦਾ ਹੈ ਜੋ ਅਸਾਂ ਤੋਂ ਸੁਣਿਆ ਤੇ ਵੇਖਿਆ ਨਹੀਂ ਜਾਂਦਾ, ਤੁਸੀਂ ਨਾਨਕ ਨੂੰ ਆਪਣੇ ਨਾਲ ਸੁਲਤਾਨਪੁਰ ਲੈ ਜਾਓ। ਨਾਨਕ ਉਂਝ ਵੀ ਹੁਣ ਸੋਲਾਂ ਸਤਾਰਾਂ ਬਰਸ ਦਾ ਹੋ ਚੱਲਿਆ ਹੈ। ਉੱਥੇ ਹੀ ਕੋਈ ਚੰਗਾ ਪਰਿਵਾਰ ਵੇਖ, ਉਸਦੀ ਕੁੜਮਾਈ ਤੇ ਸ਼ਾਦੀ ਵੀ ਕਰ ਦੇਣੀ। ਅਸਾਂ ਤੱਕ ਕਦੇ ਵੀ ਕੋਈ ਲੋੜ ਹੋਵੇ ਨਿਸੰਗ ਆਖ ਦੇਣਾ। ਮੈਂ ਨਵਾਬ ਸਾਹਿਬ ਵੱਲ ਵੀ ਆਪਣੇ ਵਲੋਂ ਖ਼ਤ ਲਿਖ ਦਿੰਦਾ ਹਾਂ, ਤੁਸੀਂ ਇਸਨੂੰ ਨਵਾਬ ਸਾਹਿਬ ਕੋਲ ਹੀ ਕਿਸੇ ਅੱਛੇ ਅਹੁਦੇ ਤੇ ਲਗਵਾ ਦੇਣਾ।

ਚੌਧਰੀ ਰਾਇ ਬੁਲਾਰ ਨੇ ਇਕ ਖਤ ਨਵਾਬ ਦੌਲਤ ਖਾਂ ਵੱਲ ਆਪਣੇ ਮੁਨਸ਼ੀ ਤੋਂ ਲਿਖਵਾ ਦਿੱਤਾ ਤੇ ਸਹੀ ਪਾ ਦਿੱਤੀ ਕਿ ਨਾਨਕ ਅਸਾਂ ਦੇ ਪਟਵਾਰੀ ਦਾ ਪੁੱਤਰ ਹੈ ਤੇ ਅਸੀਂ ਇਸਨੂੰ ਤੁਸਾਂ ਪਾਸ ਭੇਜ ਰਹੇ ਹਾਂ। ਨਾਨਕ ਨੂੰ ਆਪਣੇ ਪਾਸ ਤੁਸਾਂ ਨੇ ਕੋਈ ਚੰਗੀ ਨੌਕਰੀ ਦੇ ਦੇਣਾ। ਉਸਨੂੰ ਆਦਰ ਸਹਿਤ ਰੱਖਣਾ, ਅਸੀਂ ਇਹ ਸਿਫਾਰਸ਼ ਨਹੀਂ ਕਰ ਰਹੇ, ਨਾਨਕ ਅਸਾਂ ਦਾ ਆਪਣਾ ਹੀ ਹੈ, ਤੁਸਾਂ ਪਾਸ ਕੰਮ ਕਰਨ ਤੇ ਤੁਸਾਂ ਦੀ ਵੀ ਤੇ ਸਾਡੀ ਵੀ ਸੋਭਾ ਹੋਵੇਗੀ।

ਦਾਦੀ ਜੀ ਇਹ ਸਹੀ ਪਉਣਾ ਕੀ ਹੁੰਦਾ ਹੈ? ਆਤਮਾ ਸਿੰਘ ਨੇ ਪੁੱਛਿਆ।

ਪੁੱਤਰ ਜੀ ਵੱਡੇ ਬੰਦਿਆਂ ਦੇ ਖੱਤ ਪੱਤਰ ਉਨ੍ਹਾਂ ਦੇ ਮੁਨਸ਼ੀ ਲਿਖਿਆ ਕਰਦੇ ਸਨ ਤੇ ਉਹ ਉਸ ਤੇ ਆਪਣੇ ਦਸਤਖਤ ਕਰਕੇ ਆਪਣੀ ਮੋਹਰ ਲਗਾ ਦਿਆ ਕਰਦੇ ਸਨ। ਨਾਨਕ ਨੂੰ ਸੁਲਤਾਨਪੁਰ ਭੇਜਣ ਬਾਰੇ ਚੌਧਰੀ ਰਾਇ ਬੁਲਾਰ ਨੇ ਮਹਿਤਾ ਕਾਲੂ ਰਾਇ ਨੂੰ ਸਾਰੀ ਗੱਲ ਸਮਝਾ ਦਿੱਤੀ ਤੇ ਇਹ ਵੀ ਆਖ ਦਿੱਤਾ ਕਿ ਨਾਨਕ ਬਾਰੇ ਹੁਣ ਤੂੰ ਬੇ-ਫਿਕਰ ਰਹਿ, ਇਹ ਜ਼ਿੰਮਾ ਹੁਣ ਸਾਡਾ ਰਿਹਾ।

ਸੋ ਬੱਚਿਓ ਦੂਸਰੇ ਦਿਨ ਨਾਨਕੀ ਤੇ ਨਾਨਕ ਨੂੰ ਨਾਲ ਲੈ ਕੇ,ਜੈ ਰਾਮ ਸੁਲਤਾਨਪੁਰ ਨੂੰ ਤੁਰ ਗਿਆ। ਨਾਨਕੀ ਵੀ ਹੁਣ ਬਹੁਤ ਖੁਸ਼ ਸੀ ਕਿ ਉਸਦਾ ਵੀਰ ਹੁਣ ਉਸਦੇ ਨਾਲ ਹੈ ਤੇ ਹੁਣ ਉਸਨੂੰ ਨਾਨਕ ਦਾ ਫਿਕਰ ਨਹੀਂ ਸਤਾਏਗਾ, ਹੁਣ ਨਾਨਕ ਨੂੰ ਪਿਤਾ ਦੇ ਸਖਤ ਸੁਭਾਓ ਤੋਂ ਵੀ ਨਜਾਤ ਮਿਲ ਜਾਏਗੀ। ਘਰ ਵਿਚ ਨਾਨਕੀ ਹੀ ਤਾਂ ਸੀ ਜਿਸਨੂੰ ਇਹ ਸਮਝ ਸੀ ਕਿ ਨਾਨਕ ਕੋਈ ਰੱਬੀ ਰੂਹ ਹੈ।ਉਹ ਆਪਣੇ ਪਿਤਾ ਦੇ ਸਖਤ ਸੁਭਾਓ ਬਾਰੇ ਵੀ ਜਾਣਦੀ ਹੀ ਸੀ।

ਦਾਦੀ ਜੀ ਤਲਵੰਡੀ ਤੋਂ ਉਹ ਸਾਰੇ ਰੇਲ ਗੱਡੀ 'ਚ ਬੈਠ ਕੇ ਸੁਲਤਾਨਪੁਰ ਆਏ ਸਨ? ਗੰਗਾ ਸਿੰਘ ਨੇ ਪੁੱਛਿਆ।

ਨਹੀਂ ਗੰਗਾ ਸਿੰਘ ਜੀ, ਰੇਲ-ਗੱਡੀਆਂ ਜਾਂ ਮੋਟਰ-ਗੱਡੀਆਂ ਤੇ ਉਸ ਵਕਤ ਅਜੇ ਚੱਲੀਆਂ ਹੀ ਨਹੀਂ ਸਨ। ਇਹ ਸਭ ਕੁਝ ਤੇ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਨਾਲ ਆਇਆ। ਉਹਨਾਂ ਨੇ ਹੀ ਆਪਣੀਆਂ ਲੋੜਾਂ

ਲਈ ਇਹ ਸਾਧਨ ਇੰਗਲਸਤਾਨ ਚੋਂ ਲਿਆ ਕੇ, ਇੱਥੇ ਸ਼ੁਰੂ ਕੀਤੇ ਸਨ।

ਧਰਮ ਸਿੰਘ ਹੈਰਾਨ ਸੀ ਕਿ ਫਿਰ ਤਿੰਨੋਂ ਕਿਵੇਂ ਏਡੀ ਦੂਰੋਂ ਸੁਲਤਾਨਪੁਰ ਪਹੁੰਚੇ ਕਿਉਂਕਿ ਦਾਦੀ ਜੀ ਨੇ ਕੱਲ੍ਹ ਦੱਸਿਆ ਸੀ ਕਿ ਤਲਵੰਡੀ ਤੇ ਹੁਣ ਪਾਕਿਸਤਾਨ ਵਿਚ ਹੈ। ਉਸਨੇ ਪੁੱਛ ਹੀ ਲਿਆ।

ਦਾਦੀ ਜੀ ਫਿਰ ਉਹ ਏਡੀ ਦੂਰੋਂ ਕਿਵੇਂ ਆਏ?

ਪੁੱਤਰ ਜੀ ਉਸ ਵਕਤ ਤੇ ਆਉਣ ਜਾਣ ਲਈ ਘੋੜੇ, ਘੋੜਾ-ਗੱਡੀਆਂ, ਤਾਂਗੇ ਜਾਂ ਗੱਡੇ ਹੀ ਹੋਇਆ ਕਰਦੇ ਸਨ। ਅੱਠ ਦਸ ਮੀਲ ਦਾ ਸਫ਼ਰ ਤੇ ਸਾਰੇ ਤੁਰ ਕੇ ਹੀ ਕਰ ਲਿਆ ਕਰਦੇ ਸਨ।

ਨਾਨੀ ਜੀ, ਤੁਸੀਂ ਅੱਗੇ ਸੁਣਾਓ? ਆਤਮਾ ਸਿੰਘ ਤੇ ਗੁਰੂ ਨਾਨਕ ਦੀ ਸੁਲਤਾਨਪੁਰ ਵਾਲੀ ਸਾਰੀ ਸਾਖੀ ਅੱਜ ਹੀ ਸੁਣ ਲੈਣ ਲਈ ਕਾਹਲਾ ਸੀ।

ਹਾਂ ਤੇ ਆਤਮਾ ਸਿੰਘ ਜੀ ਸੁਲਤਾਨਪੁਰ ਪਹੁੰਚ ਕੇ ਦੂਸਰੇ ਦਿਨ ਭਾਈ ਜੈ ਰਾਮ ਜੀ ਨਾਨਕ ਨੂੰ ਆਪਣੇ ਨਾਲ ਲੈ ਨਵਾਬ ਦੌਲਤ ਖਾਂ ਕੋਲ ਜਾ ਹਾਜਰ ਹੋਏ। ਦੁਆ ਸਲਾਮ ਕਰ ਚੌਧਰੀ ਰਾਇ ਬੁਲਾਰ ਦਾ ਖਤ ਨਵਾਬ ਸਾਹਿਬ ਦੇ ਹੱਥ ਫੜਾਇਆ। ਨਵਾਬ ਦੌਲਤ ਖਾਂ ਨੇ ਚੌਧਰੀ ਰਾਇ ਬੁਲਾਰ ਦਾ ਖਤ ਪੜ੍ਹਿਆ, ਤੇ ਨਾਨਕ ਵੱਲ ਵੇਖਦਿਆਂ ਪੁੱਛਿਆ-

ਹਾਂ ਬਈ ਜੁਆਨਾਂ ਕੁਝ ਪੜ੍ਹਾਈ ਲਿਖਾਈ ਵੀ ਜਾਣਦਾ ਹੈਂ?

ਜੀ ਹਿੰਦਕੀ ਜਾਣਦਾ ਹਾਂ, ਫਾਰਸੀ ਵੀ ਲਿਖ ਪੜ੍ਹ ਲੈਂਦਾ ਹਾਂ, ਤੇ ਜੀ ਵਹੀ ਖਾਤੇ ਦਾ ਵੀ ਪੂਰਾ ਇਲਮ ਹੈ।

ਨਾਨੀ ਜੀ ਇਹ ਵਹੀ ਬਾਰੇ ਤੁਸਾਂ ਕੱਲ ਵੀ ਦੱਸਿਆ ਸੀ, ਜਦੋ ਤੁਸਾਂ ਪਟਵਾਰੀ ਬਾਰੇ ਦੱਸਦੇ ਸੀ। ਅਮਰ ਕੌਰ ਨੇ ਆਖਿਆ।

ਸ਼ਾਬਾਸ਼ ਮੇਰੀ ਸੋਹਣੀ ਧੀ, ਬਹੁਤ ਚੰਗਾ ਕਿ ਤੁਸੀਂ ਸਭ ਕੁਝ ਯਾਦ ਵੀ ਰੱਖਦੇ ਹੋ।

ਤੇ ਬੱਚਿਓ ਨਵਾਬ ਦੌਲਤ ਖਾਂ ਨੇ ਆਪਣੇ ਮੁਨਤਜਿਮ ਨੂੰ ਆਖਿਆ ਕਿ ਨਾਨਕ ਨੂੰ ਮੋਦੀ-ਖਾਨੇ ਦਾ ਕੰਮ ਸਮਝਾ ਕੇ ਮੋਦੀ ਖਾਨਾ ਸੰਭਾਲ ਦਿਓ।

ਦਾਦੀ ਜੀ ਇਹ ਮੋਦੀ-ਖਾਨਾ ਕੀ ਹੁੰਦਾ ਹੈ? ਗੰਗਾ ਸਿੰਘ ਨੇ ਪੁੱਛਿਆ। ਇਹ ਪੁੱਛਣ ਲਈ ਸੋਚ ਤਾਂ ਸਾਰੇ ਬੱਚੇ ਰਹੇ ਸਨ ਪਰ ਪਹਿਲ ਗੰਗਾ ਸਿੰਘ ਨੇ ਹੀ ਕਰ ਲਈ।

ਗੰਗਾ ਸਿੰਘ ਜੀ ਮੋਦੀ-ਖਾਨਾ ਉਸ ਸਰਕਾਰੀ ਦੁਕਾਨ ਨੂੰ ਕਿਹਾ ਜਾਂਦਾ ਸੀ, ਜਿੱਥੇ ਸਰਕਾਰੀ ਕਰ ਜਾਂ ਮੁਆਮਲਾ, ਜੋ ਰਿਆਸਤ ਦੇ ਸ਼ਾਸਕ ਵਲੋਂ ਰਿਆਸਤ ਦੇ ਲੋਕਾਂ ਤੇ ਲਗਾਇਆ ਜਾਂਦਾ ਹੈ, ਉਸਨੂੰ ਜਿਣਸ ਦੇ ਰੂਪ ਵਿਚ ਜਮ੍ਹਾਂ ਕਰਵਾਇਆ ਜਾਂਦਾ ਸੀ ਤੇ ਉਹ ਚੀਜ਼ ਵਸਤ, ਉਥੋਂ ਹੀ ਲੋੜਵੰਦ ਲੋਕਾਂ ਨੂੰ ਵੇਚ ਦਿੱਤੀ ਜਾਂਦੀ ਸੀ ਤੇ ਰੁਪਿਆ ਪੈਸਾ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾ ਦਿੱਤਾ ਜਾਂਦਾ ਸੀ।

ਨਾਨੀ ਜੀ, ਤੁਸਾਂ ਮੁਨਤਜਿਮ ਵੀ ਆਖਿਆ ਹੈ ਉਹ ਕੌਣ ਹੁੰਦਾ ਹੈ? ਆਤਮਾ ਸਿੰਘ ਨੇ ਪੁੱਛਿਆ।

ਆਤਮਾ ਸਿੰਘ ਜੀ ਵੱਡੇ ਲੋਕਾਂ ਨੇ ਆਪਣਾ ਸਾਰੇ ਕੰਮਾ ਦੇ ਪ੍ਰਬੰਧ ਕਰਨ ਲਈ, ਜੋ ਵੀ ਜ਼ਿੰਮੇਵਾਰ ਆਦਮੀ ਰੱਖਿਆ ਹੁੰਦਾ ਹੈ, ਉਸ ਨੂੰ ਮੁਨਤਜਿਮ ਆਖਦੇ ਸਨ, ਜਿਵੇਂ ਅੱਜ ਕੱਲ੍ਹ ਵੱਡੇ ਕੰਮਾਂ ਵਾਲਿਆਂ ਦੇ ਮੈਨੇਜਰ ਹੁੰਦੇ ਹਨ, ਸਮਝੇ।

ਅੱਗੇ ਚੱਲੀਏ ਹੁਣ?

ਜੀ ਨਾਨੀ ਜੀ।

ਇਸ ਤਰ੍ਹਾਂ ਬੱਚਿਓ ਸਾਡੇ ਗੁਰੂ ਨਾਨਕ ਦੇਵ ਜੀ, ਮੋਦੀ ਬਣ ਕੇ ਮੋਦੀ-ਖਾਨੇ ਦਾ ਕੰਮ ਬਹੁਤ ਹੀ ਵਧੀਆ ਤੇ ਸੁਹਣੇ ਤਰੀਕੇ ਨਾਲ ਚਲਾਉਣ ਲੱਗ ਪਏ। ਨਵਾਬ ਸਾਹਿਬ ਵੀ ਬਹੁਤ ਖੁਸ਼ ਸਨ ਕਿ ਚੌਧਰੀ ਰਾਇ ਬੁਲਾਰ ਨੇ

ਬਹੁਤ ਹੀ ਜ਼ਿੰਮੇਦਾਰ ਤੇ ਸਮਝਦਾਰ ਨੌਜਵਾਨ ਭੇਜਿਆ ਹੈ, ਜਿਸ ਦੇ ਕੰਮ ਨਾਲ ਉਹ ਆਪ ਵੀ ਖੁਸ਼ ਹੈ ਤੇ ਲੋਕ ਵੀ ਖੁਸ਼ ਹਨ। ਇਵੇਂ ਸਮਾਂ ਬੀਤਦਾ ਗਿਆ।

ਦਾਦੀ ਜੀ ਮੋਦੀ ਕੀ? ਰਤਨ ਕੌਰ ਨੇ ਪੁੱਛਿਆ।

ਪੁੱਤਰ ਜੀ ਮੋਦੀ-ਖਾਨਾ ਸੰਭਾਲਣ ਵਾਲੇ ਨੂੰ ਮੋਦੀ ਆਖਿਆ ਜਾਂਦਾ ਸੀ।

ਤਲਵੰਡੀ, ਨਾਨਕ ਦੇ ਮਾਪਿਆਂ ਸੋਚਿਆ, ਧੀ ਪੁੱਤਰ ਨੂੰ ਸੁਲਤਾਨਪੁਰ ਮਿਲ ਆਈਏ ਨਾਲੇ ਨਾਨਕ ਦੇ ਕਾਰ-ਵਿਹਾਰ ਦਾ ਪਤਾ ਕਰ ਆਈਏ, ਇਹ ਸੋਚ ਉਹ ਸੁਲਤਾਨਪੁਰ ਪਹੁੰਚ ਗਏ। ਬੇਬੇ ਨਾਨਕੀ ਆਪਣੇ ਮਾਤਾ ਪਿਤਾ ਨੂੰ ਵੇਖ ਕੇ ਬਹੁਤ ਖੁਸ਼ ਹੋਈ, ਜਲ ਪਾਣੀ ਛਕਾਇਆ ਬੈਠ ਗੱਲਾਂ ਬਾਤਾਂ ਕਰਨ ਲੱਗ ਪਏ। ਨਾਨਕ ਆਪਣੇ ਕੰਮ ਤੇ ਗਏ ਹੋਏ ਸਨ। ਪਿਤਾ ਨੇ ਪੁੱਛਿਆ- ਨਾਨਕੀ ਧੀਏ! ਨਾਨਕ ਕੁਝ ਜੋੜਦਾ ਵੀ ਹੈ ਕਿ ਸਭ ਉਜਾੜ ਹੀ ਦੇਂਦਾ ਹੈ?

ਬੇਬੇ ਨਾਨਕੀ ਆਖਿਆ-ਕਮਾਂਵਦਾ ਹੈ ਤਾਂ ਹੀ ਉਜਾੜਦਾ ਹੈ, ਤੁਸਾਂ ਦਾ ਤੇ ਕੁਝ ਨਹੀਂ ਉਜਾੜਦਾ। ਪਿਤਾ ਜੀ ਤੁਸਾਂ ਦੀਆਂ ਇਹੋ ਜਿਹੀਆਂ ਗੱਲਾਂ ਹੀ ਅਸਾਂ ਨੂੰ ਅੱਛੀਆਂ ਨਹੀਂ ਲੱਗਦੀਆਂ। ਸ਼ਾਮਾਂ ਪਈਆਂ ਤਾਂ ਨਾਨਕ ਵੀ ਕੰਮ ਤੋਂ ਵਾਪਸ ਘਰ ਆ ਗਿਆ। ਮਾਤਾ ਪਿਤਾ ਨੂੰ ਵੇਖ ਪੈਰ ਛੋਹੇ ਤੇ ਸੁੱਖ ਸਾਂਦ ਪੁੱਛੀ, ਤੇ ਪੁੱਛਿਆ ਰਾਇ ਸਾਹਿਬ ਦਾ ਕੀ ਹਾਲ ਹੈ?

ਓਹ ਅਸੀਂ ਤੇ ਭੁੱਲ ਹੀ ਗਏ ਸੀ, ਰਾਇ ਸਾਹਿਬ ਨੇ ਆਖਿਆ ਸੀ ਸਾਡਾ ਨਾਮ ਲੈ ਕੇ ਨਾਨਕ ਦੇ ਕਦਮ ਛੂਹਣੇ। ਪਿਤਾ ਨੇ ਦੱਸਿਆ।

ਸੋ ਬੱਚਿਓ, ਇਵੇਂ ਸੁਲਤਾਨਪੁਰ ਵਿੱਚ ਆਪਣੇ ਧੀ ਪੁੱਤਰ ਦਾ ਸੋਹਣਾ ਗੁਜਰਾਨ ਵੇਖ ਦੋਵੇਂ ਮਾਤਾ ਪਿਤਾ ਬਹੁਤ ਖੁਸ਼ ਸਨ। ਨਾਨਕ ਦੇ ਮੋਦੀ-ਖਾਨੇ ਵਿਚ ਕੰਮ ਦੀ ਸੋਭਾ ਸੁਣ ਪਿਤਾ ਮਹਿਤਾ ਕਾਲੂ ਰਾਇ ਵੀ ਅੰਦਰੋਂ ਅੰਦਰੀ ਖੁਸ਼ ਸੀ। ਮਹਿਤਾ ਕਾਲੂ ਰਾਇ ਨੇ ਆਪਣੇ ਦਾਮਾਦ ਜੈ ਰਾਮ ਤੇ ਨਾਨਕੀ ਨੂੰ ਕੋਲ ਬਿਠਾ ਕੇ ਆਖਿਆ-

ਕੋਈ ਅੱਛਾ ਸਾਕ ਵੇਖੋ ਤੇ ਨਾਨਕ ਦਾ ਵਿਆਹ ਕਰ ਦੇਵੀਏ।

ਭੈਣ ਨਾਨਕੀ ਤੇ ਪਹਿਲੋਂ ਹੀ ਨਾਨਕ ਦੇ ਵਿਆਹ ਬਾਰੇ ਸੋਚ ਰਹੀ ਸੀ ਤੇ ਜੈ ਰਾਮ ਨੇ ਇਕ ਅੱਛਾ ਰਿਸ਼ਤਾ, ਨਾਨਕ ਵਾਸਤੇ ਵੇਖ ਵੀ ਰੱਖਿਆ ਸੀ ਤੇ ਇਸ ਬਾਰੇ ਉਸਨੇ ਨਾਨਕੀ ਨਾਲ ਗੱਲ ਵੀ ਕੀਤੀ ਹੋਈ ਸੀ ਤੇ ਹੁਣ ਪਿਤਾ ਮਹਿਤਾ ਕਾਲੂ ਰਾਇ ਦੇ ਕਹਿਣ ਤੇ ਉਨ੍ਹਾਂ ਦੀ ਆਪਣੀ ਹੀ ਇੱਛਾ ਪੂਰੀ ਹੋ ਰਹੀ ਜਾਪੀ।

ਦਾਦੀ ਮਾਂ ਜੀ ਨੇ ਸਾਰੇ ਬੱਚਿਆਂ ਨੂੰ ਆਖਿਆ ਕਿ ਹੁਣ ਵਕਤ ਬਹੁਤ ਹੋ ਗਿਆ ਹੈ, ਹੁਣ ਤੁਸੀਂ ਸਾਰੇ ਜਾ ਕੇ ਸੌਂ ਜਾਵੋ ਤੇ ਕੱਲ੍ਹ ਸਾਰੇ ਇਕੱਠੇ ਆ ਜਾਇਓ ਤਾਂ ਕਿ ਕਿਸੇ ਨੂੰ ਬਲਾਉਣ ਨਾ ਜਾਣਾ ਪਵੇ।

# ਬਾਬੇ ਨਾਨਕ ਦੇ ਵਿਆਹ ਦੀ ਸਾਖੀ

ਸ਼ਾਮਾਂ ਪਈਆਂ ਸਾਰੇ ਬੱਚੇ ਆ ਕੇ ਦਾਦੀ ਮਾਂ ਦੇ ਦੁਆਲੇ ਆਣ ਇਕੱਠੇ ਹੋਏ।

ਹਾਂ ਆਤਮਾ ਸਿੰਘ ਜੀ! ਕੱਲ੍ਹ ਆਪਾਂ ਸਤਿਗੁਰੂ ਨਾਨਕ ਦੇਵ ਜੀ ਦੀ ਸਾਖੀ ਕਿੱਥੇ ਛੱਡੀ ਸੀ?

ਨਾਨੀ ਜੀ, ਸਤਿਗੁਰੂ ਜੀ ਦੇ ਪਿਤਾ ਜੀ ਨੇ ਸਤਿਗੁਰੂ ਜੀ ਦੇ ਵਿਆਹ ਵਾਸਤੇ ਆਖਿਆ ਸੀ।

ਠੀਕ ਮੇਰੇ ਸੋਹਣੇ ਲਾਲ ਜੀ, ਸੋ ਬੱਚਿਓ, ਮਹਿਤਾ ਕਾਲੂ ਰਾਇ ਤੇ ਸੁਲਤਾਨਪੁਰ ਆਏ ਹੀ ਹੋਏ ਸਨ, ਨਾਨਕ ਤੇ ਨਾਨਕੀ ਨੂੰ ਮਿਲਣ। ਭਾਈ ਜੈ ਰਾਮ ਜੀ ਨੇ ਮੌਕਾ ਸੰਭਾਲਦਿਆਂ ਵਿਚੋਲਗੀ ਦਾ ਫਰਜ਼ ਨਿਭਾਉਂਦਿਆਂ ਬਟਾਲੇ ਦੇ ਇੱਕ ਇੱਜ਼ਤਦਾਰ ਪਰਿਵਾਰ ਮੂਲ ਚੰਦ ਹੁਰਾਂ ਦੀ ਲੜਕੀ ਸੁਲੱਖਣੀ ਨਾਲ ਨਾਨਕ ਦੀ ਮੰਗਣੀ ਕਰ ਦਿੱਤੀ।

ਦਾਦੀ ਜੀ ਸਤਿਗੁਰੂ ਜੀ ਦੀ ਉਸ ਵਕਤ ਕਿੰਨੀ ਉਮਰ ਸੀ? ਧੰਨਾ ਸਿੰਘ ਨੇ ਪੁੱਛਿਆ।

ਏਹੀ ਕੋਈ ਸਤਾਰਾਂ ਕੁ ਬਰਸ ਦੀ। ਬੱਚਿਓ ਉਨ੍ਹਾਂ ਸਮਿਆਂ ਵਿਚ ਮੁੰਡੇ ਕੁੜੀਆਂ ਦੇ ਵਿਆਹ ਛੋਟੀ ਉੱਮਰ ਵਿੱਚ ਹੀ ਕਰ ਦਿੱਤੇ ਜਾਂਦੇ ਸਨ। ਆਪਣੇ ਹਿੰਦੋਸਤਾਨ ਵਿੱਚ ਤੇ ਹੁਣ ਵੀ ਕਈ ਇਲਾਕਿਆਂ ਵਿੱਚ ਛੋਟੀ ਉਮਰ ਵਿੱਚ ਹੀ ਵਿਆਹ ਕਰ ਦਿੱਤੇ ਜਾਂਦੇ ਹਨ, ਬੇਸ਼ੱਕ ਸਰਕਾਰ ਨੇ ਇਸਦੀ ਮਨਾਹੀ ਵੀ ਕੀਤੀ ਹੋਈ ਹੈ। ਤੇ ਬੱਚਿਓ ਨਾਨਕ ਦੇ ਮਾਪੇ ਤਲਵੰਡੀ ਪਰਤ, ਵਿਆਹ ਦੀਆਂ ਤਿਆਰੀਆਂ ਕਰਨ ਲੱਗੇ। ਮਹਿਤਾ ਜੀ, ਸੁਲਤਾਨਪੁਰ ਤੋਂ ਵਾਪਸ ਆ ਚੌਧਰੀ ਰਾਇ ਬੁਲਾਰ ਪਾਸ ਇਹ ਖ਼ਬਰ ਦੇਣ ਗਏ। ਦੁਆ ਸਲਾਮ ਕੀਤੀ ਅਤੇ ਆਖਿਆ ਜੀ ਨਾਨਕ ਨੇ ਤੁਸਾਂ ਨੂੰ ਅਦਬ-ਸਤਿਕਾਰ ਭੇਜਿਆ ਹੈ ਜੀ, ਤੇ ਨਾਲ ਹੀ ਆਖਿਆ-

ਰਾਇ ਸਾਹਿਬ ਜੀ ਤੁਸਾਂ ਨੂੰ ਮੁਬਾਰਕ ਹੋਵੇ ਜੀ।

ਰਾਇ ਸਾਹਿਬ ਨੇ ਪੁੱਛਿਆ ਕਾਸ ਦੀ ਮੁਬਾਰਕ ਦੇਂਵਦਾ ਹੈ ਅਸਾਂ ਨੂੰ?

ਜੀ ਨਾਨਕ ਤੁਸਾਂ ਦੇ ਗੁਲਾਮ ਦਾ ਸਾਹਾ ਲਿਖਿਆ ਆਇਆ ਹੈ।

ਰਾਇ ਸਾਹਿਬ ਆਖਿਆ- ਤੂੰ ਨਾਨਕ ਨੂੰ ਅਸਾਂ ਦਾ ਗੁਲਾਮ ਨਾ ਆਖ, ਅਸਾਂ ਨੂੰ ਅੱਛਾ ਨਹੀਂ ਲੱਗਦਾ ਇਹ ਸੁਣ ਕੇ। ਤੂੰ ਨਾਨਕ ਨੂੰ ਬੇਟਾ ਕਰਕੇ ਜਾਣਦਾ ਹੈਂ ਤੇ ਅਸਾਂ ਲਈ ਖੁਦਾਇ ਉਸ ਵਿਚ ਬੋਲਦਾ ਹੈ।

ਜੀ ਆਪ ਦਾ ਅਦਬ ਸਤਿਕਾਰ ਕਰਨਾ ਬਣਦਾ ਹੈ ਅਸਾਂ ਨੂੰ ਤੇ।

ਹੋਰ ਬਥੇਰੇ ਤਰੀਕੇ ਹੈਵਣ ਅਦਬ ਸਤਿਕਾਰ ਕਰਨ ਦੇ।

ਸੋ ਬੱਚਿਓ, ਕੁਝ ਮਹੀਨਿਆਂ ਬਾਅਦ ਨਾਨਕ ਦੇ ਵਿਆਹ ਦਾ ਸਾਹਾ ਵੀ ਆ ਗਿਆ, ਤੇ ਇਵੇਂ ਬੱਚਿਓ ੧੪੮੭ ਈ: ਵਿੱਚ ਨਾਨਕ ਦਾ ਵਿਆਹ ਹੋ ਗਿਆ, ਬਟਾਲੇ ਜੰਞ ਢੁੱਕੀ ਤੇ ਨਾਨਕ ਸੁਲੱਖਣੀ ਨੂੰ ਵਿਆਹ ਕੇ ਸੁਲਤਾਨਪੁਰ ਲੈ ਆਏ। ਸਾਰੇ ਪਰਿਵਾਰ ਨੇ ਬਹੁਤ ਖੁਸ਼ੀ ਮਨਾਈ, ਤੇ ਬੱਚਿਓ ਨਾਨਕ ਇਵੇਂ ਮੋਦੀ-ਖਾਨੇ ਵਿਚ ਕੰਮ ਕਰਦੇ ਰਹੇ ਤੇ ਘਰ ਗ੍ਰਹਿਸਥੀ ਸੋਹਣੀ ਚੱਲਦੀ ਰਹੀ।

ਸਾਡੇ ਸਤਿਗੁਰੂ ਜੀ ਦੇ ਘਰ ਦੋ ਪੁੱਤਰ ਹੋਏ ੧੪੯੪ ਈ: ਵਿਚ ਬਾਬਾ ਸਿਰੀ ਚੰਦ ਤੇ ੧੪੯੭ ਈ: ਵਿੱਚ ਬਾਬਾ ਲੱਖਮੀ ਦਾਸ। ਬੱਚਿਓ ਇਹ ਸੰਨ ਸੰਮਤ ਤੁਹਾਨੂੰ ਇਸ ਲਈ ਮੈਂ ਦੱਸਦੀ ਹਾਂ ਕਿ ਕੱਲ ਨੂੰ ਤੁਸਾਂ ਪੜ੍ਹਾਈ

ਕਰਨੀ ਹੈ, ਤੁਹਾਨੂੰ ਯਾਦ ਰਹੇ ਤੇ ਇਹ ਸਭ ਕੁਝ ਤੁਹਾਡੇ ਕੰਮ ਆਏਗਾ। ਇਹ ਬਾਤਾਂ ਨਹੀਂ ਇਹ ਸੱਚੀਆਂ ਗੱਲਾਂ ਹਨ ਸਾਡੇ ਸਤਿਗੁਰੂਆਂ ਦੀਆਂ, ਜਿੰਨਾਂ ਨੂੰ ਤੁਸਾਂ ਜ਼ਿੰਦਗੀ ਭਰ ਯਾਦ ਰੱਖਣਾ ਹੈ ਤੇ ਦੁਹਰਾਣਾ ਹੈ ਤੇ ਇਸਤੋਂ ਸਿਖਿਆ ਲੈਣੀ ਹੈ।

ਠੀਕ ਹੈ ਦਾਦੀ ਜੀ, ਸਾਰੇ ਬੱਚੇ ਇਕੱਠੇ ਬੋਲ ਉੱਠੇ।

ਸੋ ਬੱਚਿਓ ਨਾਨਕ ਦਾ ਕੰਮ ਤੇ ਮੋਦੀ ਖਾਨੇ ਵਿਚ ਬਹੁਤ ਸੁਹਣਾ ਚੱਲ ਰਿਹਾ ਸੀ, ਨਵਾਬ ਸਾਹਿਬ ਵੀ ਖ਼ੁਸ਼ ਸਨ ਤੇ ਇਲਾਕੇ ਦੇ ਲੋਕ ਵੀ ਖ਼ੁਸ਼ ਸਨ, ਪਰ ਦੋ ਲਾਗ-ਡਾਟ ਵਾਲੇ ਸਰਕਾਰੀ ਅਹਿਲਕਾਰ ਹਸਨ ਖ਼ਾਂ ਤੇ ਸਹੀ ਖ਼ਾਂ ਇਕ ਦਿਨ ਮੋਦੀ-ਖਾਨੇ ਦੇ ਸਾਹਵਿਓਂ ਲੰਘ ਰਹੇ ਸਨ, ਉਨ੍ਹਾਂ ਵੇਖਿਆ ਕਿ ਮੋਦੀ-ਖਾਨੇ ਬਹੁਤ ਭੀੜ ਲੱਗੀ ਹੋਈ ਹੈ, ਤੇ ਜਿਹੜਾ ਵੀ ਮੋਦੀ-ਖਾਨੇ ਤੋਂ ਕੁਝ ਵਸਤ ਲੈ ਕੇ ਬਾਹਰ ਨਿਕਲਦਾ ਹੈ, ਉਹ ਨਾਨਕ ਦੀਆਂ ਸਿਫਤਾਂ ਕਰਦਾ ਨੀ ਥੱਕਦਾ। ਉਹਨਾਂ ਆਪਣੇ ਇੱਕ ਇਤਬਾਰੀ ਬੰਦੇ ਨੂੰ ਮੋਦੀ-ਖਾਨੇ ਦੀ ਖਬਰ ਲਿਆਣ ਵਾਸਤੇ ਆਖਿਆ। ਸੋ ਬੱਚਿਓ ਉਸ ਬੰਦੇ ਨੇ ਆ ਕੇ ਦੱਸਿਆ ਕਿ ਨਾਨਕ ਜਿਸ ਨੂੰ ਵੀ ਜਿਣਸ ਜਾਂ ਸਾਮਾਨ ਦੇਂਦਾ ਹੈ, ਤੁਲਾਈ ਕਰਨ ਤੋਂ ਬਾਅਦ ਉਹ ਪੰਜ ਚਾਰ ਬੁੱਕ ਉਂਝ ਹੀ ਵਸਤ ਲੈਣ ਵਾਲੇ ਦੀ ਚੱਦਰ ਵਿੱਚ ਪਾ ਦੇਂਦਾ ਹੈ। ਤੇ ਉਸਨੇ ਇਹ ਵੀ ਦੱਸਿਆ ਕਿ ਤੇਰਾਂ ਤੋਂ ਬਾਅਦ ਤੇ ਉਹ ਗਿਣਤੀ ਕਰਦਾ ਹੀ ਨਹੀਂ, ਜਿਵੇਂ ਉਸਨੂੰ ਤੇਰਾਂ ਤੋਂ ਬਾਅਦ ਗਿਣਤੀ ਆਉਂਦੀ ਹੀ ਨਾ ਹੋਵੇ।

ਸੋ ਬੱਚਿਓ ਹਸਨ ਖ਼ਾਂ ਤੇ ਸਹੀ ਖਾਂ ਨੂੰ ਨਵਾਬ ਪਾਸ ਚੁਗਲੀ ਕਰਨ ਦਾ ਮੌਕਾ ਮਿਲ ਗਿਆ, ਜਿਸ ਦੀ ਉਹ ਇੰਤਜਾਰ ਵਿਚ ਹੀ ਸਨ। ਤੇ ਉਨ੍ਹਾਂ ਨਵਾਬ ਸਾਹਿਬ ਪਾਸ ਜਾ ਕੇ ਆਖ ਹੀ ਦਿੱਤਾ, ਨਵਾਬ ਸਾਹਿਬ! ਨਾਨਕ ਤੇ ਮੋਦੀ-ਖਾਨਾ ਲੁਟਾਈ ਹੀ ਜਾਂਦਾ ਹੈ, ਇਵੇਂ ਸਰਕਾਰੀ ਖਜ਼ਾਨੇ ਦਾ ਨੁਕਸਾਨ ਹੋ ਰਿਹਾ ਹੈ, ਉਸਦਾ ਹਿਸਾਬ ਕਿਤਾਬ ਜਾਚਿਆ-ਪੜਤਾਲਿਆ ਜਾਣਾ ਚਾਹੀਦਾ ਹੈ।

ਦਾਦੀ ਜੀ, ਇਹ 'ਤੇਰਾਂ' ਤੇ ਸਤਿਗੁਰੂ ਜੀ ਦੇ ਰੁਕ ਜਾਣ ਦੀ ਗੱਲ ਮੈਨੂੰ ਸਮਝ ਨਹੀਂ ਪਈ? ਧੰਨਾ ਸਿੰਘ ਨੇ ਪੁੱਛਿਆ।



ਧੰਨਾ ਸਿੰਘ ਜੀ ਤੇਰਾਂ ਆਖਦਿਆਂ ਨਾਨਕ ਦੀ ਬਿਰਤੀ ਉਸ ਅਕਾਲਪੁਰਖ ਨਾਲ ਜੁੜ ਜਾਂਦੀ ਸੀ, ਉਨ੍ਹਾਂ

ਲਈ ਤੇਰਾਂ ਗਿਣਤੀ ਨਹੀਂ ਸੀ, ਉਨ੍ਹਾਂ ਲਈ ਤੇ ਇਹ ਤੇਰਾ ਸੀ ਭਾਵ ਪ੍ਰਮਾਤਮਾ ਦਾ, ਜੋ ਵਸਤ ਹੈ, ਉਹ ਵੀ ਪ੍ਰਮਾਤਮਾ ਦੀ, ਜੋ ਲੈਣ ਵਾਲਾ ਹੈ ਉਹ ਵੀ ਪ੍ਰਮਾਤਮਾ ਦਾ, ਤੇ ਜੋ ਤੋਲ ਰਿਹਾ ਹੈ, ਉਹ ਵੀ ਪ੍ਰਮਾਤਮਾ ਦਾ, ਸਭੋ ਕੁਝ ਪ੍ਰਮਾਤਮਾ ਦਾ ਜਾਪਦਾ ਸੀ ਨਾਨਕ ਜੀ ਨੂੰ ਤੇ।

ਠੀਕ, ਆਈ ਸਮਝ ਤੇਰਾਂ ਦੀ?

ਜੀ ਦਾਦੀ ਜੀ।

ਸੋ ਬੱਚਿਓ ਕਿਉਂਕਿ ਚੁਗਲੀ ਕਿਸੇ ਸਰਕਾਰੀ ਤੇ ਵੱਡੇ ਅਹੁਦੇ ਵਾਲੇ ਬੰਦੇ ਨੇ ਕੀਤੀ ਸੀ, ਇਸ ਲਈ ਨਵਾਬ ਸਾਹਿਬ ਨੂੰ ਉਸ ਦੀ ਗੱਲ ਮੰਨ ਕੇ ਮੋਦੀ-ਖਾਨੇ ਦੇ ਹਿਸਾਬ ਕਿਤਾਬ ਦੀ ਮਜਬੂਰਨ ਜਾਚ ਕਰਵਾਉਣੀ ਪਈ।

ਸਾਰੇ ਬੱਚੇ ਸੁੰਨ ਹੋਏ ਬੜੇ ਚਿੰਤਤ ਜਾਪ ਰਹੇ ਸਨ। ਰਤਨ ਸਿੰਘ ਤੇ ਆਤਮਾ ਸਿੰਘ ਇਕੱਠੇ ਹੀ ਬੋਲ ਪਏ, ਫਿਰ ਕੀ ਹੋਇਆ?

ਹੋਣਾ ਕੀ ਸੀ! ਨਵਾਬ ਸਾਹਿਬ ਨੇ ਮੀਰ-ਮੁਣਸ਼ੀ ਨੂੰ ਹੁਕਮ ਦਿੱਤਾ ਕਿ ਮੋਦੀ-ਖਾਨੇ ਦਾ ਹਿਸਾਬ ਕਿਤਾਬ ਜਾਚਿਆ ਜਾਵੇ। ਦਿਨ ਰਾਤ ਲਗਾ ਕੇ ਸਾਰੀ ਜਿਣਸ, ਨਗਦ ਤੇ ਕਿਤਾਬਾਂ ਜਾਚੀਆਂ ਪੜਤਾਲੀਆਂ ਗਈਆਂ, ਸਭੋ ਕੁਝ ਦਰੁਸਤ ਸੀ। ਨਾਨਕ ਦਾ ਹਿਸਾਬ ਕਿਤਾਬ ਕਿਤੇ ਗਲਤ ਥੋੜ੍ਹੇ ਨਿਕਲਨਾ ਸੀ, ਚੁਗਲ ਖੋਰ ਸ਼ਰਮਿੰਦਾ ਹੋਣ ਦੀ ਥਾਂ ਹੋਰ ਆਨੇ-ਬਹਾਨੇ ਬਨਾਉਣ ਲੱਗੇ।

ਦਾਦੀ ਜੀ ਫਿਰ ਕੀ ਹੋਇਆ? ਸਾਰੇ ਬੱਚੇ ਇਕੱਠੇ ਬੋਲ ਪਏ।

ਸੋ ਬੱਚਿਓ ਨਵਾਬ ਸਾਹਿਬ ਨੇ ਭਾਈ ਜੈ ਰਾਮ ਨੂੰ ਆਖਿਆ ਕਿ ਨਾਨਕ ਨੂੰ ਬਾ-ਇੱਜ਼ਤ ਦਰਬਾਰ ਵਿਚ ਲਿਆਂਦਾ ਜਾਵੇ। ਭਾਈ ਜੈ ਰਾਮ ਨੇ ਨਾਨਕ ਨੂੰ ਨਵਾਬ ਸਾਹਿਬ ਦਾ ਸੁਨੇਹਾ ਦਿੱਤਾ। ਨਾਨਕ ਆਖਿਆ- ਨਵਾਬ ਸਾਹਿਬ ਦਾ ਕਿਹਾ ਸਿਰ ਮੱਥੇ ਪਰ ਮੈਂ ਹੁਣ ਮੋਦੀ-ਖਾਨੇ ਵਿੱਚ ਕੰਮ ਨਹੀਂ ਕਰਾਂਗਾ। ਅਗਲੇ ਦਿਨ ਨਾਨਕ ਨਵਾਬ ਦੌਲਤ ਖਾਂ ਦੇ ਦਰਬਾਰ ਵਿੱਚ ਗਏ, ਅਦਬ-ਸਤਿਕਾਰ ਨਾਲ ਸਲਾਮ ਕੀਤਾ ਸ਼ੁਕਰੀਆ ਤੇ ਧੰਨਵਾਦ ਕਰਦਿਆਂ ਨਾਨਕ ਨੇ ਮੋਦੀ-ਖਾਨੇ ਦੀ ਸਾਂਭ ਸੰਭਾਲ ਕਰਨ ਤੋਂ ਇਨਕਾਰ ਕਰ ਦਿੱਤਾ। ਸਾਰੇ ਨਾਨਕ ਦੇ ਸੁਭਾਓ ਬਾਰੇ ਜਾਣਦੇ ਸਨ ਤੇ ਇਹ ਵੀ ਜਾਣਦੇ ਸਨ ਕਿ ਨਾਨਕ ਸੱਚੇ-ਸੁੱਚੇ ਤੇ ਆਪਣੀ ਗੱਲ ਦੇ ਪੱਕੇ ਹਨ, ਜੋ ਉਹ ਕਹਿ ਦੇਣ ਉਹ ਹੀ ਕਰਦੇ ਹਨ।

ਸੋ ਬੱਚਿਓ ਨਾਨਕ ਨੇ ਮੋਦੀ-ਖਾਨੇ ਦਾ ਕੰਮ ਛੱਡ ਦਿੱਤਾ ਤੇ ਸਵੇਰੇ ਹੀ ਉੱਠ ਬਾਹਰ ਵੇਈਂ-ਨਦੀ ਵੱਲ ਚਲੇ ਜਾਣਾ ਤੇ ਸ਼ਾਮਾ ਪਈਆਂ ਤੇ ਵਾਪਸ ਘਰ ਆਉਣਾ। ਕਈ ਵਾਰ ਤੇ ਅੱਧੀ ਅੱਧੀ ਰਾਤ ਨੂੰ ਘਰੋਂ ਨਿਕਲ ਜਾਣਾ ਤੇ ਦੇਰ ਰਾਤ ਘਰ ਆਉਣਾ। ਇਹ ਨਾਨਕ ਦਾ ਨਿੱਤ-ਕਰਮ ਹੀ ਬਣ ਗਿਆ ਸੀ। ਨਾਨਕ ਦੀ ਪਤਨੀ ਸੁਲੱਖਣੀ ਬਹੁਤ ਚਿੰਤਤ ਸੀ। ਉਸਨੇ ਸਾਰੀ ਗੱਲ ਆਪਣੀ ਵੱਡੀ ਭੈਣ ਵਰਗੀ ਨਨਾਣ ਨਾਨਕੀ ਤੇ ਉਸਦੇ ਪਤੀ ਜੈ ਰਾਮ ਨਾਲ ਸਾਂਝੀ ਕੀਤੀ, ਜੋ ਉਸਦੇ ਖਾਸ ਰਿਸ਼ਤੇਦਾਰ ਤੇ ਸਨ ਹੀ ਨਾਲ ਨਾਲ ਵਿਚੋਲੇ ਵੀ ਸਨ। ਜੈ ਰਾਮ ਤੇ ਨਾਨਕੀ ਨੇ ਸੁਲੱਖਣੀ ਨੂੰ ਹੌਸਲਾ ਦਿੰਦਿਆਂ ਆਖਿਆ- ਤੂੰ ਸਾਡੇ ਹੁੰਦਿਆਂ ਕੋਈ ਫਿਕਰ ਨਾ ਕਰ, ਅਸੀਂ ਨਾਨਕ ਨੂੰ ਕੋਲ ਬਿਠਾ ਕੇ ਗੱਲ ਕਰਾਂਗੇ।

ਨਾਨੀ ਜੀ, ਸਤਿਗੁਰੂ ਜੀ ਸਾਰਾ ਸਾਰਾ ਦਿਨ ਕਿੱਥੇ ਰਹਿੰਦੇ ਸਨ ਤੇ ਕੀ ਕਰਦੇ ਸਨ? ਆਤਮਾ ਸਿੰਘ ਨੇ ਪੁੱਛਿਆ।

ਪੁੱਤਰ ਜੀ ਉਹੀਓ ਤੇ ਹੁਣ ਨਾਨਕ ਦੇ ਵੱਡੇ ਭੈਣ ਜੀ ਬੇਬੇ ਨਾਨਕੀ ਨਾਨਕ ਨੂੰ ਪੁੱਛਣਗੇ ਨਾ।

ਕੀ ਦੱਸਿਆ ਦਾਦੀ ਜੀ ਨਾਨਕ ਨੇ ਆਪਣੀ ਭੈਣ ਜੀ ਨੂੰ? ਰਤਨ ਕੌਰ ਨੇ ਸਵਾਲ ਕੀਤਾ।

ਬੱਚਿਓ ਇੱਕ ਦਿਨ ਨਾਨਕ ਆਪਣੀ ਭੈਣ ਬੇਬੇ ਨਾਨਕੀ ਨੂੰ ਮਿਲਣ ਉਸਦੇ ਘਰ ਗਏ। ਨਾਨਕੀ ਨੇ ਆਪਣੇ ਵੀਰ ਨੂੰ ਬੜਾ ਪਿਆਰ ਕੀਤਾ, ਆਪਣੇ ਹੱਥਾਂ ਨਾਲ ਮਿੱਸਾ ਪ੍ਰਸ਼ਾਦਾ ਬਣਾਇਆ, ਗਰਮ ਗਰਮ ਪ੍ਰਸ਼ਾਦਾ, ਦਹੀਂ ਤੇ ਬਹੁਤ ਸਾਰੇ ਮੱਖਣ ਦੇ ਨਾਲ, ਇਕ ਫਾੜੀ ਅੰਬ ਦੇ ਅਚਾਰ ਦੀ ਥਾਲੇ ਵਿਚ ਰੱਖ ਕੇ, ਨਾਨਕ ਅੱਗੇ ਪਰੋਸਿਆ। ਇਕ ਕੰਗਣੀ ਵਾਲਾ ਗਿਲਾਸ ਵੀ ਗਾਹੜੀ ਗਾਹੜੀ ਲੱਸੀ ਦਾ ਚਾਟੀ ਚੋਂ ਭਰ ਕੇ ਨਾਨਕ ਦੇ ਅੱਗੇ ਰੱਖ ਦਿੱਤਾ। ਨਾਨਕ ਜੀ ਪ੍ਰਸ਼ਾਦਾ ਛਕ ਰਹੇ ਸਨ ਅਤੇ ਨਾਨਕੀ ਆਪਣੇ ਪਿਆਰੇ ਵੀਰ ਨਾਲ ਛੋਟੀਆਂ ਛੋਟੀਆਂ ਗੱਲਾਂ ਵੀ ਕਰ ਰਹੀ ਸੀ। ਜਦੋਂ ਨਾਨਕ ਪ੍ਰਸ਼ਾਦਾ ਛਕ ਹਟੇ ਤਾਂ ਨਾਨਕੀ ਨੇ ਨਾਨਕ ਦਾ ਚੂਲਾ ਕਰਵਾਇਆ ਅਤੇ ਹੱਥ ਸੁੱਚੇ ਕਰਵਾਂਦਿਆਂ ਆਖਿਆ- ਵੀਰ ਤੂੰ ਦਲਾਨ ਵਿਚ ਵਿੱਛੇ ਮੰਜੇ ਤੇ ਘੜੀ ਪਲ ਅਰਾਮ ਕਰ, ਤੇ ਮੈਂ ਵੀ ਪ੍ਰਸ਼ਾਦਾ ਛਕ ਕੇ ਹੁਣੇ ਆਈ। ਫਿਰ ਦੋਵੇ ਭੈਣ ਭਰਾ ਦਿਲ ਭਰ ਕੇ ਗੱਲਾਂ ਕਰਾਂਗੇ। ਨਾਨਕੀ ਨੇ ਜਲਦੀ ਜਲਦੀ ਪ੍ਰਸ਼ਾਦਾ ਛਕਿਆ ਤੇ ਹੱਥ ਸੁੱਚੇ ਕਰਕੇ ਨਾਨਕ ਦੇ ਕੋਲ ਜਾਕੇ ਬੈਠ ਗਈ। ਏਧਰ ਉੱਧਰ ਦੀਆਂ ਗੱਲਾਂ ਕਰਦਿਆਂ ਪੁੱਛਿਆ-

ਵੀਰ ਹੁਣ ਤੂੰ ਹੀ ਦੱਸ ਤੇਰਾ ਮਨ ਕਿੱਥੇ ਕੰਮ ਕਰਨ ਨੂੰ ਕਰਦਾ ਹੈ, ਤੇਰੇ ਭਾਈਆ ਜੀ ਤੈਨੂੰ ਉੱਥੇ ਈ ਕੰਮ ਤੇ ਲਗਵਾ ਦੇਣਗੇ। ਪਰ ਨਾਨਕ ਨੇ ਕੋਈ ਵੀ ਜਵਾਬ ਨਾ ਦਿੱਤਾ।

ਦਾਦੀ ਜੀ ਭਾਈਆ ਜੀ ਕੌਣ? ਰਤਨ ਸਿੰਘ ਨੇ ਪੁੱਛਿਆ।

ਪੁੱਤਰ ਜੀ ਆਪਣੇ ਪੰਜਾਬ ਵਿੱਚ ਭੈਣ ਦੇ ਪਤੀ ਨੂੰ ਭਾਈਆ ਜੀ ਕਹਿ ਕੇ ਬੁਲਾਇਆ ਜਾਂਦਾ ਹੈ।

ਇਸ ਦਾ ਮਤਲਬ ਆਤਮਾ ਸਿੰਘ ਦੇ ਪਿਤਾ ਜੀ, ਮੇਰੇ ਪਿਤਾ ਜੀ, ਚਾਚਾ ਜੀ ਤੇ ਤਾਇਆ ਜੀ ਦੇ ਭਾਈਆ ਜੀ ਹੋਏ? ਗੰਗਾ ਸਿੰਘ ਨੇ ਆਪਣੀ ਤਸੱਲੀ ਕਰਨ ਨੂੰ ਦਾਦੀ ਜੀ ਨੂੰ ਪੁੱਛਿਆ।

ਮਾਂ ਸਦਕੇ ਜਾਵਾਂ, ਆਪਣੇ ਸੋਹਣੇ ਪੁੱਤਰ ਦੇ। ਗੰਗਾ ਸਿੰਘ ਜੀ, ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ। ਸ਼ਾਬਾਸ਼ ਮੇਰੇ ਬੱਚੇ।

ਹਾਂ, ਤੇ ਬੱਚਿਓ ਜਦੋਂ ਨਾਨਕ ਨੇ ਨਾਨਕੀ ਦੀ ਪੁੱਛ ਦਾ ਕੋਈ ਜਵਾਬ ਨਾ ਦਿੱਤਾ ਤਾਂ ਨਾਨਕੀ ਨੇ ਪੁੱਛਿਆ-

ਨਾਨਕਾ ਮੈਂ ਕੱਲ ਸੁਲੱਖਣੀ ਨੂੰ ਮਿਲੀ ਸੀ, ਵਿਚਾਰੀ ਬਹੁਤ ਫਿਕਰ ਕਰਦੀ ਸੀ। ਆਖਦੀ ਸੀ ਕਿ ਨਾਨਕ ਪਤਾ ਨਹੀਂ ਸਾਰਾ ਸਾਰਾ ਦਿਨ ਵੇਈਂ-ਨਦੀ ਤੇ ਭੁਖਣ-ਭਾਣਾ ਬੈਠਾ ਕੀ ਕਰਦਾ ਰਹਿੰਦਾ ਹੈ? ਉਹ ਏਸ ਗੱਲੋਂ ਪਰੇਸ਼ਾਨ ਸੀ ਕਿ ਤੂੰ ਸਾਰਾ ਸਾਰਾ ਦਿਨ ਭੁੱਖਿਆਂ ਬਿਤਾ ਦਿੰਨਾ ਏਂ ਜਿਸਦੀ ਉਸਨੂੰ ਬਹੁਤ ਚਿੰਤਾ ਹੈ। ਨਾਨਕਾ ਮੇਰੇ ਵੀਰ! ਦੱਸ ਖਾਂ, ਤੂੰ ਵੇਈਂ-ਨਦੀ ਤੇ ਕੀ ਕਰਨਾ ਏਂ ਸਾਰਾ ਸਾਰਾ ਦਿਨ, ਉਹ ਵੀ ਭੁੱਖਣ-ਭਾਣਾ?

ਭੈਣਾਂ, ਮੈਂ ਕੋਈ ਵੇਈਂ-ਨਦੀ ਤੇ ਵਿਹਲਾ ਥੋੜ੍ਹੀ ਬੈਠਦਾ ਹਾਂ। ਮੈਂ ਤੇ ਉੱਥੇ ਗੱਲਾਂ ਕਰਦਾ ਹਾਂ।

ਕਿਸ ਨਾਲ? ਨਾਨਕੀ ਨੇ ਪੁੱਛਿਆ।

ਭੈਣ ਨਦੀ ਦੇ ਪਾਣੀਆਂ ਨਾਲ, ਮੱਛੀਆਂ ਨਾਲ, ਡੱਡੂਆਂ ਨਾਲ ਤੇ ਵਗਦੀ ਵਾਅ ਨਾਲ, ਬਿਰਖਾਂ ਨਾਲ, ਪੰਖੀਆਂ ਨਾਲ, ਸੂਰਜ ਨਾਲ ਤੇ ਬੱਦਲਾਂ ਨਾਲ, ਤੇ ਭੈਣ ਹਨੇਰੇ ਪਿਆਂ ਚੰਦ ਨਾਲ, ਤਾਰਿਆਂ ਨਾਲ ਤੇ ਫੇਰ ਅਸਮਾਨ ਨਾਲ ਤੇ ਧਰਤੀ ਨਾਲ ਵੀ।

ਭੈਣ ਨਾਨਕੀ ਸਮਝ ਗਈ ਕਿ ਨਾਨਕ ਰੱਬੀ ਰੂਹ ਹੈ ਹੀ, ਤੇ ਹੁਣ ਇਸ ਤੇ ਦੁਨਿਆਵੀ ਰੰਗ ਉੱਤਰ ਰਿਹਾ ਹੈ ਤੇ ਰੱਬੀ ਰੰਗ ਚੜ੍ਹ ਰਿਹਾ ਹੈ। ਨਾਨਕੀ ਨੀਵੀਂ ਹੋ ਕੇ ਨਾਨਕ ਦੇ ਪੈਰ ਛੋਹਣ ਲੱਗੀ ਤਾਂ ਨਾਨਕ ਨੇ ਭੈਣ ਨਾਨਕੀ ਦੇ ਦੋਵੇਂ ਹੱਥ ਅੱਧ-ਵਿਚਾਲਿਓਂ ਹੀ ਫੜ ਲਏ ਤੇ ਆਪਣੇ ਮੱਥੇ ਨੂੰ ਲਾਂਦਿਆਂ ਆਖਿਆ-

ਭੈਣਾਂ ਅਸਾਂ ਦਾ ਤੇ ਤੇਰੇ ਨਾਲ ਕਈ ਜਨਮਾਂ ਦਾ ਸਾਥ ਹੈ, ਨਾਲੇ ਤੂੰ ਅਸਾਂ ਤੋਂ ਵੱਡੀ ਵੀ ਹੈਂ। ਤੂੰ ਤੇ ਅਸਾਨੂੰ ਅਸੀਸ ਦੇਹ ਤੇ ਇਹ ਅਸਾਡਾ ਹੱਕ ਵੀ ਹੈ। ਤੂੰ ਅਸਾਡੇ ਪੈਰਾਂ ਨੂੰ ਹੱਥ ਲਾਵੇਂ ਇਹ ਅਸਾਂ ਨੂੰ ਅੱਛਾ ਨਹੀਂ ਲਗਦਾ।

ਸੋ ਬੱਚਿਓ ਇੰਝ ਨਾਨਕ ਨੇ ਮੋਦੀ-ਖਾਨੇ ਦਾ ਕੰਮ ਛੱਡ ਦਿੱਤਾ ਤੇ ਵੇਈਂ-ਨਦੀ ਤੇ ਜਾ ਕੇ ਕਰਤਾਰ ਦੀ ਬੰਦਗੀ ਵਿੱਚ ਦਿਨ ਬਿਤਾਉਣ ਲੱਗੇ।

ਨਾਨੀ ਜੀ ਮੈਂ ਸੁਣਿਆਂ ਸੀ ਕਿ ਗੁਰੂ ਜੀ ਲੰਬੀਆਂ ਉਦਾਸੀਆਂ ਤੇ ਗਏ ਸਨ ਮਰਦਾਨੇ ਨੂੰ ਨਾਲ ਲੈ ਕੇ? ਆਤਮਾ ਸਿੰਘ ਨੇ ਪੁੱਛਿਆ।

ਆਤਮਾ ਸਿੰਘ ਜੀ ਤੁਸੀਂ ਠੀਕ ਕਹਿੰਦੇ ਹੋ, ਸਤਿਗੁਰੂ ਜੀ ਨੇ ਸੁਲਤਾਨਪੁਰ ਤੋਂ ਹੀ ਆਪਣੀਆਂ ਉਦਾਸੀਆਂ ਸ਼ੁਰੂ ਕੀਤੀਆਂ ਸਨ ਪਰ ਉਸ ਤੋਂ ਪਹਿਲੋਂ ਅਜੇ ਹੋਰ ਵੀ ਬੜਾ ਕੁਝ ਹੈ। ਪਹਿਲਾਂ ਉਸ ਨੂੰ ਸੁਣ ਲਓ, ਕਾਹਲੇ ਨਾ ਪਓ, ਏਸੇ ਲਈ ਤੇ ਮੈਂ ਕਹਿੰਦੀ ਸਾਂ ਜਾ ਕੇ ਸੌਂ ਜਾਵੋ, ਬਾਕੀ ਕੱਲ ਸੁਣਾਵਾਂਗੀ।

ਸਾਰੇ ਬੱਚੇ ਆਤਮਾ ਸਿੰਘ ਵਲੋਂ, ਇੰਝ ਦਾਦੀ ਜੀ ਤੋਂ ਬੇ-ਵਜਹ ਪੁੱਛੀ ਜਾਣ ਤੇ ਆਤਮਾ ਸਿੰਘ ਵੱਲ ਕਹਿਰੀਆਂ ਅੱਖਾਂ ਕਰਕੇ ਝਾਕ ਰਹੇ ਸਨ।

ਛੱਡੋ ਛੱਡੋ ਤੁਸੀਂ ਸਾਰੇ ਦੱਸੋ ਅੱਗੇ ਸਾਖੀ ਅੱਜ ਸੁਨਣੀ ਹੈ ਜਾਂ ਕੱਲ? ਦਾਦੀ ਜੀ ਨੇ ਆਖਿਆ।

ਸਾਰੇ ਬੱਚੇ ਇਕੱਠੇ ਬੋਲ ਉੱਠੇ-ਅੱਜ।

ਤੇ ਬੱਚਿਓ ਇਵੇਂ ਦਿਨ ਬੀਤਦੇ ਗਏ। ਇੱਕ ਦਿਨ ਕੀ ਹੋਇਆ ਭਾਈ ਮਰਦਾਨਾ ਤਲਵੰਡੀ ਤੋਂ ਸੁਲਤਾਨਪੁਰ ਆਏ ਅਤੇ ਬੇਬੇ ਨਾਨਕੀ ਨੂੰ ਆ ਰਾਮ-ਸਤ ਆਖੀ। ਬੇਬੇ ਨਾਨਕੀ ਮਰਦਾਨੇ ਨੂੰ ਵੇਖ ਕੇ ਬਹੁਤ ਖ਼ੁਸ਼ ਹੋਈ, ਉਸਨੂੰ ਬਚਪਨ ਦੇ ਨਾਨਕ ਦੇ ਬੋਲ ਯਾਦ ਆ ਗਏ, ਜਦੋਂ ਨਾਨਕ ਨੇ ਮਰਦਾਨੇ ਦੇ ਅੱਬਾ ਨੂੰ ਸਹਿਜ ਸੁਭਾਉ ਹੀ ਆਖਿਆ ਸੀ- ਇਸ ਦਾ ਨਾਮ ਮਰਜਾਣਾ ਬਦਲ ਕੇ ਮਰਦਾ-ਨਾ ਕਿਉਂ ਨਹੀਂ ਰੱਖ ਦੇਂਦਾ। ਅੱਜ ਏਨੀ ਦੇਰ ਬਾਅਦ ਮਰਦਾਨਾ ਬੇਬੇ ਨਾਨਕੀ ਦੇ ਸਾਹਵੇ ਖੜ੍ਹਾ ਸੀ। ਨਾਨਕੀ ਆਖਿਆ- ਮਰਦਾਨੇ ਤੈਨੂੰ ਉਹ ਦਿਨ ਯਾਦ ਆ ਜਦੋਂ ਤੂੰ ਆਪਣੇ ਅੱਬਾ ਨਾਲ ਸਾਡੇ ਘਰ ਆਇਆ ਸੀ, ਤੇ ਛੋਟੇ ਜਿਹੇ ਨਾਨਕ ਨੇ ਤੇਰੇ ਅੱਬਾ ਨੂੰ ਆਖਿਆ ਸੀ ਇਸ ਦਾ ਨਾਮ ਮਰਦਾ-ਨਾ ਰੱਖ ਦੇਹ।

ਭੈਣਾਂ ਇਹ ਗੱਲ ਭੁੱਲਣ ਵਾਲੀ ਏ, ਮੈਨੂੰ ਤੇ ਜ਼ਿੰਦਗੀ ਦੇਣ ਵਾਲਾ ਈ ਨਾਨਕ ਏ। ਮੈਂ ਤੇ ਹੁਣ ਉਸਦਾ ਹੀ ਗੁਲਾਮ ਹਾਂ।

ਨਾਨਕੀ ਨੇ ਸਾਰਿਆਂ ਦੀ ਸੁਖ-ਸਾਂਦ ਪੁੱਛੀ। ਰਾਇ ਸਾਹਿਬ ਬਾਰੇ ਪੁੱਛਿਆ, ਤਲਵੰਡੀ ਦੇ ਵਸਨੀਕਾਂ ਬਾਰੇ ਪੁੱਛਿਆ।

ਸੋ ਬੱਚਿਓ ਨਾਨਕੀ ਨੇ ਮਰਦਾਨੇ ਨੂੰ ਆਖਿਆ- ਮਰਦਾਨਿਆਂ ਉਹ ਘੜੇ ਚੋ ਪਾਣੀ ਲੈ ਕੇ ਹੱਥ ਮੂੰਹ ਧੋ ਲੈ, ਮੈਂ ਤੱਦ ਤੀਕਰ ਤੇਰੇ ਲਈ ਰੋਟੀ ਤਿਆਰ ਕਰਦੀ ਹਾਂ, ਮਰਦਾਨਾ ਹੱਥ ਮੂੰਹ ਧੋ ਕੇ, ਵਿਛੇ ਹੋਏ ਮੰਜੇ ਤੇ ਆ ਬੈਠਾ ਤੇ ਨਾਨਕੀ ਨੇ ਬੜੇ ਪਿਆਰ ਨਾਲ ਬਣਾਈ ਹੋਈ ਰੋਟੀ, ਸ਼ੱਕਰ ਘਿਓ ਨਾਲ ਪਰੋਸ ਕੇ ਮਰਦਾਨੇ ਦੇ ਅੱਗੇ ਸਜਾ ਦਿੱਤੀ, ਤੇ ਇਕ ਬਾਟੀ ਵਿੱਚ ਸੇਵੀਆਂ ਉੱਪਰ ਸ਼ੱਕਰ ਤੇ ਘਿਓ ਪਾ ਉਹ ਵੀ ਮਰਦਾਨੇ ਦੇ ਪਾਸ ਹੀ ਰੱਖ ਦਿੱਤੀਆਂ। ਫਿਰ ਨਾਨਕੀ ਚਾਟੀ ਵਿੱਚੋਂ ਇਕ ਛੰਨਾ ਗਾਹੜੀ ਲੱਸੀ ਦਾ ਕੱਢ, ਉੱਪਰ ਲੱਪ ਭਰ ਮੱਖਣ ਰੱਖ ਕੇ ਮਰਦਾਨੇ ਲਈ ਲੈ ਆਈ। ਏਨਾ ਕੁਝ ਵੇਖ ਮਰਦਾਨਾ ਆਖਣ ਲੱਗਾ- ਭੈਣ ਬੱਸ ਕਰ ਹੋਰ ਨਾ ਕੁਝ ਲੈ ਆਈਂ, ਏਨਾ ਕੁਝ ਕਿੱਥੇ ਖਾਧਾ ਜਾਣੈ।

ਨਾਨਕੀ ਆਖਿਆ- ਮਰਦਾਨਿਆਂ, ਪਤਾ ਨਹੀਂ ਕਿਹੜੇ ਵੇਲਿਆਂ ਦਾ ਤਲਵੰਡੀ ਤੋਂ ਚੱਲਿਆ ਹੋਏਗਾ, ਇਹ ਬਹੁਤਾ ਨਹੀਂ। ਖਾ ਲੈ ਚੁੱਪ ਕਰਕੇ। ਖਾਣਾ ਖਾਣ ਤੋਂ ਬਾਅਦ ਬਹੁਤ ਦੇਰ ਦੋਵੇਂ ਬੈਠੇ ਤਲਵੰਡੀ ਦੀਆਂ, ਚੌਧਰੀ ਰਾਇ ਬੁਲਾਰ ਦੀਆਂ, ਆਪਣੇ ਬਚਪਨ ਦੀਆਂ ਤੇ ਨਾਨਕ ਦੀਆਂ ਗੱਲਾਂ ਕਰਦੇ ਰਹੇ।

ਮਰਦਾਨੇ ਪੁੱਛਿਆ ਭੈਣਾਂ ਨਾਨਕ ਕਿੱਥੇ ਆ?

ਮਰਦਾਨਿਆਂ ਨਾਨਕ ਤੇ ਵੇਈਂ-ਨਦੀ ਦੇ ਕੰਢੇ ਕਿਤੇ ਨਿਰੰਕਾਰ ਨਾਲ ਜੁੜਿਆ ਬੈਠਾ ਹੋਏਗਾ।

ਭੈਣਾ ਮੈਂ ਵੇਈਂ-ਨਦੀ ਤੇ ਜਾ ਆਵਾਂ? ਮੇਰਾ ਨਾਨਕ ਨੂੰ ਮਿਲਣ ਨੂੰ ਮਨ ਬਹੁਤ ਕਾਹਲਾ ਏ, ਬੜੀ ਦੇਰ ਹੋ ਗਈ ਏ ਨਾਨਕ ਨੂੰ ਮਿਲਿਆਂ।

ਨਾਨਕੀ ਆਖਿਆ- ਮਰਦਾਨਿਆ ਕੁਝ ਹੋਰ ਖਾ ਲੈ।

'ਨਹੀਂ, ਭੈਣ ਹੁਣ ਤੇ ਨਾ ਭੁੱਖ ਨਾ ਕੋਈ ਪਿਆਸ, ਤੁਸਾਂ ਪਹਿਲੋਂ ਹੀ ਵਾਧੂ ਖਵਾ ਛੱਡਿਆ ਈ।'

'ਇਸ ਤਰ੍ਹਾਂ ਕਰੀਂ ਇੱਥੋਂ ਘਰੋਂ ਬਾਹਰ ਨਿਕਲ ਕੇ, ਵੱਡੇ ਪਿੱਪਲ ਕੋਲੋਂ ਤੂੰ ਖੱਬੇ ਹੱਥ ਮੁੜ ਜਾਵੀਂ, ਉਹ ਰਾਸਤਾ ਸਿੱਧਾ ਵੇਈਂ ਤੇ ਤੈਨੂੰ ਲੈ ਜਾਏਗਾ। ਨਾਨਕ ਨੂੰ ਉੱਚੀ ਸਾਰੀ ਆਵਾਜ਼ ਦੇਵੀਂ, ਤੇਰੀ ਅਵਾਜ ਸੁਣ ਕੇ ਹੀ ਉਹ ਜਿੱਥੇ ਕਿਤੇ ਵੀ ਹੋਇਆ, ਉਸਨੇ ਝੱਟ ਆ ਜਾਣਾ ਹੈ। ਤੈਨੂੰ ਮਿਲ ਕੇ ਨਾਨਕ ਵੀ ਬਹੁਤ ਖੁਸ਼ ਹੋਏਗਾ।' ਨਾਨਕੀ ਨੇ ਮਰਦਾਨੇ ਨੂੰ ਵੇਈਂ-ਨਦੀ ਦਾ ਰਸਤਾ ਸਮਝਾਉਂਦਿਆਂ ਕਿਹਾ।

ਸੋ ਬੱਚਿਓ ਮਰਦਾਨਾ ਵੇਈਂ-ਨਦੀ ਤੇ ਚਲਾ ਗਿਆ। ਜਿੱਧਰੋਂ ਪਾਣੀ ਦਾ ਵਹਾ ਆਉਂਦਾ ਸੀ, ਉੱਧਰ ਨੂੰ ਨਾਨਕ ਨੂੰ ਲੱਭਣ ਤੁਰ ਪਿਆ। ਉਸਦੇ ਕੰਨੀਂ ਕਿਸੇ ਦੇ ਗਾਉਣ ਦੀ ਮਿੱਠੀ ਮਿੱਠੀ ਆਵਾਜ਼ ਪਈ, ਮਰਦਾਨਾ ਉਸੇ ਪਾਸੇ ਅਗਾਹ ਵਧਿਆ। ਜਦੋਂ ਉਸਨੂੰ ਸਾਹਵੇ ਦੂਰ ਨਾਨਕ ਦਾ ਝਾਉਲਾ ਪਿਆ ਤਾਂ ਮਰਦਾਨਾ ਨੱਠ ਕੇ ਨਾਨਕ ਦੇ ਗਲ ਨੂੰ ਜਾ ਚੰਬੜਿਆ। ਚਿਰਾਂ ਦੇ ਵਿਛੜੇ ਦੋਵੇਂ ਇੱਕ ਦੂਜੇ ਨੂੰ ਗਲਵੱਕੜੀ ਪਾਈ ਬੜੀ ਦੇਰ ਖੜ੍ਹੇ ਰਹੇ। ਬੱਚਿਓ, ਮਰਦਾਨਾ ਤੇ ਨਾਨਕ ਦੇ ਗਲ ਲੱਗ ਉੱਚੀ ਉੱਚੀ ਧਾਹਾਂ ਹੀ ਮਾਰਨ ਲੱਗ ਪਿਆ। ਨਾਨਕ ਨੇ ਉਸਨੂੰ ਦਿਲਾਸਾ ਦੇਂਦਿਆਂ ਚੁੱਪ ਕਰਵਾਇਆ ਤੇ ਉਸਦਾ ਹੱਥ ਫੜ ਕੋਲ ਹੀ ਇਕ ਵੱਡੇ ਪੱਥਰ ਤੇ ਬਿਠਾ ਲਿਆ, ਤੇ ਦੋਵੇਂ ਬੈਠ ਕੇ ਗੱਲਾਂ ਕਰਨ ਲੱਗੇ। ਮਰਦਾਨੇ ਤਲਵੰਡੀ ਦੀ ਖੈਰ-ਸੁੱਖ ਦੱਸੀ ਤੇ ਆਖਿਆ ਨਾਨਕਾ ਮੇਰਾ ਤੇ ਤੇਰੇ ਬਿਨਾ ਤਲਵੰਡੀ ਵਿੱਚ ਉੱਕਾ ਈ ਮਨ ਨਹੀਂ ਲੱਗਦਾ। ਰਾਇ ਸਾਹਿਬ ਵੀ ਤੁਸਾਂ ਨੂੰ ਬਹੁਤ ਯਾਦ ਕਰਦੇ ਹਨ। ਤੁਸਾਂ ਦੇ ਮਾਤਾ ਪਿਤਾ ਤੇ ਆਖਦੇ ਸਨ ਨਾਨਕ ਨੂੰ ਤਾਗੀਦ ਕਰਨੀ ਇਕ ਵਾਰ ਸਾਨੂੰ ਤਲਵੰਡੀ ਆ ਕੇ ਪਰਿਵਾਰ ਨੂੰ ਮਿਲ ਤਾਂ ਜਾਵੇ, ਉਸਨੂੰ ਹੁਣ ਤੇ ਬਹੁਤ ਦੇਰ ਹੋ ਗਈ ਏ ਤਲਵੰਡੀ ਤੋਂ ਸੁਲਤਾਨਪੁਰ ਗਏ ਨੂੰ।

ਨਾਨਕ ਆਖਿਆ- ਮਰਦਾਨਿਆਂ ਆਪਣਾ ਪਰਿਵਾਰ ਤੇ ਬਹੁਤ ਵੱਡਾ ਏ ਤੇ ਬਹੁਤ ਦੂਰ ਦੂਰ ਵੱਸਿਆ ਹੈ, ਅਸਾਂ ਉਨ੍ਹਾਂ ਦੀ ਖ਼ਬਰ-ਸਾਰ ਲੈਣ ਜਾਣਾ ਹੈ, ਅੱਛਾ ਹੋਇਆ ਤੂੰ ਆ ਗਿਓਂ, ਇਕੱਠੇ ਚੱਲਾਂਗੇ, ਤੁਸਾਂ ਨਾਲ ਅਸਾਡੀ ਅੱਛੀ ਨਿਭੇਗੀ, ਖੁਸ਼ੀ ਮਿਲੇਗੀ ਦੋਵਾਂ ਨੂੰ।

ਮਰਦਾਨੇ ਆਖਿਆ- ਨਾਨਕਾ, ਖਾਵਾਂਗੇ ਕੀ ਤੇ ਖਰਚਾਂਗੇ ਕਿੱਥੋਂ?

ਨਾਨਕ ਆਖਿਆ- ਮਰਦਾਨਿਆਂ, ਜੋ ਦੌਲਤ ਤੁਸਾਂ ਦੇ ਪਾਸ ਹੈ, ਉਹ ਦੌਲਤ ਹੋਰ ਕਿਸੇ ਪਾਸ ਨਾਹੀਂ, ਤੁਸਾਂ ਦੇ ਸਦਕਾ ਤੇ ਹੋਰ ਕਈਆਂ ਨੂੰ ਰਿਜ਼ਕ ਮਿਲੇਗਾ।

ਨਾਨੀ ਜੀ ਹੁਣ ਅਸੀਂ ਸਾਖੀਆਂ ਹੀ ਸੁਣਿਆਂ ਕਰਾਂਗੇ, ਬਾਤਾਂ ਨਹੀਂ। ਅਮਰ ਕੌਰ ਨੇ ਆਪਣੇ ਮਨ ਦੀ ਗੱਲ ਕਹਿ ਦਿੱਤੀ, ਜਿਸ ਦੀ ਸਾਰੇ ਬੱਚਿਆਂ ਨੇ ਹਾਮੀ ਭਰਦਿਆਂ ਆਖਿਆ- -ਅਮਰ ਕੌਰ ਠੀਕ ਕਹਿੰਦੀ ਹੈ।

ਨਾਨੀ ਜੀ ਉਹ ਵੇਈਂ-ਨਦੀ ਵਾਲੀ ਗੱਲ ਵੀ ਸੁਣਾਓ? ਆਤਮਾ ਸਿੰਘ ਜੋ ਸਭ ਤੋਂ ਵੱਡਾ ਸੀ, ਨੇ ਆਖਿਆ।

ਹਾਂ ਆਤਮਾ ਸਿੰਘ ਜੀ ਹੁਣ ਵੇਈਂ-ਨਦੀ ਵਾਲੀ ਸਾਖੀ ਤੇ,ਆਪਾਂ ਪਹੁੰਚ ਹੀ ਗਏ ਹਾਂ ਪਰ ਹੁਣ ਵਕਤ ਬਹੁਤ ਹੋ ਗਿਆ ਹੈ ਤੁਸੀਂ ਸਾਰੇ ਹੁਣ ਜਾਓ ਤੇ ਸੌਂ ਜਾਓ, ਕੱਲ ਫਿਰ ਤੁਸਾਂ ਸਕੂਲ ਵੀ ਜਾਣਾ ਹੈ।

ਦਾਦੀ ਜੀ ਨੇ ਸਾਰੇ ਬੱਚਿਆਂ ਨੂੰ ਆਖਿਆ ਤੇ ਪੱਕਿਆਂ ਕੀਤਾ ਕੱਲ ਵਕਤ ਨਾਲ ਸਾਰੇ ਆ ਜਾਇਓ।

# ਸਾਖੀ ਵੇਈਂ ਨਦੀ ਦੀ

ਸ਼ਾਮ ਦਾ ਖਾਣਾ ਪੀਣਾ ਹੋ ਹਟਿਆ ਤੇ ਸਾਰੇ ਬੱਚੇ ਦਾਦੀ ਮਾਂ ਵੱਲ ਆਉਣੇ ਸ਼ੁਰੂ ਹੋ ਗਏ। ਉਹਨਾਂ ਨੂੰ ਹੁਣ ਸਾਖੀਆਂ ਸੁਨਣਾ ਬਹੁਤ ਚੰਗਾ ਲਗਦਾ ਸੀ। ਉਹਨਾਂ ਆਪਣੀ ਦਾਦੀ ਮਾਂ ਨੂੰ ਦੱਸਿਆ- ਦਾਦੀ ਜੀ ਅਸੀਂ ਸਕੂਲ ਵਿਚ ਆਪਣੇ ਸੰਗੀ-ਸਾਥੀਆਂ ਨੂੰ ਵੀ ਦੱਸਿਆ ਹੈ ਕਿ ਤੁਸੀਂ ਵੀ ਆਪਣੀ ਦਾਦੀ ਮਾਂ ਕੋਲੋਂ ਸਾਖੀਆਂ ਸੁਣਿਆ ਕਰੋ। ਸਾਖੀਆਂ ਸੁਣ ਕੇ ਬਹੁਤ ਕੁਝ ਪਤਾ ਲਗਦਾ ਹੈ, ਬਾਤਾਂ ਤੇ ਐਵੇਂ ਕਹਾਣੀਆਂ ਹੀ ਹੁੰਦੀਆਂ ਹਨ ਮਨ ਪਰਚਾਵਾ।

ਸ਼ਾਬਾਸ਼! ਮੇਰੇ ਬੱਚਿਓ, ਹੁਣ ਤੁਸੀਂ ਬਹੁਤ ਸਿਆਣੇ ਹੋ ਗਏ ਹੋ। ਸੋ ਬੱਚਿਓ ਕੱਲ੍ਹ ਆਪਾਂ ਕਿੱਥੇ ਪਹੁੰਚੇ ਸੀ?

ਨਾਨੀ ਜੀ, ਵੇਈਂ-ਨਦੀ ਵਾਲੀ ਸਾਖੀ ਤੇ ਆਤਮਾ ਸਿੰਘ ਨੇ ਝੱਟ ਜਵਾਬ ਦਿੱਤਾ।

ਸੋ ਬੱਚਿਓ ਇੱਕ ਦਿਨ ਕੀ ਹੋਇਆ, ਸਵੇਰੇ ਦਾ ਸੂਰਜ ਜਦੋਂ ਦੁਪਹਿਰ ਵੱਲ ਵਧ ਰਿਹਾ ਸੀ, ਨਾਨਕ ਵੇਈਂ-ਨਦੀ ਤੇ ਟਹਿਲਣ ਲਈ ਨਿਕਲੇ, ਤਾਂ ਬੜੀ ਦੇਰ ਤੱਕ ਵਾਪਸ ਹੀ ਨਾ ਪਰਤੇ। ਉਡੀਕ ਉਡੀਕ ਕੇ ਮਰਦਾਨਾ ਨਾਨਕ ਨੂੰ ਢੂੰਡਣ ਨਿਕਲਿਆ, ਵੇਖਿਆ ਨਦੀ ਦੇ ਕੰਢੇ ਇੱਕ ਝਾੜੀ ਉੱਪਰ ਨਾਨਕ ਦੇ ਕੱਪੜੇ ਤੇ ਹੇਠਾਂ ਜੋੜਾ ਪਏ ਹਨ। ਇਹ ਵੇਖ ਮਰਦਾਨਾ ਬੜਾ ਹੈਰਾਨ ਹੋਇਆ। ਇਸ਼ਨਾਨ ਤੇ ਨਾਨਕ ਨੇ ਸਵੇਰੇ ਸੁਵੱਖਤੇ ਕਰ ਹੀ ਲਿਆ ਸੀ, ਹੁਣ ਇਹ ਕੀ ਖੇਡ ਵਰਤਾਈ ਹੈ। ਮਰਦਾਨੇ ਇੱਧਰ ਉੱਧਰ ਵੇਈਂ ਦੇ ਪਾਣੀ ਵਿੱਚ ਨਿਗਾਹ ਘੁੰਮਾਈ ਪਰ ਨਾਨਕ ਦਾ ਤੇ ਕੋਈ ਨਾਮੋ-ਨਿਸ਼ਾਨ ਵੀ ਨਹੀਂ ਸੀ। ਫਿਰ ਮਰਦਾਨੇ ਨੇ ਨਾਨਕ ਦਾ ਨਾਮ ਲੈ ਲੈ ਕੇ ਉੱਚੀ ਉੱਚੀ ਅਵਾਜਾਂ ਦਿੱਤੀਆਂ ਪਰ ਨਾਨਕ ਦਾ ਕੋਈ ਵੀ ਮੋੜਵਾਂ ਜਵਾਬ ਨਾ ਆਇਆ। ਨਦੀ ਦੇ ਨਾਲ ਨਾਲ ਡੰਗਰ ਚਰਾ ਰਹੇ ਛੇੜੂ ਮੁੰਡੇ ਵੀ ਮਰਦਾਨੇ ਦੀਆਂ ਅਵਾਜਾਂ ਸੁਣ ਆਣ ਇਕੱਠੇ ਹੋਏ। ਮਰਦਾਨੇ ਦੇ ਨਾਲ ਰਲ੍ਹ ਕੇ ਨਾਨਕ ਨੂੰ ਅਵਾਜਾਂ ਮਾਰਨ ਲੱਗੇ ਤੇ ਢੂੰਡਣ ਲੱਗੇ ਪਰ ਨਾਨਕ ਦਾ ਤੇ ਨਾ ਕੋਈ ਨਾਮੋ-ਨਿਸ਼ਾਨ ਸੀ ਤੇ ਨਾ ਹੀ ਕੋਈ ਉੱਘ-ਸੁੱਘ ਹੀ ਮਿਲ ਰਹੀ ਸੀ।

ਬੱਚਿਓ ਇਹ ਖਬਰ ਘੜੀਆਂ,ਪਲ੍ਹਾਂ ਵਿਚ ਹੀ ਜੰਗਲ ਦੀ ਅੱਗ ਵਾਂਗ ਸਾਰੇ ਸੁਲਤਾਨਪੁਰ ਵਿਚ ਫੈਲ ਗਈ। ਭਾਈ ਜੈ ਰਾਮ, ਬੇਬੇ ਨਾਨਕੀ ਤੇ ਸੁਲੱਖਣੀ ਵੀ ਦੋਵਾਂ ਬੱਚਿਆਂ ਨੂੰ ਨਾਲ ਲੈ ਕੇ ਵੇਈਂ-ਨਦੀ ਦੇ ਕੰਢੇ ਤੇ ਪਹੁੰਚ ਗਏ। ਉੱਧਰ ਨਵਾਬ ਦੌਲਤ ਖਾਂ ਵੀ ਆਪਣੇ ਖਾਸ ਬੰਦਿਆਂ ਦੇ ਨਾਲ, ਪਾਣੀ 'ਚ ਚੁੱਭੀ ਲਾਣ ਵਾਲੇ ਗੋਤਾਖੋਰਾਂ ਨੂੰ ਨਾਲ ਲੈ ਕੇ ਪਹੁੰਚ ਗਿਆ। ਗੋਤਾਖੋਰਾਂ ਨੇ ਵੇਈਂ-ਨਦੀ ਦਾ ਚੱਪਾ ਚੱਪਾ ਖੰਘਾਲ ਸੁੱਟਿਆ ਪਰ ਨਾਨਕ ਦਾ ਕੋਈ ਵੀ ਖੁਰਾ ਖੋਜ ਤੇ ਨਾਮੋ-ਨਿਸ਼ਾਨ ਨਾ ਮਿਲਿਆ। ਉਹਨਾਂ ਜਾਲ ਲਾਇਆ ਪਰ ਡੱਡੂਆਂ, ਮੱਛੀਆਂ ਤੇ ਕੱਛੂ-ਕੁੰਮਿਆਂ ਬਿਨਾਂ ਕੁਝ ਵੀ ਜਾਲ ਵਿੱਚ ਨਾ ਫਸਿਆ।

ਸਾਰੇ ਬੱਚੇ ਸੁੰਨ ਹੋਏ ਦਾਦੀ ਮਾਂ ਦੇ ਮੂੰਹੋਂ ਨਿਕਲਦੇ ਹਰ ਲਫ਼ਜ਼ਾਂ ਨੂੰ ਬੜੀ ਗੰਭੀਰਤਾ ਨਾਲ ਸੁਣ ਰਹੇ ਸਨ।

ਦਾਦੀ ਜੀ ਨੇ ਗੱਲ ਜਾਰੀ ਰੱਖਦਿਆਂ ਆਖਿਆ- ਬੱਚਿਓ, ਸਾਰੇ ਆਖਣ ਨਾਨਕ ਡੁੱਬ ਗਿਆ ਹੈ ਜਾਂ

ਉਸਨੂੰ ਕਿਸੇ ਪਾਣੀ ਦੇ ਜਾਨਵਰ ਨੇ ਨਿਗਲ ਲਿਆ ਹੈ। ਸ਼ਾਮਾ ਪੈ ਰਹੀਆਂ ਸਨ, ਸੂਰਜ ਡੁੱਬ ਰਿਹਾ ਸੀ, ਨਵਾਬ ਦੌਲਤ ਖਾਂ ਨੇ ਭਾਈ ਜੈ ਰਾਮ ਨੂੰ ਦਿਲਾਸਾ ਦਿੰਦਿਆਂ ਆਖਿਆ- ਜੈ ਰਾਮ ਜੀ, ਅੱਲ੍ਹਾ ਦੀ ਮਰਜ਼ੀ ਅੱਗੇ ਬੰਦੇ ਦਾ ਕੋਈ ਜੋਰ ਨਹੀਂ। ਨਾਨਕ ਅੱਛਾ ਭਲਾ ਫਕੀਰ ਆਦਮੀ ਸੀ, ਅਸੀਂ ਵੀ ਉਸਨੂੰ ਬਹੁਤ ਮੁਹੱਬਤ ਕਰਦੇ ਸਾਂ ਤੇ ਅਦਬ ਸਤਿਕਾਰ ਕਰਦੇ ਸਾਂ ਪਰ ਉਸ ਖੁਦਾਵੰਦ ਦੀ ਮਰਜ਼ੀ ਅੱਗੇ ਕਿਸੇ ਦਾ ਕੋਈ ਜੋਰ ਨਹੀਂ, ਉਸ ਨੂੰ ਇਹੋ ਹੀ ਮਨਜ਼ੂਰ ਹੋਏਗਾ, ਤੁਸੀਂ ਵੀ ਸਬਰ ਕਰੋ, ਅੱਲ੍ਹਾ-ਤਾਲਾ ਦੀ ਮਰਜ਼ੀ ਨੂੰ ਮਨਜ਼ੂਰ ਕਰੋ ਤੇ ਪਰਿਵਾਰ ਨੂੰ ਵੀ ਹੌਂਸਲਾ ਦਿਓ ਤੇ ਸੰਭਾਲੋ। ਅਸੀਂ ਤਲਵੰਡੀ ਚੌਧਰੀ ਰਾਇ ਬੁਲਾਰ ਨੂੰ ਵੀ ਖਬਰ ਭਿਜਵਾ ਦਿੰਦੇ ਹਾਂ ਤੇ ਨਾਨਕ ਦੇ ਮਾਪਿਆਂ ਨੂੰ ਵੀ।

ਬੱਚਿਓ! ਬੇਬੇ ਨਾਨਕੀ ਨੇ ਦੋਵੇਂ ਹੱਥ ਉੱਪਰ ਚੁੱਕ ਕੇ ਉੱਚੀ ਆਵਾਜ਼ ਵਿੱਚ ਆਖਿਆ- 'ਮੇਰਾ ਵੀਰ ਨਾਨਕ ਡੁੱਬ ਨਹੀਂ ਸਕਦਾ, ਉਹ ਤੇ ਡੁੱਬਦਿਆਂ ਨੂੰ ਤਾਰਨ ਆਇਆ ਹੈ।' ਨਾਨਕ ਦੀ ਪਤਨੀ ਸੁਲੱਖਣੀ ਤੇ ਬਹੁਤ ਹੀ ਡੋਲੀ ਹੋਈ ਸੀ। ਨਾਨਕੀ ਨੇ ਸੁਲੱਖਣੀ ਨੂੰ ਦਿਲਾਸਾ ਦਿੰਦਿਆਂ ਆਖਿਆ-ਸੁਲੱਖਣੀ ਤੂੰ ਬਿਲਕੁੱਲ ਫਿਕਰ ਨਾ ਕਰ, ਕਿਉਂ ਘਬਰਾਉਂਦੀ ਏਂ ਨਾਨਕ ਉਹ ਨਹੀਂ ਜੋ ਲੋਕਾਂ ਸਮਝਿਆ ਏ, ਤੂੰ ਨਾਨਕ ਨੂੰ ਨੇੜ੍ਹੇ-ਸਵੇਰੇ ਆਇਆ ਜਾਣ।

ਤੇ ਬੱਚਿਓ ਮਰਦਾਨਾ ਆਖੇ, ਨਾਨਕ ਮੈਨੂੰ ਆਖ ਕੇ ਗਿਆ ਹੈ ਕਿ ਤੂੰ ਬੈਠ ਮੈਂ ਹੁਣੇ ਆਂਵਦਾ ਹਾਂ, ਤੇ ਉਹ ਜ਼ਰੂਰ ਆਏਗਾ। ਮੈਂ ਤੇ ਇੱਥੇ ਹੀ ਉਸਦੀ ਉਡੀਕ ਕਰਾਂਗਾ। ਬੇਬੇ ਨਾਨਕੀ ਸੁਲੱਖਣੀ ਨੂੰ ਦਿਲਾਸਾ ਦਿੰਦੀ ਅਤੇ ਦੋਵਾਂ ਬੱਚਿਆਂ ਨੂੰ ਸੰਭਾਲਦੀ ਘਰ ਵੱਲ ਲੈ ਤੁਰੀ ਪਰ ਅੰਦਰੋਂ ਉਸ ਦਾ ਮਨ ਬਿਲਕੁੱਲ ਜਾਣ ਨੂੰ ਨਹੀਂ ਸੀ ਕਰਦਾ। ਜਿਵੇਂ ਕਿਵੇਂ ਰਾਤ ਲੰਘੀ। ਦੂਸਰੇ ਦਿਨ ਸਾਰੇ ਸੁਲਤਾਨਪੁਰ ਵਿਚ ਇਸੇ ਘਟਨਾ ਦਾ ਹੀ ਚਰਚਾ ਸੀ। ਹਰ ਕੋਈ ਨਾਨਕ ਦੀਆਂ ਹੀ ਗੱਲਾਂ ਕਰ ਰਿਹਾ ਸੀ, ਕੋਈ ਆਖੇ ਨਾਨਕ ਨੇ ਮੇਰੇ ਲਈ ਆਹ ਕੀਤਾ, ਕੋਈ ਆਖੇ ਨਾਨਕ ਨੇ ਮੈਨੂੰ ਆਹ ਕਿਹਾ, ਕੋਈ ਆਖੇ ਨਾਨਕ ਨੇ ਮੈਨੂੰ ਆਹ ਦਿੱਤਾ। ਹਰ ਕੋਈ ਨਾਨਕ ਲਈ ਫ਼ਿਕਰਮੰਦ ਸੀ। ਨਾਨਕੀ ਨੇ ਘਰ ਜਾ ਕੇ ਰੋਟੀ-ਟੁੱਕ ਕੀਤਾ ਸਭਨਾ ਨੂੰ ਖੁਆਇਆ, ਤੇ ਮਰਦਾਨੇ ਨੂੰ ਖੁਆਣ ਲਈ ਰੋਟੀ ਪੋਣੇ 'ਚ ਬੰਨ੍ਹ ਕੇ ਨਾਲ ਲੈ ਲਈ ਤੇ ਵੇਈਂ-ਨਦੀ ਵੱਲ ਚੱਲ ਪਈ।

ਮਰਦਾਨਾ ਆਖੇ- ਭੈਣਾਂ ਮੈਨੂੰ ਤੇ ਭੁੱਖ ਨਹੀਂ, ਮੈਂ ਤੇ ਨਾਨਕ ਦੇ ਆਇਆਂ ਹੀ ਕੁਝ ਖਾਵਾਂਗਾ।

ਭੈਣ ਨਾਨਕੀ ਆਖਿਆ- ਮਰਦਾਨਿਆਂ ਤੈਨੂੰ ਕੋਈ ਸ਼ੱਕ ਏ ਕਿ ਨਾਨਕ ਨਹੀਂ ਆਏਗਾ?

ਮਰਦਾਨੇ ਆਖਿਆ- ਨਹੀਂ ਭੈਣਾਂ ਮੈਨੂੰ ਸ਼ੱਕ ਕੇਹਾ, ਨਾਨਕ ਨੇ ਮੁੜ ਆਵਣ ਲਈ ਕਿਹਾ ਹੈ ਤੇ ਜ਼ਰੂਰ ਆਏਗਾ।


ਤੇ ਲੈ ਫਿਰ ਤੂੰ ਰੋਟੀ ਖਾ ਲੈ। ਮੈਂ ਵੀ ਇੱਥੇ ਤੇਰੇ ਕੋਲ ਹੀ ਬੈਠਾਂਗੀ, ਨਾਨਕ ਨੂੰ ਮਿਲ ਕੇ ਹੀ ਜਾਵਾਂਗੀ।

ਸੋ ਬੱਚਿਓ ਸਾਰਾ ਦਿਨ ਨਾਨਕੀ ਤੇ ਮਰਦਾਨਾ ਬੈਠੇ ਬਚਪਨ ਦੀਆਂ, ਨਾਨਕ ਦੀਆਂ, ਰਾਇ ਬੁਲਾਰ ਦੀਆਂ ਗੱਲਾਂ ਕਰਦੇ ਰਹੇ। ਸ਼ਾਮਾਂ ਪੈਣ ਲੱਗੀਆਂ ਤਾਂ ਨਾਨਕੀ ਆਖਿਆ- ਮਰਦਾਨਿਆਂ ਮੇਰਾ ਮਨ ਜਾਣ ਨੂੰ ਤੇ ਨਹੀਂ ਕਰਦਾ ਪਰ ਸੁਲੱਖਣੀ ਤੇ ਬੱਚੇ ਕਿਤੇ ਭੁੱਖੇ ਹੀ ਨਾ ਬੈਠੇ ਹੋਣ, ਮੈਂ ਘਰ ਚੱਲ ਕੇ ਰੋਟੀ-ਟੁੱਕ ਕਰਨੀ ਆਂ, ਤੇ ਨਾਲੇ ਤੇਰੇ ਭਾਈਆ ਜੀ ਨੇ ਵੀ ਕੁਝ ਖਾਣਾ ਹੋਏਗਾ। ਕਿਤੇ ਤਲਵੰਡੀਓਂ ਹੀ ਨਾ ਕੋਈ ਆ ਗਿਆ ਹੋਵੇ? ਨਾਨਕੀ ਘਰ ਆ ਗਈ, ਤਲਵੰਡੀਓਂ ਮਾਤਾ ਪਿਤਾ ਵੀ ਆ ਗਏ ਸਨ, ਤੇ ਸੁਲਤਾਨਪੁਰ ਦੇ ਬਹੁਤ ਸਾਰੇ ਲੋਕ ਨਾਨਕ ਦੀ ਖਬਰ ਲੈਣ ਘਰ ਚੱਕਰ ਮਾਰ ਗਏ ਸਨ। ਨਾਨਕੀ ਨੇ ਸ਼ਾਮ ਦਾ ਰੋਟੀ ਟੁੱਕ ਕੀਤਾ ਅਤੇ ਭਾਈ ਜੈ ਰਾਮ ਨੂੰ ਆਖਿਆ ਕਿ ਮਰਦਾਨੇ ਨੇ ਤੇ ਘਰ ਆਵਣਾ ਨਹੀਂ, ਤੁਸੀਂ ਉਸ ਦੀ ਰੋਟੀ ਵੇਈਂ ਤੇ ਹੀ ਉਸ ਨੂੰ ਫੜਾ ਆਓ। ਕੋਲ ਬੈਠ ਕੇ ਉਸ ਨੂੰ ਖੁਆ ਕੇ ਆਇਓ।

ਬੱਚਿਓ ਤੀਸਰੇ ਦਿਨ ਦਾ ਸੂਰਜ ਚੜ੍ਹਿਆ, ਨਾਨਕੀ ਨੇ ਸਾਰਿਆਂ ਨੂੰ ਸ਼ਾਹ-ਵੇਲਾ ਕਰਵਾਇਆ ਤੇ ਮਰਦਾਨੇ ਦੀ ਰੋਟੀ ਲੈ ਵੇਈਂ ਵੱਲ ਚੱਲ ਪਈ।

ਸਾਰੇ ਬੱਚੇ ਟਿੱਕ-ਟਿੱਕੀ ਲਗਾਈ, ਸੁੰਨ ਹੋਏ ਬੈਠੇ ਦਾਦੀ ਮਾਂ ਦੇ ਮੂੰਹ ਵੱਲ ਵੇਖ ਰਹੇ ਸਨ, ਜਿਵੇਂ ਅਗਲੀ ਗੱਲ ਦੀ ਉਡੀਕ ਕਰ ਰਹੇ ਹੋਣ।

ਨਾਨਕੀ ਵੇਈਂ ਨਦੀ ਤੇ ਮਰਦਾਨੇ ਕੋਲ ਪਹੁੰਚ ਗਈ ਤੇ ਉਸਨੂੰ ਸ਼ਾਹ-ਵੇਲਾ ਕਰਵਾਇਆ। ਉਹ ਅਜੇ ਕੋਈ ਗੱਲ ਬਾਤ ਕਰਨ ਹੀ ਲੱਗੇ ਸਨ ਕਿ ਉਨ੍ਹਾਂ ਨੂੰ ਵੇਈਂ ਦੇ ਵਗਦੇ ਪਾਣੀਆਂ ਵਲੋਂ ਸਤਿ-ਕਰਤਾਰ ਦੀ ਅਵਾਜ਼ ਸੁਣਾਈ ਦਿੱਤੀ। ਉਹ ਦੋਵੇਂ ਜਿੱਧਰੋਂ ਆਵਾਜ਼ ਆ ਰਹੀ ਸੀ, ਉੱਠ ਕੇ ਉੱਧਰ ਨੂੰ ਭੱਜੇ। ਕੀ ਵੇਖਿਆ ਕਿ ਵੇਈਂ ਦੇ ਪਾਣੀਆਂ ਕੋਲ ਕੋਈ ਬਹੁਤ ਹੀ ਅਲੋਕਾਰ ਜਿਹਾ ਪ੍ਰਕਾਸ਼ ਹੈ, ਜੋ ਹੌਲੀ ਹੌਲੀ ਉਨ੍ਹਾਂ ਵੱਲ ਆ ਰਿਹਾ ਹੈ। ਫਿਰ ਉਨ੍ਹਾਂ ਨੂੰ ਨਾਨਕ ਦਾ ਝਾਉਲਾ ਪੈਣ ਲੱਗਾ, ਉਨ੍ਹਾਂ ਵੇਖਿਆ ਇਹ ਪ੍ਰਕਾਸ਼ ਨਾਨਕ ਦੇ ਉਦਾਲੇ ਸੀ ਤੇ ਨਾਨਕ ਬਾਰ ਬਾਰ ਸਤਿ ਕਰਤਾਰ ਬੋਲ ਰਿਹਾ ਸੀ, ਫਿਰ ਉਸ ਹੋਕਾ ਦੇਣਾ ਸ਼ੁਰੂ ਕੀਤਾ ਤੇ ਆਖਣ ਲੱਗਾ- ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ,-ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ।



ਨਾਨਕੀ ਤੇ ਮਰਦਾਨੇ ਵੇਖਿਆ ਕਿ ਨਾਨਕ ਦੇ ਚਿਹਰੇ ਤੇ ਕੋਈ ਰੱਬੀ ਨੂਰ ਤੇ ਜਲਾਲ ਸੀ ਤੇ ਉਸਦੀਆਂ ਅੱਖਾਂ ਵਿੱਚ ਇੱਕ ਅਜੀਬ ਕਿਸਮ ਦੀ ਚਮਕ ਤੇ ਕਸ਼ਿਸ਼ ਸੀ। ਸੁਲਤਾਨਪੁਰ ਦੇ ਲੋਕਾਂ ਨੇ ਵੀ ਇਹ ਅਵਾਜ ਸੁਣੀ,

ਤੇ ਉਨ੍ਹਾਂ ਪਹਿਚਾਣ ਲਿਆ ਕਿ ਇਹ ਅਵਾਜ ਤੇ ਨਾਨਕ ਦੀ ਏ। ਪਲਾਂ ਵਿਚ ਹੀ ਸਾਰਾ ਸੁਲਤਾਨਪੁਰ ਲੋਧੀ ਵੇਈਂ ਨਦੀ ਦੇ ਕੰਢਿਆਂ ਤੇ ਨਾਨਕ ਦੇ ਉਦਾਲੇ ਇਕੱਠਾ ਹੋ ਗਿਆ। ਇੱਕ ਵੱਡੀ ਭੀੜ ਨਾਨਕ ਦੇ ਪਿੱਛੇ ਪਿੱਛੇ ਸੁਲਤਾਨਪੁਰ ਦੇ ਚੁਰੱਸਤੇ ਵੱਲ ਜਾ ਰਹੀ ਸੀ, ਜਿੱਥੇ ਸੁਲਤਾਨਪੁਰ ਦੀ ਵੱਡੀ ਮੰਡੀ ਸੀ ਤੇ ਮੋਦੀ-ਖਾਨਾ ਵੀ। ਲੋਕਾਂ ਵੇਖਿਆ ਨਾਨਕ ਦੇ ਚਿਹਰੇ ਤੇ ਇਕ ਅਲੌਕਿਕ ਨੂਰ ਸੀ, ਅੱਖਾਂ ਵਿੱਚ ਇਕ ਰੂਹਾਨੀ ਚਮਕ ਤੇ ਉਹਦੇ ਬੋਲ ਠੰਡ ਪਾਉਂਦੇ ਤੇ ਸੁੱਖ ਦਿੰਦੇ ਜਾਪਦੇ ਸਨ।

ਨਾਨਕ ਦੇ ਮੁੱਖ ਤੋਂ ਰੱਬੀ ਇਲਹਾਮ ਸੁਣ ਲੋਕ ਤਾਂ ਜਿਵੇਂ ਨਾਨਕ ਦੇ ਮੁਰੀਦ ਹੀ ਹੋ ਗਏ। ਕੋਈ ਨਾਨਕ ਨੂੰ ਖੁਦਾਵੰਦ ਦਾ ਪੈਗੰਬਰ ਆਖ ਰਿਹਾ ਸੀ, ਕੋਈ ਫਰਿਸ਼ਤਾ ਆਖਦਾ ਤੇ ਕੋਈ ਨਾਨਕ ਨੂੰ ਜਗਤ ਗੁਰੂ ਆਖਣ ਲੱਗਾ। ਸਭ ਜਾਣਦੇ ਸਨ ਜਿਸ ਵੇਈਂ ਨਦੀ ਦਾ ਚੱਪਾ ਚੱਪਾ ਛਾਣ ਮਾਰਿਆ ਸੀ, ਤੀਸਰੇ ਦਿਨ ਉਸੇ ਵੇਈਂ ਚੋਂ ਨਾਨਕ ਪ੍ਰਗਟ ਹੋ ਗਿਆ ਹੈ, ਇਹ ਕੋਈ ਰੱਬੀ ਰੂਹ ਹੈ।

# ਸਾਖੀ ਕਾਜ਼ੀ ਨਾਲ ਨਮਾਜ਼ ਪੜ੍ਹਨ ਦੀ

ਬੱਚਿਓ ਮੋਦੀ-ਖਾਨੇ ਦੇ ਸਾਹਮਣੇ ਨਾਨਕ ਨੂੰ ਅੱਗੋਂ ਸ਼ਾਹੀ-ਕਾਜ਼ੀ ਆਣ ਮਿਲਿਆ। ਨਾਨਕ ਦੇ ਮੂੰਹੋਂ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਦੀ ਰੱਟ ਸੁਣ ਅੱਗ ਬਬੂਲਾ ਹੋ ਉਠਿਆ। ਉਸ ਨਾਨਕ ਨੂੰ ਆਖਿਆ ਨਾਨਕਾ, ਤੂੰ ਇਹ ਕੀ ਕੁਫ਼ਰ ਤੋਲ ਰਿਹਾ ਏਂ, ਇਸ ਤਰ੍ਹਾਂ ਕਹਿ ਕੇ ਤੂੰ ਗੁਸਤਾਖੀ ਪਿਆ ਕਰਦਾ ਏਂ, ਤੂੰ ਇਸਲਾਮ ਦੀ ਤੌਹੀਨ ਕਰਦਾ ਏਂ, ਤੈਨੂੰ ਇਸ ਦੀ ਸਜ਼ਾ ਮਿਲੇਗੀ, ਤੇ ਸ਼ਾਹੀ-ਕਾਜ਼ੀ ਨੇ ਸਿਪਾਹੀਆਂ ਨੂੰ ਆਖਿਆ ਕਿ ਨਾਨਕ ਨੂੰ ਫੜ ਕੇ ਨਵਾਬ ਸਾਹਿਬ ਪਾਸ ਲੈ ਚਲੋ। ਆਪ ਵੀ ਅੱਗੇ ਅੱਗੇ ਨਵਾਬ ਦੌਲਤ ਖਾਂ ਦੇ ਦਰਬਾਰ ਵੱਲ ਚੱਲ ਪਿਆ ਪਰ ਬੱਚਿਓ, ਇਸ ਗੱਲ ਦਾ ਨਾਨਕ ਦੇ ਚਿਹਰੇ ਤੇ ਕੋਈ ਵੀ ਅਸਰ ਨਹੀਂ ਸੀ, ਉਹ ਤੇ ਉਵੇਂ ਹੀ ਅਡੋਲ ਸਨ ਤੇ ਵਾਰ ਵਾਰ ਆਖ ਰਹੇ ਸਨ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ, ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ, ਤੇ ਨਿਸਚਿੰਤ ਨਵਾਬ ਦੌਲਤ ਖਾਂ ਦੇ ਦਰਬਾਰ ਵਿੱਚ ਪਹੁੰਚ ਗਏ।

'ਦਾਦੀ ਜੀ ਇਹ ਤੇ ਕੋਈ ਗੁਨਾਹ ਨਹੀਂ ਕਿ ਸਤਿਗੁਰੂ ਜੀ ਨੂੰ ਫੜ ਕੇ ਨਵਾਬ ਕੋਲੇ ਲਜਾਇਆ ਜਾਵੇ?' ਰਤਨ ਸਿੰਘ ਨੇ ਪੁੱਛਿਆ।

ਰਤਨ ਸਿੰਘ ਜੀ, ਉਸ ਵਕਤ ਮੁਸਲਮਾਨੀ ਰਾਜ ਸੀ, ਜਿਸ ਰਾਜ ਵਿਚ ਸ਼ਾਹੀ-ਕਾਜ਼ੀਆਂ ਦਾ ਬੋਲ-ਬਾਲਾ ਸੀ ਤੇ ਸ਼ਾਹੀ-ਕਾਜ਼ੀ ਕਦੋਂ ਇਹ ਸਹਿ ਸਕਦੇ ਸਨ ਕਿ ਕੋਈ ਉਨ੍ਹਾਂ ਦੀ ਮਰਜ਼ੀ ਤੇ ਇਸਲਾਮ ਦੇ ਕਾਨੂੰਨਾਂ ਦੇ ਖਿਲਾਫ ਬੋਲੇ।

'ਦਾਦੀ ਜੀ ਨਵਾਬ ਦੇ ਦਰਬਾਰ ਵਿਚ ਫਿਰ ਕੀ ਹੋਇਆ?' ਧਰਮ ਕੌਰ ਨੇ ਪੁੱਛਿਆ।

ਧਰਮ ਕੌਰ ਜੀ, ਨਾਨਕ ਦਰਬਾਰ ਵਿੱਚ ਵੀ ਬੜੀ ਨਿਡੱਰਤਾ ਤੇ ਨਿਰਭੈਅਤਾ ਨਾਲ ਆਖ ਰਹੇ ਸਨ-ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ।' ਸ਼ਾਹੀ ਕਾਜ਼ੀ ਨੇ ਕੜਕ ਕੇ ਕਿਹਾ- ਨਵਾਬ ਸਾਹਿਬ ਨਾਨਕ ਕੁਫ਼ਰ ਤੋਲ ਰਿਹਾ ਏ ਤੇ ਗੁਸਤਾਖ਼ੀ ਕਰ ਰਿਹਾ ਏ। ਨਾਨਕ ਦਾ ਇਸ ਤਰ੍ਹਾਂ ਕਹਿਣਾ ਇਸਲਾਮ ਦੀ ਤੌਹੀਨ ਹੈ। ਨਾਨਕ ਨੂੰ ਇਸ ਦੀ ਸਜ਼ਾ ਮਿਲਣੀ ਚਾਹੀਦੀ ਹੈ।

ਨਵਾਬ ਦੌਲਤ ਖਾਂ ਨੇ ਨਾਨਕ ਨੂੰ ਆਖਿਆ- ਨਾਨਕਾ ਤੂੰ ਇਸ ਤਰ੍ਹਾਂ ਕਹਿ ਕੇ ਸਾਡੀ ਰਿਆਸਤ ਦਾ ਅਮਨ ਕਿਉਂ ਭੰਗ ਕਰ ਰਿਹਾ ਏਂ? ਤੂੰ ਖੜ੍ਹਿਆਂ ਪਾਣੀਆਂ ਵਿਚ ਪੱਥਰ ਸੁੱਟ ਰਿਹਾ ਏਂ। ਤੈਨੂੰ ਇਸ ਤਰ੍ਹਾਂ ਕਹਿਣ ਦਾ ਕੋਈ ਹੱਕ ਨਹੀਂ।

ਨਾਨਕ ਨੇ ਆਖਿਆ- ਨਵਾਬ ਸਾਹਿਬ ਪਰਮਾਤਮਾ ਨੇ ਤੇ ਸਭ ਬੰਦੇ ਬਰਾਬਰ ਬਣਾਏ ਹਨ, ਸਾਰੇ ਇਨਸਾਨ ਉਸ ਇਕੋ ਹੀ ਪਰਵਦਗਾਰ ਦੀ ਇਕੋ-ਜਿਹੀ ਰਚਨਾ ਹੈ। ਉਸਨੇ ਤੇ ਇੱਕ ਨੂੰ ਹਿੰਦੂ ਤੇ ਦੂਸਰੇ ਨੂੰ ਮੁਸਲਮਾਨ ਨਹੀਂ ਨਾ ਬਣਾਇਆ? ਫਿਰ ਮੁਸਲਮਾਨ ਤੇ ਹਿੰਦੂ ਤਾਂ ਅਸੀਂ ਆਪਣੀ ਮਰਜ਼ੀ ਨਾਲ ਹੀ ਬਣੇ ਹੋਏ ਹਾਂ ਨਾ। ਦੱਸੋ ਮੈਂ ਗਲਤ ਕਿਵੇਂ ਹੋਇਆ?

ਨਵਾਬ ਨੂੰ ਨਾਨਕ ਦੇ ਤਰਕ ਦਾ ਕੋਈ ਜਵਾਬ ਨਾ ਆਇਆ ਪਰ ਸ਼ਾਹੀ-ਕਾਜ਼ੀ ਫਿਰ ਭੜਕ ਉੱਠਿਆ ਤੇ ਆਖਣ ਲੱਗਾ ਜੇ ਇਹ ਗੱਲ ਹੈ, ਤਾਂ ਕੀ ਤੂੰ ਸਾਡੇ ਨਾਲ ਸ਼ਾਹੀ ਮਸਜਿਦ ਵਿੱਚ ਨਮਾਜ਼ ਪੜ੍ਹੇਂਗਾ?

ਨਾਨਕ ਨੇ ਆਖਿਆ- ਬੇ-ਸ਼ੱਕ।

ਤੇ ਫੈਸਲਾ ਹੋਇਆ ਕਿ ਅਸਰ ਦੀ ਨਮਾਜ਼ ਨਾਨਕ, ਨਵਾਬ ਸਾਹਿਬ, ਸ਼ਾਹੀ-ਕਾਜ਼ੀ ਤੇ ਜਮਾਤ ਨਾਲ ਪੜ੍ਹੇਗਾ। ਇਹ ਸਾਰਾ ਤਮਾਸ਼ਾ ਵੇਖਣ ਲਈ ਸੁਲਤਾਨਪੁਰ ਦੇ ਲੋਕ ਵੀ ਆ ਸ਼ਾਹੀ ਮਸਜਿਦ 'ਚ ਇਕੱਠੇ ਹੋਣ ਲੱਗੇ।

ਨਵਾਬ ਦੌਲਤ ਖਾਂ, ਸ਼ਾਹੀ ਕਾਜ਼ੀ ਤੇ ਸੁਲਤਾਨਪੁਰ ਦੇ ਹੋਰ ਨਮਾਜ਼ੀਏ ਸ਼ਾਹੀ ਮਸਜ਼ਿਦ ਵਿੱਚ ਆਣ ਇਕੱਠੇ ਹੋਏ। ਸ਼ਾਹੀ ਇਮਾਮ ਨੇ ਅਸਰ ਦੀ ਨਮਾਜ਼ ਲਈ ਅਗਵਾਈ ਕੀਤੀ। ਨਮਾਜ਼ ਸਮਾਪਤ ਹੋਈ ਪਰ ਨਾਨਕ ਨੇ ਨਮਾਜ਼ੀਆਂ ਨਾਲ ਨਮਾਜ਼ ਨਹੀਂ ਸੀ ਪੜ੍ਹੀ। ਸ਼ਾਹੀ-ਕਾਜ਼ੀ ਨੇ ਨਾਨਕ ਨੂੰ ਪੁੱਛਿਆ-ਨਾਨਕਾ ਤੂੰ ਸਾਡੇ ਨਾਲ ਨਮਾਜ਼ ਕਿਉਂ ਨਹੀਂ ਪੜ੍ਹੀ?

ਨਾਨਕ ਨੇ ਆਖਿਆ- ਕਾਜ਼ੀ ਸਾਹਿਬ ਤੁਸੀਂ ਨਮਾਜ਼ ਕਿੱਥੋਂ ਪੜ੍ਹ ਰਹੇ ਸੀ, ਤੁਹਾਨੂੰ ਤੇ ਫਿਕਰ ਲੱਗਾ ਹੋਇਆ ਸੀ ਕਿ ਤੁਹਾਡੇ ਘਰ ਹੁਣੇ ਹੁਣੇ ਘੋੜੀ ਨੇ ਜੋ ਵਛੇਰਾ ਦਿੱਤਾ ਹੈ, ਉਹ ਵਛੇਰਾ ਕਿਤੇ ਘਰ ਦੇ ਵਿਹੜੇ ਵਿੱਚ ਲੱਗੀ ਖੂਹੀ ਵਿੱਚ ਨਾ ਡਿੱਗ ਪਵੇ?

ਨਾਨਕ ਦੀ ਗੱਲ ਸੁਣ ਕੇ ਕਾਜ਼ੀ ਬਹੁਤ ਸ਼ਰਮਿੰਦਾ ਹੋਇਆ ਕਿਉਂਕਿ ਕਾਜ਼ੀ ਸੱਚ-ਮੁੱਚ ਵਛੇਰੇ ਬਾਰੇ ਹੀ ਸੋਚ ਰਿਹਾ ਸੀ, ਤੇ ਉਹ ਹੈਰਾਨ ਵੀ ਸੀ ਕਿ ਨਾਨਕ ਨੇ ਮੇਰੇ ਅੰਦਰ ਦੀ ਗੱਲ ਕਿਵੇਂ ਬੁੱਝ ਲਈ। ਅੱਗੇ ਬੋਲਣ ਦੀ ਉਸ ਦੀ ਹਿੰਮਤ ਹੀ ਨਾ ਹੋਈ।

ਬੱਚਿਓ ਹੁਣ ਨਵਾਬ ਦੌਲਤ ਖਾਂ ਨੇ ਆਖਿਆ- ਨਾਨਕਾ ਫਿਰ ਤੂੰ ਸਾਡੇ ਨਾਲ ਨਮਾਜ਼ ਪੜ੍ਹ ਲੈਂਦਾ?

ਨਾਨਕ ਨੇ ਆਖਿਆ- ਨਵਾਬ ਸਾਹਿਬ ਤੁਸੀਂ ਤੇ ਇੱਥੇ ਹੈ ਹੀ ਨਹੀਂ ਸਓਂ, ਤੁਸੀਂ ਤੇ ਕਾਬਲ ਵਿੱਚ ਵਧੀਆ ਨਸਲ ਦੇ ਘੋੜੇ ਖਰੀਦ ਰਹੇ ਸੀ। ਨਾਨਕ ਦੀ ਗੱਲ ਸੁਣ ਕੇ ਨਵਾਬ ਦੌਲਤ ਖਾਂ ਵੀ ਬਹੁਤ ਸ਼ਰਮਿੰਦਾ ਹੋਇਆ ਕਿਉਂਕਿ ਨਵਾਬ ਸੱਚ-ਮੁੱਚ ਮਨ ਕਰਕੇ ਨਮਾਜ਼ੀਆਂ ਵਿੱਚ ਹੈ ਹੀ ਨਹੀਂ ਸੀ, ਕਾਬਲ ਵਿੱਚੋਂ ਵਧੀਆ ਨਸਲ ਦੇ ਘੋੜੇ ਖਰੀਦਣ ਬਾਰੇ ਸੋਚ ਰਿਹਾ ਸੀ।

ਨਾਨਕ ਨੇ ਆਖਿਆ- ਨਵਾਬ ਸਾਹਿਬ! ਖੁਦਾ ਦੀ ਇਬਾਦਤ ਤੇ ਮਨ ਨਾਲ ਹੁੰਦੀ ਏ, ਜੇ ਇਬਾਦਤ ਕਰਦਿਆਂ ਮਨ ਹੀ ਗੈਰਹਾਜ਼ਰ ਹੈ, ਫਿਰ ਉਹ ਇਬਾਦਤ ਅੱਲ੍ਹਾ ਦੇ ਦਰ ਤੇ ਕਿਵੇਂ ਮਨਜ਼ੂਰ ਹੋ ਸਕਦੀ ਏ? ਨਵਾਬ, ਕਾਜ਼ੀ ਤੇ ਹੋਰ ਲੋਕ ਨਾਨਕ ਦੀਆਂ ਸੱਚੀਆਂ ਗੱਲਾਂ ਅੱਗੇ ਨਿਰੁੱਤਰ ਸਨ। ਨਾਨਕ ਦੀਆਂ ਗੱਲਾਂ ਦਾ ਕਿਸੇ ਨੂੰ ਕੋਈ ਜਵਾਬ ਨਾ ਆਇਆ ਤੇ ਹੌਲੀ ਹੌਲੀ ਸਾਰੇ ਹੀ ਪੈਰ ਮਲਦੇ ਮਸਜ਼ਿਦ ਚੋਂ ਬਾਹਰ ਨਿਕਲ ਗਏ।

'ਨਾਨੀ ਜੀ, ਇਹ ਅਸਰ ਦੀ ਨਮਾਜ਼ ਕਿਹੜੀ ਹੋਈ?' ਆਤਮਾ ਸਿੰਘ ਨੇ ਆਪਣਾ ਸ਼ੰਕਾ ਆਪਣੀ ਨਾਨੀ ਜੀ ਅੱਗੇ ਜ਼ਾਹਰ ਕੀਤਾ।

ਦਾਦੀ ਜੀ ਸਤਿਗੁਰੂ ਜੀ ਫਿਰ ਤਿੰਨ ਦਿਨ ਕਿੱਥੇ ਅਲੋਪ ਰਹੇ? ਰਤਨ ਸਿੰਘ ਤੇ ਧੰਨਾ ਸਿੰਘ ਨੇ ਇਕੱਠਿਆਂ ਪੁੱਛਿਆ।

ਰਤਨ ਸਿੰਘ ਜੀ ਪਹਿਲਾਂ ਤੁਹਾਡੀ ਗੱਲ ਦਾ ਜਵਾਬ- ਪੁਰਾਤਨ ਜਨਮ-ਸਾਖੀਆਂ ਅਤੇ ਗੁਰੂ ਘਰ ਦੇ ਇਤਿਹਾਸ ਅਨੁਸਾਰ ਇਹ ਤਿੰਨ ਦਿਨ ਸਤਿਗੁਰੂ ਜੀ ਦਾ ਪ੍ਰਮਾਤਮਾ ਨਾਲ ਮਿਲਾਪ ਦਾ ਸਮਾਂ ਸੀ। ਸੱਚਖੰਡ ਵਿੱਚ ਜਦੋਂ ਸਤਿਗੁਰੂ ਜੀ ਦਾ ਪ੍ਰਮਾਤਮਾ ਨਾਲ ਮਿਲਾਪ ਹੋਇਆ, ਉਸ ਦਾ ਜਿਕਰ ਗੁਰੂ-ਘਰ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਕਰਦੇ ਹਨ-

'ਬਾਬਾ ਪੈਧਾ ਸਚਖੰਡ ਨਓ ਨਿਧਿ ਨਾਮ ਗਰੀਬੀ ਪਾਈ।'

ਬੱਚਿਓ, ਉਸ ਪ੍ਰਮਾਤਮਾ ਨੇ ਸੰਸਾਰ ਦੇ ਸਾਰੇ ਪਦਾਰਥਾਂ, ਧਨ, ਦੌਲਤ ਆਦਿ ਸਭ ਤੋਂ ਕੀਮਤੀ 'ਨਾਮ'

ਲੁਕਾਈ ਨੂੰ ਵੰਡਣ ਲਈ ਨਾਨਕ ਦੀ ਝੋਲੀ 'ਚ ਪਾ ਦਿੱਤਾ ਅਤੇ ਨਾਲ ਹੀ ਗਰੀਬੀ ਭਾਵ ਨਿਮਰਤਾ, ਪਿਆਰ, ਹਲੀਮੀ, ਮੁਹੱਬਤਾਂ ਵੀ ਵੰਡਣ ਲਈ ਪਾ ਦਿੱਤੀਆਂ। ਇਸ ਤਰ੍ਹਾਂ ਸੰਸਾਰ ਦੀਆਂ ਨੌਂਨਿੱਧਾਂ ਤੇ ਬਾਰਾਂ ਸਿੱਧਾਂ ਦੀ ਪਰਾਪਤੀ ਦਾ ਮੂਲ 'ਨਾਮ' ਨਾਲ ਮਾਲਾ-ਮਾਲ ਨਾਨਕ, ਤੀਸਰੇ ਦਿਨ ਸੱਚਖੰਡ ਚੋਂ ਵਾਪਸ ਪਰਤੇ।

ਬੱਚਿਓ ਹੁਣ ਨਾਨਕ ਦੇ ਚਿਹਰੇ ਤੇ ਇਕ ਵੱਖਰਾ ਹੀ ਨੂਰ ਸੀ। ਅੱਖਾਂ ਵਿਚ ਕੋਈ ਰੂਹਾਨੀ ਚਮਕ ਸੀ ਤੇ ਬੋਲਾਂ ਵਿਚ ਸੱਚ ਤੇ ਪਿਆਰ ਦਾ ਸੁਨੇਹਾ, ਤੇ ਉਸ ਪ੍ਰਮਾਤਮਾ ਦਾ ਇਹ ਸੁਨੇਹਾ ਹੀ ਸੀ, ਜੋ ਇਸ ਘਟਨਾ ਤੋਂ ਬਾਅਦ ਨਾਨਕ ਜੀ ਨੇ ਚਾਰ ਉਦਾਸੀਆਂ ਕਰਕੇ ਦੁਨੀਆਂ ਦੇ ਕੋਨੇ ਕੋਨੇ ਵਿੱਚ ਜਾ ਕੇ ਪ੍ਰਚਾਰਿਆ।

ਹੁਣ ਆਤਮਾ ਸਿੰਘ ਜੀ ਤੁਹਾਡੀ ਗੱਲ ਦਾ ਜਵਾਬ-ਮੁਸਲਮਾਨੀ ਮੱਤ ਦੇ ਅਨੁਸਾਰ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨੇ ਮੁਸਲਮਾਨਾਂ ਨੂੰ ਦਿਨ ਵਿੱਚ ਪੰਜ ਨਮਾਜ਼ਾਂ ਪੜ੍ਹਨ ਲਈ ਹੁਕਮ ਕੀਤਾ ਹੈ। ਸਾਰੇ ਧਿਆਨ ਨਾਲ ਸੁਣ ਲਓ-

ਇੱਕ :- ਫਜ਼ਰ ਦੀ ਨਮਾਜ਼, ਜੋ ਸੂਰਜ ਚੜ੍ਹਨ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ।

ਦੂਸਰੀ :- ਜ਼ੁਹਰ ਦੀ ਨਮਾਜ਼, ਜੋ ਦੁਪਿਹਰ ਢਲਦਿਆਂ ਪੜ੍ਹੀ ਜਾਂਦੀ ਹੈ।

ਤੀਸਰੀ :- ਅਸਰ ਦੀ ਨਮਾਜ਼, ਜੋ ਸੂਰਜ ਅਸਤ ਹੋਣ ਤੋਂ ਪਹਿਲੋਂ ਪੜ੍ਹੀ ਜਾਂਦੀ ਹੈ।

ਚੌਥੀ :- ਮਗਰਬ ਦੀ ਨਮਾਜ਼, ਜੋ ਸੂਰਜ ਅਸਤ ਹੋਣ ਤੋਂ ਬਾਅਦ ਪੜ੍ਹੀ ਜਾਂਦੀ ਹੈ।

ਪੰਜਵੀਂ :- ਈਸ਼ਾ ਦੀ ਨਮਾਜ਼, ਜੋ ਸੂਰਜ ਅਸਤ ਹੋਣ ਤੋਂ ਡੇਢ ਘੰਟਾ ਬਾਅਦ ਸੌਣ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ।

ਹੋਰ ਕਿਸੇ ਨੇ ਕੁਝ ਪੁੱਛਣਾ ਹੈ? ਦਾਦੀ ਜੀ ਨੇ ਸਾਰਿਆਂ ਨਾਲ ਨਿਗਾਹਾਂ ਮਿਲਾਉਂਦਿਆਂ ਪੁੱਛਿਆ।

'ਨਹੀਂ, ਦਾਦੀ ਜੀ, ਤੁਸੀਂ ਅੱਗੇ ਸਾਖੀ ਸੁਣਾਓ। ਸਾਰਿਆਂ ਨੇ ਇਕੱਠਿਆਂ ਕਿਹਾ।

ਆਤਮਾ ਸਿੰਘ ਦੇ ਬੁੱਲ ਫਰਕਦੇ ਵੇਖ ਨਾਨੀ ਮਾਂ ਨੇ ਆਖਿਆ- ਆਤਮਾ ਸਿੰਘ ਮੈਨੂੰ ਪਤਾ ਹੈ ਤੁਸੀਂ ਨੌਂ-ਨਿੱਧਾਂ ਤੇ ਬਾਰਾਂ ਸਿੱਧਾਂ ਬਾਰੇ ਪੁਛਣਾ ਚਾਹੁੰਦੇ ਹੋ? ਕੀ ਮੈਂ ਠੀਕ ਹਾਂ?

'ਜੀ ਨਾਨੀ ਜੀ, ਆਤਮਾ ਸਿੰਘ ਨੇ ਮੁਸਕਰਾਉਂਦੇ ਹੋਏ ਨੇ ਜਵਾਬ ਦਿੱਤਾ।

ਇਹਨਾਂ ਬਾਰੇ ਮੈਂ ਤੁਹਾਨੂੰ ਅੱਗੇ ਚੱਲਕੇ ਦੱਸਾਂਗੀ। ਸੋ ਬੱਚਿਓ ਇਸ ਤੋਂ ਬਾਅਦ ਨਵਾਬ ਦੌਲਤ ਖਾਂ ਨੇ ਆਪਣੇ ਇਕ ਖਾਸ ਬੰਦੇ ਨੂੰ ਨਾਨਕ ਵੱਲ ਭੇਜਿਆ ਕਿ ਨਾਨਕ ਜਿਹੜਾ ਵੀ ਅਹੁਦਾ ਲੈਣਾ ਚਾਹੁੰਦਾ ਹੈ, ਨਵਾਬ ਸਾਹਿਬ ਨਾਨਕ ਨੂੰ ਦੇਣ ਨੂੰ ਤਿਆਰ ਹਨ ਪਰ ਨਾਨਕ ਸੁਲਤਾਨਪੁਰ ਛੱਡ ਕੇ ਕਿੱਤੇ ਬਾਹਰ ਨਾ ਜਾਵੇ। ਪਰ ਬੱਚਿਓ ਨਾਨਕ ਨੇ ਕੋਈ ਵੀ ਅਹੁਦਾ ਲੈਣ ਤੋਂ ਇਨਕਾਰ ਕਰ ਦਿੱਤਾ।

ਇੱਕ ਦਿਨ ਕੀ ਹੋਇਆ ਨਾਨਕ ਨੇ ਮਰਦਾਨੇ ਨੂੰ ਆਖਿਆ ਮਰਦਾਨਿਆਂ ਜਾਹ ਜਾ ਕੇ ਰਬਾਬ ਲੈ ਕੇ ਆ! ਮਰਦਾਨੇ ਆਖਿਆ ਠੀਕ ਹੈ, ਜੀ ਫਿਰ ਦਿਓ ਪੈਸੇ। ਨਾਨਕ ਆਖਿਆ ਪੈਸੇ ਤੇ ਆਪਣੇ ਕੋਲ ਹੈਣ ਨਹੀਂ, ਉਧਾਰ ਕੋਈ ਅਸਾਂ ਨੂੰ ਦੇਂਵਦਾ ਨਹੀਂ। ਮਰਦਾਨਿਆਂ ਜਾਹ ਬੇਬੇ ਨਾਨਕੀ ਪਾਸ ਜਾਹ, ਸਵਾਲੀ ਬਨਣਾ ਠੀਕ ਤੇ ਨਹੀਂ ਪਰ ਗਰਜ ਕੀ ਕੁਛ ਕਰਵਾਂਵਦੀ ਏ।

ਸੋ ਬੱਚਿਓ ਮਰਦਾਨਾ ਬੇਬੇ ਨਾਨਕੀ ਪਾਸ ਗਿਆ ਤੇ ਆਖਿਆ- ਬੇਬੇ ਅਸਾਂ ਨੂੰ ਰਬਾਬ ਲੈ ਦਿਓ।

ਨਾਨਕੀ ਆਖਿਆ- ਮਰਦਾਨਿਆਂ ਰਬਾਬਾਂ ਤੇ ਤੁਸਾਂ ਨੂੰ ਸੌ ਲੈ ਦੇਸਾਂ, ਨਾਨਕ ਨੂੰ ਆਖਣਾ ਮਿਲ ਤੇ ਜਾਇਆ ਕਰੇ ਉਹ ਤੇ ਅਸਾਂ ਨੂੰ ਭੁੱਲ ਹੀ ਜਾਂਵਦਾ ਹੈ। ਨਾਨਕੀ ਨੇ ਰੁਪਏ ਮਰਦਾਨੇ ਦੇ ਹੱਥੀ ਫੜਾਉਂਦਿਆਂ ਆਖਿਆ- ਭਾਈ ਜੇਹੀ ਖੁਸ਼ੀ ਆਵੇ ਤੇਹੀ ਰਬਾਬ ਲਿਆਣੀ, ਸਰਫਾ ਨਹੀਂ ਕਰਨਾ, ਤੇ ਮਰਦਾਨਾ ਦੋ ਤਿੰਨ ਦਿਨ ਰਬਾਬ ਲੈਣ ਲਈ ਥਾਂ ਥਾਂ ਘੁੰਮਦਾ ਰਿਹਾ ਪਰ ਰਬਾਬ ਕਿਤੋਂ ਵੀ ਨਾ ਮਿਲੀ। ਮਰਦਾਨੇ ਨਾਨਕ ਪਾਸ ਆ ਅਰਜ਼

ਗੁਜ਼ਾਰੀ–ਬਾਬਾ ਰਬਾਬ ਤੇ ਕਿਤੋਂ ਵੀ ਮਿਲਦੀ ਨਹੀਂ।

ਨਾਨਕ ਆਖਿਆ– ਮਰਦਾਨਿਆਂ ਦੋ ਨਦੀਆਂ ਦੇ ਵਿਚਾਲੇ ਪਿੰਡ ਹੈ ਅਸਕਪੁਰ, ਤਹਾਂ ਕਾ ਖੱਤਰੀ ਹੈ ਫਿਰੰਦਾ, ਲੋਕ ਫੇਰੂ ਭੀ ਆਖਦੇ ਹੈਨ, ਤਿਸ ਪਾਸ ਜਾਹ ਤੇ ਰਬਾਬ ਲੈ ਆ। ਮਰਦਾਨੇ ਘੁੰਮਦਿਆਂ–ਘੁੰਮਦਿਆਂ ਅਸਕਪੁਰ ਲੱਭ ਲਿਆ। ਫਿਰੰਦੇ ਦੇ ਦਰ ਤੇ ਜਾ ਰਬਾਬ ਲਈ ਅਰਜ ਗੁਜਾਰੀ।

ਫਿਰੰਦੇ ਆਖਿਆ– 'ਭਾਈ ਜੀ, ਰਬਾਬ ਤੇ ਅਜੇ ਕੋਈ ਤਿਆਰ ਨਹੀਂ।' ਸਾਹਮਣੇ ਕੰਧ ਨਾਲ ਕੀਲੀ ਤੇ ਲਟਕਦੀ ਰਬਾਬ ਵੇਖ, ਮਰਦਾਨੇ ਆਖਿਆ ਜੀ ਓਹ ਕੰਧ ਨਾਲ ਲਟਕਦੀ ਪਈ ਤਾਂ ਹੈ।

ਫਿਰੰਦੇ ਆਖਿਆ– ਉਹ ਰਬਾਬ ਤੁਸਾਂ ਦੇ ਕੰਮ ਦੀ ਨਹੀਂ।

ਮਰਦਾਨੇ ਆਖਿਆ– ਕੀ ਕੋਈ ਨੁਕਸ ਹੈ ਇਸ ਰਬਾਬ ਵਿੱਚ?

ਨਹੀਂ, ਉਹ ਤੇ ਬਹੁਤ ਰੀਝ ਨਾਲ ਤੇ ਬੜੀ ਮੁਸ਼ੱਕਤ ਨਾਲ ਬਣਾਈ ਹੈ।

'ਕੀ ਕੀਮਤ ਹੈ ਓਸ ਦੀ? ਕਿੰਨੇ ਕੁ ਦੀ ਹੋਵੇਗੀ ਇਹ ਰਬਾਬ? ਦੇਓ ਜ਼ਰਾ ਵਜਾ ਕੇ ਤਾਂ ਵੇਖ ਲਵਾਂ।' ਮਰਦਾਨੇ ਆਖਿਆ।

ਨਾ–ਨਾ, ਛੁਹਣੀ ਵੀ ਨਹੀਂ। ਇਕ ਫਕੀਰ ਹੈ ਨਾਨਕ, ਕਦੇ ਨਾਮ ਸੁਣਿਆ ਹੈ ਉਸਦਾ? ਤਿਸ ਅੱਗੇ ਵੱਜੇਗੀ ਇਹ ਰਬਾਬ, ਠਾਣ ਰੱਖੀ ਹੈ ਮਨ ਵਿੱਚ ਅਸਾਂ ਵੀ ਭਾਈ ਜੀ। ਤਿਸਦੇ ਦੀਦਾਰ ਇਸਦੀ ਕੀਮਤ ਹੈ, ਕਦੇ ਨਸੀਬ ਹੋਏ ਆਪ ਜਾ ਕੇ ਆਪਣੇ ਹੱਥੀਂ ਤਿਨਾ ਦੇ ਚਰਨਾ ਵਿੱਚ ਭੇਟ ਕਰਾਂਗਾ।

ਮਰਦਾਨੇ ਆਖਿਆ– ਅਸਾਂ ਨੂੰ ਵੀ ਤੇ ਨਾਨਕ ਨੇ ਹੀ ਰਬਾਬ ਲੈਣ ਲਈ ਹੀ ਭੇਜਿਆ ਹੈ।

ਭਾਈ ਜੀ, ਫਿਰ ਦੇਰ ਕਾਸ ਨੂੰ ਲਾਵਣੀ ਹੈ, ਅਸਾਂ ਨੂੰ ਵੀ ਝਬਦੇ ਤਿਨਾਂ ਪਾਸ ਲੈ ਚੱਲੋ! ਭਾਈ ਫਿਰੰਦੇ ਆਖਿਆ।

ਦੋਵੇਂ ਬਾਬਾ ਜੀ ਪਾਸ ਸੁਲਤਾਨਪੁਰ ਆਏ। ਭਾਈ ਫਿਰੰਦੇ ਨੇ ਆਪਣੇ ਹੱਥੀਂ ਰਬਾਬ ਹਜ਼ੂਰ ਦੇ ਚਰਨਾ ਵਿੱਚ ਭੇਟ ਕੀਤੀ। ਨਾਨਕ ਬਹੁਤ ਖੁਸ਼ ਹੋਏ। ਫਿਰੰਦੇ ਹੱਥੋਂ ਰਬਾਬ ਫੜਦਿਆਂ ਬਾਬੇ ਆਖਿਆ: ਤੁਸਾਂ ਨੂੰ ਕਰਤਾਰ ਚਿੱਤ ਆਵੈ, ਅਸੀਂ ਤਾਂ ਚਿਰੋਕਣੇ ਤੁਸਾਂ ਪਾਸ ਜਾਣਾ ਲੋਚਦੇ ਸਾਂ ਪਰ ਭਾਈ ਜੀ ਦੇ ਤਲਵੰਡੀਓਂ ਆਣ ਦੀ ਉਡੀਕ ਸੀ। ਅੱਛਾ ਹੋਇਆ ਤੁਸੀਂ ਵੀ ਭਾਈ ਜੀ ਦੇ ਨਾਲ ਆ ਗਏ। ਇਸ ਤਰ੍ਹਾਂ ਬਾਬੇ ਨਾਨਕ ਨੇ ਭਾਈ ਫਿਰੰਦੇ ਜੀ ਨੂੰ ਅਸੀਸਾਂ ਦੇਂਦਿਆਂ ਪ੍ਰਸੰਨ ਹੋ ਮਰਦਾਨੇ ਨੂੰ ਰਬਾਬ ਵਜਾਣ ਲਈ ਆਖਿਆ।

ਮਰਦਾਨੇ ਆਖਿਆ– 'ਜੀ ਥਾਟ ਤੇ ਬਣਾ ਲਵਾਂ।'

ਆਪੇ ਬਣਦੇ ਰਹਿਣਗੇ ਥਾਟ, ਤੁਸੀਂ ਸ਼ੁਰੂ ਕਰੋ। ਅੱਲ੍ਹਾ ਦਾ ਨਾਮ ਲੈ ਕੇ ਰਬਾਬ ਵਜਾਈ, ਹਾਜ਼ਰ ਸਭ ਲੋਕਾਂ ਤੇ ਵਿਸਮਾਦ ਤਾਰੀ ਹੋਇਆ। ਪਸ਼ੂ, ਪੰਛੀ ਵੀ ਆਣ ਨਾਨਕ ਦੇ ਉਦਾਲੇ ਇਕੱਠੇ ਹੋਏ ਬੈਠ ਗਏ। ਨਾਨਕ ਬਹੁਤ ਪ੍ਰਸੰਨ ਹੋਏ, ਢੇਰ ਸਾਰੀਆਂ ਅਸੀਸਾਂ ਦਿੱਤੀਆਂ, ਬਚਨ ਕੀਤਾ–

ਤੁਸਾਂ ਨੂੰ ਭਾਈ ਜੀ ਤਾਰ ਦਾ ਗੁਣ ਬਖਸ਼ਿਆ, ਅੱਗੇ ਵੇਚਣਾ ਨਾਹੀਂ। ਅੰਮ੍ਰਿਤ ਵੇਲੇ ਉੱਠਣਾ, ਕੇਸਾਂ ਦੀ ਬੇਅਦਬੀ ਨਹੀਂ ਕਰਨੀ, ਬੰਦਗੀ ਕਰਨੀ, ਦਰ ਆਏ ਸਵਾਲੀ ਨੂੰ ਮੋੜਨਾ ਨਹੀਂ।

ਅਗਲੇ ਦਿਨ ਨਾਨਕ ਨੇ ਮਰਦਾਨੇ ਨੂੰ ਲੰਬੇ ਸਫਰ ਤੇ ਪਰਦੇਸਾਂ ਨੂੰ ਨਾਲ ਚੱਲਣ ਲਈ ਆਖਿਆ। ਸੋਚਾਂ ਵਿਚ ਪਏ ਮਰਦਾਨੇ ਨੂੰ ਵੇਖ ਬਚਨ ਕੀਤਾ– 'ਭਾਈ ਜੀ ਤੁਸਾਂ ਦੀ ਮਰਜੀ, ਜੇ ਨਹੀਂ ਜਾਵਣਾ। ਅਸਾਂ ਨਾਲ ਤੇ ਨੰਗ ਭੁੱਖ ਹੈ ,ਤਲਵੰਡੀ ਵਿੱਚ ਤੇ ਖੁਸ਼ੀਆਂ ਹਨ ਖੇੜੇ ਹਨ, ਤੁਸਾਂ ਸੁੱਖ ਭੋਗਣੇ ਹੈਨ ਤੇ ਤਲਵੰਡੀ ਜਾਓ, ਅਸਾਂ ਪਾਸ ਤੇ ਉਹ ਕੁਛ ਨਹੀਂ ਜੋ ਤਲਵੰਡੀ ਹੈ। ਅਸਾਂ ਨੂੰ ਤੇ ਅਕਾਲਪੁਰਖ ਦਾ ਹੁਕਮ ਆਇਆ ਹੈ, ਤਿਸਦਾ ਹੁਕਮ ਵਜਾਵਣ ਜਾਵਾਂਗੇ। ਤੁਸਾਂ ਜੇ ਵਾਪਸ ਤਲਵੰਡੀ ਜਾਣਾ ਹੈ ਤੁਸਾਂ ਦੀ ਰਜ਼ਾ। ਜੇ ਅਸਾਡੇ ਨਾਲ ਚੱਲਦੇ, ਅਸਾਂ ਨੂੰ ਬਹੁਤ ਅੱਛਾ

ਲੱਗਦਾ। ਤੁਸਾਂ ਨਾਲ ਸਾਡਾ ਪਿਆਰ ਹੈ, ਨਹੀਂ ਤੇ ਦੁਨੀਆਂ ਥੋੜ੍ਹੀ ਵੱਸਦੀ ਪਈ ਏ। ਜਾਓ ਤੁਸੀਂ ਤਲਵੰਡੀ ਜਾਓ ਪਰ ਜਾਂਦਿਆਂ ਬੇਬੇ ਨੂੰ ਦੱਸ ਜਾਵਣਾ।'

'ਨਾਨੀ ਜੀ ਤੁਸੀਂ ਸਾਖੀ ਸੁਣਾਉਂਦੇ ਹੋਇ ਇਹ ਜੋ ਪੰਜਾਬੀ ਬੋਲਦੇ ਹੋ ਇਹ ਕਿਹੜੀ ਪੰਜਾਬੀ ਹੋਈ?' ਆਤਮਾ ਸਿੰਘ ਨੇ ਜੱਕੋ-ਤੱਕੀ ਵਿੱਚ ਪੁੱਛ ਹੀ ਲਿਆ।

'ਪੁੱਤਰ ਜੀ, ਇਹ ਪੁਰਾਤਨ ਜਨਮ ਸਾਖੀਆਂ ਦੀ ਪੰਜਾਬੀ ਹੈ, ਜਦੋਂ ਮੈਂ ਵੀ ਤੁਹਾਡੇ ਵਰਗੀ ਛੋਟੀ ਜਿਹੀ ਸਾਂ, ਮੈਂ ਵੀ ਆਪਣੀ ਦਾਦੀ ਜੀ ਤੇ ਦਾਦਾ ਜੀ ਤੋਂ ਸਾਖੀਆਂ ਸੁਣਿਆਂ ਕਰਦੀ ਸਾਂ, ਫਿਰ ਗੁਰਦੁਆਰੇ ਦੀਵਾਨਾਂ ਵਿੱਚ ਜਾਂਦਿਆਂ ਵਿਦਵਾਨਾਂ, ਪਰਚਾਰਕਾਂ ਤੇ ਜਥੇਦਾਰਾਂ ਤੋਂ ਸੁਣਦੀ ਰਹੀ, ਇਵੇਂ ਉਹ ਸਾਖੀਆਂ ਉਵੇਂ ਹੀ ਮੈਨੂੰ ਯਾਦ ਹੋ ਗਈਆਂ। ਹੋਰ ਤੇ ਹੋਰ ਮੈਂ ਗਿਆਰਾਂ ਬਾਰਾਂ ਸਾਲ ਦੀ ਸਾਂ, ਜਦੋਂ ਮੈਨੂੰ ਜਪੁਜੀ, ਜਾਪ, ਸਬਦ-ਹਜਾਰੇ, ਰਹਿਰਾਸ ਤੇ ਕੀਰਤਨ ਸੋਹਿਲਾ ਬਾਣੀਆਂ ਜ਼ੁਬਾਨੀ ਯਾਦ ਹੋ ਗਈਆਂ ਸਨ। ਘਰ ਵਿਚ ਸਾਰੇ ਪਾਠ ਕਰਦੇ ਸਨ ਤੇ ਸੁਣਦਿਆਂ ਸੁਣਦਿਆਂ ਪਤਾ ਹੀ ਨਹੀਂ ਲੱਗਾ ਕਦੋਂ ਸਾਰੀਆਂ ਬਾਣੀਆਂ ਜ਼ੁਬਾਨੀ ਯਾਦ ਹੋ ਗਈਆਂ ,ਤੇ ਹੋਰ ਸੁਣੋ ਜਦੋਂ ਮੈਂ ਸਤਾਰਾਂ ਅਠਾਰਾਂ ਬਰਸ ਦੀ ਸੀ, ਮੈਂ ਗੁਰੂ ਗਰੰਥ ਸਾਹਿਬ ਦੀ ਬਾਣੀ ਦੇ ਕਈ ਪਾਠ ਕਰ ਲਏ ਸਨ। ਤੁਸੀਂ ਵੀ ਬਾਣੀਆਂ ਯਾਦ ਕਰਿਆ ਕਰੋ, ਕੀ ਕਹਿੰਦੇ?'

'ਠੀਕ ਹੈ ਦਾਦੀ ਜੀ'। ਸਾਰੇ ਬੱਚੇ ਇਕੱਠੇ ਬੋਲ ਪਏ।

ਸੋ ਬੱਚਿਓ ਨਾਨਕ ਨਾਲ ਇਹ ਗੱਲ-ਬਾਤ ਕਰਕੇ ਭਾਈ ਮਰਦਾਨਾ ਨਾਨਕੀ ਪਾਸ ਆਏ ਤੇ ਸਾਰੀ ਖਬਰ ਕੀਤੀ ਕਿ ਨਾਨਕ ਪ੍ਰਦੇਸਾਂ ਨੂੰ ਜਾ ਰਹੇ ਹਨ,ਲੋਕਾਈ ਨੂੰ ਤਾਰਨੇ ਹਿੱਤ, ਵਰ੍ਹਿਆਂ ਬਾਅਦ ਵਾਪਸ ਪਰਤਣਗੇ। ਫਿਰ ਆਖਿਆ ਭੈਣਾਂ, ਅਸਾਂ ਨੂੰ ਵੀ ਛੁੱਟੀਆਂ ਦੇਓ ਵਾਪਸ ਤਲਵੰਡੀ ਜਾਈਏ ਬੱਚਿਆਂ ਪਾਸ। ਸੁਣ ਕੇ ਭੈਣ ਨਾਨਕੀ ਦੀਆਂ ਅੱਖੀਆਂ ਵਿੱਚੋਂ ਆਪ ਮੁਹਾਰੇ ਅੱਥਰੂ ਵਹਿ ਤੁਰੇ, ਆਖਿਓ ਨੇ-

'ਮਰਦਾਨਿਆਂ! ਤੂੰ ਨਾਲ ਹੁੰਦਾ, ਅਸਾਂ ਨੂੰ ਰਾਈ ਫਿਕਰ ਨਾ ਸੀ। ਪਰ ਹੁਣ ਦਿਲ ਨਹੀਂ ਥੰਮਦਾ। ਭਾਈ ਜੈ ਰਾਮ ਜੀ ਵੀ ਕੰਮ ਤੋਂ ਵਾਪਸ ਘਰ ਆ ਗਏ। ਨਾਨਕੀ ਨੂੰ ਰੋਂਦਿਆਂ ਵੇਖ ਆਖਣ ਲੱਗੇ, 'ਤੁਸੀਂ ਤੇ ਅਸਾਂ ਨੂੰ ਹੌਸਲਾ ਦੇਣ ਵਾਲੇ ਹੋ, ਫਿਰ ਇਹ ਅੱਖਾਂ ਵਿੱਚ ਅੱਥਰੂ ਕਿਉਂ?' ਭਾਈ ਜੈ ਰਾਮ ਮਰਦਾਨੇ ਨੂੰ ਆਖਣ ਲੱਗੇ- 'ਭਾਈ ਜੀ, ਤੁਸੀਂ ਨਾਨਕ ਦੇ ਨਾਲ ਹੀ ਜਾਵੋਗੇ, ਤੁਸਾਂ ਦਾ ਜੋੜ, ਵਿਛੜਨਾ ਸੋਭਦਾ ਨਹੀਂ। ਪਿਛਾਂਹ ਦਾ ਫਿਕਰ ਨਹੀਂ ਕਰਨਾ। ਤੁਸਾਂ ਦੇ ਬਾਲ-ਬੱਚੇ ਅਸਾਡਾ ਜਿੰਮਾ ਰਿਹਾ। ਨਾਨਕ ਦਾ ਪਰਿਵਾਰ ਵੀ ਤੇ ਅਸਾਂ ਪਾਸ ਹੀ ਰਹੇਗਾ, ਤੇ ਤੁਸੀਂ ਬਾਰ-ਪਰਿਵਾਰ ਦਾ ਫਿਕਰ ਕਿਉਂ ਪਏ ਕਰਦੇ ਹੋ, ਅਸੀਂ ਜੂ ਹਾਂ ਸੰਭਾਲਣੇ ਨੂੰ।'

ਭਾਈਆ ਜੈ ਰਾਮ ਦੀਆਂ ਗੱਲਾਂ ਤੇ ਤਸੱਲੀ ਕਰ ਮਰਦਾਨੇ ਆਖਿਆ 'ਠੀਕ ਹੈ ਭਾਈਆ ਜੀ, ਤੇ ਮਰਦਾਨੇ ਰਬਾਬ ਚੁੱਕ ਮੋਢੇ ਤੇ ਲਟਕਾਈ ਤੇ ਨਾਨਕ ਪਾਸ ਆ ਗਏ, ਤੇ ਆਖਿਆ- 'ਮੈਂ ਤੁਸਾਂ ਦੇ ਨਾਲ ਹੀ ਚੱਲਾਂਗਾ ਬਾਬਾ।' ਸੁਣ ਕੇ ਨਾਨਕ ਬਹੁਤ ਖੁਸ਼ ਹੋਏ। ਮਰਦਾਨੇ ਆਖਿਆ ਤੁਰਨ ਤੋਂ ਪਹਿਲੋਂ ਨਾਨਕੀ ਨੂੰ ਮਿਲ ਕੇ ਜਾਵਣਾ ਹੈ। ਨਾਨਕ ਆਖਿਆ- ਮਰਦਾਨਿਆਂ ਤੇਰਾ ਆਖਾ ਅਸਾਂ ਮੋੜਨਾ ਨਾਹੀਂ। ਤੁਸਾਂ ਤੱਕ ਅਸਾਨੂੰ ਵੱਡਾ ਕੰਮ ਹਈ। ਦੋਵੇਂ ਨਾਨਕੀ ਪਾਸ ਘਰ ਗਏ, ਅੱਗੋਂ ਨਾਨਕੀ ਝੁਕ ਕੇ ਨਾਨਕ ਨੂੰ ਮੱਥਾ ਟੇਕਣ ਲੱਗੀ ਤਾਂ ਨਾਨਕ ਨੇ ਨਾਨਕੀ ਦੇ ਦੋਵੇਂ ਹੱਥ ਅੱਧ-ਵਿਚਾਲਿਓਂ ਹੀ ਫੜ ਲਏ ਤੇ ਆਖਿਆ- ਭੈਣ ਅਸੀਂ ਤੁਸਾਂ ਪਾਸ ਏਸ ਲਈ ਤੇ ਨਹੀਂ ਆਂਵਦੇ ਕਿ ਤੁਸਾਂ ਤੋਂ ਮੱਥਾ ਟਿਕਾਈਏ, ਤੂੰ ਜਨਮਾ-ਜਨਮਾਂਤਰਾਂ ਤੋਂ ਅਸਾਂ ਦੀ ਭੈਣ ਹੈਂ, ਤੇ ਵੱਡੀ ਹੈਂ, ਤੇ ਅਸਾਂ ਨੂੰ ਮੱਥਾ ਟੇਕਣਾ ਤੁਸਾਂ ਨੂੰ ਸੋਭਦਾ ਵੀ ਨਾਹੀਂ, ਅਸੀਸ ਦਿਓ, ਤੁਹਾਡੇ ਤੇ ਅਸਾਡਾ ਏਸ ਦਾ ਹੱਕ ਭੀ ਹੈਸੀ।

ਨਾਨਕੀ ਆਖਿਆ- 'ਨਾਨਕਾ ਜਿਉਂ ਤੁਸੀਂ ਰਾਜ਼ੀ ਤਿਉਂ ਅਸੀਂ ਰਾਜ਼ੀ। ਮੈਂ ਤੁਸਾਂ ਨੂੰ ਕਦੇ ਭਰਾ ਕਰਕੇ ਨਹੀਂ ਜਾਣਿਆ, ਪਰਮੇਸਰ ਕਰਕੇ ਹੀ ਜਾਣਦੀ ਹਾਂ।' ਬੇਬੇ ਆਖਿਆ, 'ਇੱਥੇ ਸਓ ਤੇ ਮਨ ਨੂੰ ਧਰਵਾਸਾ ਸਈ,

ਮਿਲ ਜਾਇਆ ਕਰੋਗੇ, ਉਦਾਸ ਨਾ ਹੋਵਾਂਗੀ। ਹੁਣ ਤੇ ਪ੍ਰਦੇਸਾਂ ਦੇ ਮੁਆਮਲੇ ਨੇ ਨਦੀ ਨਾਮ ਸੰਜੋਗੀ ਮੇਲੇ ਵਾਲੀ ਗੱਲ ਹਈ।'

ਨਾਨਕ ਆਖਿਆ- 'ਭੈਣ, ਜਦੋਂ ਯਾਦ ਕਰਿਆ ਕਰੇਂਗੀ, ਉਸੇ ਪੱਲ ਬਹੁੜਿਆ ਕਰਾਂਗਾ, ਵਿਸ਼ਵਾਸ ਰੱਖ। ਇਹ ਕਹਿ ਨਾਨਕ ਅਤੇ ਮਰਦਾਨੇ ਬੇਬੇ ਦੇ ਚਰਨ ਛੂਹੇ। ਸੇਜਲ ਅੱਖਾਂ ਨਾਲ ਵਿਦਾ ਕਰਦਿਆਂ ਬੇਬੇ ਨਾਨਕੀ ਕੇਵਲ ਦੋ ਲਫ਼ਜ਼ ਆਖੇ 'ਪਰਮੇਸਰ ਰੱਖੈ'। ਤੇ ਬੱਚਿਓ ਦੋਵੇਂ ਲੰਬੇ ਸਫ਼ਰਾਂ ਤੇ ਜਗਤ ਦੇ ਤਾਰਨ ਲਈ ਸੁਲਤਾਨਪੁਰ ਦੀ ਜੂਹ ਤੋਂ ਨਿਕਲ ਤੁਰੇ।

'ਦਾਦੀ ਜੀ, ਆਖ ਦਿਓ ਏਨੀ ਮੇਰੀ ਬਾਤ, ਉੱਤੋਂ ਪਈ ਰਾਤ।' ਗੰਗਾ ਸਿੰਘ ਨੇ ਆਖਿਆ।

'ਬਾਤ ਨਹੀਂ ਸਾਖੀ, ਗੁਰੂ ਕੀਆਂ ਸਾਖੀਆਂ।'ਦਾਦੀ ਜੀ ਨੇ ਏਨਾਂ ਆਖਦਿਆਂ ਸਭਨਾ ਨੂੰ ਸੌਣ ਲਈ ਭੇਜ ਦਿੱਤਾ।

# ਸੈਦਪੁਰ ਭਾਈ ਲਾਲੋ ਦੇ ਘਰ ਜਾਣਾ

ਹੁਣ ਸਾਰੇ ਬੱਚੇ ਰੋਜ਼ ਵਕਤ ਨਾਲ, ਸ਼ਾਮ ਨੂੰ ਪ੍ਰਸ਼ਾਦਾ ਪਾਣੀ ਛਕ ਕੇ, ਦਾਦੀ ਮਾਂ ਜੀ ਕੋਲ ਆ ਕੇ,ਘੇਰਾ ਘੱਤ ਬੈਠ ਜਾਂਦੇ। ਉਹਨਾਂ ਨੂੰ ਹੁਣ ਬਾਤਾਂ ਨਾਲੋਂ ਸਾਖੀਆਂ ਚੰਗੀਆਂ ਲੱਗਣ ਲੱਗ ਪਈਆਂ ਸਨ। ਉਹਨਾਂ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਬਾਤਾਂ ਤੇ ਕੇਵਲ ਮਨ ਪਰਚਾਵੇ ਲਈ ਹੀ ਹਨ, ਜਦ ਕਿ ਸਾਖੀਆਂ ਸਾਡੇ ਸਤਿਗੁਰੂਆਂ ਦਾ ਸੱਚਾ ਇਤਿਹਾਸ ਹੈ, ਸਾਖੀਆਂ ਸਾਡੇ ਦਿਲ ਨੂੰ ਟੁੰਬਦੀਆਂ ਹਨ, ਤੇ ਸਾਖੀਆਂ ਵਿਚੋਂ ਬਹੁਤ ਕੁਝ ਸਿੱਖਣ ਨੂੰ ਵੀ ਮਿਲਦਾ ਹੈ।

ਦਾਦੀ ਜੀ ਨੇ ਰਤਨ ਕੌਰ ਵੱਲ ਵੇਖਦਿਆਂ ਪੁੱਛਿਆ- 'ਹਾਂ ਬਈ, ਅੱਜ ਰਤਨ ਕੌਰ ਦੱਸੇਗੀ ਕਿ ਮੈਂ ਕਿਹੜੀ ਸਾਖੀ ਸੁਨਾਉਣੀ ਹੈ?'

'ਦਾਦੀ ਜੀ ਸੁਲਤਾਨਪੁਰ ਤੋਂ ਅੱਗੇ ਵਾਲੀ।' ਆਤਮਾ ਸਿੰਘ ਜੋ ਸਭ ਤੋਂ ਵੱਡਾ ਸੀ, ਨੇ ਆਖਿਆ।

'ਨਾਨੀ ਜੀ, ਸਤਿਗੁਰੂ ਜੀ ਦੇ ਲੰਬੇ ਸਫ਼ਰ ਤੇ ਜਾਣ ਵਾਲੀ।'

ਠੀਕ, ਸੋ ਬੱਚਿਓ ਗੁਰੂ ਨਾਨਕ ਤੇ ਮਰਦਾਨਾ, ਬੇਬੇ ਨਾਨਕੀ ਤੋਂ ਅਸੀਸਾਂ ਲੈ ਕੇ ਸੁਲਤਾਨਪੁਰ ਦੀ ਜੂਹ 'ਚੋਂ ਨਿਕਲ ਤੁਰੇ।

ਨਾਨਕ ਆਖਿਆ ਮਰਦਾਨਿਆਂ- 'ਕਿੱਧਰ ਜਾਣ ਦਾ ਮਨ ਹਈ?'

ਮਰਦਾਨੇ ਆਖਿਆ- 'ਬਾਬਾ ਤੇਰੀਆਂ ਤੂੰ ਹੀ ਜਾਣ, ਅਸਾਂ ਤੇ ਆਪਾ ਤੈਨੂੰ ਸੌਂਪ ਛੱਡਿਆ ਈ। ਨਾਲੇ ਕਿਸਦਾ ਉਧਾਰ ਕਰਨਾ ਹਈ, ਇਹ ਤਾਂ ਤੂੰਹੀ ਜਾਣਦਾ ਹੈਂ, ਅਸਾਂ ਨੂੰ ਇਸ ਦੀ ਖ਼ਬਰ ਨਾਹੀਂ।'

ਨਾਨਕ ਆਖਿਆ- 'ਮਰਦਾਨਿਆਂ ਚੱਲ, ਸੈਦਪੁਰ ਸੰਡਿਯਾਲੀ ਚਲਦੇ ਹਾਂ। ਤਹਾਂ ਕਾ ਇਕ ਨਿਰੰਕਾਰ ਕਾ ਪਿਆਰਾ ਪੁਰਖ ਸੁਣੀਦਾ ਹੈ, ਭਾਈ ਲਾਲੋ, ਤਿਸਦਾ ਨਾਮ ਕਰਕੇ ਸਭ ਲੋਕ ਜਾਣਦੇ ਹੈਨ। ਗੁਰੂ ਨਾਨਕ ਤੇ ਮਰਦਾਨਾ ਸੱਤ ਦਿਨ ਸਫ਼ਰ ਕਰਕੇ ਸੈਦਪੁਰ ਸੰਡਿਯਾਲੀ ਪਹੁੰਚੇ।'

'ਦਾਦੀ ਜੀ, ਇਹ ਸੈਦਪੁਰ ਕਿੱਥੇ ਹੋਇਆ?' ਰਤਨ ਸਿੰਘ ਨੇ ਪੁੱਛਿਆ।

ਰਤਨ ਸਿੰਘ ਜੀ, 'ਸੈਦਪੁਰ ਅੱਜ-ਕਲ ਪਾਕਿਸਤਾਨ ਵਿੱਚ ਹੈ, ਤੇ ਇਸਦਾ ਨਾਮ ਹੁਣ ਐਮਨਾਬਾਦ ਹੈ।'

ਸੋ ਬੱਚਿਓ, ਜਦੋਂ ਦੋਵੇਂ ਸੈਦਪੁਰ ਪਹੁੰਚੇ, ਤਾਂ ਮਰਦਾਨੇ ਵੇਖਿਆ ਕਿ ਸੈਦਪੁਰ ਤੇ ਬਹੁਤ ਵੱਡਾ ਨਗਰ ਹੈ। ਵੱਡੇ ਵੱਡੇ ਮਹਿਲ ਮਾੜੀਆਂ ਹੈਨ ਪਰ ਨਾਨਕ ਤੇ ਕਿਤੇ ਰੁਕਣ ਦਾ ਨਾਮ ਹੀ ਨਹੀਂ ਲੈ ਰਹੇ। ਸਾਰਾ ਨਗਰ ਲੰਘ, ਇੱਕ ਕੱਚਾ ਜਿਹਾ ਘਰ, ਜਿਸਦੇ ਅੱਗੇ ਇੱਕ ਸਰਕੜੇ ਦਾ ਵਰਾਂਡਾ ਸੀ, ਤੇ ਇੱਕ ਵੱਡਾ ਵੇਹੜਾ, ਨਾਨਕ ਤਹਾਂ ਆਣ ਰੁਕਿਆ । ਮਰਦਾਨੇ ਵੇਖਿਆ, ਇਸ ਘਰ ਦੇ ਵੇਹੜੇ ਵਿੱਚ ਇੱਕ ਵੱਡੀ ਭਾਰੀ ਨਿੰਮ ਦਾ ਦਰਖਤ ਹੈ, ਤੇ ਇੱਕ ਕਿਰਤੀ ਉਸ ਦੀ ਛਾਂਵੇਂ ਬੈਠਾ ਹੈ, ਜਿਸ ਦੇ ਉਦਾਲੇ ਉਸ ਦੇ ਕੰਮ ਦੇ ਸੰਦ ਪਏ ਹੈਨ ਤੇ ਉਹ ਆਪਣੇ ਹੱਥ ਵਿੱਚ ਤੇਸਾ ਫੜੀ, ਕਿਸੇ ਲੱਕੜ ਨੂੰ ਘੜ ਰਿਹਾ ਹੈ ਤੇ ਕੁਛ ਬਣਾ ਰਿਹਾ ਹੈ। ਜਿਉਂ ਹੀ ਨਾਨਕ ਨੇ ਉਸ ਦੀਆਂ

ਬਰੂਹਾਂ ਅੱਗੇ ਖਲੋ ਕੇ, ਸਤਿ ਕਰਤਾਰ ਆਖਿਆ। ਉਸ ਕਿਰਤੀ ਨੇ ਇੱਕ ਦਮ ਨਿਗਾਹਾਂ ਉੱਚੀਆਂ ਕਰ ਕੇ ਵੇਖਿਆ ਕਿ ਇਹ ਏਨੀ ਮਿੱਠੀ ਆਵਾਜ਼ ਕਿਸਦੀ ਹੈ? ਜਦੋਂ ਆਪਣੀਆਂ ਬਰੂਹਾਂ ਵਿੱਚ ਉਸ ਨੇ ਕਿਸੇ ਇਲਾਹੀ ਸਰੂਪ ਨੂੰ ਖੜਿਆਂ ਵੇਖਿਆ ਤਾਂ ਉਹ ਆਪਣਾ ਕੰਮ ਥਹੀਂ ਛੱਡ ਖਲੋਤਾ ਤੇ ਤੇਜ ਤੇਜ ਪੁਲਾਂਘਾਂ ਪੁੱਟਦਾ ਉਸ ਰੱਬੀ ਜੋਤ ਦੇ ਸਾਹਵੇ, ਹੱਥ ਜੋੜ ਆਣ ਖੜੋਤਾ।

ਬੱਚਿਓ ਨਾਨਕ ਦੇ ਚਿਹਰੇ ਦਾ ਨੂਰ ਤੇ ਰੱਬੀ ਜਲਾਲ ਵੇਖ ਉਹ ਨਿਹਾਲ ਹੋ ਗਿਆ ਤੇ ਸੁੱਧ-ਬੁੱਧ ਭੁੱਲ ਕੇ ਨਾਨਕ ਦੇ ਪੈਰਾਂ ਤੇ ਢਹਿ ਪਿਆ।

ਨਾਨਕ ਆਖਿਆ- 'ਉੱਠ ਭਾਈ ਲਾਲੋ, ਅਸੀਂ ਤੇ ਬਹੁਤ ਦੇਰ ਦੇ ਤੁਸਾਂ ਨੂੰ ਮਿਲਣਾ ਲੋਚਦੇ ਸਾਂ। ਪਰਮੇਸਰ ਨੇ ਬਿਧ ਹੀ ਹੁਣ ਬਣਾਈ ਹੈ। ਭਾਈ ਲਾਲੋ ਨੂੰ ਬਗਲਗੀਰ ਕਰ ਨਾਨਕ ਉਸਨੂੰ ਉਸਦੇ ਅੱਡੇ ਦੇ ਪਾਸ ਲੈ ਆਏ ਤੇ ਆਖਿਓ ਸੂ- ਭਾਈ ਲਾਲੋ ਜੀ, ਤੁਸੀਂ ਆਪਣੀ ਕਿਰਤ ਕਰੋ, ਅਸੀਂ ਤੁਸਾਂ ਦੇ ਕੰਮ ਦਾ ਨੁਕਸਾਨ ਕਰਵਾਣ ਨਹੀਂ ਆਏ।


ਭਾਈ ਲਾਲੋ ਭੱਜ ਕੇ ਜਾ ਮੰਜਾ ਚੁੱਕ ਲਿਆਇਆ। ਮੰਜਾ ਨਿੰਮ ਦੀਆਂ ਛਾਵੇਂ ਡਾਹ, ਘਰ ਦੇ ਅੰਦਰ ਵੱਲ ਤੇਜ ਕਦਮੀ ਭੱਜਾ। ਨਾਨਕ ਤੇ ਮਰਦਾਨਾ ਮੰਜੇ ਤੇ ਬੈਠ ਗਏ। ਭਾਈ ਲਾਲੋ ਦੇ ਹੱਥਾਂ ਵਿੱਚ ਖੇਸ ਤੇ ਸਰਾਹਣਾ ਸੀ।

ਨਾਨਕ ਆਖਿਆ- 'ਭਾਈ ਲਾਲੋ ਏਸ ਦੀ ਜਰੂਰਤ ਨਹੀਂ, ਤੁਸੀਂ ਬੈਠੋ ਤੇ ਆਪਣੀ ਕਿਰਤ ਕਰੋ।' ਨਾਨਕ ਨੇ ਖੇਸ ਤੇ ਸਰਾਹਣਾ ਭਾਈ ਲਾਲੋ ਦੇ ਹੱਥੋਂ ਫੜ, ਮੰਜੇ ਦੇ ਸਿਰਾਹਣੇ ਵੱਲ ਰੱਖ ਦਿੱਤੇ।

ਗੁਰੂ ਨਾਨਕ ਨੂੰ ਸਾਹਵੇਂ ਵੇਖ ਭਾਈ ਲਾਲੋ ਦਾ ਕੰਮ ਕਰਨ ਨੂੰ ਮਨ ਕੀਕਣ ਕਰੇ? ਲਾਲੋ ਆਖਿਆ- 'ਤੁਸਾਂ ਦਾ ਕਿੱਥੋਂ ਆਵਣ ਹੋਇਆ ਹੈ, ਮੈਂ ਤੇ ਮਹਿਰਮ ਨਾਹੀਂ, ਜ਼ਾਹਰ ਕਰੋ?'

ਨਾਨਕ ਆਖਿਆ- 'ਭਾਈ ਲਾਲੋ ਅਸੀਂ ਤਾਂ ਪ੍ਰਦੇਸੀ ਹਾਂ।'

'ਜੀ ਪ੍ਰਦੇਸੀ ਤੇ ਸਾਰਾ ਸੰਸਾਰ ਹੀ ਆ, ਪਰ ਤੁਸਾਂ ਦੇ ਚਿਹਰੇ ਦਾ ਨੂਰ ਦੱਸਦਾ ਹੈ ਕਿ ਤੂੰ ਕੋਈ ਰੱਬੀ ਪੁਰਖ ਹੈਂ? ਇਕ ਨਿਰੰਕਾਰ ਦਾ ਰੂਪ। ਨਾਨਕ ਪ੍ਰਗਟ ਹੋਇਆ ਸੁਣਿਆ ਏ, ਤੂੰ ਕਿਤੇ ਨਾਨਕ ਤੇ ਨਾਹੀਂ?'



ਮਰਦਾਨੇ ਆਖਿਆ- 'ਭਾਈ ਲਾਲੋ ਸਹੀ ਪਛਾਤਾ ਈ, ਇਹ ਨਾਨਕ ਨਿਰੰਕਾਰੀ ਹੀ ਹੈ, ਜੋ ਜਗਤ ਦੇ ਉਧਾਰਨੇ ਲਈ, ਘਰ-ਬਾਰ ਛੋਡ, ਫਕੀਰ ਹੋਇਆ ਹਈ। ਤਲਵੰਡੀ ਦੇ ਪਟਵਾਰੀ ਮਹਿਤਾ ਕਾਲੂ ਰਾਇ ਖੱਤਰੀ ਦਾ ਪੁੱਤਰ ਹੈ, ਤੇ ਮੈਂ ਇਸਦਾ ਗੁਲਾਮ, ਡੂਮ ਹਾਂ ਮਰਦਾਨਾ ਮਰਾਸੀ, ਤਲਵੰਡੀ ਦਾ ਹੀ ਰਹਿਣ ਵਾਲਾ। ਮੈਨੂੰ ਇਹ ਜ਼ਿੰਦਗੀ ਵੀ ਇਸੇ ਹੀ ਬਖ਼ਸ਼ੀ ਐ, ਨਹੀਂ ਤੇ ਪਤਾ ਨਹੀਂ ਕਦੋਂ ਦਾ ਮਰ ਖਪ ਗਿਆ ਹੁੰਦਾ।'

ਭਾਈ ਲਾਲੋ ਨੇ ਇੱਕ ਵਾਰ ਫੇਰ ਹੱਥ ਜੋੜ ਕੇ, ਸੀਸ ਨਿਵਾਇਆ ਤੇ ਘਰ ਦੇ ਅੰਦਰ ਚਲੇ ਗਿਆ। ਇਕ ਕਰਮੰਡਲ ਗਾਹੜੀ ਲੱਸੀ ਦਾ, ਤੇ ਦੋ ਛੰਨੇ ਫੜ ਲਿਆਇਆ। ਦੋਵਾਂ ਨੂੰ ਲੱਸੀ ਪਿਆ, ਆਪਣੀ ਪਤਨੀ ਨਾਲ ਰਸੋਈ ਦੇ ਆਹਰ ਜਾ ਲੱਗਾ।

ਮਰਦਾਨੇ ਪੁੱਛਿਆ- 'ਬਾਬਾ, ਸਾਰਾ ਨਗਰ ਛੋਡ ਕੇ ਤੂੰ ਇਸ ਕਿਰਤੀ ਤਰਖਾਣ ਦੇ ਘਰ ਆ ਡੇਰਾ ਕੀਤਾ ਈ। ਮੈਨੂੰ ਤੇਰੇ ਭੇਦ ਦੀ ਸਮਝ ਨਹੀਂ ਪਈ, ਦੱਸੇਂਗਾ?'

ਨਾਨਕ ਆਖਿਆ-

**'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥'**

ਮਰਦਾਨਿਆਂ ਵੱਡੇ ਧਨਾਢ ਤੇ ਮਾਲਦਾਰ ਬਿਨਾ ਪਰਮੇਸਰ ਦੇ ਭੈਅ ਦੇ ਹੰਕਾਰੀ ਹੋ ਜਾਇਆ ਕਰਦੇ ਹਨ। ਤਿਨ੍ਹਾਂ ਦੇ ਅੰਦਰ ਮਨੁੱਖੀ ਦਰਦ ਖਤਮ ਹੋ ਜਾਇਆ ਕਰਦਾ ਹੈ, ਤੇ ਉਹ ਫਿਰ ਗਰੀਬਾਂ ਨੂੰ ਸਿਆਣਦੇ ਵੀ ਨਹੀਂ, ਤੇ ਆਪਣੇ ਬਰੋਬਰ ਵੀ ਨਹੀਂ ਮੰਨਦੇ। ਲਾਲੋ ਕਰਤਾਰ ਦੇ ਭਓ ਵਾਲਾ ਪੁਰਖ ਹੈ ਤੇ ਧਰਮ ਦੀ ਕਿਰਤ ਕਰਕੇ ਜ਼ਿੰਦਗੀ ਬਸਰ ਕਰਦਾ ਹੈ। ਜੋ ਮਨ ਦਾ ਸਕੂਨ, ਧਰਮ ਦੀ ਕਿਰਤ ਕਰਨ ਵਿੱਚ ਹੈ, ਤੇ ਜੋ ਰਸ ਧਰਮ ਦੀ ਕਿਰਤ ਦੇ ਅੰਨ-ਜਲ ਵਿਚ ਹੈ, ਨਾ ਉਹ ਸਕੂਨ ਕਿਸੇ ਧਨਾਢ ਕੋਲ ਹੈ ਤੇ ਨਾ ਹੀ ਉਹ ਰਸ ਉਸਦੇ ਪਕਵਾਨਾ ਵਿੱਚ। ਇਹ ਗੱਲ ਤੂੰ ਮੇਰੀ ਪੱਲੇ ਬੰਨ ਲੈ।

ਇਤਨੀ ਦੇਰ ਨੂੰ ਭਾਈ ਲਾਲੋ ਆ ਅਰਜ਼ ਗੁਜ਼ਾਰੀ- 'ਜੀ ਚੌਕੇ ਮਹਿ ਚਲੋ, ਪਰਸਾਦ ਤਿਆਰ ਹੈ।'

ਨਾਨਕ ਆਖਿਆ- 'ਭਾਈ ਲਾਲੋ ਸਗਲੀ ਧਰਤ ਤਿਸ ਪਰਮੇਸਰ ਦਾ ਚੌਕਾਂ ਹੈ, ਇੱਥੇ ਬੈਠ ਕੇ ਹੀ ਪਰਸਾਦ ਛਕਾਂਗੇ। ਚੌਕੇ ਵਿੱਚ ਜਾਵਣੇ ਦੀ ਜਰੂਰਤ ਨਾਹੀ।' ਭਾਈ ਲਾਲੋ ਨੇ ਥਾਲਿਆਂ ਵਿੱਚ ਸਰੋਂ ਦਾ ਸਾਗ ਪਾਇਆ ਤੇ ਕੋਧਰੇ ਦੀ ਰੋਟੀ ਦੇ ਉੱਪਰ ਮੱਖਣ ਰੱਖ, ਦੋਵਾਂ ਸਾਹਵੇਂ ਲਿਆ ਥਾਲ ਧਰੇ। ਵੱਡੇ ਛੰਨੇ ਲੱਸੀ ਦੇ ਭਰ ਕੇ ਪਾਸ ਰੱਖ, ਆਪ ਪੱਖੀ ਨਾਲ ਹਵਾ ਝੱਲਣ ਲੱਗਾ।

ਨਾਨਕ ਆਖਿਆ- 'ਮਰਦਾਨਿਆਂ ਛਕ ਕੇ ਵੇਖ, ਦਸਾਂ ਨਹੁੰਆਂ ਦੀ ਕਿਰਤ ਦਾ ਪ੍ਰਸ਼ਾਦਾ, ਕੈਸਾ ਸੁਆਦ ਦੇਂਵਦਾ ਹਈ। ਅਸਾਂ ਨੂੰ ਵੀ ਦੱਸੀਂ?'

ਮਰਦਾਨੇ ਮੂੰਹ ਵਿੱਚ ਗਰਾਹੀ ਪਾਈ, ਤਾਂ ਅਜਬ ਸੁਆਦ ਨਾਲ ਅਨੰਦਿਤ ਹੋਇਆ। ਜਿਹੋ ਜਿਹਾ ਸੁਆਦ ਜ਼ਿੰਦਗੀ ਵਿੱਚ ਕਿਸੇ ਪਦਾਰਥ ਦਾ ਨਹੀਂ ਸੀ ਚੱਖਿਆ। ਸਮਝ ਹੀ ਨਾ ਆਵੇ ਕਿ ਬਾਬੇ ਨੂੰ ਕੇਹਾ ਸੁਆਦ ਦੱਸਾਂ। ਪਰਸ਼ਾਦਾ ਛਕ, ਚੂਲਾ ਕਰ, ਹੱਥ ਸੁੱਚੇ ਕੀਤੇ। ਭਾਈ ਲਾਲੋ ਖਾਲੀ ਬਰਤਨ ਚੁੱਕ ਅੰਦਰ ਛੱਡਣ ਗਿਆ ਤੇ ਮਰਦਾਨੇ ਪੁਛਿਆ- 'ਬਾਬਾ ਤੂੰ ਠੀਕ ਆਖਦਾ ਸੈਂ, ਜਿਹਾ ਸੁਆਦ ਮੈਨੂੰ ਭਾਈ ਲਾਲੋ ਦੇ ਪਰਸਾਦੇ ਵਿੱਚੋਂ ਆਇਆ ਹੈ, ਸੋ ਮੈਂ ਦੱਸ ਨਹੀਂ ਸਕਦਾ, ਮਾਹਲ-ਪੂੜੇ ਤੇ ਹਲਵਾ-ਪੂਰੀ ਇਸਦੇ ਬਰੋਬਰ ਕਿੱਥੋਂ। ਧਰਮ ਦੀ ਕਿਰਤ ਦਾ ਸੁੱਖ ਤੇ ਰਸ ਮੈਨੂੰ ਵੀ ਅੱਜ ਤੈਂ ਚਖਾਇਆ ਈ। ਤੂੰ ਬੜਾ ਬੇਅੰਤ ਏਂ। ਜੋ ਸੱਭੋ ਕੁਝ ਈ ਜਾਣਦਾ ਏਂ।'

'ਦਾਦੀ ਜੀ, ਫਿਰ ਗੁਰੂ ਨਾਨਕ ਕਿੱਥੇ ਗਏ?' ਗੰਗਾ ਸਿੰਘ ਨੇ ਪੁੱਛਿਆ।

ਗੰਗਾ ਸਿੰਘ ਜੀ, ਕਾਹਲੇ ਨਾ ਪਓ ਅਜੇ ਤੇ ਸੈਦਪੁਰ ਜੋ ਕੁਝ ਹੋਇਆ ਉਹ ਸਾਰਾ ਵੀ ਤੁਸਾਂ ਸੁਣਿਆ ਨਹੀਂ।

ਜੀ ਦਾਦੀ ਜੀ, ਚਲੋ ਸੁਣਾਓ ਜੀ। ਛੋਟੀ ਗੰਗਾ ਨੇ ਆਖਿਆ।

ਸੋ ਪੁੱਤਰ ਜੀ, ਨਾਨਕ ਤੇ ਮਰਦਾਨਾ ਤਿੰਨ ਚਾਰ ਦਿਨ ਸੈਦਪੁਰ ਰਹੇ। ਰੋਜ਼ ਆਥਣ ਵੇਲੇ ਨਾਨਕ ਨੇ ਆਖਣਾ- 'ਮਰਦਨਿਆਂ ਰਬਾਬ ਵਜਾਏ ਬਾਣੀ ਆਈ ਊ। ਮਰਦਾਨੇ ਨੇ ਰਬਾਬ ਵਜਾਣਾ ਤੇ ਨਾਨਕ ਨੇ ਰੱਬੀ ਬਾਣੀ ਦਾ ਗਾਇਨ ਕਰਨ ਲੱਗ ਪੈਣਾ।' ਸੰਗੀਤ ਮਈ ਮਿੱਠੀ ਅਵਾਜ਼ ਸੁਣ, ਭਾਈ ਲਾਲੋ ਦੇ ਆਂਢ-ਗੁਆਂਢ ਨੇ ਵੀ ਆ, ਭਾਈ ਲਾਲੋ ਦੇ ਵਿਹੜੇ ਵਿੱਚ ਇਕੱਠੇ ਹੋਣਾ। ਫਿਰ ਦੇਰ ਰਾਤ ਤੱਕ ਰੱਬੀ ਰੰਗ ਵਿਚ ਰੰਗਿਆਂ, ਬਾਬੇ ਇਲਾਹੀ ਬਾਣੀ ਦੇ ਗੀਤ ਗਾਉਂਦੇ ਰਹਿਣਾ। ਬੱਚਿਓ, ਨਾਨਕ ਜੋ ਰੱਬੀ ਗੀਤ ਗਾਉਂਦੇ ਸਨ, ਉਹ ਕੇਵਲ ਗੀਤ ਨਹੀਂ ਸਨ ਮਨ-ਪਰਚਾਵੇ ਦੇ, ਉਹ ਤੇ ਜ਼ਿੰਦਗੀ ਦੀਆਂ ਸਚਾਈਆਂ ਸਨ, ਜੋ ਵਹਿਮਾਂ, ਭਰਮਾ ਦੇ ਪੜਦੇ ਲਹੁੰਦੀਆਂ ਸਨ ਤੇ ਹਨੇਰਾ ਛੰਡਦੀਆਂ ਸਨ। ਨਾਨਕ ਦੇ ਗਾਣ ਵਿੱਚ ਏਨਾ ਰਸ ਹੋਇਆ ਕਰਦਾ ਸੀ ਕਿ ਨਾਨਕ ਦੀ ਆਵਾਜ਼ ਸੁਣ ਜੀਵ ਜੰਤੂ ਵੀ ਨਾਨਕ ਦੇ ਉਦਾਲੇ ਆਣ ਇਕੱਠੇ ਹੋਏ ਬੈਠਦੇ। ਸਭਨਾ ਤੇ ਰੱਬੀ ਵਿਸਮਾਦ ਤਾਰੀ ਹੁੰਦਾ।

ਤਿੰਨ-ਚਾਰ ਦਿਨ ਬੀਤੇ, ਤੇ ਨਾਨਕ ਨੇ ਭਾਈ ਲਾਲੋ ਨੂੰ ਆਖਿਆ- ਅੱਛਾ ਭਾਈ ਲਾਲੋ ਜੀ! ਅਸਾਂ ਨੂੰ ਹੁਣ ਛੁੱਟੀਆਂ ਦਿਓ, ਚੱਲੀਏ। ਹੋਰ ਦੇਸੀਂ ਵੀ ਜਾਵਣਾ ਹੈ।

ਭਾਈ ਲਾਲੋ ਦੇ ਅੱਖਾਂ ਵਿੱਚ ਅੱਥਰੂ ਆ ਗਏ, ਹੱਥ ਜੋੜ ਨਾਨਕ ਦੇ ਸਾਹਵੇਂ ਆਣ ਖਲੋਤਾ, ਤੇ ਆਖਿਆ- ਜੀ ਹੋਰ ਦੇਸੀਂ ਲੱਖ ਜਾਓ, ਸਾਰੀ ਧਰਤ ਤੁਸਾਂ ਦੀ ਏ ਪਰ ਅਜੇ ਅਸਾਂ ਨਹੀਂ ਜਾਵਣ ਦੇਣਾ, ਪੂਰਾ ਇੱਕ ਮਹੀਨਾ ਤੁਸਾਂ ਅਸਾਂ ਦੇ ਕੋਲ ਰਹਿਵਣਾ ਹੈ। ਰੁੱਖੀ ਮਿੱਸੀ ਜਿਹੋ-ਜਿਹੀ ਪਰਮੇਸਰ ਦੇਂਵਦਾ ਹੈ, ਸੋ ਹਾਜ਼ਰ ਹੈ। ਭਾਈ ਲਾਲੋ ਦੀ ਪ੍ਰੇਮ ਦੀ ਭਾਵਨਾ ਵੇਖ ਨਾਨਕ ਮਿਹਰ ਦੇ ਘਰ ਆਏ ਤੇ ਜਾਣ ਦਾ ਫੁਰਨਾ ਤਿਆਗ ਦਿੱਤਾ।

ਮਰਦਾਨੇ ਆਖਿਆ- 'ਜੀ ਤੁਸਾਂ ਦੀ ਰਜਾਇ ਹੋਵੇ ਤਾਂ ਤਲਵੰਡੀ ਜਾ ਆਵਾਂ, ਨਾਲੇ ਬਾਲ ਬੱਚਿਆਂ ਨੂੰ ਵੇਖ ਆਵਾਂ ਤੇ ਰਾਇ ਸਾਹਿਬ ਦੀ ਸੁੱਖ-ਸਾਂਦ ਪੁੱਛ ਆਵਾਂ ਤੇ ਤੁਸਾਂ ਦੀ ਸੁੱਖ-ਸਾਂਦ ਦੱਸ ਆਵਾਂ? ਨਾਲੇ ਤੁਸਾਂ ਦੇ ਮਾਤਾ ਪਿਤਾ ਨੂੰ ਵੀ ਮਿਲ ਆਵਾਂਗਾ।'

ਨਾਨਕ ਆਖਿਆ- ਭਾਈ ਮਰਦਾਨਾ ਜਿਵੇਂ ਤੁਸਾਂ ਦੀ ਮਰਜ਼ੀ। ਰਾਇ ਸਾਹਿਬ ਨੂੰ ਅਸਾਂ ਵਲੋਂ ਅਦਬ ਸਤਿਕਾਰ ਕਹਿਣਾ, ਉਨ੍ਹਾਂ ਦਾ ਭਾਰ ਸਾਡੇ ਮੋਢਿਆਂ ਤੇ ਬਹੁਤ ਹੈ। ਤੁਸਾਂ ਝਬਦੇ ਆਵਣ ਦੀ ਕਰਨੀ, ਬਹੁਤੇ ਦਿਨ ਨਹੀਂ ਲਾਵਣੇ। ਅਸਾਂ ਦਾ ਵੀ ਤੁਸਾਂ ਬਿਨਾ ਮਨ ਨਹੀਂ ਲੱਗਦਾ, ਤੇ ਨਾਲੇ ਫਿਰ ਅਗਲੇ ਸਫ਼ਰ ਤੇ ਵੀ ਜਾਵਣਾ ਹੈ। ਸੋ ਬੱਚਿਓ, ਮਰਦਾਨਾ ਨਾਨਕ ਨੂੰ ਪੁੱਛ ਕੇ ਤਲਵੰਡੀ ਨੂੰ ਰਵਾਨਾ ਹੋਇਆ। ਆਪਣੀ ਰਬਾਬ ਉਸ ਭਾਈ ਲਾਲੋ ਦੇ ਸਪੁਰਦ ਕਰ ਦਿੱਤੀ, ਤੇ ਆਖਿਆ- ਭਾਈ ਜੀ ਇਸ ਸਾਜ਼ ਨੂੰ ਬਹੁਤ ਸੰਭਾਲ ਕੇ ਰੱਖਣਾ ਕਿਸੇ ਉੱਚੀ ਥਾਂ ਤੇ।

ਨਾਨਕ ਰੋਜ਼ ਸਵੇਰੇ ਸਵੱਖਤੇ ਉੱਠਦੇ ਇਸ਼ਨਾਨ ਕਰ ਪਰਮੇਸਰ ਦੀ ਬੰਦਗੀ 'ਚ ਜੁੜ ਜਾਂਦੇ ਤੇ ਫਿਰ ਸਵੇਰ ਦਾ ਸ਼ਾਹ-ਵੇਲਾ ਕਰ ਕੇ, ਨਗਰ ਤੋਂ ਬਾਹਰ ਇੱਕ ਝਿੜੀ ਵਿੱਚ ਜਾ ਬੈਠਦੇ ਤੇ ਇਕਾਂਤ ਨਾਮ ਜਪਦੇ, ਚਿੰਤਨ ਕਰਦੇ, ਪਰਮੇਸਰ ਨਾਲ ਇੱਕ-ਮਿੱਕ ਹੁੰਦੇ, ਸ਼ਾਮਾਂ ਪਈਆਂ ਵਾਪਸ ਲਾਲੋ ਦੇ ਘਰ ਆ ਜਾਂਦੇ। ਸ਼ਾਮ ਦੀ ਕਥਾ ਵਾਰਤਾ ਹੁੰਦੀ ਪਰਮੇਸਰ ਦੇ ਘਰ ਦੀਆਂ ਗੱਲਾਂ ਹੁੰਦੀਆਂ, ਸਾਰਾ ਨਗਰ ਆਣ ਲਾਲੋ ਦੇ ਘਰ ਢੁੱਕਦਾ।

'ਦਾਦੀ ਜੀ, ਅਸੀਂ ਤੁਹਾਡੇ ਤੋਂ ਸਤਿਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਤਾਂ ਸੁਣਦੇ ਹੀ ਹਾਂ ਨਾਲ ਨਾਲ ਇਹ ਪੰਜਾਬੀ ਬੋਲ-ਚਾਲ ਉਸ ਸਮੇਂ ਦੇ ਰੀਤੀ-ਰਿਵਾਜ਼, ਪੰਜਾਬ ਦੀ ਹਾਲਤ ਤੇ ਉਸ ਸਮੇਂ ਦੇ ਪਰਚੱਲਤ ਲਫ਼ਜ਼

ਤੇ ਹੋਰ ਵੀ ਬੜਾ ਕੁਝ ਸਿੱਖੀ ਜਾਂਦੇ ਹਾਂ।' ਰਤਨ ਸਿੰਘ ਨੇ ਆਖਿਆ।

'ਦਾਦੀ ਜੀ, ਰਤਨ ਸਿੰਘ ਬਿਲਕੁੱਲ ਠੀਕ ਕਹਿੰਦਾ ਹੈ, ਰਤਨ ਸਿੰਘ ਨੇ ਸਾਡੇ ਸਾਰਿਆਂ ਦੇ ਮਨ ਦੀ ਹੀ ਗੱਲ ਕੀਤੀ ਹੈ। ਸਾਰੇ ਬੱਚਿਆਂ ਨੇ ਇਸ ਦੀ ਹਾਮੀ ਭਰੀ।' ਆਤਮਾ ਸਿੰਘ ਨੇ ਆਪਣੀ ਗੱਲ ਜੋੜੀ- 'ਨਾਨੀ ਜੀ ਇਨ੍ਹਾਂ ਸਾਖੀਆਂ ਵਿੱਚ ਸਾਡਾ ਸਾਰਿਆਂ ਦਾ ਮਨ ਬਹੁਤ ਲੱਗਦਾ ਹੈ, ਕਈ ਵਾਰ ਤੇ ਇਹ ਸਾਖੀਆਂ ਸੁਣਦਿਆਂ ਸਾਡੀਆਂ ਅੱਖਾਂ ਵਿੱਚ ਅੱਥਰੂ ਵੀ ਆ ਜਾਂਦੇ ਹਨ।'

ਦਾਦੀ ਜੀ ਬੱਚਿਆਂ ਦੀ ਗੱਲ ਸੁਣ ਕੇ ਬਹੁਤ ਖੁਸ਼ ਹੋਏ ਤੇ ਰਤਨ ਸਿੰਘ ਦਾ ਸਿਰ ਪਲੋਸਦਿਆਂ ਉਸ ਦੀਆਂ ਗੱਲ੍ਹਾਂ ਥਪ ਥਪਾਈਆਂ ਤੇ ਆਤਮਾ ਸਿੰਘ ਨੂੰ ਪਿਆਰ ਦਿੱਤਾ। ਅਮਰ ਕੌਰ ਨੇ ਖੁਸ਼ੀ ਵਿੱਚ ਉੱਠ ਕੇ ਆਪਣੇ ਨਾਨੀ ਜੀ ਨੂੰ ਜੱਫੀ ਪਾ ਲਈ। ਨਾਨੀ ਮਾਂ ਨੇ ਅਮਰ ਕੌਰ ਦੀ ਪਿੱਠ ਥਾਪੜਦਿਆਂ, ਉਸਨੂੰ ਪਿਆਰ ਕੀਤਾ ਤੇ ਉਸਦਾ ਮੱਥਾ ਚੁੰਮਿਆਂ। ਸਾਰੇ ਬੱਚੇ ਅਗਲੀ ਗੱਲ ਸੁਨਣ ਵਾਸਤੇ ਫਿਰ ਸਾਵਧਾਨ ਹੋ ਕੇ ਬੈਠ ਗਏ।

ਤੇ ਬੱਚਿਓ ਇਸ ਤਰ੍ਹਾਂ ਭਾਈ ਲਾਲੋ ਦੇ ਘਰ ਰੋਜ਼ ਸ਼ਾਮਾਂ ਪਈਆਂ ਲੋਕ ਆਣ ਜੁੜਦੇ, ਨਾਲ ਦੇ ਪਿੰਡਾਂ ਦੇ ਲੋਕ ਜਿਨ੍ਹਾਂ ਵਿਚ ਹਿੰਦੂ ਤੇ ਹੁੰਦੇ ਹੀ ਮੁਸਲਮਾਨ ਵੀ ਆਉਣੇ ਸ਼ੁਰੂ ਹੋ ਗਏ। ਸੈਦਪੁਰ ਦੇ ਬ੍ਰਾਹਮਣਾਂ ਤੇ ਮੌਲਵੀ ਮੁਲਾਣਿਆਂ ਕੋਲ ਜਾਣ ਵਾਲੇ ਲੋਕਾਂ ਦੀ ਗਿਣਤੀ ਘਟਣ ਲੱਗੀ। ਨਾਨਕ ਦਾ ਵਧਦਾ ਪ੍ਰਤਾਪ ਵੇਖ ਉਨ੍ਹਾਂ ਨੂੰ ਆਪਣਾ ਧੰਦਾ ਚੌਪਟ ਹੁੰਦਾ ਜਾਪਿਆ। ਹੁਣ ਹਿੰਦੂ ਨਾਨਕ ਨੂੰ 'ਨਾਨਕ ਤਪਾ' ਆਖਦੇ ਤੇ ਮੁਸਲਮਾਨ 'ਨਾਨਕ ਸ਼ਾਹ ਫ਼ਕੀਰ' ਆਖਦੇ।

ਬ੍ਰਾਹਮਣਾਂ ਨੇ ਸੈਦਪੁਰ ਦੇ ਚੌਧਰੀ ਮਲਕ ਭਾਗੋ ਪਾਸ ਜਾ ਉਸਦੇ ਕੰਨ ਭਰਨੇ ਸ਼ੁਰੂ ਕੀਤੇ। ਆਖਣ ਲੱਗੇ- ਮਲਕ ਸਾਹਿਬ, ਨਾਨਕ ਤਪੇ ਵੱਲ ਵੇਖੋ, ਖੱਤਰੀਆਂ ਦੀ ਉੱਚੀ ਕੁੱਲ ਦਾ ਹੋ ਕੇ, ਇੱਕ ਕਿਰਤੀ ਨੀਚ-ਜਾਤ ਲਾਲੋ ਦੇ ਘਰ ਡੇਰੇ ਲਾਈ ਬੈਠਾ ਹੈ। ਇੱਥੇ ਹੀ ਬੱਸ ਨਹੀਂ ਆਪਣੇ ਨਾਲ ਇੱਕ ਡੂਮ ਮਿਰਾਸੀ ਵੀ ਰੱਖਿਆ ਹੋਇਆ ਹੈ। ਹੋਰ ਤੇ ਹੋਰ ਲੋਕਾਂ ਨੂੰ ਤੁਹਾਡੇ ਤੇ ਸਾਡੇ ਖਿਲਾਫ ਭੜਕਾਉਂਦਾ ਵੀ ਹੈ। ਕੀ ਲਾਲੋ ਕਿਰਤੀ ਦੇ ਘਰ ਰਹਿ ਕੇ ਉਹ ਤੁਹਾਡੀ ਉੱਚੀ ਕੁੱਲ ਵਾਲਿਆਂ ਦੀ ਤੌਹੀਨ ਨੀ ਕਰਦਾ? ਕਿਤੇ ਸ਼ਾਮਾਂ ਪਈਆਂ ਲਾਲੋ ਦੇ ਵੇਹੜੇ ਵੱਲ ਜਾ ਕੇ ਤਾਂ ਵੇਖਿਓ, ਸਾਰਾ ਸੈਦਪੁਰ ਤੇ ਆਲੇ-ਦੁਆਲੇ ਦੇ ਹਿੰਦੂ ਮੁਸਲਮਾਨਾਂ ਨਾਲ ਉਸ ਦਾ ਵਿਹੜਾ ਭਰਿਆ ਪਿਆ ਹੁੰਦਾ ਹੈ। ਉਸਨੇ ਕਿਤੇ ਲੋਕਾਂ ਨੂੰ ਭੜਕਾ ਦਿੱਤਾ, ਤਾਂ ਤੁਹਾਡਾ ਤੇ ਸਾਡਾ ਜਿਊਣਾ ਹਰਾਮ ਹੋ ਜਾਊ। ਇਹ ਗੱਲ ਸੁਣ ਕੇ ਮਲਕ ਭਾਗੋ ਦਾ ਮਨ ਵੀ ਫਿਕਰਮੰਦ ਹੋਇਆ।

# ਮਲਕ ਭਾਗੋ ਦਾ ਬ੍ਰਹਮ-ਭੋਜ

ਬੱਚਿਓ, ਕੁਦਰਤੀ ਮਲਕ ਭਾਗੋ ਦੇ ਘਰ ਕੋਈ ਦਿਨ-ਤਿਓਹਾਰ ਆ ਗਿਆ। ਮਲਕ ਨੇ ਉਸ ਦਿਨ ਆਪਣੇ ਘਰ ਬ੍ਰਹਮ-ਭੋਜ ਰੱਖਿਆ। ਸੈਦਪੁਰ ਦੇ ਸਾਰੇ ਉੱਚ ਜਾਤੀ ਵਾਲਿਆਂ ਨੂੰ ਤੇ ਸਾਧੂ ਫਕੀਰਾਂ ਨੂੰ ਬ੍ਰਹਮ-ਭੋਜ ਦਾ ਸੱਦਾ ਦਿੱਤਾ ਗਿਆ। ਉਸ ਨੇ ਬ੍ਰਹਮ-ਭੋਜ ਦਾ ਸੱਦਾ ਨਾਨਕ ਵੱਲ ਵੀ, ਨਾਨਕ, ਇੱਕ ਖੱਤਰੀ ਹੋਣ ਕਰਕੇ ਭਿਜਵਾਇਆ ਪਰ ਬ੍ਰਹਮ-ਭੋਜ ਵਾਲੇ ਦਿਨ ਨਾਨਕ ਮਲਕ ਭਾਗੋ ਦੇ ਬ੍ਰਹਮ-ਭੋਜ ਤੇ ਗਏ ਹੀ ਨਾ। ਬ੍ਰਾਹਮਣਾਂ ਨੇ ਨਾਨਕ ਦੇ ਖਿਲਾਫ ਮਲਕ ਦੇ ਕੰਨ ਭਰੇ। ਮਲਕ ਭਾਗੋ ਨੇ ਆਪਣੇ ਆਦਮੀ ਇਹ ਕਹਿ ਕੇ ਨਾਨਕ ਵੱਲ ਭੇਜੇ ਕਿ ਜੇ ਨਾਨਕ ਆਉਣ ਤੋਂ ਇਨਕਾਰ ਕਰੇ, ਤਾਂ ਜ਼ਬਰਦਸਤੀ ਲਿਆਂਦਾ ਜਾਵੇ।

ਉੱਧਰ ਭਾਈ ਲਾਲੋ ਦੇ ਘਰ ਕੁਝ ਸਿਆਣਿਆਂ ਬੈਠ ਮਤਾ ਕੀਤਾ ਕਿ ਇਹ ਵੱਡੇ ਲੋਕ ਹੰਕਾਰੀ, ਕੰਨਾਂ ਦੇ ਕੱਚੇ ਹੁੰਦੇ ਹਨ ਤੇ ਇਨ੍ਹਾਂ ਨੂੰ ਆਪਣੀ ਤਾਕਤ ਦਾ ਗਰੂਰ ਵੀ ਹੁੰਦਾ ਹੈ, ਸੋ ਮੌਕਾ ਵਿਚਾਰਦਿਆਂ ਨਾਨਕ ਨੂੰ ਮਲਕ ਦੇ ਸੱਦੇ ਤੇ ਚਲੇ ਜਾਣਾ ਚਾਹੀਦਾ ਹੈ।

ਸੋ ਬੱਚਿਓ, ਜਦੋਂ ਮਲਕ ਦੇ ਆਦਮੀ ਫਿਰ ਨਾਨਕ ਨੂੰ ਸੱਦਣ ਲਾਲੋ ਦੇ ਘਰ ਵੱਲ ਆ ਰਹੇ ਸਨ, ਤਾਂ ਨਾਨਕ ਵੀ ਭਾਈ ਲਾਲੋ ਤੇ ਹੋਰ ਦੋ-ਚਾਰ ਬੰਦਿਆਂ ਨਾਲ ਮਲਕ ਭਾਗੋ ਦੀ ਹਵੇਲੀ ਵੱਲ ਜਾ ਰਹੇ ਸਨ।

ਮਲਕ ਭਾਗੋ ਦੀ ਹਵੇਲੀ ਪਹੁੰਚੇ ਤਾਂ ਮਲਕ ਨੇ ਆਖਿਆ- ਅਸੀਂ ਤੁਹਾਨੂੰ ਸਾਧੂ ਜਾਣ ਕੇ ਬ੍ਰਹਮ-ਭੋਜ ਤੇ ਬੁਲਾਇਆ ਸੀ। ਸਾਡੇ ਬ੍ਰਹਮ-ਭੋਜ ਵਿਚ ਕੀ ਦੋਸ਼ ਸੀ, ਜੋ ਤੁਸੀਂ ਸਾਡੇ ਸੱਦੇ ਤੇ ਨਹੀਂ ਆਏ?

ਮਲਕ ਜੀ, ਤੁਸਾਂ ਦਾ ਬ੍ਰਹਮ-ਭੋਜ ਤੇ ਅਨੇਕਾਂ ਖਾ ਗਏ ਹਨ, ਜੇ ਇੱਕ ਨਾ ਵੀ ਆਇਆ ਤਾਂ ਕੀ ਫਰਕ ਪੈਂਦਾ ਹੈ।

ਜਦ ਸਾਰੇ ਬ੍ਰਾਹਮਣ, ਖੱਤਰੀ, ਸਾਧੂ, ਮਹਾਤਮਾ ਸਾਡੇ ਸੱਦੇ ਤੇ ਬ੍ਰਹਮ-ਭੋਜ ਤੇ ਆਵਣ ਪਰ ਤੁਸੀਂ ਖੱਤਰੀ ਤੇ ਫਿਰ ਸਾਧੂ ਹੁੰਦੇ ਹੋਇਆਂ ਵੀ ਇਨਕਾਰ ਕਰੋ, ਕੀ ਇਹ ਸਾਡੀ ਤੌਹੀਨ ਨੀ?

ਮਲਕ ਜੀ, ਸਾਧੂ ਫ਼ਕੀਰ ਕਿਸੇ ਦੀ ਤੌਹੀਨ ਨਹੀਂ ਕਰਿਆ ਕਰਦੇ, ਦਾਨੀ ਦਾਨ ਕਰਦਾ ਹੈ ਕਰੇ, ਲੈਣ ਵਾਲਾ ਲਵੇ, ਜੋ ਨਹੀਂ ਲੈਂਦਾ ਉਹ ਕਸੂਰਵਾਰ ਕਿਵੇਂ?

ਨਾਨਕ ਦੀ ਗੱਲ ਸੁਣ ਮਲਕ ਚੁੱਪ ਹੋ ਗਿਆ ਫਿਰ ਕਹਿਣ ਲੱਗਾ- ਤੂੰ ਖੱਤਰੀ ਹੋ ਕੇ, ਬੇਦੀ ਹੋ ਕੇ, ਸ਼ੂਦਰਾਂ ਦੇ ਘਰ ਖਾਵੇਂ, ਡੂੰਮਾਂ ਮਿਰਾਸੀਆਂ ਨੂੰ ਕੋਲ ਬਿਠਾਵੇਂ, ਧਰਮ ਦੀਆਂ ਰਹੁ-ਰੀਤਾਂ ਤੋੜੇਂ, ਇਹ ਕਿੱਧਰ ਦਾ ਸਾਧੂਪੁਣਾ ਹੋਇਆ?

ਮਲਕ ਜੀ ਨਾਰਾਜ਼ ਕਿਉਂ ਹੁੰਦੇ ਹੋ, ਲਿਆਓ ਆਪਣੇ ਬ੍ਰਹਮ-ਭੋਜ ਵਿਚ ਬਣਾਏ ਪਦਾਰਥ, ਤੇ ਨਾਲ ਹੀ ਨਾਨਕ ਨੇ ਭਾਈ ਲਾਲੋ ਨੂੰ ਆਖਿਆ- ਭਾਈ ਜੀ ਤੁਸੀਂ ਵੀ ਜਾਓ, ਤੇ ਤੁਸਾਂ ਦੇ ਘਰ ਜੋ ਪਦਾਰਥ ਬਣਿਆ ਹੈ, ਉਹ ਵੀ ਲੈ ਆਓ।

ਦਾਦੀ ਮਾਂ ਨੇ ਵੇਖਿਆ ਕਿ ਸਾਰੇ ਬੱਚੇ ਟਿਕਟਿਕੀ ਲਗਾਈ ਬੜੇ ਹੀ ਧਿਆਨ ਨਾਲ ਸਾਖੀ ਸੁਣ ਰਹੇ ਸਨ। ਦਾਦੀ ਜੀ ਨੇ ਅੱਗੇ ਸਾਖੀ ਜਾਰੀ ਰੱਖੀ ਤੇ ਬੋਲੇ-ਸੋ ਬੱਚਿਓ, ਹੁਣ ਨਾਨਕ ਦੇ ਸਾਹਵੇਂ ਮਲਕ ਭਾਗੋ ਦੇ ਕਈ ਤਰ੍ਹਾਂ

ਦੇ ਪਕਵਾਨ ਵੀ ਪਏ ਸਨ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ, ਲੱਸੀ ਤੇ ਅਚਾਰ ਵੀ। ਬ੍ਰਹਮ-ਭੋਜ ਤੇ ਆਏ ਹੋਏ ਸਾਰੇ ਚੁੱਪ ਚਾਪ ਸੁੰਨ ਖੜ੍ਹੇ ਵੇਖ ਰਹੇ ਸਨ ਕਿ ਹੁਣ ਨਾਨਕ ਕੀ ਕਰਨ ਵਾਲਾ ਹੈ।

ਨਾਨਕ ਨੇ ਭਾਈ ਲਾਲੋ ਨੂੰ ਪੁੱਛਿਆ- ਭਾਈ ਲਾਲੋ ਜੀ! ਇਹ ਸਾਰਾ ਪਦਾਰਥ ਤੁਸਾਂ ਪਾਸ ਕਿਵੇਂ ਆਇਆ, ਤੇ ਤੁਸਾਂ ਇਹ ਤਿਆਰ ਕਿਵੇਂ ਕੀਤਾ?



ਭਾਈ ਲਾਲੋ ਨੇ ਆਖਿਆ- ਐ ਨਾਨਕ ਤਪਾ, ਮੈਂ ਆਪਣੇ ਹੱਥਾਂ ਨਾਲ ਸੱਚੀ ਸੁੱਚੀ, ਧਰਮ ਦੀ ਕਿਰਤ ਕੀਤੀ, ਹੱਡ-ਭੰਨਵੀਂ ਮਿਹਨਤ ਨਾਲ ਖੂਨ-ਪਸੀਨੇ ਦੀ ਜੋ ਕਮਾਈ ਹੋਈ, ਉਸ ਨਾਲ ਇਹ ਪਦਾਰਥ ਮੈਨੂੰ ਪਰਾਪਤ ਹੋਇਆ ਹੈ। ਇਸ ਪਦਾਰਥ ਨੂੰ ਮੈਂ ਤੇ ਮੇਰੀ ਤਰੀਮਤ ਨੇ ਪ੍ਰਮਾਤਮਾ ਦੀ ਰਹਿਮਤ ਸਮਝ ਕੇ, ਉਸ ਪਰਮਾਤਮਾ ਦਾ ਧੰਨਵਾਦ ਕਰਦਿਆਂ, ਸਿਰ ਝੁਕਾਇਆ ਫਿਰ ਇਸ਼ਨਾਨ ਕਰਕੇ ਸੁੱਚੇ ਹੱਥਾਂ ਨਾਲ, ਪਰਮੇਸਰ ਦਾ ਨਾਮ ਜਪਦਿਆਂ, ਆਪਣੇ ਹੱਥੀ ਇਹ ਪਦਾਰਥ ਤਿਆਰ ਕੀਤਾ ਹੈ, ਜੋ ਮੈ ਤੁਸਾਂ ਵਾਸਤੇ ਲੈ ਕੇ ਹਾਜ਼ਰ ਹੋਇਆ ਹਾਂ।

ਹੁਣ ਨਾਨਕ ਨੇ ਮਲਕ ਭਾਗੋ ਨਾਲ ਨਿਗਾਹਾਂ ਮਿਲਾਈਆਂ ਪਰ ਮਲਕ ਕੋਲ ਤੇ ਅਜਿਹਾ ਕਹਿਣ ਨੂੰ ਕੁਝ ਵੀ ਨਹੀਂ ਸੀ, ਜਿਹੋ ਜਿਹਾ ਲਾਲੋ ਨੇ ਸੁਣਾ ਛੱਡਿਆ ਸੀ। ਮਲਕ ਨੇ ਨੀਵੀਂ ਪਾ ਲਈ।

ਨਾਨਕ ਆਖਿਆ- ਮਲਕ ਜੀ

**'ਹੋਰੁ ਖਾਣਾ ਖੁਸੀ ਖੁਆਰੁ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥'**

ਦੱਸਿਓ ਜ਼ਰਾ ਬ੍ਰਹਮ-ਭੋਜ ਵਿੱਚ ਵਰਤਿਆ ਗਿਆ ਤੁਸਾਂ ਦਾ ਸਾਰਾ ਪਦਾਰਥ ਕਿੱਥੋਂ ਆਇਆ? ਕੀ ਤੁਸਾਂ ਆਪਣੇ ਹੱਥੀਂ ਕੋਈ ਕਿਰਤ ਕੀਤੀ ਹੈ ਜਾਂ ਕਿ ਇਹ ਸਭੋ ਕੁਝ ਗਰੀਬਾਂ ਦੀ ਰੱਤ ਨਿਚੋੜ ਕੇ ਤੁਹਾਡੇ ਖ਼ਜ਼ਾਨਿਆਂ ਵਿੱਚ ਆਇਆ ਹੈ? ਇਹ ਪਦਾਰਥ ਤਿਆਰ ਕਰਨ ਲਈ ਦੁੱਧ, ਘਿਓ, ਤੇਲ ਕਿਸ ਕਿਸ ਨੂੰ ਵਗਾਰਾਂ ਪਾ ਕੇ ਤੁਸਾਂ ਇਕੱਠੇ ਕੀਤੇ ਹਨ? ਕੀ ਇਹ ਪਦਾਰਥ ਲਿਆਣ ਵਾਲੇ, ਆਪਣੇ ਕਾਮਿਆਂ ਨੂੰ ਤੁਸਾਂ ਉਨ੍ਹਾਂ ਦੀ ਮਿਹਨਤ ਦਿੱਤੀ ਹੈ? ਕੀ ਇਹ ਪਦਾਰਥ ਤੁਸਾਂ ਆਪ ਆਪਣੇ ਹੱਥੀਂ ਤਿਆਰ ਕੀਤੇ ਹਨ ਜਾਂ ਕਿ ਵਗਾਰ ਤੇ ਆਏ ਗਰੀਬ ਮਿਹਨਤਕਸ਼ਾਂ ਨੇ, ਤੇ ਜਿਨ੍ਹਾਂ ਦੀ ਮਿਹਨਤ ਮਜਦੂਰੀ ਵੀ ਤੁਸਾਂ ਨਹੀਂ ਦੇਣੀ। ਹੁਣ ਨੀਵੀਂ ਪਾਈ ਕਿਉਂ ਖੜ੍ਹੇ ਹੋ? ਕੋਈ ਜਵਾਬ ਹੈ ਤੁਸਾਂ ਕੋਲ, ਇਨ੍ਹਾਂ ਗੱਲਾਂ ਦਾ?

ਫਿਰ ਨਾਨਕ ਨੇ ਇਕੱਠੇ ਹੋਏ ਸਾਰੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ- ਸੱਜਨੋ, ਹੁਣ ਤੁਸੀਂ ਸਾਰੇ ਦੱਸੋ ਇਨ੍ਹਾਂ ਵਿੱਚੋਂ ਕਿਹੜਾ ਪਦਾਰਥ ਹਰਾਮ ਹੈ ਤੇ ਕਿਹੜਾ ਹਲਾਲ?

ਬੱਚਿਓ ਜਦੋਂ ਲੋਕਾਂ ਦਾ ਧਿਆਨ ਨਾਨਕ ਦੇ ਸਾਹਵੇ ਪਏ ਦੋਹਾਂ ਪਕਵਾਨਾ ਤੇ ਪਿਆ, ਤਾਂ ਉਨ੍ਹਾਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਉਹਨਾਂ ਵੇਖਿਆ ਕਿ ਮਲਕ ਭਾਗੋ ਦੇ ਪਕਵਾਨ ਤੇ ਗਰੀਬ ਗੁਰਬਿਆਂ ਦੀ ਨਿਚੋੜੀ ਹੋਈ ਰੱਤ ਹੈ, ਤੇ ਭਾਈ ਲਾਲੋ ਦੇ ਪਦਾਰਥ ਸੁੱਚੀ ਕਿਰਤ ਤੇ ਸੁੱਚੇ ਦੁੱਧ ਵਰਗੇ। ਨਾਨਕ ਨੇ ਆਖਿਆ- ਤੁਸੀਂ ਸਾਰੇ ਜ਼ਰਾ ਮੈਨੂੰ ਦੱਸਿਓ ਕਿ ਸਾਧੂ ਮਹਾਤਮਾ ਜਾਂ ਕਿਸੇ ਫਕੀਰ ਦੀ ਅਜਿਹੇ ਪਕਵਾਨਾਂ ਦਾ ਸੇਵਨ ਕਰਕੇ ਬਿਰਤੀ ਪਰਮੇਸਰ ਨਾਲ ਜੁੜ ਸਕਦੀ ਹੈ? ਜਿਹੋ ਜਿਹੇ ਪਦਾਰਥਾਂ ਨਾਲ ਤੇ ਜਿਹੋ ਜਿਹੇ ਤਰੀਕੇ ਨਾਲ ਇਹ ਪਕਵਾਨ ਮਲਕ ਸਾਹਿਬ ਦੇ ਬ੍ਰਹਮ-ਭੋਜ ਵਿੱਚ ਤਿਆਰ ਹੋਏ ਹਨ, ਉਹ ਵੀ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ।

ਬੱਚਿਓ ਨਾਨਕ ਦੀਆਂ ਸੱਚੀਆਂ ਸੱਚੀਆਂ ਗੱਲਾਂ ਸੁਣ ਕੇ ਸਾਰੇ ਖ਼ਾਮੋਸ਼ ਸਨ, ਕਿਸੇ ਕੋਲ ਵੀ ਕੋਈ ਜਵਾਬ ਨਹੀਂ ਸੀ। ਫਿਰ ਨਾਨਕ ਨੇ ਆਖਿਆ- ਜੋ ਸੁੱਖ ਸੱਚੀ ਸੁੱਚੀ ਕਿਰਤ ਕਰਨ, ਪਰਮਾਤਮਾ ਦਾ ਨਾਮ ਜਪਣ ਤੇ ਵੰਡ ਛਕਣ ਵਿੱਚ ਹੈ ਓਹੋ ਜਿਹਾ ਸੁੱਖ ਦੁਨੀਆਂ ਵਿੱਚ ਕਿਤੇ ਵੀ ਨਹੀਂ, ਏਸੇ ਲਈ ਤੇ ਅਸਾਂ ਮਲਕ ਸਾਹਿਬ ਦੇ ਬ੍ਰਹਮ-ਭੋਜ ਦਾ ਨਿਉਂਦਾ ਪ੍ਰਵਾਨ ਨਹੀਂ ਸੀ ਕੀਤਾ। ਇਹ ਕਹਿੰਦਿਆਂ ਨਾਨਕ ਭਾਈ ਲਾਲੋ ਨੂੰ ਨਾਲ ਲੈ ਵਾਪਸ ਲਾਲੋ ਦੇ ਘਰ ਵੱਲ ਪਰਤ ਪਏ।

ਮਲਕ ਭਾਗੋ ਦੇ ਬ੍ਰਹਮ-ਭੋਜ ਤੇ ਇਕੱਠੇ ਹੋਏ ਲੋਕ ਗੱਲਾਂ ਪਏ ਕਰਦੇ ਸਨ ਕਿ ਨਾਨਕ ਕੈਸਾ ਫਕੀਰ ਹੈ, ਜਿਸ ਦੇ ਮਨ ਵਿੱਚ ਸੱਚ ਕਹਿਣ ਵਿੱਚ ਰਤਾ ਵੀ ਝਿਜਕ ਨਹੀਂ। ਇਹ ਜਰੂਰ ਕੋਈ ਰੱਬੀ ਰੂਹ ਏ ਜੋ ਮਲਕ ਭਾਗੋ ਵਰਗੇ ਵੱਡੇ ਬੰਦੇ ਦੇ ਮੂੰਹ ਤੇ ਸੱਚ ਕਹਿਣ ਦੀ ਜੁਰਅਤ ਰੱਖਦਾ ਹੈ। ਕਈ ਕਹਿ ਰਹੇ ਸੀ ਕਿ ਭਾਈ ਅੱਲਾ ਦੇ ਬੰਦਿਆਂ ਵਿੱਚ ਉਸ ਅੱਲਾ ਦੇ ਬਿਨਾ ਹੋਰ ਕਿਸੇ ਦਾ ਭੈਅ ਨਹੀਂ ਹੁੰਦਾ। ਉਹਨਾਂ ਦੀ ਪਿੱਠ ਤੇ ਅੱਲ੍ਹਾ-ਤਾਲਾ ਦਾ ਹੱਥ ਹੁੰਦਾ ਏ। ਏਸੇ ਲਈ ਤੇ ਉਹ ਕਿਸੇ ਦੀ ਪਰਵਾਹ ਨਹੀਂ ਕਰਦੇ।

ਏਨੀ ਗੱਲ ਪੂਰੀ ਕਰਦਿਆਂ ਦਾਦੀ ਜੀ ਹੱਥ ਜੋੜ ਸੀਸ ਨਿਵਾਉਂਦੇ ਹੋਏ ਆਪਣੇ ਮੰਜੇ ਤੇ ਲੇਟ ਗਏ ਤੇ ਬੱਚੇ ਸਮਝ ਗਏ ਕਿ ਅੱਜ ਦੀ ਸਾਖੀ ਪੂਰੀ ਹੋ ਗਈ ਹੈ। ਸਾਰੇ ਬੱਚੇ ਦਾਦੀ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਉਂਦੇ ਹੋਏ ਆਪੋ-ਆਪਣੇ ਬਿਸਤਰਿਆਂ ਤੇ ਸੌਣ ਵਾਸਤੇ ਚਲੇ ਗਏ।

# ਸਾਖੀ : ਸੈਦਪੁਰ ਨਵਾਬ ਦੀ

ਸੋ ਬੱਚਿਓ, ਜਦੋਂ ਗੁਰੂ ਨਾਨਕ ਜੀ ਨੇ ਮਲਕ ਭਾਗੋ ਦੇ ਬ੍ਰਹਮ-ਭੋਜ ਤੇ ਜਾ ਕੇ ਇਹ ਕੌਤਕ ਵਰਤਾਇਆ, ਤਾਂ ਸਾਰੇ ਸੈਦਪੁਰ ਵਿੱਚ ਨਾਨਕ ਦੀਆਂ ਗੱਲਾਂ ਹੋਣ ਲੱਗੀਆਂ। ਮਲਕ ਭਾਗੋ ਨੇ ਮਹਿਸੂਸ ਤੇ ਕੀਤਾ ਕਿ ਉਸ ਦੀ ਕਮਾਈ ਧਰਮ ਦੀ ਕਮਾਈ ਨਹੀਂ ਹੈ ਪਰ ਬ੍ਰਹਮ-ਭੋਜ ਤੇ ਆਏ ਲੋਕਾਂ ਸਾਹਵੇਂ ਏਨਾਂ ਕੁਝ ਵਾਪਰ ਜਾਣ ਕਰਕੇ, ਉਸ ਨੇ ਆਪਣੀ ਤੌਹੀਨ ਵੀ ਸਮਝੀ। ਭਾਵੇਂ ਇਹ ਵੀ ਉਸ ਦੇ ਮਨ ਦਾ ਹੰਕਾਰ ਹੀ ਸੀ। ਜੋ ਉਹ ਆਪਣੀ ਤੌਹੀਨ ਸਮਝੀ ਬੈਠਾ ਸੀ।

'ਦਾਦੀ ਜੀ, ਮਰਦਾਨਾ ਤਲਵੰਡੀ ਗਿਆ ਹੋਇਆ ਸੀ, ਉਸ ਦਾ ਕੀ ਬਣਿਆ? ਕੀ ਉਹ ਵਾਪਸ ਨਹੀਂ ਆਇਆ?' ਧਰਮ ਕੌਰ ਨੇ ਪੁੱਛਿਆ।

ਧਰਮ ਕੌਰ ਜੀ, ਮਰਦਾਨਾ ਇਕੱਲਾ ਵਾਪਸ ਨਹੀਂ ਆਇਆ, ਸਗੋਂ ਬਾਲੇ ਸੰਧੂ ਨੂੰ ਵੀ ਨਾਲ ਲੈ ਕੇ ਆਇਆ। ਲਓ ਪਹਿਲੋਂ ਇਹ ਮਰਦਾਨੇ ਵਾਲੀ ਗੱਲ ਹੀ ਪੂਰੀ ਕਰ ਲੈਂਦੇ ਹਾਂ। ਬੱਚਿਓ, ਜਦੋਂ ਮਰਦਾਨਾ ਤਲਵੰਡੀ ਪਹੁੰਚਿਆ ਤਾਂ ਹਰ ਕੋਈ ਮਰਦਾਨੇ ਤੋਂ ਨਾਨਕ ਬਾਰੇ ਪੁੱਛ ਰਿਹਾ ਸੀ, ਤੇ ਮਰਦਾਨੇ ਦੀਆਂ ਨਾਨਕ ਬਾਰੇ ਦੱਸੀਆਂ ਗੱਲਾਂ ਸੁਣ ਸੁਣ ਕੇ ਹੈਰਾਨ ਹੋ ਰਿਹਾ ਸੀ। ਸੁਲਤਾਨਪੁਰ ਵਾਲੀ ਵੇਈਂ ਨਦੀ ਦੀ ਸਾਰੀ ਘਟਨਾ ਤੇ ਤਲਵੰਡੀ ਵਿੱਚ ਪਹਿਲੋਂ ਹੀ ਪਹੁੰਚ ਗਈ ਸੀ। ਕੁਝ ਦਿਨ ਮਰਦਾਨਾ ਤਲਵੰਡੀ ਰਿਹਾ ਤਾਂ ਸੈਦਪੁਰ ਵਾਲੀ ਮਲਕ ਭਾਗੋ ਦੀ ਖ਼ਬਰ ਵੀ ਤਲਵੰਡੀ ਵਿੱਚ ਪਹੁੰਚ ਗਈ। ਹਰ ਕੋਈ ਨਾਨਕ ਨੂੰ ਇਕ ਵਾਰ ਵੇਖਣਾ ਚਾਹੁੰਦਾ ਸੀ।

ਉੱਧਰ ਨਾਨਕ ਦੇ ਮਾਤਾ ਪਿਤਾ ਤੇ ਚਾਚਾ ਜੀ ਭਾਈ ਲਾਲੂ ਨੇ ਵੀ ਮਰਦਾਨੇ ਨੂੰ ਆਖਿਆ ਕਿ ਨਾਨਕ ਨੂੰ ਆਖੀਂ ਇੱਕ ਵਾਰ ਪਰਿਵਾਰ ਨੂੰ ਜ਼ਰੂਰ ਮਿਲ ਜਾਵੇ। ਚੌਧਰੀ ਰਾਇ ਬੁਲਾਰ ਸਾਹਿਬ ਹੁਣ ਬਜ਼ੁਰਗ ਹੋ ਗਏ ਸਨ, ਉਨ੍ਹਾਂ ਦੀ ਬੜੀ ਤਮੰਨਾ ਸੀ ਕਿ ਨਾਨਕ ਇੱਕ ਵਾਰ ਜ਼ਰੂਰ ਆ ਕੇ ਉਨ੍ਹਾਂ ਨੂੰ ਮਿਲ ਜਾਵੇ, ਦਮਾਂ ਦਾ ਕੀ ਭਰੋਸਾ, ਤੇ ਮਰਦਾਨੇ ਆਖਿਆ ਚੌਧਰੀ ਸਾਹਿਬ- ਜੇ ਤੁਸੀਂ ਬਾਲੇ ਸੰਧੂ ਨੂੰ ਮੇਰੇ ਨਾਲ ਭੇਜ ਦਿਓ, ਅਸੀਂ ਦੋਵੇਂ ਜ਼ੋਰ ਪਾਵਾਂਗੇ, ਤਾਂ ਨਾਨਕ ਸਾਡੀ ਗੱਲ ਮੰਨ ਕੇ ਜ਼ਰੂਰ ਤਲਵੰਡੀ ਆ ਜਾਵੇਗਾ। ਸੋ ਬੱਚਿਓ ਚੌਧਰੀ ਰਾਇ ਬੁਲਾਰ ਨੇ ਬਾਲੇ ਸੰਧੂ ਨੂੰ ਆਪਣੇ ਕੋਲ ਬੁਲਾ ਕੇ ਆਖਿਆ ਕਿ ਤੁਸਾਂ ਮਰਦਾਨੇ ਦੇ ਨਾਲ ਜਾਣਾ ਹੈ ਤੇ ਨਾਨਕ ਨੂੰ ਮੇਰੇ ਵਲੋਂ ਤਾਕੀਦ ਕਰਨੀ ਹੈ ਕਿ ਇੱਕ ਵਾਰ ਮੇਰੇ ਜਿਊਂਦੇ ਜੀਅ ਮੈਨੂੰ ਆ ਕੇ ਜ਼ਰੂਰ ਮਿਲ ਕੇ ਜਾਵੇ। ਸੋ ਹੁਣ ਭਾਈ ਬਾਲਾ ਵੀ ਮਰਦਾਨੇ ਦੇ ਨਾਲ ਸੈਦਪੁਰ ਪਹੁੰਚ ਗਿਆ ਸੀ।

**ਸੈਦਪੁਰ ਦੇ ਨਵਾਬ ਦੀ ਸਾਖੀ-**

ਇੱਧਰ ਸੈਦਪੁਰ ਵਿੱਚ ਕੀ ਵਾਪਰਿਆ ਕਿ ਸੈਦਪੁਰ ਦੇ ਪਠਾਣ ਨਵਾਬ ਦਾ ਪੁੱਤਰ ਬੀਮਾਰ ਹੋ ਗਿਆ। ਉਸਨੇ ਹਕੀਮਾਂ, ਵੈਦਾਂ ਕੋਲੋਂ ਆਪਣੇ ਲੜਕੇ ਦਾ ਬੜਾ ਇਲਾਜ਼ ਕਰਵਾਇਆ ਪਰ ਉਸਦੀ ਬੀਮਾਰੀ ਠੀਕ ਹੀ ਨਹੀਂ ਸੀ ਹੋ ਰਹੀ। ਦਿਨ-ਪਰ-ਦਿਨ ਨਵਾਬ ਦਾ ਪੁੱਤਰ ਹੋਰ ਕਮਜ਼ੋਰ ਹੋਈ ਜਾ ਰਿਹਾ ਸੀ ਕਿਉਂਕਿ ਮਲਕ ਭਾਗੋ ਵੀ ਉਸ ਪਠਾਣ ਨਵਾਬ ਦਾ ਬਣਾਇਆ ਹੋਇਆ ਹੀ ਚੌਧਰੀ ਸੀ, ਇਸ ਲਈ ਮਲਕ ਭਾਗੋ ਕੋਲ ਜਦੋਂ ਪਠਾਣ ਦੇ ਪੁੱਤਰ ਦੇ ਬੀਮਾਰ ਹੋਣ ਦੀ ਖ਼ਬਰ ਪਹੁੰਚੀ ਤਾਂ ਉਹ ਵੀ ਉਸਦੀ ਖ਼ਬਰ ਲੈਣ ਨਵਾਬ ਦੀ ਹਵੇਲੀ ਪਹੁੰਚ

ਗਿਆ। ਆਪਣੇ ਬ੍ਰਹਮ-ਭੋਜ ਵਾਲੀ ਘਟਨਾ ਤੋਂ ਭਾਵੇਂ ਉਹ ਸ਼ਰਮਿੰਦਾ ਹੀ ਸੀ ਪਰ ਉਸਦਾ ਹੰਕਾਰ ਅਜੇ ਵੀ ਸਿਰ ਚੁੱਕੀ ਖਲੋਤਾ ਰਿਹਾ ਸੀ।

ਮਲਕ ਨੇ ਨਵਾਬ ਨੂੰ ਆਖਿਆ- ਨਵਾਬ ਸਾਹਿਬ ਜੇ ਵੈਦਾਂ ਤੇ ਹਕੀਮਾਂ ਦੇ ਮਰਜ਼ ਸਮਝ ਨਹੀਂ ਆਂਵਦੀ ਫਿਰ ਸਾਨੂੰ ਪੀਰਾਂ ਫ਼ਕੀਰਾਂ ਦੀ ਇਮਦਾਦ ਲੈਣ ਵਿੱਚ ਕੀ ਹਰਜ਼ ਹੈ? ਪੀਰਾਂ ਫ਼ਕੀਰਾਂ ਦੀ ਦੁਆ ਵੀ ਬਹੁਤ ਕੰਮ ਕਰਦੀ ਹੈ। ਆਖਦੇ ਨੇ ਫ਼ਕੀਰਾਂ ਦੀ ਦੁਆ ਰੇਖ 'ਚ ਮੇਖ ਮਾਰ ਦੇਂਦੀ ਹੈ........। ਤੁਸੀਂ ਮੇਰੀ ਮੰਨੋ ਤਾਂ ਇਲਾਕੇ ਦੇ ਸਾਰੇ ਪੀਰ ਫ਼ਕੀਰ ਤੇ ਸਾਧਾਂ ਨੂੰ ਆਪਣੀ ਹਵੇਲੀ ਲਿਆ ਬਿਠਾਓ, ਤੇ ਉਨ੍ਹਾਂ ਨੂੰ ਆਖੋ ਕਿ ਦੁਆ ਕਰਨ ਕਿ ਤੁਹਾਡਾ ਪੁੱਤਰ ਠੀਕ ਹੋਵੇ। ਪੰਜ-ਚਾਰ ਪੀਰਾਂ ਫ਼ਕੀਰਾਂ ਦੇ ਨਾਮ ਤੇ ਮੈਂ ਹੀ ਦੱਸ ਦਿੰਦਾਂ ਹਾਂ।

ਸੋ ਬੱਚਿਓ ਮਲਕ ਭਾਗੋ ਨੇ ਨਾਨਕ ਤੇ ਮਰਦਾਨੇ ਦਾ ਨਾਮ ਵੀ ਉਸ ਪਠਾਣ ਨਵਾਬ ਕੋਲ ਲੈ ਦਿੱਤਾ। ਇਹ ਕਹਿੰਦਿਆਂ ਕਿ ਨਾਨਕ ਬੜਾ ਪਹੁੰਚਿਆ ਫ਼ਕੀਰ ਹੈ। ਦੂਸਰੇ ਦਿਨ ਉਸ ਨਵਾਬ ਦੇ ਅਹਿਦੀਏ ਪੰਜ-ਸੱਤ ਫ਼ਕੀਰਾਂ ਨੂੰ ਫੜ ਪਠਾਣ ਦੀ ਹਵੇਲੀ ਵਿੱਚ ਲੈ ਆਏ। ਨਾਨਕ ਮਰਦਾਨੇ, ਬਾਲੇ ਅਤੇ ਭਾਈ ਲਾਲੋ ਸਮੇਤ ਝਿੜੀ ਵਿੱਚ ਬੈਠੇ ਬੰਦਗੀ ਕਰ ਰਹੇ ਸਨ। ਨਵਾਬ ਦੀ ਸਾਧੂਆਂ ਨੂੰ ਜਬਰੀ ਫੜ ਕੇ ਲੈ ਜਾਣ ਦੀ ਗੱਲ ਸੁਣ ਕੇ ਭਾਈ ਲਾਲੋ ਬਹੁਤ ਪ੍ਰੇਸ਼ਾਨ ਹੋ ਰਿਹਾ ਸੀ।

ਨਾਨਕ ਆਖਿਆ- 'ਭਾਈ ਲਾਲੋ ਤੂੰ ਕਾਸ ਨੂੰ ਪਰੇਸ਼ਾਨ ਹੋ ਰਿਹਾ ਏ। ਉਸ ਪਰਮੇਸ਼ਰ ਦੀ ਮਰਜ਼ੀ ਬਿਨਾ ਤੇ ਪੱਤਾ ਨਹੀਂ ਝੁਲਦਾ। ਜੋ ਹੋਏਗਾ, ਭਲਾ ਹੋਏਗਾ ਤੇ ਪਰਮੇਸਰ ਦੀ ਰਜ਼ਾ ਵਿੱਚ ਹੋਏਗਾ।'

ਸੋ ਬੱਚਿਓ ਹੋਇਆ ਉਹ ਹੀ ਜਿਸ ਦਾ ਭਾਈ ਲਾਲੋ ਨੂੰ ਡਰ ਸੀ। ਮਲਕ ਭਾਗੋ ਦੇ ਕਿਹਾਂ ਨਵਾਬ ਦੇ ਅਹਿਦੀਏ ਨਾਨਕ ਦੇ ਨਾਲ ਮਰਦਾਨੇ ਤੇ ਬਾਲੇ ਨੂੰ ਵੀ ਝਿੜੀ 'ਚੋਂ ਫੜ ਕੇ ਨਵਾਬ ਦੀ ਹਵੇਲੀ ਵਿੱਚ ਲੈ ਗਏ। ਨਾਨਕ ਨੇ ਵੇਖਿਆ ਕਿ ਨਵਾਬ ਨੇ ਤੇ ਬਹੁਤ ਸਾਰੇ ਪੀਰ, ਫਕੀਰ ਸਾਧੂ ਪਹਿਲੋਂ ਹੀ ਫੜ ਕੇ ਹਵੇਲੀ ਵਿੱਚ ਬਿਠਾਏ ਹੋਏ ਹਨ। ਸ਼ਾਮਾਂ ਪਈਆਂ, ਨਵਾਬ ਆਪਣੇ ਅਮੀਰਾਂ ਵਜ਼ੀਰਾਂ ਤੇ ਮਲਕ ਭਾਗੋ ਨੂੰ ਨਾਲ ਲੈ ਕੇ ਸ਼ਾਹੀ ਠਾਠ ਨਾਲ ਇਨ੍ਹਾਂ ਫ਼ਕੀਰਾਂ ਕੋਲ ਆਇਆ। ਆਖਣ ਲੱਗਾ- ਐ ਫ਼ਕੀਰੋ! ਦੁਆ ਕਰੋ ਮੇਰਾ ਪੁੱਤਰ ਠੀਕ ਹੋਵੇ, ਜਿੰਨੀ ਦੇਰ ਤੁਸੀਂ ਮੇਰੇ ਪੁੱਤਰ ਨੂੰ ਠੀਕ ਨਹੀਂ ਕਰਦੇ ਤੁਹਾਨੂੰ ਇੱਥੇ ਹੀ ਹਵੇਲੀ ਵਿੱਚ ਰਹਿਣਾ ਪਏਗਾ।

ਨਾਨਕ ਆਖਿਆ- ਨਵਾਬ ਸਾਹਿਬ, ਤੁਸੀਂ ਆਪਣੇ ਅਹਿਦੀਏ ਭੇਜ ਕੇ ਆਪਣੇ ਹਾਕਮੀ ਜ਼ੋਰ ਨਾਲ ਫ਼ਕੀਰਾਂ ਨੂੰ ਫੜ ਕੇ ਲਿਆਏ ਹੋ, ਤੇ ਹੁਣ ਜ਼ੋਰ ਨਾਲ ਹੀ ਤੁਸੀਂ ਦੁਆ ਕਰਨ ਨੂੰ ਕਹਿ ਰਹੇ ਹੋ। ਤੁਸੀਂ ਦੱਸੋ ਤੁਹਾਡੇ ਜ਼ੋਰ ਜ਼ਬਰ ਨਾਲ ਫਕੀਰਾਂ ਦੇ ਹਿਰਦੇ ਚੋਂ'ਦੁਆ ਨਿਕਲੇਗੀ। ਤੁਸੀਂ ਆਪਣੇ ਜ਼ੋਰ ਤੇ ਤਾਕਤ ਨਾਲ ਲੋਕਾਂ ਤੋਂ ਮੁਆਮਲਾ ਤੇ ਲੈ ਸਕਦੇ ਹੋ, ਉਨ੍ਹਾਂ ਨੂੰ ਵਗਾਰਾਂ ਤੇ ਪਾ ਸਕਦੇ ਹੋ, ਜ਼ਰਾ ਦੱਸਿਓ ਆਪਣੇ ਹਾਕਮੀ ਰੋਹਬ ਤੇ ਜ਼ੋਰ ਨਾਲ ਕੀ ਤੁਸੀਂ ਖੁਦਾ ਨੂੰ ਵੰਗਾਰ ਕੇ ਆਪਣੇ ਪੁੱਤਰ ਦੀ ਤੰਦਰੁਸਤੀ ਦੀ ਖੈਰ ਮੰਗ ਸਕਦੇ ਹੋ? ਉਸ ਖ਼ੁਦਾ ਨੇ ਤੁਹਾਨੂੰ ਇਹ ਤਾਕਤ ਬਖ਼ਸ਼ੀ ਹੈ, ਤੁਸੀਂ ਇਸ ਇਲਾਕੇ ਦੇ ਹਾਕਮ ਹੋ, ਇਹ ਖ਼ਲਕਤ ਜੋ ਤੁਹਾਡੀ ਪਰਜਾ ਹੈ, ਇਹ ਵੀ ਉਸੇ ਖ਼ੁਦਾ ਦੀ ਬਣਾਈ ਹੋਈ ਹੈ, ਜਿਸ ਨੇ ਤੁਹਾਨੂੰ ਹਾਕਮ ਬਣਾਇਆ ਹੈ। ਤੁਸੀਂ ਹਾਕਮ ਹੋਣ ਦਾ ਧਰਮ ਕਮਾਓ, ਨਿਆਂ ਕਰੋ, ਜ਼ੋਰ ਜ਼ਬਰ ਛੱਡੋ ਤੇ ਰਿਆਸਤ ਦੀ ਪਰਜ਼ਾ ਨੂੰ ਵੀ ਆਪਣੀ ਔਲਾਦ ਵਾਂਗੂੰ ਸਮਝੋ। ਜ਼ਰਾ ਇਸ ਤਰ੍ਹਾਂ ਕਰਕੇ ਤੇ ਵੇਖੋ, ਉਹ ਪਰਮੇਸਰ ਕਿਵੇਂ ਰਹਿਮਤ ਕਰਦਾ ਹੈ।

ਸੋ ਬੱਚਿਓ ਨਵਾਬ ਨਾਨਕ ਦੀਆਂ ਖਰੀਆਂ ਖਰੀਆਂ ਗੱਲਾਂ ਸੁਣ ਕੇ ਸੁੰਨ ਹੋ ਗਿਆ ਤੇ ਨਾਨਕ ਦੇ ਸਾਹਵੇਂ ਹੱਥ ਜੋੜ ਕੇ ਖਲੋ ਗਿਆ, ਤੇ ਆਖਣ ਲੱਗਾ- 'ਐ ਫ਼ਕੀਰ ਸਾਈਂ ਮੈਥੋਂ ਵੱਡੀ ਅਵੱਗਿਆ ਹੋਈ ਹੈ, ਮੈਨੂੰ ਰਸਤਾ ਵਿਖਾ, ਮੈਂ ਕੀ ਕਰਾਂ?'

ਨਾਨਕ ਆਖਿਆ- ਪਹਿਲੋਂ ਇਨ੍ਹਾਂ ਸਾਰਿਆਂ ਫ਼ਕੀਰਾਂ ਤੋਂ ਆਪਣੀ ਖ਼ਤਾ ਦੀ ਮੁਆਫੀ ਮੰਗ, ਫਿਰ ਇਨ੍ਹਾਂ

ਨੂੰ ਰਿਹਾਅ ਕਰ, ਤੇ ਫੇਰ ਇਨ੍ਹਾਂ ਦੇ ਕੋਲ ਜਾ ਕੇ ਆਪਣੇ ਪੁੱਤਰ ਦੀ ਤੰਦਰੁਸਤੀ ਲਈ ਦੁਆ ਕਰਨ ਲਈ ਬੇਨਤੀ ਕਰ।

ਨਵਾਬ ਨੇ ਉਸੇ ਵੇਲੇ ਸਾਰੇ ਫ਼ਕੀਰ ਰਿਹਾਅ ਕਰ ਦਿੱਤੇ ਤੇ ਆਪਣੇ ਅਹਿਦੀਆਂ ਨੂੰ ਆਖਿਆ ਕਿ ਇਨ੍ਹਾਂ ਸਾਰੇ ਫ਼ਕੀਰਾਂ ਨੂੰ ਬਾ-ਇੱਜ਼ਤ ਇਨ੍ਹਾਂ ਦੇ ਸਥਾਨਾਂ ਤੇ ਛੋਡ ਕੇ ਆਓ। ਉੱਧਰ ਨਵਾਬ ਦੇ ਅਹਿਦੀਏ ਬੜੇ ਸਤਿਕਾਰ ਨਾਲ ਸਾਰੇ ਫ਼ਕੀਰਾਂ ਅੱਗੇ ਹੱਥ ਜੋੜ ਉਨ੍ਹਾਂ ਨੂੰ ਉਨ੍ਹਾਂ ਦੀਆਂ ਥਾਵਾਂ ਤੇ ਛੱਡਣ ਲਈ ਲੱਗੇ ਹੋਏ ਸਨ ਤੇ ਨਵਾਬ ਹੱਥ ਜੋੜ ਬੜੀ ਆਜਿਜ਼ੀ ਨਾਲ ਗੁਰੂ ਨਾਨਕ ਅੱਗੇ ਆਪਣੇ ਪੁੱਤਰ ਦੀ ਸਲਾਮਤੀ ਲਈ ਬੇਨਤੀਆਂ ਕਰ ਰਿਹਾ ਸੀ।

ਨਾਨਕ ਮਿਹਰ ਦੇ ਘਰ ਆਏ ਤੇ ਆਖਿਆ ਜਾਓ ਭਾਈ ਲਾਲੋ ਨੂੰ ਆਖੋ ਆਪਣੇ ਘਰੋਂ ਧਰਮ ਦੀ ਕਿਰਤ ਦਾ ਟੁੱਕੜ ਲੈ ਕੇ ਆਵੇ ਤੇ ਉਹ ਟੁੱਕੜ ਤੁਸੀਂ ਆਪਣੇ ਪੁੱਤਰ ਨੂੰ ਖੁਆਓ, ਪਰਮੇਸਰ ਮਿਹਰ ਕਰੇਗਾ।

ਸੋ ਬੱਚਿਓ, ਨਵਾਬ ਨੇ ਉਸੇ ਵੇਲੇ ਭਾਈ ਲਾਲੋ ਅੱਗੇ ਬੇਨਤੀ ਗੁਜ਼ਾਰੀ, ਤੇ ਭਾਈ ਲਾਲੋ ਬਾਬੇ ਦਾ ਹੁਕਮ ਮੰਨ ਆਪਣੇ ਘਰੋਂ ਟੁੱਕੜ ਲੈ ਆਣ ਹਾਜ਼ਰ ਹੋਇਆ। ਉਹ ਟੁੱਕੜ ਜਦੋਂ ਨਵਾਬ ਦੇ ਪੁੱਤਰ ਨੂੰ ਖੁਆਇਆ ਤਾਂ ਉਸ ਨੇ ਸੁੱਖ ਤੇ ਅਰਾਮ ਮਹਿਸੂਸ ਕੀਤਾ।

ਨਾਨਕ ਆਖਿਆ- ਨਵਾਬ ਸਾਹਿਬ ਜੋ ਸੱਤਿਆ ਧਰਮ ਦੀ ਕਿਰਤ ਵਿੱਚ ਹੈ, ਤੇ ਜੋ ਸੁੱਖ ਉਸ ਖ਼ੁਦਾ ਦੇ ਭਓ ਵਿੱਚ ਹੈ, ਉਹ ਸੁੱਖ ਦੁਨਿਆਵੀ ਧਨ-ਪਦਾਰਥਾਂ ਵਿੱਚ ਨਹੀਂ ਹੋਇਆ ਕਰਦਾ ਤੇ ਹਕੂਮਤ ਦੇ ਨਸ਼ੇ ਵਿੱਚ ਤੇ ਬਿਲਕੁਲ ਹੀ ਨਹੀਂ। ਇਹ ਆਖਦੇ ਗੁਰੂ ਨਾਨਕ ਭਾਈ ਲਾਲੋ, ਮਰਦਾਨੇ ਅਤੇ ਭਾਈ ਬਾਲੇ ਸਮੇਤ ਭਾਈ ਲਾਲੋ ਦੇ ਘਰ ਆ ਗਏ।

ਉੱਧਰ ਜਦੋਂ ਮਲਕ ਭਾਗੋ ਨੇ ਵੇਖਿਆ ਕਿ ਉਸ ਨੂੰ ਤੇ ਮੂੰਹ ਦੀ ਖਾਣੀ ਪਈ, ਦੂਸਰੇ ਉਸਦੀ ਆਤਮਾ ਨੇ ਉਸ ਨੂੰ ਲਾਹਨਤਾਂ ਪਾਈਆਂ ਕਿ ਜਿਸ ਦਾ ਤੂੰ ਕਾਰਦਾਰ ਏਂ, ਤੇ ਜਿਸਨੂੰ ਤੂੰ ਆਪਣਾ ਮਾਲਕ ਸਮਝਦਾ ਏਂ, ਉਹ ਨਵਾਬ ਜੋ ਇਲਾਕੇ ਦਾ ਮਾਲਕ ਹੈ ਤੇ ਪਠਾਣ ਹੈ, ਉਹ ਇਸ ਫ਼ਕੀਰ ਦੇ ਸਾਹਵੇਂ ਹੱਥ ਜੋੜ ਖਲੋ੍ ਗਿਆ ਹੈ ਤੇ ਤੈਨੂੰ ਕਾਸਦਾ ਹੰਕਾਰ ਹੈ, ਜਾਹ ਜਾ ਕੇ ਆਪਣੇ ਗੁਨਾਹਾਂ ਦੀ ਤਲਾਫੀ ਕਰ।

## ਮਲਕ ਭਾਗੋ ਦਾ ਮਾਫੀ ਮੰਗਣਾ-

ਸੋ ਬੱਚਿਓ ਮਲਕ ਭਾਗੋ ਨਾਨਕ ਦੇ ਪਿੱਛੇ ਪਿੱਛੇ ਭਾਈ ਲਾਲੋ ਦੇ ਘਰ ਆ ਗਿਆ, ਤੇ ਆਖਣ ਲੱਗਾ- ਐ ਨਾਨਕ ਮੈਨੂੰ ਬਖ਼ਸ਼, ਮੈਥੋਂ ਬਹੁਤ ਵੱਡੀ ਅਵੱਗਿਆ ਹੋਈ ਹੈ। ਮੈਂ ਗਲਤ ਲੋਕਾਂ ਦਾ ਚੁੱਕਿਆ ਚੁਕਾਇਆ ਗਲਤੀ ਕਰ ਬੈਠਾ ਹਾਂ, ਮੇਰੀ ਖ਼ਤਾ ਮੁਆਫ ਕਰ?

ਨਾਨਕ ਆਖਿਆ- ਐ ਮਲਕ ਭਾਗੋ ਤੇਰੀ ਅਵੱਗਿਆ ਤੇ ਨਾਨਕ ਦੀ ਅਵੱਗਿਆ ਹੈ, ਡਰ ਉਸ ਅਵੱਗਿਆ ਤੋਂ ਜੋ ਤੂੰ ਉਸ ਡਾਹਡੇ ਦੀ ਅਵੱਗਿਆ ਕਰ ਰਿਹਾ ਏਂ। ਜੋ ਤੂੰ ਉਸ ਮਾਲਕ ਦੀ ਖਲਕਤ ਨੂੰ ਸਤਾਉਣਾ ਏਂ ਉਸ ਦੀ ਤਲਾਫੀ ਕਰ। ਆਪਣੇ ਕਰਤਬ ਦੀ ਪਾਲਣਾ ਕਰ, ਤੇਰਾ ਕਰਤਬ ਤੇਰੀ ਪਰਜ਼ਾ ਦੀ ਭਲਾਈ ਕਰਨਾ ਹੈ। ਸੋ ਆਪਣੀ ਪਰਜ਼ਾ ਦੀ ਭਲਾਈ ਕਰ। ਤੇਰੀ ਦਸਾਂ ਨਹੁੰਆਂ ਦੀ ਕਿਰਤ ਆਪਣੀ ਪਰਜ਼ਾ ਪ੍ਰਤੀ ਜ਼ਿੰਮੇਵਾਰੀ ਨਿਭਾਉਣਾ ਹੈ। ਉਹਨਾਂ ਦਾ ਦੁੱਖ ਸੁੱਖ ਸਮਝ, ਵਗਾਰਾਂ ਬੰਦ ਕਰ ਦੇ, ਪਰਮੇਸਰ ਦਾ ਨਾਮ ਜਪਿਆ ਕਰ ਤੇ ਉਸ ਦੀ ਦਿੱਤੀ ਦਾਤ ਨੂੰ ਵੰਡ ਕੇ ਖਾਹ, ਸਬਰ ਤੇ ਸ਼ੁਕਰ ਦੀ ਜ਼ਿੰਦਗੀ ਜੀਣਾ ਸਿੱਖ, ਪਰਮੇਸਰ ਭਲੀ ਕਰੇਗਾ।ਇਸ ਤਰ੍ਹਾਂ ਬੱਚਿਓ ਸੈਦਪੁਰ ਦਾ ਨਵਾਬ ਤੇ ਮਲਕ ਭਾਗੋ ਨੇ ਗੁਰੂ ਨਾਨਕ ਦੀ ਕਿਰਪਾ ਨਾਲ ਆਪਣੇ ਖੋਟੇ ਕੰਮ ਛੱਡ ਦਿੱਤੇ ਤੇ ਸਿੱਧੇ ਰਾਸਤੇ ਤੇ ਆ ਗਏ। ਸੋ ਬਾਬੇ ਨਾਨਕ ਨੇ ਉਦਾਸੀਆਂ ਦੇ ਪਹਿਲੇ ਪੜਾਅ ਤੋਂ ਹੀ ਸੁੱਚੀ ਕਿਰਤ

ਕਰਨ, ਪ੍ਰਮੇਸ਼ਰ ਦਾ ਨਾਮ ਜਪਣ ਤੇ ਆਪਣੀ ਧਰਮ ਦੀ ਕਿਰਤ ਚੋਂ ਲੋੜਵੰਦਾਂ ਨੂੰ ਦਾਨ ਕਰਨ ਦਾ ਉਪਦੇਸ਼ ਦਿੱਤਾ।

'ਨਾਨੀ ਜੀ ਗੁਰੂ ਨਾਨਕ ਫਿਰ ਤਲਵੰਡੀ ਵੀ ਗਏ ਚੌਧਰੀ ਰਾਇ ਬੁਲਾਰ ਤੇ ਆਪਣੇ ਮਾਤਾ ਪਿਤਾ ਨੂੰ ਮਿਲਣ?' ਆਤਮਾ ਸਿੰਘ ਨੇ ਪੁੱਛਿਆ।

ਹਾਂ ਆਤਮਾ ਸਿੰਘ ਜੀ, ਜਦੋਂ ਮਰਦਾਨੇ ਤੇ ਬਾਲੇ ਨੇ ਆਖਿਆ ਕਿ ਬਾਬਾ ਜੀ ਰਾਇ ਸਾਹਿਬ ਬਹੁਤ ਯਾਦ ਕਰਦੇ ਹਨ ਆਪ ਜੀ ਨੂੰ। ਦੀਦਾਰ ਲਈ ਅਰਜ਼ ਗੁਜ਼ਾਰੀ ਹੈ, ਤਾਂ ਨਾਨਕ ਚੁੱਪ ਕਰ ਗਏ, ਫਿਰ ਆਖਿਆ– ਠੀਕ ਹੈ ਚਲੋ ਚੱਲਦੇ ਹਾਂ।

ਭਾਈ ਲਾਲੋ ਆਖਿਆ– ਜੀ ਤੁਸਾਂ ਇਕ ਮਹੀਨਾ ਅਸਾਂ ਪਾਸ ਰਹਿਣ ਦਾ ਬਚਨ ਕੀਤਾ ਸੀ, ਅਜੇ ਪੱਚੀ ਦਿਨ ਹੋਏ ਹੈਨ।

ਨਾਨਕ ਆਖਿਆ– ਪੰਜ ਦਿਨ ਬਕਾਏ ਦੇ ਰਹੇ ਅਸਾਂ ਸਿਰ, ਫਿਰ ਆ ਕੇ ਤੁਸਾਂ ਪਾਸ ਰਹਾਂਗੇ, ਹੁਣ ਜਾਣਾ ਪਵੇਗਾ।

ਭਾਈ ਲਾਲੋ ਆਖਿਆ– ਜੀ ਅਸਾਂ ਦਾ ਕੀ ਜ਼ੋਰ ਤੁਸਾਂ ਅੱਗੇ ਜਿਵੇਂ ਤੁਸਾਂ ਦੀ ਰਜਾਇ।

ਬਾਬਾ ਜੀ ਨੇ ਵਦਾਇਗੀ ਮੰਗੀ ਤੇ ਤਲਵੰਡੀ ਦਾ ਰੁਖ ਕੀਤਾ। ਦਸ ਦਿਨ ਵਿੱਚ ਤਲਵੰਡੀ ਪਹੁੰਚੇ ਤੇ ਪਿੰਡ ਦੇ ਬਾਹਰਵਾਰ ਬਾਲੇ ਦੇ ਪਿਤਾ ਚੰਦਰਭਾਨ ਸੰਧੂ ਜੱਟ ਦੇ ਖੂਹ ਤੇ ਜਾ ਉਤਾਰਾ ਕੀਤਾ।

ਬਾਬੇ ਦੇ ਆਣ ਦੀ ਖ਼ਬਰ ਸੁਣ ਮਹਿਤਾ ਕਾਲੂ, ਲਾਲੂ, ਮਾਤਾ ਤ੍ਰਿਪਤਾ ਤੇ ਹੋਰ ਪਰਿਵਾਰ ਮਿਲਣ ਆਏ ਤੇ ਬਾਬੇ ਦਾ ਫ਼ਕੀਰੀ ਭੇਸ ਵੇਖ ਬਹੁਤ ਰੰਜ ਮੰਨਿਆ। ਮਹਿਤਾ ਕਾਲੂ ਰਾਇ ਨੇ ਆਪਣੇ ਛੋਟੇ ਭਾਈ ਲਾਲੂ ਨੂੰ ਇਸ਼ਾਰਾ ਕੀਤਾ ਤਾਂ ਲਾਲੂ ਆਖਿਆ– ਨਾਨਕ ਜੀ ਆਪ ਆਪਣੇ ਮਾਤਾ ਪਿਤਾ ਤੇ ਪਰਿਵਾਰ ਦਾ ਬਚਨ ਮੰਨੋ, ਘਰ ਚੱਲੋ। ਸੰਸਾਰੀ ਕੱਪੜੇ ਪਹਿਰੋ। ਆਪਣੇ ਚਾਚਾ ਲਾਲੂ ਦੇ ਬਚਨ ਸੁਣ ਕੇ ਨਾਨਕ ਚੁੱਪ ਰਹੇ। ਜਦੋਂ ਨਾਨਕ ਨੇ ਕੋਈ ਵੀ ਜਵਾਬ ਨਾ ਦਿੱਤਾ ਤਾਂ ਲਾਲੂ ਆਖਿਆ–

'ਚਲੋ ਜੀ! ਜਿਵੇਂ ਤੁਸਾਂ ਦੀ ਮਰਜ਼ੀ ਪਰ ਰਾਇ ਹੁਰਾਂ ਪਾਸ ਤੇ ਚੱਲੋ। ਰਾਇ ਸਾਹਿਬ ਤੁਸਾਂ ਦੇ ਮਿਲਣ ਨੂੰ ਬਹੁਤ ਲੋਚਦੇ ਹਨ ਜੀ। ਸੋ ਬੱਚਿਓ, ਗੁਰੂ ਨਾਨਕ, ਰਾਇ ਸਾਹਿਬ ਨੂੰ ਮਿਲਣ ਉਨ੍ਹਾਂ ਦੀ ਹਵੇਲੀ ਪਹੁੰਚੇ, ਅੱਗੇ ਰਾਇ ਸਾਹਿਬ ਮੰਜੀ ਤੇ ਲੇਟੇ ਹੋਏ ਹੈਨ। ਗੁਰੂ ਨਾਨਕ ਨੂੰ ਵੇਖ ਕੇ ਉੱਠਣ ਲੱਗੇ ਤਾਂ ਬਾਬੇ ਰਾਇ ਸਾਹਿਬ ਦੇ ਗੋਡਿਆਂ ਤੇ ਹੱਥ ਧਰ ਉੱਠਣ ਤੋਂ ਰੋਕ ਦਿੱਤਾ।

ਰਾਇ ਆਖਿਆ– ਕਿਉਂ ਅਸਾਂ ਨੂੰ ਉੱਠਣ ਤੋਂ ਵਰਜਦਾ ਏਂ। ਤੁਸਾਂ ਨੂੰ ਸੱਦਿਆ ਸੀ ਜੋ ਤੁਸਾਂ ਦੇ ਕਦਮਾਂ ਤੇ ਆਪਣਾ ਸਿਰ ਰੱਖਾਂ।

ਗੁਰੂ ਨਾਨਕ ਬੋਲੇ– ਰਾਇ ਸਾਹਿਬ ਤੁਸੀਂ ਅਸਾਡੇ ਤੋਂ ਵੱਡੇ ਹੋ, ਤੇ ਅਸੀਂ ਤੁਹਾਡੀ ਪਰਜਾ ਹਾਂ।

ਰਾਇ ਬੋਲੇ– ਬਾਬਾ ਤੂੰ ਅਸਾਨੂੰ ਬਖ਼ਸ਼, ਤੇ ਕਰਤਾਰ ਤੋਂ ਵੀ ਬਖ਼ਸ਼ਾ।

ਗੁਰੂ ਨਾਨਕ ਬੋਲੇ– ਰਾਇ ਸਾਹਿਬ ਤੁਸੀਂ ਧੁਰੋਂ ਬਖ਼ਸ਼ੇ ਹੋਏ ਹੋ।

ਰਾਇ ਆਖਿਆ– ਬਾਬਾ ਮੇਰੇ ਉੱਪਰ ਕੁਛ ਆਪਣੀ ਵੀ ਮੇਹਰਬਾਨੀ ਕਰ, ਜਾਂ ਫਿਰ ਦੱਸ ਮੈਂ ਤੇਰੀ ਮੇਹਰਬਾਨੀ ਦਾ ਹੱਕਦਾਰ ਨਾਹੀਂ?

ਗੁਰੂ ਨਾਨਕ ਆਖਿਆ– ਰਾਇ ਜੀ ਜਿੱਥੇ ਅਸੀਂ ਤਿੱਥੇ ਤੁਸੀਂ।

ਰਾਇ ਆਖਿਆ– ਮੇਰੇ ਮਨ ਦੀ ਰੀਝ ਤਾਂ ਪੂਰੀ ਹੋਸੀ ਜੇ ਆਪਣੇ ਕਦਮਾਂ ਉੱਪਰ ਸਿਰ ਰੱਖਣ ਦੀ ਇਜ਼ਾਜਤ ਦੇਵੇਂ। ਰਾਇ ਸਾਹਿਬ ਦੀਆਂ ਅੱਖਾਂ 'ਚ ਵੈਰਾਗ ਤੇ ਪ੍ਰੇਮ ਦੇ ਅੱਥਰੂ ਦੇਖ ਬਾਬੇ ਦਾ ਮਨ ਦਰੱਵਿਆ, ਤੇ

ਰਾਇ ਸਾਹਿਬ ਨੇ ਨਾਨਕ ਦੇ ਪੈਰਾਂ ਤੇ ਸਿਰ ਰੱਖ ਆਪਣਾ ਮਨ ਤਨ ਸ਼ਾਂਤ ਕੀਤਾ, ਤੇ ਬਾਬੇ ਦੇ ਪੈਰਾਂ ਨੂੰ ਚੁੰਮਿਆ। ਫਿਰ ਰਾਇ ਸਾਹਿਬ ਨੇ ਆਪਣੇ ਨੌਕਰ ਹਮੀਦੇ ਨੂੰ ਬੁਲਾਇਆ ਤੇ ਆਖਿਆ- ਹਮੀਦੇ! ਜਾਹ ਜਾ ਕੇ ਸੁਧੇ ਬ੍ਰਾਹਮਣ ਨੂੰ ਬੁਲਾ ਕੇ ਲਿਆ, ਸੁਧਾ ਕਮਾਲ ਦਾ ਖਾਣਾ ਤਿਆਰ ਕਰਦਾ ਹੈ, ਨਾਨਕ ਲਈ ਮਿੱਠਾ, ਸਲੂਣਾ ਜਿਹੋ ਜਿਹਾ ਨਾਨਕ ਦਾ ਮਨ ਹੋਵੇ ਸੋ ਪਦਾਰਥ ਆਣ ਕੇ ਤਿਆਰ ਕਰੇ।

ਸੁਧਾ ਬ੍ਰਾਹਮਣ ਆਇਆ ਤੇ ਨਾਨਕ ਨੂੰ ਪੁੱਛਿਆ- ਜੀ ਕੀ ਤਿਆਰ ਕਰਾਂ, ਤੁਸਾਂ ਦੇ ਖਾਵਣੇ ਲਈ ਹੁਕਮ ਕਰੋ।

ਗੁਰੂ ਨਾਨਕ ਆਖਿਆ- ਸੁਆਦਾਂ ਵਿੱਚ ਕੀ ਰੱਖਿਆ ਹੀ, ਜੋ ਮਨ ਆਏ ਸੋ ਤਿਆਰ ਕਰੋ, ਪੇਟ ਦੀ ਅੱਗ ਹੀ ਤਾਂ ਬੁਝਾਵਣੀ ਹੈ।

ਸੁਧੇ ਬ੍ਰਾਹਮਣ ਮਿੱਠਾ, ਸਲੂਣਾ ਤੇ ਤਰਕਾਰੀ ਤਿਆਰ ਕੀਤੀ ਤੇ ਅਰਜ਼ ਗੁਜ਼ਾਰੀ- ਜੀ ਪਰਸਾਦ ਤਿਆਰ ਹੈ। ਗੁਰੂ ਨਾਨਕ, ਮਰਦਾਨਾ ਤੇ ਬਾਲਾ ਪਰਸਾਦ ਛਕਣ ਲੱਗੇ, ਤਾਂ ਮਾਤਾ ਤ੍ਰਿਪਤਾ ਤੇ ਚਾਚਾ ਲਾਲੂ ਆ ਰਾਇ ਸਾਹਿਬ ਕੋਲ ਬੈਠੇ ਤੇ ਅਰਜ਼ ਗੁਜ਼ਾਰੀ- ਰਾਇ ਸਾਹਿਬ ਨਾਨਕ ਤੁਸਾਂ ਦੀ ਗੱਲ ਮੋੜਦਾ ਨਾਹੀਂ, ਨਾਨਕ ਨੂੰ ਮਨਾਓ ਜੈਸਾ ਕੰਮ ਚਾਹੇ ਕਰੇ ਪਰ ਅਸਾਂ ਪਾਸ ਤਲਵੰਡੀ ਰਵੇ, ਇਹ ਫ਼ਕੀਰੀ ਭੇਸ ਉਤਾਰ, ਸੰਸਾਰੀ ਭੇਸ ਪਹਿਰੇ।

ਪਰਸਾਦ ਛਕ ਗੁਰੂ ਨਾਨਕ ਫਿਰ ਰਾਇ ਸਾਹਿਬ ਕੋਲ ਆਣ ਬੈਠੇ। ਰਾਇ ਸਾਹਿਬ ਨੇ ਆਖਿਆ- ਬਾਬਾ ਤੇਰੇ ਮਾਤਾ ਪਿਤਾ ਬਜ਼ੁਰਗ ਹੈਨ, ਤੂੰ ਹੁਣ ਤਲਵੰਡੀ ਛੋਡ ਕੇ ਮੱਤ ਕਿਤੇ ਜਾਏਂ, ਜਿਹਾ ਚਾਹੇਂ ਤੇਹੀ ਕਾਰ ਕਰ, ਖੇਤੀ ਚਾਹੇਂ ਜਾਂ ਹੱਟ, ਵਪਾਰ ਜਾਂ ਸੁਦਾਗਰੀ ਜੇਹਾ ਵੀ ਕੰਮ ਤੇਰਾ ਮਨ ਚਾਂਹਵਦਾ ਹੈ। ਅਸਾਂ ਦਾ ਵੀ ਮਨ ਤੈਨੂੰ ਮਿਲਣ ਨੂੰ ਕਰਦਾ ਰਹਿੰਦਾ ਹੈ, ਤਲਵੰਡੀ ਰਹਿਸੈਂ ਤਾਂ ਅਸਾਂ ਨੂੰ ਵੀ ਸੁੱਖ ਹੋਸੀ।

ਬਾਬੇ ਆਖਿਆ- ਰਾਇ ਸਾਹਿਬ! ਅਸੀਂ ਹਮੇਸ਼ਾ ਤੁਸਾਂ ਦੇ ਪਾਸ ਹਾਂ,ਜਦੋਂ ਯਾਦ ਕਰੋ ਉਸੇ ਪਲ ਬਹੁੜਾਂਗਾ। ਤੁਸਾਂ ਦਾ ਭਾਰ ਸਾਡੇ ਮੋਢਿਆਂ ਤੇ ਬਹੁਤ ਹੈਸੀ ਪਰ ਪਰਮੇਸ਼ਰ ਦੀ ਰਜਾਇ ਵੀ ਮੰਨਣੀ ਹੋਈ। ਤਿਸ ਡਾਢੇ ਦਾ ਹੁਕਮ ਵੀ ਵਜਾਵਣਾ ਹਈ। ਸੋ ਅਸਾਂ ਨੂੰ ਤੇ ਪਰਦੇਸੀ ਜਾਣਾ ਪਏਗਾ।

ਸੋ ਬੱਚਿਓ ਪੰਜ ਦਿਨ ਗੁਰੂ ਨਾਨਕ ਤਲਵੰਡੀ ਰਹਿ ਕੇ ਵਾਪਸ ਫਿਰ ਸੈਦਪੁਰ ਆ ਗਏ, ਭਾਈ ਲਾਲੋ ਦੀ ਇੱਛਾ ਪੂਰੀ ਕਰਨ ਲਈ। ਫਿਰ ਪੰਜ ਦਿਨ ਸੈਦਪੁਰ ਹੀ ਰਹੇ ਭਾਈ ਲਾਲੋ ਪਾਸ। ਬੱਚਿਓ ਇਹ ਸੈਦਪੁਰ ਜੋ ਹੁਣ ਐਮਨਾਬਾਦ ਬਣ ਚੁੱਕਾ ਹੈ, ਇਸ ਥਾਂ ਤੇ ਜਿੱਥੇ ਬੈਠ ਗੁਰੂ ਨਾਨਕ ਦੇਵ ਜੀ ਬੰਦਗੀ ਕਰਿਆ ਕਰਦੇ ਸਨ, ਉਸ ਥਾਂ ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਰੋੜੀ ਸਾਹਿਬ ਹੈ ਤੇ ਭਾਈ ਲਾਲੋ ਦੀ ਯਾਦ ਵਿੱਚ 'ਭਾਈ ਲਾਲੋ ਦਾ ਕੋਠਾ' ਵੀ।

'ਦਾਦੀ ਜੀ ਸੈਦਪੁਰ ਤੋਂ ਗੁਰੂ ਨਾਨਕ ਜੀ ਫਿਰ ਕਿੱਥੇ ਗਏ?' ਰਤਨ ਕੌਰ ਨੇ ਪੁੱਛਿਆ।

ਰਤਨ ਕੌਰ ਜੀ ਗੁਰੂ ਨਾਨਕ ਤੇ ਸੰਸਾਰ ਦਾ ਉਧਾਰ ਕਰਨ ਆਏ ਸਨ। ਉਹ ਫਿਰ ਕਿਸੇ ਇਕ ਜਗ੍ਹਾ ਤੇ ਨਹੀਂ ਬੈਠੇ। ਗੁਰੂ ਨਾਨਕ ਦੇਵ ਜੀ ਦਾ ਸਾਰਾ ਇਤਿਹਾਸ ਤੇ ਬਹੁਤ ਵੱਡਾ ਹੈ, ਇੱਕ ਸਮੁੰਦਰ ਹੈ ਤੇ ਮੇਰੇ ਪਾਸ ਤੇ ਇੱਕ ਕਤਰਾ ਵੀ ਨਹੀਂ। ਉਹ ਤੁਸੀਂ ਕਿਤਾਬਾਂ ਵਿੱਚ ਤੇ ਤਵਾਰੀਖਾਂ ਵਿਚ ਪੜ੍ਹ ਲਿਓ। ਮੈਂ ਤਾਂ ਤੁਹਾਨੂੰ ਉਹ ਸਾਖੀਆਂ ਹੀ ਸੁਣਾਵਾਂਗੀ, ਜੋ ਮੈਨੂੰ ਯਾਦ ਹਨ।

ਠੀਕ ਹੈ, ਦਾਦੀ ਜੀ।

# ਸਾਖੀ - ਸੱਜਣ ਠੱਗ ਦੀ

ਸੋ ਬੱਚਿਓ ਭਾਈ ਲਾਲੋ ਨੂੰ ਮਿਲ ਕੇ ਗੁਰੂ ਨਾਨਕ ਭਾਈ ਬਾਲਾ ਤੇ ਮਰਦਾਨਾ ਫਿਰ ਕਈ ਥਾਵਾਂ, ਗਰਾਵਾਂ 'ਚ ਰੁਕਦੇ, ਲੋਕਾਂ ਨੂੰ ਤਾਰਦੇ ਹੋਏ ਤੁਲੰਬੇ ਪਹੁੰਚ ਗਏ, ਜੋ ਉਨ੍ਹਾਂ ਦਿਨਾਂ ਵਿੱਚ ਇੱਕ ਵੱਡਾ ਨਗਰ ਸੀ।

'ਦਾਦੀ ਜੀ ਇਸ ਨਗਰ ਵਿੱਚ ਕੀ ਹੋਇਆ?' ਗੰਗਾ ਸਿੰਘ ਨੇ ਪੁੱਛਿਆ।

ਪੁੱਤਰ ਜੀ, ਤੁਲੰਬੇ ਦੀ ਸਾਖੀ ਬਹੁਤ ਮਸ਼ਹੂਰ ਹੈ। ਜੋ ਕਰਤਾਰੀ ਖੇਡ ਇੱਥੇ ਵਰਤੀ ਉਹ ਸੁਣਦਿਆਂ ਤੇ ਆਪਣੇ ਆਪ ਹੀ ਮੂੰਹੋਂ ਧੰਨ ਗੁਰੂ ਨਾਨਕ ਦੇਵ ਜੀ ਨਿਕਲਦਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਤੁਲੰਬੇ ਨਗਰ ਦੇ ਬਾਹਰ ਪਹੁੰਚੇ ਤਾਂ ਇੱਕ ਵੱਡੇ ਛਾਂ-ਦਾਰ ਰੁੱਖ ਹੇਠ ਬੈਠ ਅਰਾਮ ਕਰਨ ਲੱਗੇ। ਇੱਥੋਂ ਦਾ ਇਕ ਬਹੁਤ ਵੱਡਾ ਧਨਾਢ ਆਦਮੀ ਸੀ, ਜਿਸਦਾ ਨਾਮ ਸੱਜਨ ਸੀ। ਨਾਮ ਤੇ ਉਸਨੇ ਆਪਣਾ ਸੱਜਨ ਰੱਖਿਆ ਹੋਇਆ ਸੀ ਪਰ ਉਸ ਦੇ ਮਾੜੇ ਤੇ ਭੈੜੇ ਕੰਮਾਂ ਕਰਕੇ ਲੋਕ ਉਸਨੂੰ ਸੱਜਨ ਠੱਗ ਕਿਹਾ ਕਰਦੇ ਸਨ। ਬੱਚਿਓ ਸੱਜਨ ਬਹੁਤ ਹੀ ਚਲਾਕ ਤੇ ਤੇਜ਼-ਤਰਾਰ ਠੱਗ ਸੀ। ਉਸਨੇ ਸਾਧੂਆਂ ਵਾਲਾ ਭੇਸ ਬਣਾਇਆ ਹੋਇਆ ਸੀ। ਮੱਥੇ ਤੇ ਤਿਲਕ ਤੇ ਗਲ ਵਿੱਚ ਕਈ ਕਿਸਮ ਦੀਆਂ ਮਾਲਾ ਲਟਕਾਈ ਰੱਖਦਾ। ਇਕ ਤੱਸਬੀ ਹਰ ਵਕਤ ਆਪਣੇ ਹੱਥ ਵਿੱਚ ਫੜੀ ਰੱਖਦਾ, ਜਿਵੇਂ ਕਿ ਉਹ ਪਰਮੇਸਰ ਦਾ ਹਰ ਵਕਤ ਸਿਮਰਨ ਕਰਦਾ ਹੋਵੇ, ਤੇ ਪਰਮੇਸਰ ਦਾ ਵੱਡਾ ਭਗਤ ਹੋਵੇ। ਆਪਣੇ ਠੱਗਵਾੜੇ ਦੇ ਇੱਕ ਪਾਸੇ ਮਸੀਤ ਤੇ ਇੱਕ ਪਾਸੇ ਉਸਨੇ ਮੰਦਰ ਬਣਾਇਆ ਹੋਇਆ ਸੀ।

ਉਸਨੇ ਆਪਣੇ ਬਹੁਤ ਸਾਰੇ ਸੂਹੀਏ ਰੱਖੇ ਹੋਏ ਸਨ ਜਿਹੜੇ ਸੂਹੀਏ ਇਸ ਨਗਰ ਦੇ ਚਾਰੋਂ ਪਾਸਿਆਂ ਤੋਂ ਆਉਣ ਵਾਲੇ ਰਸਤਿਆਂ ਤੇ ਨਜ਼ਰ ਟਿਕਾਈ ਫਿਰਦੇ ਰਹਿੰਦੇ। ਜਦੋਂ ਵੀ ਕੋਈ ਅਜਨਬੀ ਜਾਂ ਅਨਜਾਣ ਆਦਮੀ ਉਨ੍ਹਾਂ ਦੀ ਨਜ਼ਰੀ ਪੈਂਦਾ, ਤਾਂ ਉਹ ਉਸ ਆਦਮੀ ਨੂੰ ਆਪਣੀਆਂ ਮਿੱਠੀਆਂ ਮਿੱਠੀਆਂ ਗੱਲਾਂ ਨਾਲ ਆਪਣੇ ਜਾਲ਼ ਵਿੱਚ ਫਸਾ ਲੈਂਦੇ ਤੇ ਫਿਰ ਉਸਨੂੰ ਵਰਗਲਾ ਕੇ ਸੱਜਨ ਦੇ ਕੋਲ ਪਹੁੰਚਾ ਦੇਂਦੇ। ਸੱਜਨ ਜਿਸ ਨੇ ਬਹੁਤ ਸਾਰੇ ਨੌਕਰ ਰੱਖੇ ਹੋਏ ਸਨ। ਇਹ ਨੌਕਰ ਆਏ ਹੋਏ ਨਵੇਂ ਆਦਮੀ ਨੂੰ ਅਨੇਕਾਂ ਤਰ੍ਹਾਂ ਭਰਮਾਉਂਦੇ ਤੇ ਨਿਮਰਤਾ ਤੇ ਪਿਆਰ ਨਾਲ ਏਨੀ ਸੇਵਾ ਕਰਦੇ ਕਿ ਆਉਣ ਵਾਲਾ ਆਦਮੀ ਉਨ੍ਹਾਂ ਦੀ ਚੁੰਗਲ ਤੇ ਪ੍ਰੇਮ-ਜਾਲ਼ ਵਿੱਚ ਫਸ ਜਾਂਦਾ।

ਸੱਜਨ ਨੇ ਆਪਣੇ ਬਹੁਤ ਵੱਡੇ ਘਰ ਦੇ ਅੰਦਰ ਕਈ ਕਿਸਮ ਦੇ ਤਹਿ-ਖਾਨੇ, ਅੰਨੇ ਖੂਹ ਤੇ ਭੋਰੇ ਬਣਾਏ ਹੋਏ ਸਨ। ਉਹ ਬੰਦੇ ਨੂੰ ਲੁੱਟ-ਪੁੱਟ ਕੇ ਮਾਰ ਛੱਡਦਾ ਤੇ ਇਨ੍ਹਾਂ ਵਿੱਚ ਖਪਾ ਦਿੰਦਾ ਸੀ, ਤੇ ਬਾਹਰ ਹਵਾ ਤੱਕ ਵੀ ਨਹੀਂ ਸੀ ਨਿਕਲਣ ਦੇਂਦਾ ਕਿ ਕੋਈ ਉਸਦੇ ਪਾਸ ਆਇਆ ਵੀ ਸੀ। ਆਏ ਅਤਿਥੀ ਦੀ ਸੇਵਾ ਦੇ ਬਹਾਨੇ ਉਹ ਕੋਈ ਨਾ ਕੋਈ ਜ਼ਹਿਰ ਖਾਣੇ ਵਿਚ ਮਿਲਾ ਕੇ ਉਸਨੂੰ ਖੁਆ ਛੱਡਦਾ, ਕਦੇ ਸ਼ਰਾਬ, ਅਫੀਮ, ਭੰਗ, ਪੋਸਤ ਜਾਂ ਕੋਈ ਹੋਰ ਨਸ਼ਾ ਖੁਆ ਦਿੰਦਾ ਕਿ ਖਾਣ ਵਾਲਾ ਬੇ-ਸੁਧ ਹੋ ਥਹੇਂ ਢੇਰੀ ਹੋ ਜਾਂਦਾ, ਤੇ ਫਿਰ ਸੱਜਨ ਆਪਣੇ ਨੌਕਰਾਂ ਚਾਕਰਾਂ ਨਾਲ ਉਸ ਨੂੰ ਲੁੱਟ ਪੁੱਟ ਕੇ ਉਸ ਦਾ ਕਾਮ ਤਮਾਮ ਕਰ ਦਿੰਦਾ। ਰਾਤ ਦੇ ਹਨੇਰੇ ਵਿੱਚ ਉਸ ਦੀ ਦੇਹ ਨੂੰ ਜਾਂ ਤੇ ਬਾਹਰ ਬੀਆਬਾਨ ਵਿੱਚ ਸੁਟਾ ਦਿੰਦਾ ਜਾਂ ਫਿਰ ਅੰਦਰ ਹੀ ਬਣੇ ਅੰਨੇ ਖੂਹ ਵਿੱਚ ਖੁਰਦ-ਬੁਰਦ ਕਰ ਛੱਡਦਾ।

ਸੋ ਬੱਚਿਓ ਸੱਜਨ ਦੇ ਸੂਹੀਆਂ ਨੇ ਗੁਰੂ ਨਾਨਕ ਤੇ ਭਾਈ ਬਾਲੇ, ਮਰਦਾਨੇ ਨੂੰ ਕੋਈ ਵੱਡੀ ਮਾਲ-ਦਾਰ ਅਸਾਮੀ ਸਮਝਿਆ। ਗੁਰੂ ਨਾਨਕ ਤੇ ਘਟ ਘਟ ਦੀ ਜਾਨਣਹਾਰ ਸਨ। ਉਹਨਾਂ ਨੇ ਤੇ ਅੱਜ ਇਸ ਵੱਡੇ ਠੱਗ ਦਾ ਉਧਾਰ ਕਰਨਾ ਸੀ। ਜਿਉਂ ਹੀ ਗੁਰੂ ਨਾਨਕ ਆਪਣੇ ਸਾਥੀਆਂ ਸਮੇਤ ਸੱਜਨ ਦੇ ਘਰ ਪਹੁੰਚੇ, ਉਨ੍ਹਾਂ ਦਾ ਡੇਰਾ ਇੱਕ ਬਹੁਤ ਹੀ ਸੋਹਣੇ ਸਜੇ ਹੋਏ ਕਮਰੇ ਵਿੱਚ ਲੁਆਇਆ ਗਿਆ। ਫਿਰ ਸੱਜਨ ਆਪ ਹਾਜ਼ਰ ਹੋਇਆ। ਸਾਧੂਆਂ ਵਾਲੇ ਕੱਪੜੇ ਪਾਏ ਹੋਏ, ਦੋਵੇਂ ਹੱਥ ਜੋੜੇ ਹੋਏ, ਸਿਰ ਨਿਵਾਇਆ ਹੋਇਆ ਬਹੁਤ ਹੀ ਨਿਮਰਤਾ

ਵਿਖਾਉਂਦੇ ਹੋਏ ਗੁਰੂ ਜੀ ਦੇ ਚਰਨਾਂ ਵਿੱਚ ਬੈਠ ਗਿਆ।

ਗੁਰੂ ਜੀ ਨੇ ਆਖਿਆ– ਪੁਰਖਾ ਮੰਜੇ ਤੇ ਬੈਠ ਪਰ ਸੱਜਨ ਆਖਣ ਲੱਗਾ– ਨਹੀਂ ਜੀ, ਮੇਰੇ ਨਿਮਾਣੇ ਦੀ, ਆਪ ਜੀ ਦੇ ਚਰਨਾਂ ਵਿੱਚ ਹੀ ਥਾਂ ਹੈ। ਫਿਰ ਸੱਜਨ ਦੇ ਦੋ ਨੌਕਰ ਆ ਗਏ। ਇੱਕ ਦੇ ਹੱਥ ਗਰਮ ਕੀਤੇ ਹੋਏ ਪਾਣੀ ਦਾ ਕਰਮੰਡਲ ਤੇ ਦੂਸਰੇ ਪਾਸ ਇੱਕ ਨਵਾਂ–ਨਕੋਰ ਪਰਨਾ ਤੇ ਇੱਕ ਬੱਠਲ। ਬੜਾ ਅਦਬ ਦਿਖਾਉਂਦੇ ਹੋਏ ਆਖਣ ਲੱਗੇ– ਜੀ ਗਰਮ ਪਾਣੀ ਨਾਲ ਹੱਥ ਪੈਰ ਧੋ ਲਓ, ਤੁਸੀਂ ਲੰਬਾ ਸਫ਼ਰ ਕਰ ਕੇ ਆਏ ਹੋ, ਤੇ ਫਿਰ ਪਰਸਾਦ ਵੀ ਤਿਆਰ ਹੈ।

ਗੁਰੂ ਨਾਨਕ ਆਖਿਆ– ਅਸਾਂ ਨੂੰ ਕਿਸੇ ਚੀਜ਼ ਵਸਤ ਦੀ ਜ਼ਰੂਰਤ ਨਹੀਂ, ਅਸੀਂ ਤੇ ਉਸ ਪਰਮੇਸ਼ਰ ਦੀ ਯਾਦ ਵਿੱਚ ਰਾਤ ਬਸਰ ਕਰ ਲੈਣੀ ਹੈ। ਬੱਸ ਰਾਤ ਕੱਟਣ ਨੂੰ ਥਾਂ ਚਾਹੀਦੀ ਸੀ, ਉਹ ਤੁਸਾਂ ਮੇਹਰਬਾਨੀ ਕਰ ਦਿੱਤੀ ਹੈ। ਹੁਣ ਤੁਸੀਂ ਅਸਾਡਾ ਰਾਈ ਵੀ ਫਿਕਰ ਨਾ ਕਰਨਾ।

ਗੁਰੂ ਨਾਨਕ ਦੀ ਗੱਲ ਸੁਣ ਸੱਜਨ ਆਗਿਆ ਲੈ ਅੰਦਰ ਚਲਾ ਗਿਆ ਤੇ ਆਪਣੇ ਸਾਥੀਆਂ ਨੂੰ ਇਕੱਠੇ ਕਰ ਸਲਾਹ ਮਸ਼ਵਰਾ ਕਰਨ ਲੱਗਾ ਕਿ ਹੁਣ ਕੀ ਕੀਤਾ ਜਾਵੇ? ਇਹ ਤੇ ਕੁਝ ਵੀ ਖਾਣ ਪੀਣ ਤੋਂ ਮਨ੍ਹਾਂ ਕਰ ਰਹੇ ਹਨ। ਜੋ ਆਪਣੇ ਆਪ ਨੂੰ ਬਹੁਤਾ ਚਤਰ ਸਮਝਦੇ ਆਖਣ ਲੱਗੇ– ਜ਼ਰਾ ਸਾਨੂੰ ਆਪਣੇ ਦਾਅ ਵਰਤ ਲੈਣ ਦਿਓ, ਤੇ ਫਿਰ ਸੱਜਨ ਦੇ ਕਈ ਸਾਥੀ ਤਰ੍ਹਾਂ ਤਰ੍ਹਾਂ ਦੇ ਪਰਲੋਭਨ ਲੈ ਗੁਰੂ ਨਾਨਕ ਪਾਸ ਆਏ ਪਰ ਗੁਰੂ ਸਾਹਿਬ ਅੱਗੇ ਉਨ੍ਹਾਂ ਦੀ ਕੋਈ ਵੀ ਪੇਸ਼ ਨਾ ਗਈ।

ਅੱਧੀ ਰਾਤ ਬੀਤ ਚੁੱਕੀ ਸੀ, ਬਾਬੇ ਨਾਨਕ, ਮਰਦਾਨੇ ਤੇ ਬਾਲੇ ਇਸ਼ਨਾਨ ਕੀਤਾ। ਨਾਨਕ ਨੇ ਚੌਕੜਾ ਮਾਰਿਆ, ਨੇਤਰ ਬੰਦ ਕੀਤੇ ਤੇ ਸਮਾਧੀ ਸਥਿਤ ਹੋ ਪਰਮੇਸ਼ਰ ਨਾਲ ਜੁੜ ਗਏ। ਕੁਝ ਸਮਾਂ ਇੰਝ ਹੀ ਬਤੀਤ ਹੋਇਆ, ਫਿਰ ਨਾਨਕ ਨੇ ਆਪਣੇ ਨੇਤਰ ਖੋਹਲੇ ਤੇ ਆਖਿਆ– ਮਰਦਾਨਿਆਂ ਰਬਾਬ ਵਜਾਏ ਬਾਣੀ ਆਈ ਊ। ਮਰਦਾਨੇ ਅੱਲ੍ਹਾ ਦਾ ਨਾਮ ਲੈ ਕੇ ਰਬਾਬ ਦੀਆਂ ਤਾਰਾਂ ਨੂੰ ਛੋਹਿਆ, ਇੱਕ ਰੱਬੀ ਵਿਸਮਾਦ ਤਾਰੀ ਹੋਇਆ। ਰਬਾਬ ਦਾ ਸੰਗੀਤ ਸੁਣ ਸੱਜਨ ਦੇ ਅੰਦਰ ਕੋਈ ਗੈਬੀ ਧੂਹ ਪਈ। ਆਪਣੇ ਸਾਥੀਆਂ ਨੂੰ ਥਹੇਂ ਛੋਡ ਬਾਬੇ ਦੇ ਸਾਹਵੇਂ ਦੋਵੇਂ ਹੱਥ ਜੋੜ ਆ ਬੈਠਾ।

ਬੱਚਿਓ ਨਾਨਕ ਨੇ ਸੂਹੀ ਰਾਗ ਵਿਚ ਸ਼ਬਦ ਦਾ ਗਾਇਨ ਸ਼ੁਰੂ ਕੀਤਾ, ਸ਼ਬਦ ਸੀ–

**'ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥'**

ਗੁਰੂ ਨਾਨਕ ਨੇ ਜਿਸ ਸ਼ਬਦ ਦਾ ਗਾਇਨ ਕੀਤਾ ਤੇ ਜਿਸ ਰੰਗ ਵਿਚ ਗਾਇਆ ਸੱਜਨ ਨੂੰ ਉਸ ਦੇ ਇੱਕ ਇੱਕ ਲਫ਼ਜ਼ ਦਾ ਅਰਥ ਉਸਦੀ ਅੰਤਰ–ਆਤਮਾ ਸਾਹਵੇਂ ਸ਼ਾਖ਼ਸਾਤ ਹੋ ਰਿਹਾ ਸੀ। ਜਿਵੇਂ ਗੁਰੂ ਨਾਨਕ ਕਹਿ ਰਹੇ ਹੋਵਣ ਕਿ– ਐ ਸੱਜਨ ਤੂੰ ਸਫੈਦ ਬਸਤਰ ਪਹਿਰੇ ਹੋਏ ਹਨ, ਗਲ ਵਿੱਚ ਕਈ ਕਿਸਮ ਦੀਆਂ ਮਾਲਾ ਪਾਈਆਂ ਹੋਈਆਂ ਹਨ, ਸਾਧੂਆਂ ਵਾਲਾ ਭੇਸ ਧਾਰਿਆ ਹੋਇਆ ਹੈ ਪਰ ਅੰਦਰ ਤੇ ਤੇਰਾ ਮੰਦੇ ਕੰਮ ਕਰ ਕਰ ਕੇ ਧੁਆਂਖਿਆ ਹੋਇਆ ਹੈ। ਤੇਰੇ ਕੰਮ ਤੇ ਸਾਧੂਆਂ ਵਾਲੇ ਨਹੀਂ ਹਨ, ਫਿਰ ਇਹ ਸਾਧੂਆਂ ਵਾਲਾ ਭੇਖ ਧਾਰ ਕੇ ਤੇਰੇ ਅੰਦਰ ਦੀ ਮੈਲ ਧੁਪ ਜਾਏਗੀ।

ਜਿਉਂ ਜਿਉਂ ਗੁਰੂ ਨਾਨਕ ਸ਼ਬਦ ਦਾ ਗਾਇਨ ਕਰਦੇ ਜਾ ਰਹੇ ਸਨ, ਉਸਦਾ ਧੁੰਦ–ਗੁਬਾਰ ਛੰਡਦਾ ਜਾ ਰਿਹਾ ਸੀ। ਸੱਜਨ ਦੀਆਂ ਅੱਖਾਂ ਚੋਂ ਅੱਥਰੂ ਪਰਲ ਪਰਲ ਬਹਿ ਰਹੇ ਸਨ, ਤੇ ਸ਼ਬਦ ਦੀ ਸਮਾਪਤੀ ਤੇ ਸੱਜਨ

ਉੱਚੀ ਉੱਚੀ ਧਾਹਾਂ ਮਾਰ ਕੇ ਰੋਣ ਲੱਗ ਪਿਆ। ਉਸ ਦੇ ਮੂੰਹੋ ਆਪਣੇ ਆਪ ਨਿਕਲ ਰਿਹਾ ਸੀ- ਬਾਬਾ ਮੈਨੂੰ ਬਖ਼ਸ਼ ਲੈ! ਬਾਬਾ ਮੈਨੂੰ ਬਖ਼ਸ਼ ਲੈ!! ਮੈਂ ਗੁਨਾਹਗਾਰ ਸਾਰੀ ਉਮਰ ਕੋਈ ਚੰਗਾ ਕੰਮ ਨਹੀਂ ਕੀਤਾ। ਲੋਕਾਂ ਨਾਲ ਧੋਖਾ ਕੀਤਾ, ਉਨ੍ਹਾਂ ਨੂੰ ਲੁੱਟਿਆ, ਲੁੱਟਿਆ ਹੀ ਨਹੀਂ ਕਈਆਂ ਨੂੰ ਤੇ ਜਾਨੋਂ ਮਾਰ ਮੁਕਾਇਆ। ਤੇਰਾ ਇਹ ਰੱਬੀ ਗੀਤ ਸੁਣ ਕੇ ਮੈਨੂੰ ਆਪਣੇ ਮੰਦੇ ਕੰਮਾਂ ਦੀ ਸੋਝੀ ਹੋਈ ਆ, ਮੇਰੀ ਅੰਤਰ ਆਤਮਾ ਨੇ ਮੈਨੂੰ ਲਾਹਣਤਾਂ ਪਾਈਆਂ, ਮੈਨੂੰ ਆਪਣੇ ਆਪ ਤੋਂ ਸ਼ਰਮ ਆਉਣ ਲੱਗ ਪਈ ਏ, ਮੈਂ ਤੇ ਆਦਮੀ ਕਹਾਉਣ ਦੇ ਵੀ ਲਾਇਕ ਨਹੀਂ, ਕਿੰਨਾ ਭੈੜਾ ਸੀ ਉਹ ਦਿਨ ਜਦੋਂ ਮੈਂ ਇਸ ਭੈੜੇ ਰਸਤੇ ਤੁਰਿਆ। ਅੱਜ ਤੱਕ ਉਸੇ ਮੰਦੇ ਰਾਹੀਂ ਤੁਰਿਆ ਜਾ ਰਿਹਾ ਹਾਂ, ਤੇਰੇ ਵਰਗਾ ਪਹਿਲੋਂ ਕੋਈ ਕਿਓਂ ਨਹੀਂ ਆਇਆ, ਬਖ਼ਸ਼ ਲੈ ਮੈਨੂੰ ਬਖ਼ਸ਼ ਲੈ! ਦੁਹਾਈ ਏ ਮੇਰੀ, ਤੇ ਇਹ ਕਹਿੰਦਿਆਂ ਸੱਜਨ ਨੇ ਆਪਣਾ ਸਿਰ ਬਾਬੇ ਦੇ ਚਰਨਾਂ ਤੇ ਰੱਖ ਦਿੱਤਾ, ਤੇ ਦੋਵਾਂ ਹੱਥਾਂ ਨਾਲ ਬਾਬੇ ਦੇ ਦੋਵੇਂ ਚਰਨ ਫੜ ਲਏ।

ਬਾਬਾ ਨਾਨਕ ਮਿਹਰ ਦੇ ਘਰ ਆਏ, ਸੱਜਨ ਦੀ ਕੰਡ ਤੇ ਹੱਥ ਫੇਰਿਆ, ਆਖਿਆ- ਐ ਸੱਜਨ ਪਿਛਲੇ ਗੁਨਾਹਾਂ ਦੀ ਤੌਬਾ ਕਰ ਤੇ ਅੱਗੋਂ ਧਰਮ ਦੀ ਕਿਰਤ ਕਰ, ਪਰਮੇਸ਼ਰ ਦਾ ਨਾਮ ਜਪ ਤੇ ਵੰਡ ਛਕ। ਪਰਮੇਸਰ ਮਿਹਰ ਕਰੇਗਾ।

ਸੋ ਬੱਚਿਓ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸੱਜਨ ਠੱਗ ਦਾ ਉਧਾਰ ਕੀਤਾ ਤੇ ਉਸਨੂੰ ਸਿੱਧੇ ਰਾਹੇ ਪਾਇਆ। ਹੁਣ ਉਹ ਸੱਜਨ-ਠੱਗ ਤੋਂ ਸੱਚ-ਮੁੱਚ ਸੱਜਨ ਬਣ ਗਿਆ ਸੀ।

'ਨਾਨੀ ਜੀ, ਉਹ ਪੂਰਾ ਸ਼ਬਦ ਕਿਹੜਾ ਸੀ ਜਿਹੜਾ ਗੁਰੂ ਨਾਨਕ ਦੇਵ ਜੀ ਨੇ ਸੱਜਨ-ਠੱਗ ਦੇ ਸਾਹਮਣੇ ਗਾਇਆ?' ਆਤਮਾ ਸਿੰਘ ਨੇ ਪੁੱਛਿਆ।

ਪੁੱਤਰ ਜੀ ਉਹ ਸ਼ਬਦ ਸੀ-

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥**
**'ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ੍॥੧॥ਰਹਾਉ॥**
**ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ [1]॥**
**ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ[2]॥੨॥**
**ਬਗਾ[3] ਬਗੇ[4] ਕਪੜੇ ਤੀਰਥ ਮੰਝਿ ਵਸੰਨ੍ਹਿ॥**
**ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ॥੩॥**
**ਸਿੰਮਲ ਰੁਖੁ ਸਰੀਰੁ ਮੈ ਮੈਜਨ[5] ਦੇਖਿ ਭੁਲੰਨ੍ਹਿ॥**
**ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥੪॥**
**ਅੰਧੁਲੈ ਭਾਰੁ ਉਠਾਇਆ ਡੂਗਰ ਵਾਟ[6] ਬਹੁਤੁ॥**
**ਅਖੀ ਲੋੜੀ ਨਾ ਲਹਾ[7] ਹਉ ਚੜਿ ਲੰਘਾ ਕਿਤੁ॥੫॥**
**ਚਾਕਰੀਆ[8] ਚੰਗਿਆਈਆ ਅਵਰ ਸਿਆਣਪ ਕਿਤੁ॥**
**ਨਾਨਕ ਨਾਮੁ ਸਮਾਲਿ ਤੂ ਬਧਾ ਛੁਟਹਿ ਜਿਤੁ॥੬॥੧॥੩॥'**

੧. ਚਿੱਤਰਕਾਰੀ ਕੀਤੀ ਹੋਈ ਹੈ
੨. ਖਾਲੀ
੩. ਬਗਲੇ
੪. ਚਿੱਟੇ
੫. ਤੋਤਾ
੬. ਪਹਾੜੀ ਰਸਤਾ
੭. ਅੱਖਾਂ ਤੋਂ ਦਿਸਦਾ ਨਹੀਂ
੮. ਚੁਸਤੀਆਂ, ਚਲਾਕੀਆਂ

ਸੋ ਬੱਚਿਓ ਤੁਹਾਨੂੰ ਮੈਂ ਔਖੇ ਸ਼ਬਦਾਂ ਦੇ ਅਰਥ ਦੱਸ ਦਿੱਤੇ ਹਨ, ਹੁਣ ਤੁਸੀਂ ਆਪ ਜਾ ਕੇ ਥੋਹੜੀ ਮਿਹਨਤ ਕਰਿਓ ਤੇ ਇਸ ਸ਼ਬਦ ਦੇ ਅਰਥ ਸਮਝਿਓ। ਜੇ ਕਿਸੇ ਗੱਲ ਦੀ ਸਮਝ ਨਾ ਆਵੇ ਤਾਂ ਆਪਣੇ ਮਾਤਾ ਪਿਤਾ ਤੋਂ ਸਮਝ ਲੈਣਾ।

# ਸਾਖੀ ਹਰਿਦੁਆਰ ਦੀ

ਹੁਣ ਸਾਰੇ ਬੱਚੇ ਦਾਦੀ ਜੀ ਕੋਲ ਵਕਤ ਨਾਲ ਆ ਇਕੱਠੇ ਹੁੰਦੇ। ਅੱਜ ਜਦੋਂ ਸਾਰੇ ਬੱਚੇ ਆ ਕੇ ਦਾਦੀ ਜੀ ਦੁਆਲੇ ਘੇਰਾ ਬਣਾ ਬੈਠ ਗਏ, ਤਾਂ ਦਾਦੀ ਜੀ ਨੇ ਆਖਿਆ- ਬੱਚਿਓ, ਅੱਜ ਮੈਂ ਤੁਹਾਨੂੰ ਗੁਰੂ ਨਾਨਕ ਦੇਵ ਜੀ ਦੀ ਹਰਿਦੁਆਰ ਵਾਲੀ ਸਾਖੀ ਸੁਣਾਵਾਂਗੀ।

'ਦਾਦੀ ਜੀ, ਠੀਕ ਹੈ।' ਸਾਰੇ ਬੱਚਿਆਂ ਨੇ ਇਕੱਠਿਆਂ ਹੁੰਗਾਰਾ ਭਰਿਆ।

ਸੋ ਬੱਚਿਓ! ਗੁਰੂ ਨਾਨਕ ਦੇਵ ਜੀ ਵੱਖ ਵੱਖ ਥਾਵਾਂ 'ਤੇ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਾਹੇ ਪਾਉਂਦੇ ਹੋਏ, ਸੂਰਜ ਗ੍ਰਹਿਣ ਦੇ ਤਿਓਹਾਰ ਤੇ ਹਰਿਦੁਆਰ ਪਹੁੰਚ ਗਏ।

'ਨਾਨੀ ਜੀ, ਗ੍ਰਹਿਣ ਵੀ ਤਿਓਹਾਰ ਹੁੰਦਾ ਹੈ?' ਆਤਮਾ ਸਿੰਘ ਨੇ ਪੁੱਛਿਆ।

'ਠੀਕ ਪੁੱਛਿਆ ਆਤਮਾ ਸਿੰਘ ਜੀ, ਮੈਂ ਵੀ ਇਹ ਵੇਖਣ ਲਈ ਹੀ ਇਸ ਨੂੰ ਤਿਉਹਾਰ ਆਖਿਆ ਸੀ ਕਿ ਤੁਸੀਂ ਕਿੰਨੇ ਕੁ ਧਿਆਨ ਨਾਲ ਸੁਣ ਰਹੇ ਹੋ। ਉਹਨਾਂ ਸਮਿਆਂ ਵਿੱਚ ਬ੍ਰਾਹਮਣਾਂ, ਪ੍ਰੋਹਤਾਂ ਤੇ ਮੁੱਲਾ-ਮੁਲਾਣਿਆਂ ਦਾ ਲੋਕਾਂ ਦੇ ਮਨਾਂ ਤੇ ਬਹੁਤ ਪ੍ਰਭਾਵ ਹੋਇਆ ਕਰਦਾ ਸੀ। ਇੱਕ ਤੇ ਲੋਕ ਪੜ੍ਹੇ ਲਿਖੇ ਨਹੀਂ ਸਨ, ਦੂਸਰੇ ਇਨ੍ਹਾਂ ਪੁਜਾਰੀ ਲੋਕਾਂ ਨੇ ਆਪਣੀ ਜੁਬਾਨ ਵੀ ਵੱਖਰੀ ਰੱਖੀ ਹੋਈ ਸੀ। ਬ੍ਰਾਹਮਣ ਤੇ ਪ੍ਰੋਹਤ ਸੰਸਕ੍ਰਿਤ 'ਚ ਆਪਣਾ ਧਾਰਮਿਕ ਗਿਆਨ ਦਿੰਦੇ ਸਨ, ਤੇ ਮੁੱਲਾ-ਮੁਲਾਣੇ ਅਰਬੀ ਫਾਰਸੀ ਵਿੱਚ। ਇਹ ਦੋਵੇਂ ਜ਼ੁਬਾਨਾ ਆਮ ਲੋਕਾਂ ਦੀ ਸਮਝ ਤੋਂ ਬਹੁਤ ਦੂਰ ਸਨ, ਤੇ ਇਸੇ ਦਾ ਇਹ ਪੁਜਾਰੀ ਲੋਕ ਫਾਇਦਾ ਉਠਾਉਂਦੇ ਸਨ। ਉਹ ਧਾਰਮਿਕ ਪੂਜਾ-ਪ੍ਰਤਿਸ਼ਟਾ ਅਤੇ ਰੀਤੀ-ਰਿਵਾਜ਼ਾਂ ਦੀਆਂ ਰਸਮਾ, ਇਨ੍ਹਾਂ ਜੁਬਾਨਾਂ ਵਿੱਚ ਹੀ ਨਿਭਾਇਆ ਕਰਦੇ ਸਨ, ਤਾਂ ਕਿ ਲੋਕ ਉਨ੍ਹਾਂ ਤੇ ਹੀ ਨਿਰਭਰ ਰਹਿਣ। ਇਹ ਪੁਜਾਰੀ ਲੋਕ, ਆਮ ਜੰਤਾ ਤੇ ਇਸੇ ਕਰਕੇ ਭਾਰੂ ਸਨ, ਤੇ ਲੋਕਾਂ ਨੂੰ ਵਹਿਮਾਂ ਤੇ ਭਰਮ-ਭੁਲੇਖਿਆਂ ਵਿੱਚ ਪਾ ਕੇ ਉਲਝਾਈ ਰੱਖਦੇ ਸਨ। ਲੋਕਾਂ ਤੋਂ ਇਨ੍ਹਾਂ ਧਾਰਮਿਕ ਕੰਮਾਂ ਲਈ ਦਾਨ ਦੇ ਨਾਮ ਤੇ ਬਹੁਤ ਸਾਰੇ ਪੈਸੇ ਵੀ ਬਟੋਰ ਲੈਂਦੇ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਆਪਣੇ ਆਪ ਨੂੰ ਧਾਰਮਿਕ ਕਹਾਉਣ ਵਾਲੇ ਲੋਕਾਂ ਤੋਂ ਹੀ ਆਮ ਲੁਕਾਈ ਨੂੰ ਬਚਾਉਣ ਦਾ ਬੀੜਾ ਚੁੱਕਿਆ ਹੋਇਆ ਸੀ। ਉਹਨਾਂ ਸਮਿਆਂ ਵਿੱਚ ਬੱਚਿਓ ਇਹ ਇਕ ਬਹੁਤ ਔਖਾ ਕੰਮ ਸੀ। ਕਿਸਦੀ ਹਿੰਮਤ ਸੀ ਕਿ ਇਨ੍ਹਾਂ ਪੁਜਾਰੀਆਂ ਨੂੰ ਵੰਗਾਰ ਸੱਕੇ ਪਰ ਗੁਰੂ ਨਾਨਕ ਤੇ ਰੱਬੀ ਜੋਤ ਸੀ, ਉਨ੍ਹਾਂ ਨੂੰ ਇਨ੍ਹਾਂ ਪੁਜਾਰੀ ਲੋਕਾਂ ਦੀ ਬਿਲ-ਕੁੱਲ ਪ੍ਰਵਾਹ ਨਹੀਂ ਸੀ। ਇਸੇ ਲਈ ਤੇ ਉਹ ਜਾਣ ਬੁੱਝ ਕੇ ਸੂਰਜ ਗ੍ਰਹਿਣ ਦੇ ਮੌਕੇ ਤੇ ਹਰਿਦੁਆਰ ਆਏ ਸਨ, ਤਾਂ ਕਿ ਇਨ੍ਹਾਂ ਪੁਜਾਰੀਆਂ ਦਾ ਪਖੰਡ ਵੇਖ ਸੱਕਣ ਤੇ ਲੋਕਾਂ ਸਾਹਵੇਂ ਉਨ੍ਹਾਂ ਦੀ ਅਸਲੀਅਤ ਰੱਖ ਸਕਣ।

ਸੋ ਬੱਚਿਓ ਸੂਰਜ ਗ੍ਰਹਿਣ ਦੇ ਦਿਨ ਸਾਰੇ ਹਿੰਦੋਸਤਾਨ 'ਚੋਂ ਬਹੁਤ ਸਾਰੇ ਹਿੰਦੂ ਸ਼ਰਧਾਲੂ ਹਰਿਦੁਆਰ ਪਹੁੰਚੇ ਹੋਏ ਸਨ, ਤਾਂ ਕਿ ਇਸ ਦਿਨ ਤੇ ਉਹ ਪਵਿੱਤਰ ਗੰਗਾ ਦੇ ਪਾਣੀਆਂ ਵਿੱਚ ਇਸ਼ਨਾਨ ਕਰ ਸਕਣ, ਆਪਣੇ ਪਾਪ ਧੋ ਸਕਣ ਤੇ ਆਪਣੇ ਪਿਤਰਾਂ ਦੀ ਪੂਜਾ ਕਰਵਾ ਸੱਕਣ।

'ਦਾਦੀ ਜੀ, ਇਹ ਪਿਤਰ ਕੌਣ ਹੁੰਦੇ ਨੇ?' ਗੰਗਾ ਸਿੰਘ ਨੇ ਪੁੱਛਿਆ।

ਗੰਗਾ ਸਿੰਘ ਜੀ, ਇਹੋ ਤਾਂ ਉਨ੍ਹਾਂ ਪੁਜਾਰੀਆਂ ਦੀ ਚਾਲ ਦਾ ਇਕ ਮੁਹਰਾ ਹੈ ਸੀ। ਉਹਨਾਂ ਨੇ ਲੋਕਾਂ ਨੂੰ ਇਹੋ ਤਾਂ ਵਹਿਮ ਭਰਮ ਪਾਏ ਹੋਏ ਸਨ ਕਿ ਤੁਹਾਡੇ ਮਰ ਚੁੱਕੇ ਬਾਪ ਦਾਦੇ, ਜੋ ਦੇਵ-ਲੋਕ ਵਿੱਚ ਬਿਰਾਜਮਾਨ ਹਨ, ਉਨ੍ਹਾਂ ਦੀ ਪੂਜਾ ਕਰਨੀ ਤੇ ਉਨ੍ਹਾਂ ਨਮਿੱਤ ਦਾਨ ਕਰਨਾ ਇਹ ਤੁਹਾਡੀ ਜ਼ਿੰਮੇਵਾਰੀ ਹੈ, ਤਾਂ ਹੀ ਤੁਸੀਂ ਸੁਖੀ ਰਹਿ ਸਕਦੇ ਹੋ। ਪੂਜਾ ਅਸੀਂ ਹੀ ਕਰ ਸਕਦੇ ਹਾਂ, ਤੇ ਤੁਹਾਡਾ ਉਨ੍ਹਾਂ ਨਮਿਤ ਕੀਤਾ ਦਾਨ, ਉਨ੍ਹਾਂ ਤੱਕ ਅਸੀਂ ਹੀ ਪਹੁੰਚਾ ਸਕਦੇ ਹਾਂ। ਏਸ ਕੰਮ ਲਈ ਸੂਰਜ ਗ੍ਰਹਿਣ ਵਾਲੇ ਦਿਨ ਗੰਗਾ ਦੇ ਪਵਿੱਤਰ ਜਲ ਵਿੱਚ ਇਸ਼ਨਾਨ ਕਰਨਾ, ਤੇ ਉਨ੍ਹਾਂ ਪਿਤਰਾਂ ਨਮਿਤ ਦਾਨ ਕਰਨ ਦਾ ਸਭ ਤੋਂ ਸ਼ੁੱਭ ਦਿਨ ਹੈ।

ਬੱਚਿਓ! ਅੱਜ ਵੀ ਹਰਿਦੁਆਰ ਗੰਗਾ ਦਰਿਆ ਦੇ ਕੰਢਿਆਂ 'ਤੇ ਕਈ ਮੀਲਾਂ ਵਿੱਚ ਸਾਧੂਆਂ ਦੇ ਸਦੀਆਂ ਪੁਰਾਣੇ ਆਸ਼ਰਮ ਹਨ, ਤੇ ਹਰਿ ਕੀ ਪਉੜੀ ਇੱਕ ਅਜਿਹਾ ਮੁੱਖ ਅਸਥਾਨ ਹੈ, ਜਿੱਥੇ ਇਨ੍ਹਾਂ ਬ੍ਰਾਹਮਣਾਂ, ਪ੍ਰੋਹਤਾਂ ਤੇ ਪਾਂਡਿਆਂ ਨੇ ਆਪਣੇ ਆਪਣੇ ਪੂਜਾ-ਅਸਥਾਨ ਬਣਾਏ ਹੋਏ ਹਨ। ਹਰ ਇੱਕ ਪਾਂਡੇ ਨੇ ਹਿੰਦੁਸਤਾਨ ਦਾ ਵੱਖਰਾ ਵੱਖਰਾ ਇਲਾਕਾ ਮੱਲਿਆ ਹੋਇਆ ਹੈ, ਉਨ੍ਹਾਂ ਇਲਾਕਿਆਂ 'ਚ ਰਹਿਣ ਵਾਲਿਆਂ ਦੀਆਂ ਜਾਤਾਂ ਗੋਤਰਾਂ ਦੇ ਅਧਾਰ ਤੇ ਉਨ੍ਹਾਂ ਦਾ ਕੁਰਸੀ-ਨਾਮਾ ਆਪਣੇ ਕੋਲ ਲਿਖ ਕੇ ਸੰਭਾਲਿਆ ਹੋਇਆ ਹੈ।

'ਦਾਦੀ ਜੀ ਇਹ ਕੁਰਸੀ ਨਾਮਾ ਕੀ ਹੋਇਆ?' ਧੰਨਾ ਸਿੰਘ ਨੇ ਪੁੱਛਿਆ।

ਧੰਨਾ ਸਿੰਘ ਜੀ ਕੁਰਸੀ-ਨਾਮਾ ਉਸ ਨੂੰ ਕਹਿੰਦੇ ਹਨ, ਜਿਸ ਵਿੱਚ ਕਿਸੇ ਪਰਿਵਾਰ ਦੀ ਪੁਰਾਣੇ ਸਮਿਆਂ ਤੋਂ ਚਲੀ ਆ ਰਹੀ ਪੀਹੜੀ ਦੀ ਜਾਣੀ ਕਿ ਬਾਪ ਦਾਦਿਆਂ ਦੀ ਪੂਰੀ ਜਾਣਕਾਰੀ ਹੋਵੇ। ਸੋ ਮੈਂ ਤੁਹਾਨੂੰ ਗੁਰੂ ਨਾਨਕ ਦੇਵ ਜੀ ਦੇ ਹਰਿਦੁਆਰ ਪਹੁੰਚਣ ਬਾਰੇ ਦੱਸ ਰਹੀ ਸੀ ਪਰ ਗੱਲ ਹੋਰ ਪਾਸੇ ਹੀ ਚੱਲ ਪਈ। ਪਰ ਇਹ ਜੋ ਗੱਲਾਂ ਮੈਂ ਤੁਹਾਨੂੰ ਦੱਸੀਆਂ ਹਨ, ਇਹ ਵੀ ਦੱਸਣੀਆਂ ਜ਼ਰੂਰੀ ਸਨ, ਨਹੀਂ ਤੇ ਪੂਰੀ ਗੱਲ ਸਮਝਣੀ ਔਖੀ ਹੋ ਜਾਇਆ ਕਰਦੀ ਹੈ। ਸੋ ਬੱਚਿਓ ਹਰਿਦੁਆਰ ਪਹੁੰਚ ਕੇ ਗੁਰੂ ਨਾਨਕ ਤੇ ਬਾਲਾ, ਮਰਦਾਨਾ ਸ਼ਾਮਾਂ ਦੇ ਵਕਤ ਹਰਿ ਕੀ ਪਉੜੀ ਤੇ ਚਲੇ ਗਏ। ਹਿੰਦੋਸਤਾਨ ਦੇ ਵੱਖ ਵੱਖ ਇਲਾਕਿਆਂ 'ਚੋਂ ਆਏ ਹੋਏ ਲੋਕਾਂ ਦੀ ਬਹੁਤ ਵੱਡੀ ਭੀੜ ਜੁੜੀ ਹੋਈ ਸੀ। ਪੁਜਾਰੀ ਲੋਕ ਆਰਤੀ ਉਤਾਰ ਰਹੇ ਸਨ, ਤੇ ਫਿਰ ਡੂਨਿਆਂ ਵਿੱਚ ਘਿਓ ਦੀਆਂ ਜੋਤਾਂ ਜਗਾ ਕੇ ਗੰਗਾ ਦੇ ਪਾਣੀਆਂ ਵਿੱਚ ਤੈਰਾਈਆਂ ਜਾ ਰਹੀਆਂ ਹਨ। ਅਗਲੀ ਸਵੇਰ ਦੇ ਵਕਤ ਗੰਗਾ 'ਚ ਇਸ਼ਨਾਨ ਕੀਤੇ ਜਾ ਰਹੇ ਸਨ, ਫੁੱਲ ਤਾਰੇ ਜਾ ਰਹੇ ਸਨ। ਪਾਂਡੇ, ਲੋਕਾਂ ਨੂੰ ਮੁਕਤੀ, ਸਵਰਗ ਦੇ ਪਰਲੋਭਨ ਦੇ ਕੇ ਅਤੇ ਵਰਦਾਨ ਦੇ ਕੇ, ਦਾਨ ਦਕਸ਼ਣਾ ਲੈ ਰਹੇ ਸਨ ਜਿਹੜੇ ਨਹੀਂ ਦਿੰਦੇ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਡਰਾਵੇ ਦਿੰਦੇ ਸਨ ਅਤੇ ਸਰਾਪ ਦੇਣ ਦੀਆਂ ਧਮਕੀਆਂ ਦੇਂਦੇ।

ਸੋ ਬੱਚਿਓ ਜਿਸ ਦਿਨ ਸੂਰਜ-ਗ੍ਰਹਿਣ ਸੀ, ਉਸ ਦਿਨ ਗੁਰੂ ਨਾਨਕ ਭਾਈ ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਹਰਿ ਕੀ ਪੌੜੀ ਤੇ ਪਹੁੰਚ ਗਏ। ਕੀ ਵੇਖਦੇ ਹਨ ਕਿ ਪਾਂਡਿਆਂ ਦੁਆਲੇ ਲੋਕਾਂ ਦੀ ਭੀੜ ਲੱਗੀ ਹੋਈ ਹੈ, ਤੇ ਉਹ ਲੋਕ ਜਿਵੇਂ ਪਾਂਡੇ ਕਹਿ ਰਹੇ ਹਨ, ਉਸੇ ਤਰ੍ਹਾਂ ਉਨ੍ਹਾਂ ਅੱਗੇ ਪੈਸੇ ਰੱਖ ਰੱਖ ਕੇ ਪੂਜਾ ਕਰਵਾਕੇ ਆਪਣੇ ਆਪ ਨੂੰ ਪਾਪ-ਮੁਕਤ ਹੋਇਆ ਸਮਝ ਰਹੇ ਹਨ। ਜਿਸ ਵਕਤ ਸੂਰਜ-ਗ੍ਰਹਿਣ ਦਾ ਸਮਾਂ ਹੋਇਆ, ਸਾਰੇ ਪਾਂਡੇ ਗੰਗਾ ਨਦੀ ਦੇ ਪਾਣੀ ਵਿੱਚ ਆਪਣੇ ਜਜਮਾਨਾ ਨੂੰ ਨਾਲ ਲੈ ਕੇ ਖੜੋ ਗਏ। ਫਿਰ ਗੰਗਾ ਦੇ ਪਾਣੀ 'ਚੋਂ ਬੁੱਕ ਭਰ ਭਰ ਸੂਰਜ ਨੂੰ ਅਰਘ ਦੇਣ ਲੱਗੇ ਤੇ ਸੂਰਜ ਵੱਲ ਪਾਣੀ ਭੇਜਣ ਦਾ ਵਿਖਾਵਾ ਕਰਨ ਲੱਗੇ। ਉਹ ਅਜਿਹਾ ਕਰ ਕੇ ਹਰਿਦੁਆਰ ਆਏ ਲੋਕਾਂ ਨੂੰ, ਜੋ ਉਨ੍ਹਾਂ ਦੀਆਂ ਅਸਾਮੀਆਂ ਸਨ, ਇਹ ਵਿਸ਼ਵਾਸ਼ ਦੁਆ ਰਹੇ ਸਨ ਕਿ ਇਵੇਂ ਕਰਨ ਨਾਲ ਤੁਹਾਡਾ ਦਿੱਤਾ ਦਾਨ ਤੁਹਾਡੇ ਪਿਤਰਾਂ ਤੱਕ ਪੁੱਜ ਰਿਹਾ ਹੈ।

ਗੁਰੂ ਨਾਨਕ ਗੰਗਾ ਦੇ ਕੰਢੇ ਤੇ ਖੜ੍ਹੇ ਬਾਲੇ ਮਰਦਾਨੇ ਨਾਲ ਇਹ ਸਾਰਾ ਤਮਾਸ਼ਾ ਵੇਖ ਰਹੇ ਸਨ। ਬਾਲਾ,

ਮਰਦਾਨਾ ਵੀ ਸੋਚ ਰਹੇ ਸਨ ਕਿ ਅੱਜ ਫਿਰ ਬਾਬਾ ਕੁਝ ਕਰਨ ਵਾਲਾ ਹੈ। ਫਿਰ ਇਕਦਮ ਨਾਨਕ ਵਗ ਰਹੀ ਗੰਗਾ ਨਦੀ ਦੇ ਪਾਣੀ ਵਿੱਚ ਜਾ ਖਲੋਤੇ। ਸਾਰੇ ਪਾਂਡੇ ਚੜ੍ਹਦੀ ਵੰਨੇ ਸੂਰਜ ਵੱਲ ਪਾਣੀ ਭੇਜ ਰਹੇ ਸਨ, ਤੇ ਨਾਨਕ ਨੇ ਪੱਛਮ ਵੱਲ ਮੂੰਹ ਕਰਕੇ ਪਾਣੀ ਦੇ ਬੁੱਕ ਭਰ ਭਰ ਪੱਛਮ ਵੱਲ ਸੁੱਟਣੇ ਸ਼ੁਰੂ ਕਰ ਦਿੱਤੇ। ਕੁਝ ਲੋਕਾਂ ਦਾ ਧਿਆਨ ਨਾਨਕ ਵੱਲ ਗਿਆ, ਉਨ੍ਹਾਂ ਨੇ ਦੂਸਰਿਆਂ ਨੂੰ ਦੱਸਿਆ, ਤੇ ਇਸ ਤਰ੍ਹਾਂ ਇਹ ਗੱਲ ਪਾਂਡਿਆਂ ਤੱਕ ਪਹੁੰਚ ਗਈ। ਘੜੀਆਂ ਪਲਾਂ ਵਿੱਚ ਹੀ ਨਾਨਕ ਦੁਆਲੇ ਵੱਡੀ ਭੀੜ ਜਮਾਂ ਹੋ ਗਈ। ਹਰਿਦੁਆਰ ਦੇ ਮੁੱਖ ਪਾਂਡੇ ਵੀ ਰੌਲਾ ਸੁਣ ਕੇ ਨਾਨਕ ਕੋਲ ਪਹੁੰਚ ਗਏ ਸਨ। ਦੂਸਰਿਆਂ ਨੇ ਪਿੱਛੇ ਹੋ ਉਨ੍ਹਾਂ ਵਾਸਤੇ ਥਾਂ ਬਣਾਈ। ਨਾਨਕ ਤੇ ਹੋਰ ਜ਼ੋਰ ਜ਼ੋਰ ਨਾਲ ਪਾਣੀ ਦੇ ਬੁੱਕ ਭਰ ਭਰ ਪੱਛਮ ਵੱਲ ਸੁੱਟਣ ਲੱਗੇ। ਲੋਕਾਂ ਦੀ ਭੀੜ ਵਿੱਚ ਪੈਂਦੇ ਰੌਲੇ ਵਿੱਚੋਂ ਹੀ ਇੱਕ ਪਾਂਡੇ ਨੇ ਬੜੀ ਉੱਚੀ ਅਵਾਜ਼ ਵਿੱਚ ਕਿਹਾ- ਉਹ ਕਮਲਿਆ, ਇਹ ਤੂੰ ਕੀ ਕਰ ਰਿਹਾ ਏਂ? ਨਾਨਕ ਨੇ ਉਸਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ ਤੇ ਹੋਰ ਤੇਜ਼ੀ ਨਾਲ ਬੁੱਕ ਭਰ ਭਰ ਕੇ ਪਾਣੀ ਪੱਛਮ ਵੱਲ ਸੁੱਟਣ ਲੱਗੇ। ਇੱਕ ਪਾਂਡੇ ਨੇ ਨਾਨਕ ਦੀ ਬਾਂਹ ਫੜ ਕੇ ਰੋਕ ਲਿਆ, ਤੇ ਆਖਿਆ- ਇਹ ਤੂੰ ਕੀ ਕਰ ਰਿਹਾ ਏਂ? ਪਾਣੀ ਦੇ ਬੁੱਕ ਭਰ ਭਰ ਪੱਛਮ ਵੱਲ ਸੁੱਟੀ ਜਾ ਰਿਹਾ ਏਂ।

ਨਾਨਕ ਆਖਿਆ- ਧੁਰ ਲਹਿੰਦੇ ਵੱਲ ਪੰਜਾਬ ਵਿੱਚ ਮੇਰੀ ਖੇਤੀ ਸੁੱਕਦੀ ਪਈ ਏ, ਨਾਲੇ ਮੇਰੀਆਂ ਮੱਝਾਂ ਗਾਈਆਂ ਤੇ ਢੱਗੇ ਪਿਆਸੇ ਹਨ, ਮੈਂ ਤੇ ਖੇਤੀ ਨੂੰ ਪਾਣੀ ਦੇ ਰਿਹਾ ਹਾਂ ਤੇ ਡੰਗਰਾਂ ਦੀ ਪਿਆਸ ਬੁਝਾ ਰਿਹਾ ਹਾਂ।



'ਗੰਗਾ ਮਈਆ ਦਾ ਪਾਣੀ ਤੇ ਚੜ੍ਹਦੀ ਵੰਨੇ ਜਾ ਰਿਹਾ ਹੈ ਤੇ ਤੇਰੀ ਖੇਤੀ ਦੇ ਸੈਂਕੜੇ ਮੀਲ ਦੂਰ ਪੱਛਮ ਵੱਲ ਹੈ, ਇਹ ਪਾਣੀ ਉਥੇ ਪਹੁੰਚ ਜਾਏਗਾ?' ਇਕ ਪਾਂਡੇ ਨੇ ਕਿਹਾ।

'ਹਾਂ ਜ਼ਰੂਰ ਪਹੁੰਚੇਗਾ', ਏਨੀ ਗੱਲ ਕਹਿ ਨਾਨਕ ਹੋਰ ਜ਼ੋਰ ਜ਼ੋਰ ਨਾਲ ਪਾਣੀ ਦੇ ਬੁੱਕ ਭਰ ਭਰ ਪੱਛਮ ਵੱਲ ਸੁੱਟਣ ਲੱਗੇ।

ਦੂਸਰੇ ਪਾਂਡੇ ਨੇ ਨਾਨਕ ਦੀ ਬਾਂਹ ਫੜ ਰੋਕਿਆ ਤੇ ਆਖਣ ਲੱਗਾ- ਤੇਰਾ ਪਾਣੀ ਏਡੀ ਦੂਰ ਕਿਵੇਂ ਪਹੁੰਚ

ਜਾਏਗਾ? ਸੈਂਕੜੇ ਕੋਹਾਂ ਤੱਕ?

ਨਾਨਕ ਹੁਣ ਖਲੋ ਗਏ। ਹੁਣ ਉਨ੍ਹਾਂ ਦੇ ਕੁਛ ਕਹਿਣ ਦਾ ਵਕਤ ਆ ਗਿਆ ਸੀ। ਨਾਨਕ ਨੇ ਆਖਿਆ– 'ਤੁਸੀਂ ਇਹ ਪੂਰਬ ਵੱਲੇ ਪਾਣੀ ਕਿੱਥੇ ਭੇਜ ਰਹੇ ਹੋ?'

ਇਕ ਪਾਂਡੇ ਆਖਿਆ– 'ਇਹ ਤੇ ਅਸੀਂ ਸੂਰਜ ਨੂੰ ਪਾਣੀ ਦੇ ਰਹੇ ਹਾਂ, ਤੇ ਦੂਸਰੇ ਆਖਿਆ– ਪਿੱਤਰਾਂ ਨੂੰ ਦੇਵ ਲੋਕ ਵਿੱਚ।'

ਨਾਨਕ ਆਖਿਆ– 'ਇਹ ਸੂਰਜ ਤੇ ਦੇਵ ਲੋਕ ਇਸ ਧਰਤੀ ਤੋਂ ਕਿੰਨੀ ਦੂਰ ਹਨ?'

ਕਈ ਲੱਖਾਂ ਮੀਲ ਦੂਰ।

'ਤੁਹਾਡਾ ਦਿੱਤਾ ਪਾਣੀ ਉੱਥੇ ਤੇ ਪਹੁੰਚ ਹੀ ਰਿਹਾ ਹੈ ਨਾ?'

ਇੱਕ ਪਾਂਡੇ ਦੇ ਮੂੰਹੋਂ ਨਿਕਲਿਆ– 'ਹਾਂ।'

ਤੇ ਨਾਨਕ ਆਖਿਆ– 'ਫਿਰ ਦੱਸੋ ਮੇਰਾ ਪਾਣੀ ਪੰਜਾਬ ਤੱਕ ਕਿਉਂ ਨਹੀਂ ਪਹੁੰਚ ਸਕਦਾ? ਦੱਸੋ, ਤੇ ਤੁਸੀਂ ਸਾਰੇ ਮੈਨੂੰ ਪੁੱਛਣ ਕਿਉਂ ਆਏ ਹੋ? ਏਸੇ ਲਈ ਨਾ ਕਿ ਤੁਹਾਡਾ ਦਿੱਤਾ ਪਾਣੀ ਵੀ ਸੂਰਜ ਤੱਕ ਤੇ ਦੇਵ–ਲੋਕ ਤੱਕ ਨਹੀਂ ਪਹੁੰਚ ਰਿਹਾ। ਜੇ ਤੁਹਾਡਾ ਸੁੱਟਿਆ ਪਾਣੀ ਸੂਰਜ ਤੇ ਦੇਵ ਲੋਕ ਤੱਕ ਪੁੱਜਦਾ ਹੁੰਦਾ ਤਾਂ ਤੁਸੀਂ ਮੈਨੂੰ ਪੁੱਛਣ ਨਾ ਆਉਂਦੇ। ਤੁਸੀਂ ਇਨ੍ਹਾਂ ਸ਼ਰੀਫ ਲੋਕਾਂ ਨੂੰ ਮੂਰਖ ਹੀ ਬਣਾ ਰਹੇ ਹੋ ਨਾ? ਤੇ ਇਨ੍ਹਾਂ ਤੋਂ ਦਾਨ ਦੇ ਨਾਮ ਤੇ ਪੈਸੇ ਲੈ ਕੇ ਇਨ੍ਹਾਂ ਨੂੰ ਲੁੱਟ ਰਹੇ ਹੋ।'

ਇਸ ਗੱਲ ਦਾ ਉਨ੍ਹਾਂ ਕੋਲ ਉੱਕਾ ਹੀ ਕੋਈ ਜਵਾਬ ਨਹੀਂ ਸੀ? ਪਰ ਇਹ ਗੱਲ ਉਥੇ ਹਜ਼ਾਰਾਂ ਦੀ ਗਿਣਤੀ ਵਿਚ ਖੜੇ ਸਧਾਰਨ ਲੋਕਾਂ ਦੀ ਸਮਝ ਵਿਚ ਵੀ ਆ ਗਈ ਸੀ ਕਿ ਇਹ ਪਾਂਡੇ ਸਾਡੇ ਨਾਲ ਧੋਖਾ ਕਰ ਰਹੇ ਹਨ। ਦਾਨ ਦੇ ਨਾਮ ਤੇ ਸਾਡੀ ਲੁੱਟ–ਖਸੁੱਟ ਕਰ ਰਹੇ ਹਨ। ਜੇ ਪਾਣੀ ਕੁਝ ਸੈਂਕੜੇ ਮੀਲਾਂ ਤੇ ਪੰਜਾਬ ਵਿੱਚ ਨਹੀਂ ਪਹੁੰਚ ਸਕਦਾ, ਫਿਰ ਲੱਖਾਂ ਮੀਲ ਦੂਰ ਦੇਵ–ਲੋਕ ਵਿੱਚ ਕਿਵੇਂ ਪਹੁੰਚੇਗਾ? ਤੇ ਸਾਡਾ ਕੀਤਾ ਦਾਨ ਸਾਡੇ ਪਿਤਰਾਂ ਤੀਕ ਕਿਵੇਂ ਪਹੁੰਚ ਸਕਦਾ ਹੈ?

ਇੱਕ ਆਦਮੀ ਨੇ ਵੱਡੇ ਪਾਂਡੇ ਨੂੰ ਸੰਬੋਧਨ ਹੁੰਦਿਆਂ ਆਖਿਆ– 'ਪੰਡਿਤ ਜੀ, ਹੁਣ ਦਿਓ ਜਵਾਬ ਇਨ੍ਹਾਂ ਦੀ ਗੱਲ ਦਾ।'

ਵੱਡੇ ਪਾਂਡੇ ਹੌਲੀ ਹੌਲੀ ਪੈਰ ਮਲਦੇ ਖਿਸਕਣ ਲੱਗੇ। ਦੂਸਰੇ ਬ੍ਰਾਹਮਣ ਤੇ ਪ੍ਰੋਹਤ ਵੀ ਆਪਣੇ ਆਪਣੇ ਅੱਡੇ ਛੱਡ ਭੱਜ ਖਲੋਤੇ।

ਨਾਨਕ ਗੰਗਾ ਦੇ ਪਾਣੀਆਂ ਚੋਂ ਬਾਹਰ ਆਏ ਤੇ ਆਖਿਆ– 'ਮਰਦਾਨੇ, ਰਬਾਬ ਵਜਾਏ।'

ਮਰਦਾਨੇ ਅੱਲ੍ਹਾ ਦਾ ਨਾਮ ਲੈ ਕੇ ਰਬਾਬ ਵਜਾਈ, ਇਲਾਹੀ ਰੰਗ ਦਾ ਵਿਸਮਾਦ ਛਾਅ ਗਿਆ। ਹਜ਼ਾਰਾਂ ਦੀ ਗਿਣਤੀ 'ਚ ਬੈਠੇ ਲੋਕਾਂ ਨੂੰ ਕਿਸੇ ਰੱਬੀ ਆਨੰਦ ਦਾ ਅਨੁਭਵ ਹੋਇਆ। ਬਾਬੇ ਇਲਾਹੀ ਰੰਗ ਵਿੱਚ ਆ ਉਪਦੇਸ ਦਿੱਤਾ– ਐ ਪਰਮੇਸਰ ਦੇ ਬੰਦਿਓ! ਉਸ ਪਰਮੇਸਰ ਦਾ ਨਾਮ ਜਪੋ, ਦਸਾਂ ਨਹੁੰਆਂ ਦੀ ਤੇ ਧਰਮ ਦੀ ਕਿਰਤ ਕਰੋ ਤੇ ਵੰਡ ਛਕੋ, ਏਸੇ ਵਿਚ ਸੁੱਖ ਹੈ। ਆਪਣੀ ਸਖਤ ਮਿਹਨਤ ਦੀ ਕਮਾਈ ਇਨ੍ਹਾਂ ਵੇਹਲੜਾਂ ਨੂੰ ਕਿਉਂ ਲੁਟਾ ਰਹੇ ਹੋ? ਜੇ ਤੁਸੀਂ ਕੁਝ ਦਾਨ ਕਰਨਾ ਹੀ ਹੈ ਤਾਂ ਕਿਸੇ ਲੋੜਵੰਦ ਨੂੰ ਦਾਨ ਕਰੋ।

# ਸਾਖੀ ਗੋਰਖ ਮਤੇ ਦੀ

ਸੋ ਬੱਚਿਓ ਕੱਲ ਤੁਹਾਨੂੰ ਹਰਿਦੁਆਰ ਸੂਰਜ ਗ੍ਰਹਿਣ ਵਾਲੀ ਸਾਖੀ ਸੁਣਾਈ ਸੀ। ਸੋ ਇਸ ਸਾਰੀ ਘਟਨਾ ਤੋਂ ਬਾਅਦ ਜਦੋਂ ਸ਼ਾਮਾਂ ਪਈਆਂ ਤੇ ਬਾਬੇ ਨਾਨਕ ਨੇ ਮਰਦਾਨੇ ਨੂੰ ਪੁੱਛਿਆ- 'ਭਾਈ ਮਰਦਾਨਾ ਹੁਣ ਕੌਣ ਦੇਸ ਕੋ ਜਾਵਣਾ ਹੈ?'

ਮਰਦਾਨੇ ਨੇ ਆਖਿਆ- 'ਬਾਬਾ ਯੋਗੀਆਂ ਦਾ ਬਹੁਤ ਨਾਮ ਸੁਣੀਦਾ ਹੈ, ਕਿਤੇ ਤਿਨਾ ਦੇ ਦਰਸਨ ਵੀ ਕਰਾ ਛੱਡ।'

ਨਾਨਕ ਆਖਿਆ- ਚਲੋ ਬਈ, ਲਓ ਫਿਰ ਪਰਮੇਸਰ ਦਾ ਨਾਮ, ਅੱਜ ਦੀ ਰਾਤ ਕੱਟੋ, ਕੱਲ ਸਵੇਰੇ ਯੋਗੀਆਂ ਦੇ ਮੁਲਖ ਚੱਲਦੇ ਹਾਂ। ਸੋ ਬੱਚਿਓ ਨਾਨਕ, ਬਾਲੇ ਤੇ ਮਰਦਾਨੇ ਨੂੰ ਨਾਲ ਲੈ, ਕਈ ਪੜਾਅ ਕਰਦੇ ਹੋਏ ਯੋਗੀਆਂ ਦੇ ਗੜ੍ਹ ਗੋਰਖ-ਮਤੇ ਜਾ ਉਤਾਰਾ ਕੀਤਾ।

ਬਾਬੇ ਨਾਨਕ ਆਪਣੇ ਹੱਥ ਨਾਲ ਇਸ਼ਾਰਾ ਕਰਦਿਆਂ ਆਖਿਆ- ਮਰਦਾਨਿਆਂ! ਜ਼ਰਾ ਓਧਰ ਨਿਗਾਹ ਮਾਰੋ ਖਾਂ ਕੀ ਵਿਖਾਈ ਦੇਂਦਾ ਹੈ।

ਮਰਦਾਨੇ ਆਖਿਆ- ਬਾਬਾ ਇਹ ਤਾਂ ਧੂਣਿਆਂ ਦੀ ਅੱਗ ਤੇ ਧੂੰਆਂ ਵਿਖਾਈ ਦੇਂਦਾ ਏ।

ਬਾਬੇ ਆਖਿਆ- ਭਾਈ ਬਾਲਾ ਤੂੰ ਨਿਗਾਹ ਮਾਰ ਖਾਂ।

ਭਾਈ ਬਾਲੇ ਨੇ ਬੜੀ ਨੀਝ ਲਾ ਕੇ ਵੇਖਿਆ ਤੇ ਆਖਣ ਲੱਗਾ- ਬਾਬਾ ਇਹ ਤੇ ਬਹੁਤ ਸਾਰੀਆਂ ਝੁੱਗੀਆਂ, ਥੜੇ ਤੇ ਧੂਣੀਆਂ ਦਾ ਦੇਸ ਹੈ। ਬੜੇ ਸਾਧੂ ਨੰਗ-ਧੜੰਗੇ, ਕੰਨ-ਪਾਟੇ ਯੋਗੀ ਧੂਣੇ ਤਪਾਈ ਬੈਠੇ ਹਨ।

ਬਾਬੇ ਆਖਿਆ- ਠੀਕ ਪਛਾਤਾ ਭਾਈ ਬਾਲਾ, ਇਹ ਯੋਗੀਆਂ ਦਾ ਗੜ੍ਹ ਗੋਰਖ-ਮਤਾ ਹਈ। ਤਿਨ ਕਾ ਗੁਰੂ ਗੋਰਖ ਨਾਥ ਹੈ ਤੇ ਇਹ ਸੈਂਕੜੇ ਧੂਣੀਆਂ ਤਿਸ ਦੇ ਚੇਲਿਆਂ ਦੀਆਂ ਹੈਨ ਤੇ ਉਹ ਵੱਡਾ ਧੂਣਾ ਜੋ ਇੱਕ ਵੱਡੇ ਦਰਖਤ ਦੇ ਹੇਠ, ਥੜੇ ਉੱਪਰ ਲੱਗਿਆ ਵਿਖਾਈ ਦੇਂਦਾ ਏ, ਉਹ ਤਿਨਾ ਦੇ ਗੁਰੂ ਗੋਰਖ ਨਾਥ ਦਾ ਹਈ। ਸੋ ਬੱਚਿਓ, ਇਨ੍ਹਾਂ ਯੋਗੀਆਂ ਤੋਂ ਥੋਹੜੀ ਵਿੱਥ ਤੇ ਇੱਕ ਵੱਡਾ ਪਿੱਪਲ ਹੈ ਸੀ, ਜਿਸ ਦੇ ਉਦਾਲੇ ਇੱਕ ਥੜਾ ਬਣਿਆ ਹੋਇਆ ਸੀ ਪਰ ਇਹ ਪਿੱਪਲ ਦਾ ਦਰੱਖਤ ਸੁੱਕਾ ਹੋਇਆ ਸੀ।

ਗੁਰੂ ਨਾਨਕ ਨੇ ਆਖਿਆ- ਭਾਈ ਬਾਲਾ ਆਪਾਂ ਏਸ ਪਿੱਪਲ ਹੇਠ ਵਿਸ਼ਰਾਮ ਕਰਾਂਗੇ। ਭਾਈ ਬਾਲੇ ਨੇ ਉਸ ਥਾਂ ਨੂੰ ਬੁਹਾਰਿਆ ਤੇ ਤਿਸ ਥਾਂ ਬੈਠਣ ਵਾਸਤੇ ਜਗ੍ਹਾ ਬਣਾਈ।

ਬਾਬੇ ਨਾਨਕ ਆਖਿਆ- ਭਾਈ ਬਾਲਾ, ਪਹਿਲੋਂ ਇਸ ਥਾਂ ਤੇ ਹੀ ਯੋਗੀਆਂ ਦੇ ਗੁਰੂ ਗੋਰਖ ਨਾਥ ਦਾ ਡੇਰਾ ਹੋਇਆ ਕਰਦਾ ਸੀ ਪਰ ਇਹ ਪਿੱਪਲ ਦੇ ਸੁੱਕ ਜਾਣ ਕਾਰਨ ਗੋਰਖ ਨਾਥ ਨੇ ਇਹ ਥਾਂ ਛੱਡ ਦਿੱਤਾ ਤੇ ਉਹ ਸਾਹਮਣੇ ਇੱਕ ਹੋਰ ਵੱਡੇ ਬੋਹੜ ਦੇ ਹੇਠ ਜਾ ਡੇਰਾ ਲਾਇਆ।

ਦਾਦੀ ਜੀ ਇਹ ਯੋਗੀ ਕੌਣ ਹੁੰਦੇ ਹਨ? ਧੰਨਾ ਸਿੰਘ ਨੇ ਪੁੱਛਿਆ।

ਧੰਨਾ ਸਿਘ ਜੀ, ਯੋਗੀਆਂ ਨੂੰ ਵਿਖਾਉਣ ਲਈ ਤੇ ਗੁਰੂ ਨਾਨਕ ਦੇਵ ਜੀ ਭਾਈ ਬਾਲੇ ਤੇ ਮਰਦਾਨੇ ਨੂੰ ਇੱਥੇ ਲੈ ਕੇ ਆਏ ਹਨ।

ਠੀਕ ਹੈ ਦਾਦੀ ਜੀ।

ਜ਼ਰਾ ਸੂਰਜ ਢਲਿਆ ਤੇ ਬਾਬੇ ਆਖਿਆ– ਮਰਦਾਨਿਆਂ ਜਾਹ ਜਾ ਕੇ ਯੋਗੀਆਂ ਤੋਂ ਅੱਗ ਤੇ ਕੁਝ ਆਪਣੇ ਖਾਣ ਪੀਣ ਨੂੰ ਮੰਗ ਲਿਆ। ਸ਼ਾਮਾ ਢਲ੍ਹ ਰਹੀਆਂ ਹਨ, ਠੰਢ ਦੇ ਦਿਨ ਹਨ, ਰਾਤ ਸੁਖਾਲੀ ਲੰਘ ਜਾਏਗੀ, ਤੇ ਭਾਈ ਬਾਲੇ ਨੂੰ ਆਖਿਆ– ਕੁਝ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਲਓ।

ਉੱਧਰ ਗੋਰਖ ਨਾਥ ਦੇ ਡੇਰੇ 'ਤੇ ਉਸਦਾ ਇਕ ਚੇਲਾ ਬੜਾ ਧਿਆਨ ਲਗਾ ਕੇ ਨੀਝ ਨਾਲ ਵੇਖ ਰਿਹਾ ਸੀ ਕਿ ਸੁੱਕੇ ਹੋਏ ਪਿੱਪਲ ਹੇਠ ਤਿੰਨ ਸਾਧੂ ਆਣ ਉੱਤਰੇ ਹਨ। ਗਲ ਵਿੱਚ ਤੇ ਲੰਬੇ ਚੋਲੇ ਪਾਏ ਹੋਏ ਹਨ ਪਰ ਨਾ ਤੇ ਤਨ ਉੱਪਰ ਬਿਭੂਤੀ ਮਲੀ ਹੋਈ ਹੈ, ਨਾ ਕੰਨ ਪੜਵਾਏ ਹੋਏ ਹਨ। ਉਸ ਨੇ ਇਹ ਸਾਰੀ ਖ਼ਬਰ ਆਪਣੇ ਗੁਰੂ ਗੋਰਖ ਨਾਥ ਨੂੰ ਤੇ ਉਸਦੇ ਪਾਸ ਬੈਠੇ ਵੱਡੇ ਚੇਲੇ ਭੰਗਰ ਨਾਥ ਨੂੰ ਜਾ ਦੱਸੀ। ਭੰਗਰ ਨਾਥ ਉਸੇ ਵੇਲੇ ਉੱਠ ਖਲੋਤਾ ਤੇ ਵੇਖਿਆ ਕਿ ਉਨ੍ਹਾਂ ਵਿੱਚੋਂ ਇਕ ਆਦਮੀ ਗੁਰੂ ਗੋਰਖ ਨਾਥ ਦੇ ਡੇਰੇ ਵੱਲ ਹੀ ਆ ਰਿਹਾ ਹੈ। ਮਰਦਾਨੇ ਗੁਰੂ ਗੋਰਖ ਨਾਥ ਕੋਲ ਪਹੁੰਚ ਧੂਣਾ ਲਗਾਣ ਲਈ ਅੱਗ ਅਤੇ ਕੁਝ ਖਾਣ ਲਈ ਦੇਣ ਵਾਸਤੇ ਅਰਜ਼ ਗੁਜਾਰੀ।

ਭੰਗਰ ਨਾਥ ਨੇ ਪੁੱਛਿਆ– ਕੌਣ ਲੋਕ ਹੋ? ਕਹਾਂ ਸੇ ਆਏ ਹੋ? ਕੌਣ ਗੁਰੂ ਕੇ ਚੇਲੇ ਹੋ?

ਮਰਦਾਨੇ ਆਖਿਆ– ਜੀ ਨਾਮ ਨਾਨਕ ਨਿਰੰਕਾਰੀ ਹੈ, ਪੰਜਾਬ ਦੇਸ ਤੇ ਆਏ ਹਾਂ, ਨਾਨਕ ਤੇ ਆਪ ਹੀ ਪਰਮੇਸਰ ਦਾ ਸਰੂਪ ਹੈ ਗੁਰੂਆਂ ਦਾ ਗੁਰੂ।

ਜਦੋਂ ਮਰਦਾਨੇ ਨਾਨਕ ਨੂੰ ਪਰਮੇਸਰ ਦਾ ਰੂਪ ਤੇ ਗੁਰੂਆਂ ਦਾ ਗੁਰੂ ਆਖਿਆ, ਤਾਂ ਭੰਗਰ ਨਾਥ ਸੜ ਬਲ੍ਹ ਕੋਲੇ ਹੋਇਆ, ਤੇ ਧੂਣੇ ਚੋਂ ਬਲਦੀ ਲੱਕੜ ਚੁੱਕ ਮਰਦਾਨੇ ਨੂੰ ਮਾਰਨ ਭੱਜਿਆ। ਸੋ ਬੱਚਿਓ ਮਰਦਾਨੇ ਨੇ ਭੱਜ ਕੇ ਜਾਨ ਬਚਾਈ ਤੇ ਸਾਹੋ ਸਾਹੀ ਹੋਇਆ ਆਣ ਬਾਬੇ ਦੇ ਚਰਨੀ ਡਿੱਗਾ। ਜ਼ਰਾ ਸਹਿਜ ਹੋ ਕੇ ਆਖਣ ਲੱਗਾ– ਬਾਬਾ ਕੇਹੇ ਸਾਧੂ ਵਿਖਾਏ ਹੈਨ, ਨਿਰੇ ਚੰਡਾਲ, ਕਰੋਧ ਦੇ ਭਰੇ ਹੋਏ। ਬੋਲਣ ਦਾ ਵੀ ਸਹੂਰ ਨਾਹੀਂ, ਸਭੇ ਪਦਾਰਥ ਕੋਲ ਪਏ ਹੈਨ, ਭੁੱਖੇ ਨਹੀਂ ਬੈਠੇ ਫਿਰ ਵੀ ਝਿੜਕ ਝਿੜਕ ਪੈਂਦੇ ਹੈਨ। ਏਸ ਤੋਂ ਤਾਂ ਗ੍ਰਹਿਸਥੀ ਭਲੇ, ਕੋਈ ਆਵੇ ਤਾਂ ਹਜ਼ਾਰ ਖਾਤਰ ਕਰਦੇ ਹੈਨ। ਕੋਈ ਸੱਤ ਬੇਗਾਨਾ ਜਾਂ ਸਾਧੂ ਵੀ ਦਰ ਤੇ ਆ ਜਾਵੇ ਖਾਲੀ ਨਹੀਂ ਮੋੜਦੇ?

ਮਰਦਾਨਿਆਂ ਏਹੋ ਤਾਂ ਵੇਖਣ ਵਖਾਣ ਤੇ ਸੋਧਣ ਤੁਰੇ ਹਾਂ, ਆਪਣਾ ਘਰ ਬਾਰ ਛੋਡ ਕੇ। ਤੂੰ ਮਨ ਹੌਲਾ ਨਾ ਕਰ ਪਰਮੇਸਰ ਦਾ ਨਾਮ ਲੈ। ਪਰਮੇਸਰ ਦੀ ਖੇਡ ਵੇਖ, ਪਰਮੇਸਰ ਭਲੀ ਕਰੇਗਾ।

ਸੋ ਬੱਚਿਓ ਏਨੀ ਦੇਰ ਨੂੰ ਕੀ ਵੇਖਦੇ ਹਨ ਕਿ ਇੱਕ ਆਦਮੀ ਜਿਸ ਨੇ ਆਪਣੇ ਸਿਰ ਤੇ ਸੁੱਕੀਆਂ ਲੱਕੜਾਂ ਦੀ ਪੰਡ ਚਾਈ ਹੋਈ ਹੈ ਤੇ ਹੱਥ ਵਿਚ ਬਲਦੀ ਲੱਕੜ ਫੜੀ ਹੋਈ ਹੈ, ਆਣ ਇਨ੍ਹਾਂ ਕੋਲ ਰੁਕਿਆ। ਲੱਕੜੀਆਂ ਦੀ ਪੰਡ ਹੇਠਾਂ ਲਾਹ ਜ਼ਮੀਨ 'ਤੇ ਰੱਖੀ, ਤੇ ਬਾਬੇ ਦਾ ਨੂਰਾਨੀ ਚੇਹਰਾ ਵੇਖ ਮੋਹਿਆ ਗਿਆ। ਦੋਵੇਂ ਹੱਥ ਜੋੜ ਨਮਸਕਾਰ ਕੀਤੀ ਤੇ ਬੋਲਿਆ– ਬਾਬਾ ਇਹ ਸੁੱਕੀਆਂ ਲੱਕੜਾਂ ਤੁਸਾਂ ਵਾਸਤੇ ਹਨ, ਠੰਢ ਦੇ ਦਿਨ ਹਨ, ਅੱਗੇ ਰਾਤ ਹੈ ਅੱਗ ਬਾਲ ਦੇਂਦਾ ਹਾਂ, ਰਾਤ ਸੁਖਾਲੀ ਲੰਘ ਜਾਏਗੀ। ਤੁਸੀਂ ਪਰਮੇਸਰ ਦੇ ਬੰਦੇ 'ਸਾਧੂ' ਹੋ ਮੇਰੀ ਘਾਲ ਥਾਏਂ ਪਏਗੀ।

ਬਾਬੇ ਆਖਿਆ– ਪੁਰਖਾ ਤੈਨੂੰ ਆਪਣੇ ਘਰ ਵੀ ਇਨ੍ਹਾਂ ਦੀ ਲੋੜ ਹੋਏਗੀ, ਤੇਰਾ ਪਰਿਵਾਰ ਬਾਲ ਬੱਚੇ ਉਡੀਕਦੇ ਹੋਵਣਗੇ।

ਮੈਂ ਤੇ ਜੀ ਇਧਰੋਂ ਲੰਘ ਰਿਹਾ ਸਾਂ, ਤੁਸਾਂ ਦੇ ਰੱਬੀ ਦੀਦਾਰ ਹੋਏ, ਸੋਚਿਆ ਪ੍ਰਦੇਸੀ ਹਨ, ਉੱਤੋਂ ਰਾਤ ਆ ਰਹੀ ਹੈ, ਠੰਢ ਦੇ ਦਿਨ ਹਨ, ਕਿਉਂ ਨਾ ਜੰਗਲ ਚੋਂ ਸੁੱਕੀਆਂ ਲੱਕੜਾਂ ਲੈ ਚਲਾਂ। ਇਹਨਾਂ ਯੋਗੀਆਂ ਨੂੰ ਤਾਂ ਅਸੀਂ

ਇਸ ਇਲਾਕੇ ਵਾਲੇ ਚਿਰੋਕਣੇ ਜਾਣਦੇ ਹਾਂ, ਕਿਸੇ ਦੇ ਕੰਮ ਦੇ ਨਾਹੀਂ। ਹੋਰ ਜੀ ਮੇਰੇ ਘਰ ਅਸਾਂ ਜੋਗਾ ਬਹੁਤ ਬਾਲਣ ਪਿਆ ਹੈ, ਤੁਸੀਂ ਉਸਦਾ ਫਿਕਰ ਨਾ ਕਰੋ ਜੀ। ਹੋਰ ਕਿਸੇ ਚੀਜ਼ ਵਸਤ ਦੀ ਲੋੜ ਹੋਵੇ, ਤਾਂ ਹੁਕਮ ਕਰੋ, ਮੈਂ ਘਰ ਤੋਂ ਲਿਆ ਪੁੱਜਦੀ ਕਰਾਂਗਾ।

ਬਾਬੇ ਅਸੀਸਾਂ ਦਿੱਤੀਆ ਤੇ ਆਖਿਆ- ਧਰਮ ਦੀ ਕਿਰਤ ਕਰਨ ਵਾਲੇ ਨੂੰ, ਉਸ ਪਰਮੇਸਰ ਦਾ ਨਾਮ ਸਿਮਰਨ ਵਾਲੇ ਨੂੰ ਅਤੇ ਵੰਡ ਛਕਣ ਵਾਲੇ ਨੂੰ ਪਰਮੇਸਰ ਕਿਸੇ ਵਸਤ ਦੀ ਘਾਟ ਰਹਿਣ ਹੀ ਨਹੀਂ ਦੇਂਦਾ। ਪੁਰਖਾ ਪਰਮੇਸਰ ਚਿੱਤ ਆਵੇ।

ਬੱਚਿਓ ਅੱਧੀ ਰਾਤੀਂ ਬਹੁਤ ਜ਼ੋਰ ਦੀ ਹਨੇਰੀ ਆਈ। ਸਾਰੇ ਅਸਮਾਨ ਤੇ ਧੁੰਦ ਗੁਬਾਰ ਛਾਅ ਗਿਆ, ਯੋਗੀਆਂ ਦੀਆਂ ਝੁੱਗੀਆਂ ਉੱਡ-ਉੱਡ ਜਾਵਣ। ਯੋਗੀਆਂ ਦੇ ਧੂਣੇ ਦੀਆਂ ਲੱਕੜਾਂ ਤੇਜ਼ ਹਵਾ ਨਾਲ ਏਧਰ ਓਧਰ ਬਿਖਰ ਗਈਆਂ, ਸਭ ਧੂਣੇ ਬੁਝ ਗਏ। ਜ਼ਰਾ ਹਨੇਰੀ ਥੰਮੀਂ ਤਾਂ ਯੋਗੀਆਂ ਵੇਖਿਆ ਸੁੱਕੇ ਪਿੱਪਲ ਹੇਠ ਬਾਬੇ ਦੀ ਧੂਣੀ ਬਲ ਰਹੀ ਹੈ। ਉਹ ਬੜੇ ਹੈਰਾਨ ਹੋਏ। ਉਹਨਾਂ ਤੇ ਸੋਚਿਆ ਸੀ ਕਿ ਠੰਢ ਤੇ ਭੁੱਖ ਤੋਂ ਡਰ ਕੇ ਤਿੰਨੋਂ ਭੱਜ ਜਾਵਣਗੇ ਪਰ ਇਹ ਤੇ ਰਾਤ ਭਰ ਇੱਥੇ ਹੀ ਟਿਕੇ ਰਹੇ। ਅਸਾਂ ਦੇ ਤਾਂ ਧੂਣੇ ਵੀ ਬੁਝ ਗਏ ਹਨ, ਕੀ ਕੀਤਾ ਜਾਵੇ? ਸੋਚ ਵਿਚਾਰ ਕੇ ਗੋਰਖ ਨਾਥ ਨੇ ਆਪਣੇ ਇੱਕ ਚੇਲੇ ਭਰਥਰੀ ਨੂੰ ਨਾਨਕ ਪਾਸ ਭੇਜਿਆ। ਭਰਥਰੀ ਗੱਲਾਂ-ਬਾਤਾਂ ਵਿੱਚ ਬਹੁਤ ਤੇਜ਼ ਤਰਾਰ ਸੀ, ਕਿਸੇ ਨੂੰ ਅੱਗੋਂ ਗੱਲ ਨਹੀਂ ਸੀ ਕਰਨ ਦੇਂਦਾ। ਸੋ ਭਰਥਰੀ ਬਾਬੇ ਪਾਸ ਆ ਚਿਕਨੀਆਂ ਚੋਪੜੀਆਂ ਗੱਲਾਂ-ਬਾਤਾਂ ਕਰਨ ਲੱਗਾ, ਤੇ ਬੜੇ ਤਰੀਕੇ ਨਾਲ ਉਸਨੇ ਅੱਗ ਦੀ ਮੰਗ ਕੀਤੀ।

ਬਾਬਾ ਘਟ ਘਟ ਦੀ ਜਾਨਣਹਾਰ ਸੀ, ਬਚਨ ਕੀਤਾ- ਯੋਗੀਆ ਆਪਣੇ ਗੁਰੂ ਦੇ ਕੰਨ ਦੀ ਇਕ ਮੁੰਦਰ ਤੇ ਪੈਰ ਦੀ ਖੜਾਂਵ ਲੈ ਕੇ ਆ, ਤੇ ਅੱਗ ਲੈ ਜਾਹ।

ਸੋ ਬੱਚਿਓ ਭਰਥਰੀ ਯੋਗੀ ਨੂੰ ਅੱਗ ਲੈਣ ਵਾਸਤੇ ਇਹ ਸਭ ਕੁਝ ਕਰਨਾ ਪਿਆ। ਗੁਰੂ ਗੋਰਖ ਨਾਥ ਦੇ ਖਾਸ ਚੇਲਿਆਂ ਗੋਰਖ ਨਾਥ ਪਾਸ ਬੈਠ ਸਲਾਹ ਕੀਤੀ ਕਿ ਕਿਸੇ ਨਾ ਕਿਸੇ ਤਰੀਕੇ ਇਸ ਗੁਣਵਾਨ ਤੇ ਪਹੁੰਚੇ ਹੋਏ ਪੁਰਖ ਨੂੰ ਆਪਣੇ ਭੇਖ ਵਿੱਚ ਲਿਆਣਾ ਚਾਹੀਦਾ ਹੈ। ਉਸ ਪਾਸ ਜਾ ਕੇ ਭਗਤੀ ਮਾਰਗ ਦੀ ਚਰਚਾ ਕਰਦੇ ਹਾਂ ਤੇ ਸਾਨੂੰ ਯਕੀਨ ਹੈ ਕਿ ਉਸ ਨੂੰ ਅਸੀਂ ਨਿਰੁੱਤਰ ਕਰ ਹੀ ਲਵਾਂਗੇ। ਗੁਰੂ ਜੀ ਤੁਸੀਂ ਸਾਨੂੰ ਅਸ਼ੀਰਵਾਦ ਦਿਓ।



ਬੱਚਿਓ, ਆਪਣੇ ਗੁਰੂ ਗੋਰਖ ਨਾਥ ਤੋਂ ਅਸ਼ੀਰਵਾਦ ਲੈ ਦੋ-ਤਿੰਨ ਯੋਗੀ ਨਾਨਕ ਪਾਸ ਆ ਗਏ। ਏਧਰ ਓਧਰ ਦੀਆਂ ਗੱਲਾਂ ਬਾਤਾਂ ਸ਼ੁਰੂ ਕਰ ਲਈਆਂ, ਤੇ ਪੁੱਛਿਆ- ਤੂੰ ਕਿਸ ਦਾ ਚੇਲਾ ਹੈਂ? ਦੀਖਯਾ ਕਿਸ ਤੋਂ ਲਈ ਹੈ? ਕਿਸ ਕਸਵੱਟੀ ਪੂਰਾ ਉਤਰਿਆ ਹਈ? ਇਹ ਸਾਰੀਆਂ ਗੱਲਾਂ ਯੋਗੀਆਂ ਨੇ ਬੜੀ ਗੋਹਝ ਭਰੀ ਜ਼ੁਬਾਨ ਵਿੱਚ ਕੀਤੀਆਂ।

ਗੁਰੂ ਨਾਨਕ ਤੇ ਇਹ ਸਭ ਗੋਹਝ ਅਤੇ ਭੇਦ ਜਾਨਣ ਵਾਲੇ ਹੀ ਸਨ, ਜ਼ਰਾ ਮੁਸਕਰਾਏ ਤੇ ਬੋਲੇ- ਮਰਦਾਨਿਆਂ ਰਬਾਬ ਵਜਾਏ, ਇਨ੍ਹਾਂ ਯੋਗੀਆਂ ਦੀਆਂ ਗੱਲਾਂ ਦਾ ਜਵਾਬ ਦੇਵੀਏ।

ਮਰਦਾਨੇ ਰਬਾਬ ਦੀਆਂ ਤਾਰਾਂ ਟੁਣਕਾਈਆਂ ਤਾਂ ਰੱਬੀ ਨਾਦ ਸੁਣ ਯੋਗੀਆਂ ਤੇ ਵੀ ਵਿਸਮਾਦ ਤਾਰੀ ਹੋਇਆ। ਬਾਬੇ ਸੂਹੀ ਰਾਗ ਵਿੱਚ ਸ਼ਬਦ ਛੇੜਿਆ.-

'ਮਨ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ॥
ਆਪੇ ਕੰਡਾ ਤੋਲ ਤਰਾਜੀ ਆਪੇ ਤੋਲਣਹਾਰਾ॥
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ॥'

ਬੱਚਿਓ, ਨਾਨਕ ਦੇ ਗਾਣ ਵਿੱਚ ਏਨਾ ਰਸ ਸੀ ਤੇ ਉਸਦੇ ਸ਼ਬਦ ਏਡੇ ਵੱਡੇ ਅਰਥ ਰੱਖਦੇ ਸਨ ਕਿ ਨਾਨਕ ਕੋਲ ਆਏ ਯੋਗੀ ਨਾਨਕ ਦੇ ਮੂੰਹ ਵੱਲ ਝਾਕਦੇ ਹੀ ਰਹਿ ਗਏ। ਨਾਨਕ ਨੇ ਆਖਿਆ-

ਯੋਗੀਓ ਮੇਰਾ ਮਨ ਹੀ ਤੋਲਣ ਵਾਲੀ ਤੱਕੜੀ ਹੈ, ਮੇਰਾ ਚਿੱਤ ਹੀ ਮੇਰੇ ਵੱਟੇ ਹਨ, ਤੇ ਉਹ ਪਰਮੇਸਰ ਮੇਰਾ ਮਾਲਕ ਹੈ, ਜਿਸਦੀ ਸਿਰਜੀ ਹੋਈ ਇਹ ਸਾਰੀ ਕਾਇਨਾਤ ਹੈ। ਮੈਨੂੰ ਤੇ ਉਸਨੇ ਇਸ ਦੀ ਸੇਵਾ ਲਈ ਭੇਜਿਆ ਹੈ। ਯੋਗੀਓ! ਉਹ ਪਰਮੇਸਰ ਬਾਹਰ ਕਿੱਧਰੇ ਨਹੀਂ ਹੈ ਉਸ ਪਰਮੇਸਰ ਦਾ ਵਾਸਾ ਤੇ ਮੇਰੇ ਅੰਦਰ ਹੀ ਹੈ। ਜੋ ਆਪ ਹੀ ਭਲੇ ਅਤੇ ਬੁਰੇ ਦੀ ਮੈਨੂੰ ਪਹਿਚਾਣ ਕਰਾਂਵਦਾ ਹੈ। ਜੋ ਵੀ ਅਸੀਂ ਚੰਗੇ ਮਾੜੇ ਕੰਮ ਕਰਦੇ ਹਾਂ, ਉਹ ਪਰਮੇਸਰ ਸਭ ਕੁਝ ਵੇਖ ਰਿਹਾ ਹੈ, ਤੇ ਮੈਂ ਹਮੇਸ਼ਾ ਉਸ ਪਰਮੇਸਰ ਨੂੰ ਆਪਣੇ ਕੋਲ ਹਾਜ਼ਰ ਨਾਜ਼ਰ ਮਹਿਸੂਸ ਕਰਦਾ ਹਾਂ।

ਯੋਗੀਆਂ ਆਖਿਆ ਇਹ ਜੋ ਤੂੰ ਆਖਦਾ ਪਿਆ ਏ, ਇਹ ਤੇ ਸੱਭੋ ਕੁੱਝ ਠੀਕ ਹੈ, ਅਸੀਂ ਸਮਝਦੇ ਹਾਂ ਪਰ ਜਾਪਦਾ ਏ ਕਿ ਤੂੰ ਅਜੇ ਕਿਸੇ ਗੁਰੂ ਤੋਂ ਦੀਖਯਾ ਨਹੀਂ ਲਈ। ਗੁਰੂ ਧਾਰਨ ਕੀਤੇ ਬਿਨਾਂ ਕੋਈ ਪ੍ਰਾਪਤੀ ਨਹੀਂ ਹੋਇਆ ਕਰਦੀ, ਨਾਲੇ ਜੱਗ ਪਿਆ ਆਖਦਾ ਹੈ 'ਨਿਗੁਰੇ ਦਾ ਨਾਮ ਬੁਰਾ'। ਯੋਗ ਸਭ ਤੋਂ ਉੱਤਮ ਮਾਰਗ ਹੈ, ਯੋਗੀ ਮਤ ਧਾਰਨ ਕਰ, ਤੇ ਇਹ ਯੋਗੀਆਂ ਵਾਲੇ ਚਿੰਨ੍ਹ ਧਾਰਨ ਕਰ ਲਓ ਤੇ ਆਪਣਾ ਜੀਵਨ ਸਫਲਾ ਕਰੋ। ਤੁਸਾਂ ਦੀ ਜੱਗ ਵਿੱਚ ਜੈ ਜੈ ਕਾਰ ਹੋਏਗੀ, ਰੱਬੀ ਸਬੱਬੀਂ ਹੁਣ ਤੇ ਤੁਸੀਂ ਆਏ ਹੋਏ ਵੀ ਗੁਰੂ ਗੋਰਖ ਨਾਥ ਦੇ ਪਾਸ ਹੀ ਹੋ।

ਤਦ ਗੁਰੂ ਬਾਬੇ ਉੱਤਰ ਦਿੱਤਾ- ਚਿੰਨ੍ਹਾਂ ਦੇ ਧਾਰਨ ਨਾਲ ਯੋਗੀ ਨਹੀਂ ਬਣ ਜਾਈਦਾ। ਇਹ ਗੋਦੜੀ, ਡੰਡਾ, ਸਰੀਰ ਤੇ ਸੁਆਹ ਮਲ ਲੈਣਾ, ਕੰਨ ਪੜਵਾ ਕੇ ਮੁੰਦਰਾਂ ਪਾ ਲੈਣੀਆਂ, ਸਿਰ ਦਾ ਮੁੰਡਣ ਕਰਵਾ ਲੈਣਾ ਜਾਂ ਸਿੰਙੀ ਵਜਾ ਲੈਣੀ, ਇਹ ਸਭ ਕੁਝ ਕਰਕੇ ਮਨ ਤਾਂ ਨਹੀਂ ਨਾ ਸਾਧਿਆ ਜਾਂਦਾ। ਯੋਗ ਤੇ ਕਮਾਉਣ ਵਾਲੀ ਅਵਸਥਾ ਹੈ ਨਾ ਕਿ ਵਿਖਾਵੇ ਵਾਲਾ ਭੇਖ।

ਬਾਬੇ ਨਾਨਕ ਇਹ ਸਭ ਕੁਝ ਇਕ ਸ਼ਬਦ ਦਾ ਗਾਇਨ ਕਰਕੇ ਹੀ ਸਮਝਾ ਦਿੱਤਾ। ਬਾਬੇ ਫਿਰ ਮਰਦਾਨੇ

ਨੂੰ ਇਸ਼ਾਰਾ ਕੀਤਾ, ਮਰਦਾਨੇ ਰਬਾਬ ਦੀਆਂ ਤਾਰਾਂ ਨੂੰ ਛੂਹਿਆ ਤੇ ਬਾਬੇ ਰੱਬੀ ਬਾਣੀ ਦਾ ਗਾਇਨ ਕੀਤਾ–

**'ਜੋਗੁ ਨ ਖਿੰਥਾ ਜੋਗੁ ਨਾ ਡੰਡੈ ਜੋਗ ਨਾ ਭਸਮ ਚੜਾਈਐ॥**
**ਜੋਗੁ ਨਾ ਮੁੰਦੀ ਮੂੰਡਿ ਮੁਡਾਇਐ ਜੋਗੁ ਨਾ ਸਿੰਙੀ ਵਾਈਐ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥'**

ਬੱਚਿਓ ਯੋਗੀਆਂ ਕੋਲ ਤੇ ਗੱਲਾਂਬਾਤਾਂ ਹੀ ਸਨ, ਏਨੀ ਉੱਚੀ ਸੁੱਚੀ ਰੱਬੀ ਬਾਣੀ ਨਹੀਂ ਸੀ, ਨਾ ਅਨੁਭਵ ਹੀ ਸੀ। ਨਾਨਕ ਦੀਆਂ ਗੱਲਾਂ ਸੁਣ ਕੰਨ ਵਲੇਟ ਵਾਪਸ ਤੁਰ ਆਏ। ਹੁਣ ਯੋਗੀਆਂ ਵੇਖ ਲਿਆ ਸੀ ਕਿ ਅਸਾਂ ਨਾਨਕ ਨੂੰ ਤੰਗ ਕਰਕੇ ਵੀ ਵੇਖ ਲਿਆ ਹੈ, ਬਹਿਸ ਕਰਕੇ ਜਿੱਤਣ ਦੀ ਵੀ ਕੋਸ਼ਿਸ਼ ਕੀਤੀ ਹੈ ਪਰ ਦੋਵਾਂ ਗੱਲਾਂ ਵਿੱਚ ਜਿੱਤ ਨਹੀਂ ਸਕੇ। ਯੋਗੀ ਵਾਪਸ ਆਪਣੇ ਡੇਰੇ ਨੂੰ ਚਲੇ ਗਏ ਤੇ ਜਾ ਕੇ ਗੁਰੂ ਗੋਰਖ ਨਾਥ ਨੂੰ ਸਾਰੀ ਗੱਲ-ਬਾਤ ਕਹਿ ਸੁਣਾਈ। ਭੰਗਰ ਨਾਥ ਨੇ ਆਖਿਆ ਕਿ ਸ਼ਾਮਾਂ ਨੂੰ ਨਾਨਕ ਨੂੰ ਆਪਣੇ ਪਾਸ ਬੁਲਾਓ, ਤੇ ਫਿਰ ਮੇਰੀ ਕਰਾਮਾਤ ਵੇਖਿਓ।

ਦਾਦੀ ਜੀ ਇਨ੍ਹਾਂ ਯੋਗੀਆਂ ਦੇ ਪਰਿਵਾਰ ਵੀ ਉਨ੍ਹਾਂ ਦੇ ਨਾਲ ਹੀ ਰਹਿੰਦੇ ਸਨ? ਧੰਨਾ ਸਿੰਘ ਨੇ ਪੁੱਛਿਆ।

ਧੰਨਾ ਸਿੰਘ ਜੀ ਇਨ੍ਹਾਂ ਯੋਗੀਆਂ ਦੇ ਪਰਿਵਾਰ ਤਾਂ ਸਨ ਹੀ ਨਹੀਂ, ਇਹ ਤੇ ਦੁਨੀਆਂਦਾਰੀ ਤੋਂ ਭੱਜ ਕੇ ਵੇਹਲੜ ਸਾਧ ਬਣੇ ਹੋਏ ਸਨ। ਮੰਗ ਕੇ ਖਾਣਾ ਗ੍ਰਹਿਸਥੀਆਂ ਦੇ ਘਰੋਂ ਤੇ ਭੰਡਣਾ ਗ੍ਰਹਿਸਥ ਧਰਮ ਨੂੰ। ਇਹੀਓ ਤੇ ਗੁਰੂ ਨਾਨਕ ਸਮਝਾਉਣ ਆਏ ਸਨ ਕਿ ਪਰਮੇਸਰ ਦਾ ਨਾਮ ਤੇ ਘਰ ਵਿੱਚ ਰਹਿ ਕੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਵੀ ਲਿਆ ਜਾ ਸਕਦਾ ਹੈ। ਸੋ ਬੱਚਿਓ ਫਿਰ ਯੋਗੀਆਂ ਬਾਬੇ ਪਾਸ ਆ ਬੇਨਤੀ ਕੀਤੀ– ਸਾਡਾ ਸਥਾਨ ਵੀ ਪਵਿੱਤਰ ਕਰੋ ਜੀ?

ਸ਼ਾਮਾਂ ਪਈਆਂ ਗੁਰੂ ਨਾਨਕ, ਬਾਲੇ ਮਰਦਾਨੇ ਸਮੇਤ ਜਾ ਗੋਰਖ ਨਾਥ ਨੂੰ ਆਦੇਸ ਕੀਤਾ। ਇੱਧਰ ਉੱਧਰ ਦੀਆਂ ਗੱਲਾਂ ਤੋਂ ਬਾਅਦ ਹਰੀ ਚਰਚਾ ਸ਼ੁਰੂ ਹੋਈ। ਭੰਗਰ ਨਾਥ ਮੌਕਾ ਵੇਖ ਸਭਨਾਂ ਲਈ ਪਿਆਲੇ ਭਰ ਲਿਆਇਆ। ਇਕ ਪਿਆਲਾ ਗੁਰੂ ਗੋਰਖ ਨਾਥ ਨੂੰ ਭੇਟ ਕਰ ਦੂਸਰਾ ਗੁਰੂ ਨਾਨਕ ਵੱਲ ਵਧਾਇਆ।

ਨਾਨਕ ਪੁੱਛਿਆ– ਇਹ ਕੀ ਹੈ ਜੀ?

ਇਹ ਜੀ ਉਹ ਬੂਟੀ ਹੈ ਜਿਸ ਦੇ ਸੇਵਨ ਕਰਨ ਨਾਲ ਬਿਰਤੀ ਉਸ ਪਰਮੇਸਰ ਨਾਲ ਜੁੜ ਜਾਂਦੀ ਹੈ। ਅੰਦਰ ਅਨਹਦ ਨਾਦ ਵੱਜਣ ਲੱਗ ਪੈਂਦੇ ਹਨ। ਸੁਰਤੀ ਦਸਮ ਦੁਆਰ 'ਚ ਪਰਵੇਸ਼ ਕਰ ਜਾਂਦੀ ਹਨ। ਮਸਤੀ ਦਾ ਆਲਮ ਛਾਅ ਜਾਂਦਾ ਹੈ।

ਬਾਬੇ ਪੁੱਛਿਆ– ਯੋਗੀਆ ਇਹ ਮਦਹੋਸ਼ੀ ਕਿੰਨੀ ਕੁ ਦੇਰ ਰਹਿੰਦੀ ਹੈ?

ਜੀ ਦੋ-ਪਹਿਰ।

ਬਾਬੇ ਆਖਿਆ– ਇਹ ਤੇ ਫਿਰ ਇਸ ਬੂਟੀ ਦਾ ਨਸ਼ਾ ਹੋਇਆ, ਉਸ ਪਰਮੇਸਰ ਦੇ ਨਾਮ ਦੀ ਖੁਮਾਰੀ ਤੇ ਨਹੀਂ ਨਾ।

ਉਹ ਖੁਮਾਰੀ ਕਿਹੜੀ ਹੁੰਦੀ ਹੈ? ਭੰਗਰ ਨਾਥ ਨੇ ਪੁੱਛਿਆ।

ਭੰਗਰ ਨਾਥ ਜੀ! ਉਹ ਖੁਮਾਰੀ ਉਸ ਪਰਮੇਸਰ ਦੇ ਨਾਮ ਦੀ ਹੋਇਆ ਕਰਦੀ ਹੈ। ਜੋ ਜਗਿਆਸੂ ਆਪਣੇ ਮਨ ਦੇ ਫੁਰਨੇ ਰੋਕ ਕੇ ਬਿਰਤੀ ਉਸ ਪਰਮੇਸਰ ਦੇ ਨਾਲ ਜੋੜਦੇ ਹਨ, ਇਸ ਖੁਮਾਰੀ ਦਾ ਆਨੰਦ ਉਹ ਹੀ ਜਾਣਦੇ ਹਨ। ਇਹ ਆਨੰਦ ਦੱਸਣ ਵਾਲਾ ਨਹੀਂ ਹੋਇਆ ਕਰਦਾ। ਇਹ ਆਨੰਦ ਤੇ ਮਾਨਣ ਵਾਲਾ ਹੀ ਹੋਇਆ ਕਰਦਾ

ਹੈ, ਤੇ ਇਹ ਖ਼ੁਮਾਰੀ ਤੇ ਨਾਮ ਜਪਣ ਵਾਲੇ ਮਨੁੱਖ 'ਤੇ ਜ਼ਿੰਦਗੀ ਭਰ ਹੀ ਬਣੀ ਰਹਿੰਦੀ ਹੈ।

ਬੱਚਿਓ ਗੁਰੂ ਨਾਨਕ ਦੇਵ ਜੀ ਦੀਆਂ ਰਮਜਾਂ ਤੇ ਯੋਗੀਆਂ ਦੇ ਸਿਰ ਉਪਰੋਂ ਦੀ ਹੀ ਲੰਘ ਰਹੀਆਂ ਸਨ। ਉਹਨਾਂ ਬੜੀ ਕੋਸ਼ਿਸ਼ ਕੀਤੀ ਕਿ ਗੁਰੂ ਨਾਨਕ ਨੂੰ ਨਿਰੁੱਤਰ ਕਰ ਸਕਣ ਪਰ ਕੋਈ ਪੇਸ਼ ਨਾ ਜਾਂਦੀ ਵੇਖ ਸੋਚਣ ਲੱਗੇ। ਸੋਚ ਸੋਚ ਕੇ ਉਨ੍ਹਾਂ ਨੇ ਅਗਲੇ ਦਿਨ ਆਪਣੀਆਂ ਮਾਇਆਵੀ ਸ਼ਕਤੀਆਂ ਵਰਤ ਕੇ ਬਾਬੇ ਨਾਨਕ ਤੇ ਪ੍ਰਭਾਵ ਪਾਉਣ ਦੀ ਗੱਲ ਸੋਚੀ ਪਰ ਗੁਰੂ ਨਾਨਕ ਲਈ ਤੇ ਇਹ ਇਕ ਮਦਾਰੀ ਦੀ ਖੇਡ ਤੋਂ ਵੱਧ ਕੁਝ ਵੀ ਨਹੀਂ ਸੀ। ਫਿਰ ਉਨ੍ਹਾਂ ਨੂੰ ਫਿਕਰ ਪੈ ਗਿਆ ਕਿ ਨਾਨਕ ਕਿਤੇ ਉਨ੍ਹਾਂ ਦੇ ਅੱਡੇ ਤੇ ਕਬਜਾ ਹੀ ਨਾ ਕਰ ਲਵੇ ਪਰ ਨਾਨਕ ਤੇ ਸਗਲੀ ਧਰਤ ਨੂੰ ਸੋਧਣ ਆਏ ਸਨ। ਉਹ ਪਿੱਪਲ ਜਿਸ ਹੇਠ ਗੁਰੂ ਨਾਨਕ ਦੇਵ ਜੀ ਬੈਠੇ ਸਨ, ਉਹ ਫਿਰ ਹਰਾ-ਭਰਾ ਹੋ ਗਿਆ ਪਰ ਯੋਗੀਆਂ ਦੇ ਮਨ ਵਿੱਚ ਇਤਨੀ ਈਰਖਾ ਤੇ ਦਵੈਸ਼ ਭਰਿਆ ਹੋਇਆ ਸੀ ਕਿ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਉਸ ਜਗ੍ਹਾ ਤੋਂ ਜਾਣ ਤੋਂ ਬਾਅਦ ਉਸ ਪਿੱਪਲ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਫਿਰ ਉਸ ਨੂੰ ਕੱਟ ਵੱਢ ਕੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਬੱਚਿਓ ਜਦੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਇਸ ਸਥਾਨ ਤੇ ਦਰਸ਼ਨ ਦਿੱਤੇ ਤਾਂ ਇਸ ਅਸਥਾਨ ਤੋਂ ਯੋਗੀਆਂ ਨੂੰ ਭਜਾਇਆ ਤੇ ਯੋਗੀਆਂ ਤੋਂ ਅਜ਼ਾਦ ਕਰਵਾਇਆ। ਤੇ ਚੰਦਨ ਰਗੜ ਕੇ ਸੜੇ ਹੋਏ ਪਿੱਪਲ ਤੇ ਆਪਣੇ ਹਸਤ-ਕੰਵਲਾਂ ਨਾਲ ਛੱਟਾ ਦਿੱਤਾ ਤੇ ਉਹ ਪਿੱਪਲ ਫਿਰ ਹਰਾ-ਭਰਾ ਹੋ ਗਿਆ। ਉਹ 'ਪਿੱਪਲ' ਅੱਜ ਵੀ ਹੈ, ਤੇ ਸਤਿਗੁਰੂ ਨਾਨਕ ਦੇਵ ਜੀ ਦੀ ਯਾਦ ਦਿਲਾਉਂਦਾ ਹੈ। ਇਸੇ ਥਾਂ ਤੇ ਸਤਿਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਨਾਨਕ-ਮਤਾ ਹੈ।

# ਯੋਗੀ ਢੇਰ ਨਾਥ ਤੇ ਰੀਠੇ ਮਿੱਠੇ ਕਰਨ ਦੀ ਸਾਖੀ

ਬੱਚਿਓ ਇਕ ਛੋਟੀ ਜਹੀ ਪਰ ਬਹੁਤ ਹੀ ਸੁਹਣੀ ਸਾਖੀ ਸੁਣ ਕੇ ਫਿਰ ਤੁਸੀਂ ਸੌਣ ਚਲੇ ਜਾਇਓ।

ਠੀਕ ਹੈ ਦਾਦੀ ਜੀ।

ਬੱਚਿਓ ਅਗਲੀ ਭਲਕ ਮਰਦਾਨੇ ਵੇਖਿਆ ਕਿ ਉੱਤਰ ਵੱਲੇ ਪਹਾੜ ਹਨ, ਤੇ ਆਖਣ ਲੱਗਾ-

ਬਾਬਾ ਜ਼ਰਾ ਇਨ੍ਹਾਂ ਪਹਾੜਾਂ ਦੀ ਸੈਰ ਵੀ ਕਰਾ ਛੱਡ।

ਗੁਰੂ ਨਾਨਕ ਦੇਵ ਜੀ ਨੇ ਆਖਿਆ- ਮਰਦਾਨਿਆਂ ਉੱਚੇ ਪਹਾੜਾਂ ਦੀ ਸੈਰ ਤੇ ਤੈਨੂੰ ਅਜੇ ਕਰਵਾਣੀ ਹੈ। ਉਹ ਪਹਾੜ ਵੀ ਵਿਖਾਵਾਂਗੇ ਜਿੱਥੇ ਬਾਰਾਂ ਮਹੀਨੇ ਬਰਫ ਹੀ ਪਈ ਰਹਿੰਦੀ ਹੈ, ਤੇ ਯੋਗੀਆਂ ਤੇ ਸਿੱਧਾਂ ਨੇ ਸਮਾਧੀਆਂ ਲਾਈਆਂ ਹੋਈਆਂ ਹਨ। ਤੂੰ ਆਖਿਆ ਈ ਤਾਂ ਚੱਲ ਸਵੇਰੇ ਪਰਮੇਸਰ ਦਾ ਨਾਮ ਲੈ ਕੇ ਇੱਧਰਲੇ ਪਹਾੜ ਵੀ ਵਿਖਾ ਲਿਆਉਂਦੇ ਹਾਂ।

ਸੋ ਬੱਚਿਓ ਅਗਲੀ ਭਲਕ ਬਾਬਾ, ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਉੱਤਰ ਦਿਸ਼ਾ ਵੱਲ ਪਹਾੜਾਂ ਦੀ ਸੈਰ ਕਰਨ ਚੱਲ ਪਿਆ। ਕੋਈ ਪੰਦਰਾਂ ਵੀਹ ਕੋਹ ਤੇ ਜਾ ਕੇ ਕੀ ਵੇਖਦੇ ਹਨ ਕਿ ਫਿਰ ਇੱਕ ਯੋਗੀਆਂ ਦਾ ਡੇਰਾ ਹੈ, ਸਭ ਪਾਸੇ ਰੀਠਿਆਂ ਦਾ ਜੰਗਲ ਹੈ।

ਬਾਬੇ ਆਖਿਆ- ਇੱਥੇ ਵਿਸ਼ਰਾਮ ਕਰਦੇ ਹਾਂ।

ਦਾਦੀ ਜੀ, ਇਹ ਰੀਠੇ ਕੀ ਹੁੰਦੇ ਹਨ? ਰਤਨ ਸਿੰਘ ਨੇ ਪੁੱਛਿਆ।

ਰਤਨ ਸਿੰਘ ਜੀ! ਰੀਠਾ ਬੇਰ ਦੀ ਸ਼ਕਲ ਵਰਗਾ ਹੁੰਦਾ ਹੈ। ਜੋ ਕੁਦਰਤ ਵਲੋਂ ਬਖ਼ਸ਼ੀ ਇਕ ਔਸ਼ਧੀ ਹੈ। ਇਸਦੇ ਵਿੱਚ ਗੋਲ ਕੱਚ ਦੇ ਬਾਂਟੇ ਵਰਗਾ ਬੀਜ਼ ਹੁੰਦਾ ਹੈ, ਜਿਸ ਨਾਲ ਛੋਟੇ ਬੱਚੇ ਖੇਡਦੇ ਵੀ ਹਨ, ਤੇ ਇਸ ਦੇ ਉੱਪਰ ਵਾਲਾ ਛਿਲਕਾ ਜੋ ਕਾਫੀ ਮੋਟਾ ਹੁੰਦਾ ਹੈ, ਬਹੁਤ ਸਾਰੀਆਂ ਦੇਸੀ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਇਸ ਤੋਂ ਬਿਨਾਂ ਪਹਿਲੇ ਸਮਿਆਂ ਵਿਚ ਅਸੀਂ ਇਨ੍ਹਾਂ ਨਾਲ ਸਿਰ ਦੇ ਵਾਲ ਵੀ ਧੋਇਆ ਕਰਦੇ ਸਾਂ, ਤੇ ਘਰ ਦੇ ਗਰਮ ਕੱਪੜੇ ਤੇ ਕੰਬਲ ਵਗੈਰਾ ਵੀ ਰੀਠਿਆਂ ਨਾਲ ਹੀ ਧੋਏ ਜਾਂਦੇ ਸਨ। ਇਸਦੇ ਛਿਲਕੇ ਨੂੰ ਪਾਣੀ ਵਿਚ ਭਿਗੋ ਕੇ ਰੱਖ ਦਿਓ ਤੇ ਕੁਝ ਘੰਟਿਆਂ ਬਾਅਦ ਮਲੋ ਤੇ ਝੱਗ ਹੀ ਝੱਗ ਹੋ ਜਾਂਦੀ ਹੈ। ਪਰ ਇਹ ਬਹੁਤ ਕੌੜੇ ਤੇ ਬੇ-ਸੁਆਦੇ ਹੁੰਦੇ ਹਨ, ਕਿਤੇ ਭੁੱਲ-ਭੁਲੇਖੇ ਮੂੰਹ ਵਿਚ ਪੈ ਜਾਣ ਤਾਂ ਬੰਦਾ ਥੁੱਕਦਾ ਨੀ ਹਟਦਾ।

ਸੋ ਬੱਚਿਓ ਜਦੋਂ ਬਾਬਾ ਨਾਨਕ, ਬਾਲੇ ਤੇ ਮਰਦਾਨੇ ਨਾਲ ਇਸ ਰੀਠਿਆਂ ਵਾਲੇ ਜੰਗਲ ਦੀ ਥਾਂ ਤੇ ਪਹੁੰਚੇ, ਤਾਂ ਯੋਗੀਆਂ ਦਾ ਡੇਰਾ ਵੇਖ ਬਾਬੇ ਨੇ ਮਰਦਾਨੇ ਨੂੰ ਭੇਜਿਆ- ਮਰਦਾਨਿਆਂ ਜਾਹ ਤੇ ਜਾ ਕੇ ਪਤਾ ਕਰ ਕੌਣ ਯੋਗੀ ਹਨ। ਸੋ ਬੱਚਿਓ ਮਰਦਾਨਾ ਡਰਦਾ ਡਰਦਾ ਚਲੇ ਤਾਂ ਗਿਆ ਪਰ ਦਿਲ ਧੁੜਕੂੰ ਧੁੜਕੂੰ ਪਿਆ ਕਰੇ ਕਿ ਕਿਤੇ ਭੰਗਰ ਨਾਥ ਵਾਲੀ ਗੱਲ ਹੀ ਨਾ ਹੋ ਜਾਵੇ। ਮਰਦਾਨੇ ਜਾ ਯੋਗੀਆਂ ਨੂੰ ਆਦੇਸ ਕੀਤਾ ਪਰ ਮਰਦਾਨੇ ਸੋਚ ਰੱਖਿਆ ਸੀ ਕਿ ਇਸ ਵਾਰ ਮੰਗਣਾ ਵੀ ਕੁਝ ਨਹੀਂ ਤੇ ਗੱਲ ਵੀ ਹੋਰ ਕੋਈ ਨਹੀਂ ਕਰਨੀ। ਬੱਚਿਓ ਯੋਗੀ ਲੋਕ ਨਮਸਕਾਰ ਦੀ ਥਾਂ ਆਦੇਸ ਕਰਦੇ ਹਨ ਜਦੋਂ ਪਤਾ ਲੱਗਾ ਕਿ ਡੇਰੇ ਦਾ ਵੱਡਾ ਯੋਗੀ 'ਢੇਰ ਦਾਸ' ਓਸ ਗੋਰਖ ਨਾਥ ਦਾ ਹੀ ਚੇਲਾ ਹੈ, ਜਿਸ ਨੂੰ ਮਿਲ ਕੇ ਆ ਰਹੇ ਹਾਂ, ਚੁੱਪ ਕਰਕੇ ਕੰਨ ਵਲੇਟ ਕੇ ਵਾਪਸ ਆ ਗਿਆ ਤੇ ਆ ਕੇ ਬਾਬੇ

ਨੂੰ ਸਾਰੀ ਖ਼ਬਰ ਕੀਤੀ।

ਅਗਲੀ ਭਲਕ ਯੋਗੀਆਂ ਵੇਖਿਆ ਕਿ ਕੋਈ ਸਾਧੂ ਆਇਆ ਹੈ, ਤਾਂ ਬੱਚਿਓ, ਢੇਰ ਨਾਥ ਆਪਣੇ ਦੋ ਤਿੰਨ ਚੇਲਿਆਂ ਨੂੰ ਨਾਲ ਲੈ ਆਣ ਬਾਬੇ ਨੂੰ ਮਿਲਿਆ। ਆਦੇਸ ਕੀਤਾ ਤੇ ਆਪਣੇ ਬਾਰੇ ਦੱਸਿਆ। ਆਪਸ ਵਿਚ ਵਿਚਾਰ ਚਰਚਾ ਹੋਣ ਲੱਗੀ। ਢੇਰ ਨਾਥ ਨੇ ਵੀ ਉਹੋ ਜਿਹੇ ਸਵਾਲ ਕੀਤੇ ਜਿਹੋ ਜਿਹੇ ਗੋਰਖ ਨਾਥ ਨੇ ਕੀਤੇ ਸਨ। ਬਾਬੇ ਨਾਨਕ ਨੇ ਵੀ ਉਹੋ ਜਿਹੇ ਹੀ ਜਵਾਬ ਦਿੱਤੇ। ਵਿਚਾਰ ਚਰਚਾ ਕਰਦਿਆਂ ਦਿਨ ਦਾ ਦੁਪਹਿਰ ਹੋ ਗਿਆ। ਮਰਦਾਨੇ ਢਿੱਡ ਤੇ ਹੱਥ ਫੇਰ ਇਸ਼ਾਰਾ ਕੀਤਾ ਕਿ ਭੁੱਖ ਲੱਗੀ ਹੈ। ਜਿਸ ਦਰਖਤ ਹੇਠ ਬੈਠੇ ਸਨ, ਬਾਬੇ ਨਾਨਕ ਨੇ ਉਸੇ ਤੇ ਲੱਗੇ ਹੋਏ ਰੀਠਿਆਂ ਵੱਲ ਹੱਥ ਕਰ ਇਸ਼ਾਰਾ ਕੀਤਾ ਕਿ ਰੀਠੇ ਤੋੜ ਕੇ ਖਾ ਲੈ। ਬਾਬੇ ਦਾ ਇਸ਼ਾਰਾ ਵੇਖ ਯੋਗੀ ਢੇਰ ਦਾਸ ਤੇ ਉਸਦੇ ਚੇਲੇ ਹੱਕੇ-ਬੱਕੇ ਰਹਿ ਗਏ ਕਿ ਬਾਬਾ ਇਹ ਕੀ ਕਹਿ ਰਿਹਾ ਹੈ। ਜਦੋਂ ਉਨ੍ਹਾਂ ਮਰਦਾਨੇ ਨੂੰ ਬੜੇ ਅਨੰਦ ਨਾਲ ਰੀਠੇ ਖਾਂਦੇ ਵੇਖਿਆ ਤੇ ਹੋਰ ਵੀ ਹੈਰਾਨ ਹੋਏ।

ਯੋਗੀ ਢੇਰ ਦਾਸ ਨੇ ਆਪਣੇ ਚੇਲੇ ਯੋਗੀ ਨੂੰ ਆਖਿਆ- 'ਤੂੰ ਵੀ ਖਾ ਕੇ ਵੇਖ।'

ਬੱਚਿਓ, ਢੇਰ ਨਾਥ ਦੇ ਚੇਲੇ ਨੇ ਜਦੋਂ ਰੀਠਾ ਤੋੜ ਕੇ ਮੂੰਹ ਵਿੱਚ ਪਾਇਆ, ਥੁੱਕਦਾ ਤੇ ਥੂ ਥੂ ਕਰਦਾ ਆਪਣੇ ਡੇਰੇ ਵੱਲ ਨੂੰ ਭੱਜ ਗਿਆ। ਇਸ ਅਸਥਾਨ ਤੇ ਗੁਰਦੁਆਰਾ ਮਿੱਠਾ ਰੀਠਾ ਹੈ। ਗੁਰੂ ਨਾਨਕ ਦੇਵ ਜੀ ਦੇ ਬਖ਼ਸ਼ਿਸ਼ ਹੋਏ ਰੀਠੇ ਦੇ ਬੀਜ਼ਾਂ ਨਾਲ ਰੀਠੇ ਦੇ ਹੋਰ ਵੀ ਕਈ ਦਰਖਤ ਤਿਆਰ ਕੀਤੇ ਹੋਏ ਹਨ, ਜਿਸਨੂੰ ਨਾਨਕ-ਬਾੜੀ ਦਾ ਨਾਮ ਦਿੱਤਾ ਗਿਆ ਹੈ। ਸੰਗਤਾਂ ਇੱਥੋਂ ਮਿੱਠੇ ਰੀਠਿਆਂ ਦਾ ਪ੍ਰਸ਼ਾਦ ਲੈ ਕੇ ਆਉਂਦੀਆਂ ਹਨ।

ਅੱਜ ਇੱਥੇ ਹੀ ਸਮਾਪਤ ਕਰਦੇ ਹਾਂ ਬਾਕੀ ਕੱਲ ਵੇਖਾਂਗੇ-ਜਿਵੇਂ ਗੁਰੂ ਜਣਾਊ। ਸਤਿ ਸ੍ਰੀ ਅਕਾਲ।

# ਉੱਜੜ ਜਾਓ - ਵਸਦੇ ਰਹੋ

ਸਾਰੇ ਬੱਚੇ ਆਣ ਦਾਦੀ ਜੀ ਕੋਲ ਇਕੱਠੇ ਹੋਏ, ਤੇ ਆਖਣ ਲੱਗੇ- ਦਾਦੀ ਜੀ ਗੁਰੂ ਨਾਨਕ ਦੇਵ ਜੀ ਦੀ ਹੋਰ ਸਾਖੀ ਸੁਣਾਓ ਧੰਨਾ ਸਿੰਘ ਤੇ ਰਤਨ ਸਿੰਘ ਨੇ ਦੱਸਿਆ- ਦਾਦੀ ਜੀ ਅਸੀਂ ਇਹ ਸਾਖੀਆਂ ਆਪਣੇ ਦੋਸਤਾਂ ਮਿੱਤਰਾਂ ਨੂੰ ਵੀ ਸੁਣਾਉਂਦੇ ਹਾਂ, ਉਨ੍ਹਾਂ ਨੂੰ ਵੀ ਬਹੁਤ ਚੰਗੀਆਂ ਲੱਗਦੀਆਂ ਹਨ।

ਦਾਦੀ ਜੀ ਨੇ ਸਾਖੀ ਸ਼ੁਰੂ ਕਰਦਿਆਂ ਆਖਿਆ- ਬਹੁਤ ਚੰਗਾ ਕਰਦੇ ਹੋ ਤੁਸੀਂ। ਸੋ ਬੱਚਿਓ, ਗੁਰੂ ਨਾਨਕ ਦੇਵ ਜੀ, ਇੱਕ ਵਕਤ ਪੂਰਬ ਵੱਲ ਹਿੰਦੂਆਂ ਦੇ ਵੱਡੇ ਤੀਰਥ ਪੁਰੀ ਵੱਲ ਜਾ ਰਹੇ ਸਨ। ਇਸ ਤੋਂ ਪਹਿਲੋਂ ਇੱਕ ਨਗਰ ਵਿੱਚ ਹੋ ਕੇ ਆਏ। ਨਗਰ ਨਿਵਾਸੀਆਂ ਨੇ ਬਾਬੇ ਤੇ ਬਾਲੇ, ਮਰਦਾਨੇ ਦਾ ਬਹੁਤ ਸਤਿਕਾਰ ਕੀਤਾ ਪਰਸਾਦੇ ਤੇ ਹੋਰ ਪਦਾਰਥਾਂ ਨਾਲ ਸੇਵਾ ਕੀਤੀ। ਨਗਰ ਵਿਚ ਚੰਗੀ ਜਗ੍ਹਾ ਇਨ੍ਹਾਂ ਦੇ ਰਹਿਣ ਦਾ ਇੰਤਜਾਮ ਕੀਤਾ। ਰੋਜ ਸ਼ਾਮ ਨੂੰ ਸਾਰਾ ਨਗਰ ਆਣ ਬਾਬੇ ਕੋਲ ਇਕੱਠਾ ਹੁੰਦਾ। ਮਰਦਾਨੇ ਦੀ ਰਬਾਬ ਉਨ੍ਹਾਂ ਨੂੰ ਬਹੁਤ ਆਨੰਦ ਦਿੰਦੀ, ਤੇ ਬਾਬੇ ਦੀ ਰੱਬੀ ਬਾਣੀ ਦਾ ਇਲਾਹੀ ਕੀਰਤਨ ਉਹ ਬੜੇ ਪਿਆਰ ਨਾਲ ਸਰਵਨ ਕਰਦੇ। ਕਿੰਨੀ ਕਿੰਨੀ ਦੇਰ ਬੈਠੇ ਬਾਬੇ ਦੇ ਬਚਨ ਸੁਣਦੇ ਰਹਿੰਦੇ। ਕੁਝ ਦਿਨ ਇੱਥੇ ਰੁਕੇ ਤੇ ਬਾਬੇ ਛੁੱਟੀਆਂ ਲੈ ਅਗਾਂਹ ਚਾਲੇ ਪਾਏ। ਬਸੀਮੇ ਤੇ ਪਹੁੰਚੇ ਕੇ ਬਾਬਾ ਫਿਰ ਰੁਕ ਗਿਆ, ਤੇ ਨਗਰ ਵੱਲ ਮੂੰਹ ਕਰ ਬਚਨ ਕੀਤਾ 'ਉੱਜੜ ਜਾਓ'। ਫਿਰ ਬਾਬਾ ਆਪਣੇ ਸਾਥੀਆਂ ਸਮੇਤ ਅਗਲੇ ਸਫ਼ਰ ਤੇ ਤੁਰ ਪਿਆ ਤੇ ਇੱਕ ਹੋਰ ਨਗਰ ਪਹੁੰਚਿਆ। ਇੱਥੋਂ ਦੇ ਵਾਸੀਆਂ ਨੇ ਬਾਬੇ ਨੂੰ ਬੁਰਾ ਭਲਾ ਕਿਹਾ ਤੇ ਆਪਣੇ ਪਿੰਡ ਰੁਕਣ ਵੀ ਨਾ ਦਿੱਤਾ, ਇਥੋਂ ਤੱਕ ਕਿ ਪਾਣੀ ਵੀ ਨਾ ਪਿਆਇਆ। ਬਾਬਾ, ਬਾਲੇ ਮਰਦਾਨੇ ਸਮੇਤ ਨਗਰ ਦੇ ਦੂਸਰੇ ਪਾਸੇ ਚਲੇ ਗਏ। ਇੱਧਰ ਵੀ ਲੋਕਾਂ ਸਾਧੂਆਂ ਨੂੰ ਵੇਖ ਇੱਟਾਂ ਰੋੜੇ ਮਾਰਨੇ ਸ਼ੁਰੂ ਕਰ ਦਿੱਤੇ। ਬਾਬਾ ਨਗਰ ਛੋਡ ਅਗਾਂਹ ਤੁਰ ਪਿਆ ਤੇ ਬਸੀਮੇ ਤੇ ਜਾ ਕੇ ਫਿਰ ਰੁਕ ਗਿਆ, ਨਗਰ ਵੱਲ ਮੂੰਹ ਕਰ ਬਚਨ ਕੀਤਾ 'ਵੱਸਦੇ ਰਹੋ'।

ਨਾਨੀ ਜੀ, ਇਹ ਬਸੀਮਾ ਕੀ ਹੁੰਦਾ ਹੈ? ਆਤਮਾ ਸਿੰਘ ਨੇ ਪੁੱਛਿਆ।

ਪੁੱਤਰ ਜੀ, ਜਿੱਥੇ ਇੱਕ ਪਿੰਡ ਦੀ ਹੱਦ ਖਤਮ ਹੋਵੇ ਤੇ ਦੂਸਰੇ ਪਿੰਡ ਦੀ ਹੱਦ ਸ਼ੁਰੂ ਹੋਵੇ, ਉਸ ਥਾਂ ਨੂੰ ਉਨ੍ਹਾਂ ਦੋਵਾਂ ਪਿੰਡਾਂ ਦਾ ਬਸੀਮਾ ਆਖਦੇ ਹਨ। ਸੋ ਬੱਚਿਓ, ਦੋਵੇਂ ਜਣੇ ਬਾਬੇ ਦੇ ਪਿੱਛੇ ਪਿੱਛੇ ਤੁਰੇ ਜਾਂਦੇ ਹਨ, ਤੇ ਮਰਦਾਨੇ ਆਖਿਆ- ਬਾਬਾ ਮੈਨੂੰ ਤੇਰੀ ਰਮਜ਼ ਦੀ ਸਮਝ ਨਹੀਂ ਪਈ, ਜਿਨ੍ਹਾਂ ਸੇਵਾ ਕੀਤੀ ਉਨ੍ਹਾਂ ਨੂੰ ਉੱਜੜ ਜਾਓ ਕਹਿ ਦਿੱਤਾ ਤੇ ਜਿਨ੍ਹਾਂ ਪਾਸ ਫੜਕਣ ਵੀ ਨਹੀਂ ਦਿੱਤਾ, ਉਨ੍ਹਾਂ ਨੂੰ ਵੱਸਦੇ ਰਹੋ ਕਹਿ ਦਿੱਤਾ।

ਬਾਬੇ ਆਖਿਆ- ਮਰਦਾਨਿਆਂ ਜਿਨ੍ਹਾਂ ਸੇਵਾ ਕੀਤੀ, ਮੁਹੱਬਤ ਕੀਤੀ ਤੇ ਸਾਡੀ ਗੱਲ ਸੁਣੀ, ਭਲੇ ਲੋਕ ਸਨ ਪਿੰਡ ਛੱਡਣਗੇ ਤੇ ਜਿੱਥੇ ਜਾਣਗੇ ਆਪਣੀ ਚੰਗਿਆਈ ਫੈਲਾਣਗੇ, ਲੋਕਾਂ ਨੂੰ ਚੰਗੀ ਸਿੱਖਿਆ ਦੇਣਗੇ, ਤੇ ਜਿਨ੍ਹਾਂ ਸਾਨੂੰ ਪਾਸ ਵੀ ਨਹੀਂ ਖੜੋਣ ਦਿੱਤਾ, ਉਹ ਉਥੇ ਹੀ ਬੈਠੇ ਰਹਿਣ ਉਸੇ ਵਿਚ ਭਲਾ ਹੈ। ਹੋਰਾਂ ਥਾਂ ਗਏ ਤਾਂ ਹੋਰਾਂ ਨੂੰ ਵਗਾੜਨਗੇ। ਬਾਬੇ ਦੀਆਂ ਗੁੱਝੀਆਂ ਰਮਜਾਂ ਸੁਣ ਭਾਈ ਬਾਲਾ ਤੇ ਮਰਦਾਨਾ ਬਹੁਤ ਹੈਰਾਨ ਹੋਏ, ਤੇ ਆਖਣ ਲੱਗੇ- ਬਾਬਾ ਤੂੰ ਧੰਨ ਏਂ। ਅਜਿਹੀਆਂ ਡੂੰਘੀਆਂ ਰਮਜ਼ਾਂ ਸਾਡੀ ਸਮਝ 'ਚ ਕਿੱਥੇ। ਅਸੀਂ ਤੇ ਹੈਰਾਨ ਪਏ ਹੁੰਦੇ ਸਾਂ ਕਿ ਬਾਬਾ ਇਹ ਕੀ ਕਹੀ ਜਾਂਵਦਾ ਹੈ ਪਰ ਇਹ ਸਾਨੂੰ ਜ਼ਰੂਰ ਪਤਾ ਸੀ ਕਿ ਇਹ ਕੋਈ ਗਹਿਰੀ ਭੇਦ ਵਾਲੀ ਰਮਜ਼ ਹੈ। ਏਸੇ ਲਈ ਤੇਰੇ ਬੋਲਾਂ ਨੂੰ ਸਿਰ ਝੁਕਾ ਸੁਣਦੇ ਰਹੇ, ਤੇ ਹੁਣ ਤੈਨੂੰ ਪੁੱਛਿਆ ਹੈ ਕਿ ਸਾਡੀ ਸਮਝ

ਵੀ ਕੁਝ ਪਵੇ।

ਸੋ ਬੱਚਿਓ ਇਸ ਤਰ੍ਹਾਂ ਬਚਨ-ਬਲਾਸ ਕਰਦੇ ਹੋਏ ਗੁਰੂ ਨਾਨਕ ਬਾਲੇ ਤੇ ਮਰਦਾਨੇ ਸਮੇਤ ਪੁਰੀ ਜਾ ਪਹੁੰਚੇ। ਸਮੁੰਦਰ ਦੇ ਕੰਢੇ ਤੇ ਬਹੁਤ ਵੱਡਾ ਜਗਨਨਾਥ ਭਗਵਾਨ ਦਾ ਮੰਦਰ ਹੈ ਸੀ। ਬੱਚਿਓ ਹਿੰਦੂ ਧਰਮ ਵਿੱਚ ਤੀਰਥ ਯਾਤਰਾ ਲਈ ਚਾਰ ਧਾਮ ਮੰਨੇ ਹੋਏ ਹਨ-

ਉੱਤਰ ਵੱਲ - ਬਦਰੀਨਾਥ, ਦੱਖਣ ਵੱਲ - ਰਮੇਸ਼ਵਰਮ, ਪੱਛਮ ਵੱਲ - ਦਵਾਰਕਾ ਤੇ ਪੂਰਬ ਵੱਲ - ਜਗਨਨਾਥ ਪੁਰੀ।

ਜਗਨਨਾਥ ਪੁਰੀ ਪਹੁੰਚ, ਮੰਦਰ ਦੇ ਨਾਲ ਹੀ ਇਕ ਧਰਮਸਾਲਾ ਵੇਖ, ਰਾਤ ਵਿਸ਼ਰਾਮ ਕੀਤਾ। ਸਵੇਰੇ ਉੱਠ ਇਸ਼ਨਾਨ ਕਰ ਮਰਦਾਨੇ ਤੇ ਬਾਲੇ ਨੂੰ ਨਾਲ ਲੈ ਵਿਸ਼ਾਲ ਸਮੁੰਦਰ ਦੇ ਕੰਢਿਆਂ ਵੱਲ ਚੱਲ ਪਏ। ਬਾਲਾ ਤੇ ਮਰਦਾਨਾ ਸਮੁੰਦਰ ਵੇਖ ਬੜੇ ਹੈਰਾਨ ਹੋਏ। ਮਰਦਾਨਾ ਆਖਣ ਲੱਗਾ-

ਬਾਬਾ ਏਨਾ ਪਾਣੀ ਕੋਈ ਤਣ-ਪੱਤਣ ਈ ਨਹੀਂ ਦਿਸਦਾ।

ਬਾਬੇ ਆਖਿਆ- ਮਰਦਾਨਿਆਂ ਇਹ ਤਾਂ ਸਮੁੰਦਰ ਈ ਛੋਟਾ ਪਰ ਸਾਗਰ ਤੇ ਬਹੁਤ ਵੱਡਾ ਹੁੰਦਾ ਏ, ਅਥਾਹ ਪਾਣੀਆਂ ਦਾ ਮਾਲਕ। ਤੇ ਬੱਚਿਓ ਬਾਬੇ ਵੇਖਿਆ ਕਿ ਸਮੁੰਦਰ ਦੇ ਪਾਸ ਹੀ ਇੱਕ ਥੜੇ ਤੇ ਇੱਕ ਤਿਲਕ-ਧਾਰੀ-ਪੰਡਾ ਬੈਠਾ ਹੈ, ਜਿਸਨੇ ਆਪਣੀ ਧੌਣ ਪਿਛਾਂਹ ਪਿੱਠ ਨਾਲ ਲਗਾਈ ਹੋਈ ਹੈ, ਅੱਖਾਂ ਬੰਦ ਕੀਤੀਆਂ ਹੋਈਆਂ ਹਨ, ਅੱਗੇ ਇੱਕ ਦਾਨ-ਪਾਤਰ ਰੱਖਿਆ ਹੋਇਆ ਸੀ, ਵੇਖਣ ਨੂੰ ਇਵੇਂ ਲਗਦਾ ਸੀ ਜਿਵੇਂ ਉਸਨੇ ਸਮਾਧੀ ਲਗਾਈ ਹੋਈ ਹੋਵੇ, ਤੇ ਭੋਲੇ ਲੋਕ ਉਸ ਦਾਨ-ਪਾਤਰ ਵਿੱਚ, ਪੈਸੇ ਪਾ ਪੰਡਿਤ ਨੂੰ ਮੱਥਾ ਟੇਕ, ਅੱਗੇ ਬੈਠੀ ਜਾਂਦੇ ਸਨ। ਬਾਬੇ ਪਿਛਾਂਹ ਬੈਠੇ ਇਕ ਆਦਮੀ ਨੂੰ ਕੋਲ ਬੁਲਾਇਆ ਤੇ ਪੁੱਛਿਆ- ਭਗਤਾ ਇੱਥੇ ਕੀ ਹੋਣ ਵਾਲਾ ਹੈ?

ਜੀ ਇਹ ਪੂਜਯ ਪੰਡਾ ਜੀ ਦੀ ਲਿਵ ਉਸ ਪਰਮੇਸਰ ਨਾਲ ਜੁੜੀ ਹੋਈ ਹੈ, ਇਹ ਇਸ ਵੇਲੇ ਦੇਵ ਲੋਕ ਵਿਚ ਪਹੁੰਚੇ ਹੋਏ ਹਨ। ਜਦੋਂ ਇਨ੍ਹਾਂ ਦੀ ਸੁਰਤੀ ਵਾਪਸ ਪਰਤੇਗੀ, ਤਾਂ ਦਰਗਾਹ ਦੀਆਂ ਗੱਲਾਂ ਦੱਸਣਗੇ, ਤੇ ਸਾਨੂੰ ਸਭਨੂੰ ਵਿਸ਼ਨੂੰ ਭਗਵਾਨ ਦਾ ਅਸ਼ੀਰਵਾਦ ਦੇਵਣਗੇ। ਅਸੀਂ ਸਭ ਉਸੇ ਦੀ ਉਡੀਕ ਵਿੱਚ ਹੀ ਬੈਠੇ ਹਾਂ।

ਗੁਰੂ ਨਾਨਕ ਬਾਲੇ ਮਰਦਾਨੇ ਨੂੰ ਨਾਲ ਲੈ ਅੱਗੇ ਹੋਏ ਹੱਥ ਜੋੜ ਸਭ ਨੂੰ ਨਮਸਕਾਰ ਕਰ ਉਸ ਪੰਡੇ ਦੇ ਸਾਹਮਣੇ ਬੈਠ ਗਏ। ਬਾਬੇ ਦੇ ਚਿਹਰੇ ਤੇ ਰੱਬੀ ਨੂਰ ਝਲਕਾਰੇ ਮਾਰਦਾ ਸੀ, ਵੇਖ ਸਾਰਿਆਂ ਦੇ ਹੱਥ ਆਪਣੇ ਆਪ ਜੁੜ ਗਏ ਤੇ ਬਾਬੇ ਦੇ ਬੈਠਣ ਲਈ ਸਭ ਤੋਂ ਅਗਾਂਹ ਜਗ੍ਹਾ ਬਣਾ ਦਿੱਤੀ। ਕੁਛ ਦੇਰ ਬਾਅਦ ਬਾਬੇ, ਮਰਦਾਨੇ ਨੂੰ ਇਸ਼ਾਰਾ ਕੀਤਾ, ਤਾਂ ਮਰਦਾਨੇ ਨੇ ਉਸ ਪੰਡੇ ਦਾ ਦਾਨ-ਪਾਤਰ ਚੁੱਕਿਆ ਤੇ ਉਸ ਦੇ ਪਿੱਛੇ ਛੁਪਾ ਦਿੱਤਾ।

ਫਿਰ ਬੱਚਿਓ ਉਸ ਤਿਲਕਧਾਰੀ ਪੰਡੇ ਨੇ ਹੌਲੀ ਹੌਲੀ ਆਪਣੀ ਗਰਦਨ ਸਿੱਧੀ ਕੀਤੀ, ਹੌਲੀ ਹੌਲੀ ਆਪਣੀਆਂ ਅੱਖਾਂ ਖੋਹਲੀਆਂ, ਤੇ ਸਾਰੇ ਪਾਸੇ ਆਪਣੀ ਨਿਗਾਹ ਘੁਮਾਈ ਤੇ ਆਖਿਆ- ਸਭ ਸੁੱਖੀ ਰਹੋ। ਫਿਰ ਬੋਲਿਆ- ਵਿਸ਼ਨੂੰ ਭਗਵਾਨ ਖੁਸ਼ ਹੈ। ਨਾਰਦ ਜੀ ਉਨਸੇ ਪ੍ਰੇਮ- ਪੂਰਬਕ ਬਾਤਚੀਤ ਕਰ ਰਹੇ ਥੇ। ਬ੍ਰਹਮ-ਪੁਰੀ ਮੇਂ ਬ੍ਰਹਮਾ ਜੀ ਕੀ ਕ੍ਰਿਪਾ ਸੇ ਸਭ ਕੁਛਲ-ਮੰਗਲ ਹੈ। ਸ਼ਿਵ-ਪੁਰੀ ਮੇਂ ਸੰਕੀਰਤਨ ਹੋ ਰਹਾ ਹੈ, ਨਟਰਾਜ਼ ਨਿਰਤਕਾਰੀ ਕਰ ਰਹੇ ਹੈਂ। ਆਪ ਸਭ ਕੇ ਲੀਏ ਭਗਵਾਨ ਵਿਸ਼ਨੂ ਜੀ ਅਰ ਬ੍ਰਹਮਾ ਜੀ ਨੇ ਅਪਨਾ ਅਸ਼ੀਰਵਾਦ ਭੇਜਾ ਹੈ, ਸਭ ਸੁਖੀ ਰਹੋ, ਤੁਮਾਰੀ ਫਸਲ ਅੱਛੀ ਹੋ, ਇਸ ਲੀਏ ਇੰਦਰ ਲੋਕ ਮੇਂ ਇੰਦਰ ਦੇਵ ਸੇ ਅੱਛੀ ਬਾਰਸ਼ ਕੇ ਲੀਏ ਮੈਨੇ ਸਫਾਰਸ਼ ਕੀ ਹੈ। ਪਰਜਾ ਕੇ ਭਾਗ ਅੱਛੇ ਹੈਂ, ਸਭ ਆਨੰਦ ਮੰਗਲ ਜੈ ਜੈ ਕਾਰ ਕਰੋ। ਸਭ ਕੇ ਧਨ ਕੇ ਭੰਡਾਰ ਭਰੇ ਰਹਿਨੇ ਕਾ ਅਸ਼ੀਰਵਾਦ ਮੈਂ ਖੁਦ ਮਾਂਗ ਕਰ ਆਪ ਸਭ ਕੇ ਲੀਏ ਲੇ ਕਰ ਆਇਆ ਹੂੰ।

ਬੱਚਿਓ, ਉਸ ਪੰਡੇ ਦੀਆਂ ਇੰਨੀਆਂ ਕੁ ਚਿਕਨੀਆਂ ਚੋਪੜੀਆਂ ਗੱਲਾਂ ਸੁਣ ਕੇ ਗੁਰੂ ਨਾਨਕ ਬੋਲ ਪਏ-

ਹੇ ਗਿਆਨੀ ਪੰਡਿਤ ਜੀ! ਕੀ ਇਹ ਗੱਲਾਂ ਤੁਸੀਂ ਦੇਵ-ਲੋਕ ਤੇ ਦਰਗਾਹ ਦੀਆਂ ਦੱਸ ਰਹੇ ਹੋ?

ਬੱਚਿਓ ਪੰਡਿਤ ਇਕਦਮ ਚੌਂਕਿਆ ਕਿਉਂਕਿ ਪਹਿਲਾਂ ਤੇ ਕਦੇ ਕਿਸੇ ਨੇ ਅਜਿਹੀ ਗੱਲ ਬਾਤ ਕਰਨ ਦੀ ਹਿੰਮਤ ਨਹੀਂ ਸੀ ਕੀਤੀ। ਉਹ ਆਪਾ ਸੰਭਾਲਦਿਆਂ ਥੋਹੜਾ ਸਖਤੀ ਵਿਚ ਬੋਲਿਆ- ਹਾਂ ਬਾਲਕ ਯੇ ਦੇਵ-ਲੋਕ ਅਰ ਦਰਗਾਹ ਕੀ ਬਾਤੇਂ ਹੈਂ। ਬਾਬੇ ਆਖਿਆ- ਫਿਰ ਕੀ ਤੁਸੀਂ ਅੰਤਰਜਾਮੀ ਹੋ? ਪੰਡਿਤ ਨੇ ਹਾਂ ਵਿਚ ਸਿਰ ਹਿਲਾਉਂਦੇ ਹੋਏ ਆਖਿਆ- ਹਾਂ, ਯੋਗ ਬਲ ਸੇ।

ਗੁਰੂ ਜੀ ਪੁੱਛਿਆ- ਦੱਸਿਓ ਜਰਾ ਤੁਹਾਡਾ ਦਾਨ-ਪਾਤਰ ਕਿੱਥੇ ਹੈ?

ਬੱਚਿਓ, ਉਸ ਗਿਆਨੀ ਪੰਡਿਤ ਨੇ ਨੀਚੇ ਦਾਨ-ਪਾਤਰ ਵਾਲੀ ਜਗ੍ਹਾ ਵੱਲ ਧਿਆਨ ਮਾਰਿਆ, ਤੇ ਗਰਜ਼ ਕੇ ਬੋਲਿਆ- ਦਾਨ-ਪਾਤਰ ਛੁਪਾਨੇ ਕੀ ਹਿੰਮਤ ਕਿਸਨੇ ਕੀ?

ਬਾਬੇ ਬੜੇ ਸਹਿਜ ਨਾਲ ਹੀ ਆਖਿਆ- ਜੀ ਆਪ ਤੋ ਅੰਤਰਜਾਮੀ ਹੋ, ਆਪਣੀ ਦਿਵਯ-ਦ੍ਰਿਸ਼ਟੀ ਸੇ ਆਪ ਕੋ ਦਿਖਾਈ ਦੇਤਾ ਹੀ ਹੋਗਾ।

ਉਸ ਗਿਆਨੀ ਪੰਡਿਤ ਨੂੰ ਸਮਝ ਨਾ ਆਵੇ ਕਿ ਹੁਣ ਕੀ ਜਵਾਬ ਦੇਵੇ। ਸਾਹਮਣੇ ਬੈਠੇ ਦਰਸ਼ਨਾਰਥੀ ਵੀ ਉਸ ਪੰਡੇ ਦੀ ਅੰਤਰਜਾਮਤਾ ਵੇਖ ਰਹੇ ਸਨ। ਬਾਬੇ ਆਖਿਆ- ਜੀ ਤੁਹਾਨੂੰ ਤੇ ਅਗਮ-ਨਿਗਮ ਦੀਆਂ ਬਾਤਾਂ ਦਾ ਪਤਾ ਹੈ ਫਿਰ ਆਪਣੇ ਦਾਨ-ਪਾਤਰ ਲਈ ਕਿਉਂ ਨਾਰਾਜ਼ ਹੋ ਰਹੇ ਹੋ। ਬੱਚਿਓ, ਪੰਡੇ ਨੂੰ ਸਮਝ ਨਾ ਆਵੇ ਕਿ ਕੀ ਜਵਾਬ ਦੇਵੇ। ਆਖਣ ਲੱਗਾ- ਮੈਂ ਆਪ ਕੋ ਸਰਾਪ ਦੇ ਦੂੰਗਾ। ਗੁਰੂ ਜੀ ਨੇ ਆਖਿਆ- ਪੰਡਿਤ ਜੀ ਆਪਣੇ ਵਰ-ਸਰਾਪ ਆਪਣੇ ਪਾਸ ਹੀ ਰੱਖੋ ਕੋਈ ਦਮ ਨਹੀਂ ਹੈ, ਉਨ੍ਹਾਂ ਵਿੱਚ, ਤੁਹਾਡੀ ਅੰਤਰਜਾਮਤਾ ਵੇਖਣੀ ਸੀ ਉਹ ਅਸਾਂ ਵੀ ਵੇਖ ਲਈ ਹੈ ਤੇ ਇਨ੍ਹਾਂ ਤੁਹਾਡੇ ਭਗਤਾਂ ਨੇ ਵੀ। ਏਨਾਂ ਕਹਿੰਦਿਆ ਬਾਬੇ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਤੇ ਮਰਦਾਨੇ ਨੇ ਪੰਡੇ ਦੇ ਪਿੱਛੇ ਹੀ ਛੁਪਾਇਆ ਹੋਇਆ ਦਾਨ-ਪਾਤਰ ਲਿਆ ਪੰਡੇ ਦੇ ਸਾਹਮਣੇ ਰੱਖਿਆ। ਬੌਖਲਾਇਆ ਹੋਇਆ ਪੰਡਾ ਆਪਣਾ ਦਾਨ-ਪਾਤਰ ਚੁੱਕ, ਬੁੜ ਬੁੜ ਕਰਨ ਲੱਗਾ। ਜਿਸ ਵੱਲ ਕਿਸੇ ਵੀ ਕੋਈ ਧਿਆਨ ਹੀ ਨਾ ਦਿੱਤਾ। ਸਗੋਂ ਉਸਨੂੰ ਟਿੱਚਰਾਂ ਮਖੌਲ ਕਰਨ ਲੱਗੇ। ਲੋਕਾਂ ਦੀ ਭੀੜ ਅਜੇ ਬਾਬੇ ਕੋਲੋਂ ਹਿੱਲਣ ਦਾ ਨਾਮ ਹੀ ਨਹੀਂ ਸੀ ਲੈ ਰਹੀ। ਉਨ੍ਹਾਂ ਨੂੰ ਤੇ ਇਵੇਂ ਜਾਪ ਰਿਹਾ ਸੀ, ਜਿਵੇਂ ਉਨ੍ਹਾਂ ਦੀਆਂ ਅੱਖਾਂ ਤੋ ਬਹੁਤ ਵੱਡਾ ਹਨੇਰ ਦਾ ਪਰਦਾ ਲਹਿ ਗਿਆ ਹੋਵੇ। ਬਾਬੇ ਨਾਨਕ ਨੇ ਅੱਖਾਂ ਮੁੰਧ ਲਈਆਂ, ਤੇ ਬੋਲੇ- ਮਰਾਦਾਨਿਆਂ ਰਬਾਬ ਵਜਾਏ ਬਾਣੀ ਆਈ ਏ। ਮਰਦਾਨੇ ਰਬਾਬ ਦੀਆਂ ਤਾਰਾਂ ਨੂੰ ਆਪਣੇ ਪੋਟਿਆਂ ਨਾਲ ਛੁਹਿਆ ਤੇ ਰੱਬੀ ਸੰਗੀਤ ਦੀ ਫ਼ੁਹਾਰ ਵਰਸਨ ਲੱਗੀ। ਬਾਬੇ ਧਨਾਸਰੀ ਰਾਗ ਵਿਚ ਗਾਉਣਾ ਸ਼ੁਰੂ ਕੀਤਾ-

**ਕਲ ਮਹਿ ਰਾਮ ਨਾਮੁ ਸਾਰੁ॥**
**'ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਰੁ॥੧॥ਰਹਾਉ॥**
**ਆਂਟ ਸੇਤੀ ਨਾਕ ਪਕੜਹਿ ਸੂਝਤੇ ਤਿਨਿ ਲੋਅ॥**
**ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥੨॥'**

ਬੱਚਿਓ ਬਾਬੇ ਦੇ ਗਾਣ ਵਿਚ ਇਕ ਅਲੌਕਿਕ ਰੱਬੀ ਰੰਗ ਸੀ ਤੇ ਇਕ ਇਕ ਬੋਲ ਅਟੱਲ ਸਚਾਈ ਨਾਲ ਭਰਿਆ ਪਿਆ ਸੀ। ਸਾਰੇ ਭਗਤ-ਜਨ ਮੰਤਰ-ਮੁਗਧ ਹੋਏ ਆਪਣਾ ਆਪ ਭੁਲਾਈ, ਅੱਖਾਂ ਮੀਟੀ ਬੈਠੇ ਸਨ। ਇਹ ਸ਼ਬਦ ਸੁਣਦਿਆਂ ਉਨ੍ਹਾਂ ਨੂੰ ਜਾਪ ਰਿਹਾ ਸੀ ਕਿ ਜਿਹੋ ਜਿਹੇ ਪਾਖੰਡ ਦੇ ਮੱਕੜ-ਜਾਲ ਵਿੱਚ ਉਹ ਫਸੇ ਬੈਠੇ ਹਨ। ਬਾਬੇ ਨੇ ਤੇ ਉਹ ਸਭ ਕੁਝ ਉਘਾੜ ਕੇ, ਅੱਖਾਂ ਸਾਹਵੇ ਲਿਆ ਖੜ੍ਹਾ ਕਰ ਦਿੱਤਾ ਹੈ।

'ਦਾਦੀ ਜੀ ਇਸ ਸ਼ਬਦ ਦੇ ਅਰਥ ਕੀ ਹਨ, ਜਰਾ ਸਮਝਾਓਗੇ ਸਾਨੂੰ ਵੀ।' ਧਰਮ ਕੌਰ ਨੇ ਆਖਿਆ।

ਹਾਂ ਧਰਮ ਕੌਰ ਜੀ। ਸਤਿਗੁਰੂ ਜੀ ਫੁਰਮਾਉਂਦੇ ਹਨ- ਪਖੰਡੀ ਲੋਕ ਸਾਧੂਆਂ ਦਾ ਭੇਸ ਧਾਰ ਕੇ, ਭਲੇ ਲੋਕਾਂ ਨੂੰ ਠੱਗਣ ਲਈ ਹੱਠ ਯੋਗ ਦੇ ਤਰ੍ਹਾਂ ਤਰ੍ਹਾਂ ਸਾਧਨ ਕਰਦੇ ਹਨ, ਜਿਵੇਂ ਕਿ ਅੱਖਾਂ ਮੀਟ ਕੇ ਬੈਠ ਜਾਣਾ, ਪੈਰ ਨਾਲ ਆਪਣਾ ਨੱਕ ਫੜ ਕੇ ਸਮਾਧੀ ਦਾ ਭੇਖ ਬਨਾਣਾ, ਤੇ ਲੋਕਾਂ ਨੂੰ ਕਹਿਣਾ ਕਿ ਸਾਨੂੰ ਤਿੰਨਾਂ ਲੋਕਾਂ ਦੀ ਸੂਝ ਹੈ। ਸਾਡੀ ਸੁਰਤੀ ਦੇਵ-ਲੋਕ ਵਿਚ ਪਹੁੰਚੀ ਹੋਈ ਹੈ ਪਰ ਸੋਝੀ ਉਨ੍ਹਾਂ ਨੂੰ ਆਪਣੇ ਅੱਗੇ ਤੇ ਪਿੱਛੇ ਦੀ ਵੀ ਨਹੀਂ ਹੁੰਦੀ। ਜਿਵੇਂ ਕਿ ਉਹ ਪੰਡਾ ਪਖੰਡ ਕਰ ਕੇ ਲੋਕਾਂ ਨੂੰ ਠੱਗ ਰਿਹਾ ਸੀ।

ਸੋ ਬੱਚਿਓ ਇਹ ਸਭ ਕੁਝ ਵੇਖਦਿਆਂ ਉਹ ਪੰਡਾ ਕਿਸ ਵੇਲੇ ਉਥੋਂ ਖਿਸਕ ਗਿਆ ਕਿਸੇ ਨੂੰ ਪਤਾ ਵੀ ਨਾ ਲੱਗਾ। ਜਦੋਂ ਲੋਕੀ ਆਪੋ-ਆਪਣੇ ਘਰੋ-ਘਰੀਂ ਤੁਰ ਗਏ ਤਾਂ ਰਾਤੋ ਰਾਤ ਸਾਰੇ ਸ਼ਹਿਰ ਦੇ ਵਾਸੀਆਂ ਦੇ ਮੂੰਹਾਂ ਤੇ ਉਸ ਪਖੰਡੀ-ਪੰਡੇ ਦੇ ਝੂਠ ਦੀ ਤੇ ਬਾਬੇ ਦੀਆਂ ਖਰੀਆਂ ਖਰੀਆਂ ਅਟੱਲ ਸੱਚਾਈਆਂ ਦੀਆਂ ਹੀ ਗੱਲਾਂ ਸਨ। ਸ਼ਹਿਰ ਦੇ ਬਾਕੀ ਲੋਕ ਵੀ ਸਵੇਰ ਦੀ ਹੀ ਉਡੀਕ ਕਰ ਰਹੇ ਸਨ ਕਿ ਕਦੋਂ ਸਵੇਰ ਹੋਵੇ ਤੇ, ਉਹ ਉਸ ਪ੍ਰਦੇਸੀ ਸਾਧੂ ਨੂੰ ਆਪਣੀਆਂ ਅੱਖਾਂ ਨਾਲ ਵੇਖਣ ਤੇ ਆਪਣੇ ਕੰਨਾਂ ਨਾਲ ਸੁਣਣ।

ਦਾਦੀ ਜੀ ਉਸ ਪਖੰਡੀ ਪੰਡੇ ਦਾ ਕੀ ਬਣਿਆ? ਗੰਗਾ ਸਿੰਘ ਨੇ ਪੁੱਛਿਆ।

ਗੰਗਾ ਸਿੰਘ ਜੀ ਉਸ ਨੂੰ ਤੇ ਆਪਣੀ ਦੁਕਾਨਦਾਰੀ ਲੁੱਟ-ਪੁੱਟ ਹੋ ਗਈ ਜਾਪੀ, ਤੇ ਉਹ ਸਿੱਧਾ ਸ਼ਹਿਰ ਦੇ ਵੱਡੇ ਪੰਡੇ ਧੰਤਰੀ ਕੋਲ ਪੁੱਜ ਗਿਆ। ਬੱਚਿਓ ਪੰਡਾ-ਧੰਤਰੀ ਬਹੁਤ ਹੀ ਤਾਕਤਵਰ, ਧਨਾਡ, ਜ਼ੋਰ-ਜ਼ਬਰ ਕਰਨ ਵਾਲਾ ਤੇ ਐਸ਼ੋ-ਅਰਾਮ ਦੀ ਜ਼ਿੰਦਗੀ ਬਸਰ ਕਰਨ ਵਾਲਾ ਪੰਡਾ ਸੀ। ਸ਼ਹਿਰ ਦੇ ਛੋਟੇ ਪਾਂਡੇ ਉਸਨੂੰ ਆਪਣੀ ਕਮਾਈ ਵਿੱਚੋਂ ਹਿੱਸਾ ਦੇਂਦੇ ਸਨ ਤੇ ਏਸ ਦੇ ਬਦਲੇ ਪੰਡਾ-ਧੰਤਰੀ, ਹਰਬੀ-ਜ਼ਰਬੀ ਵੇਲੇ ਉਨ੍ਹਾਂ ਦੀ ਪਿੱਠ ਤੇ ਖਲੋ, ਉਨ੍ਹਾਂ ਦੀ ਰੱਖਿਆ ਕਰਿਆ ਕਰਦਾ ਸੀ। ਉਸਨੇ ਕੁੱਟ-ਮਾਰ ਕਰਨ ਵਾਲਾ ਤੇ ਲਠੈਤਾਂ ਦਾ ਇਕ ਵੱਡਾ ਟੋਲਾ ਵੀ ਰੱਖਿਆ ਹੋਇਆ ਸੀ, ਜਿਸ ਕਾਰਨ ਸਾਰੇ ਹੀ ਉਸ ਤੋਂ ਡਰਦੇ ਸਨ।

ਸੋ ਬੱਚਿਓ ਇਹ-ਗਿਆਨੀ ਪੰਡਿਤ ਵੀ ਮੂੰਹ ਦੀ ਖਾ ਕੇ ਤੇ ਲੋਕਾਂ ਵਿੱਚ ਆਪਣੀ ਬੇਪਤੀ ਕਰਵਾ ਕੇ ਪੰਡੇ-ਧੰਤਰੀ ਕੋਲ ਗਿਆ, ਤੇ ਉਸਦੇ ਪੈਰ ਫੜ ਗਿੜਗੜਾਇਆ। ਸਾਰੀ ਘਟਨਾ ਵਧਾ ਚੜ੍ਹਾ ਕੇ ਦੱਸੀ ਤੇ ਇਹ ਵੀ ਕਿਹਾ ਕਿ ਪੁਰੀ ਵਿੱਚ ਆਏ ਇਸ ਨਵੇਂ ਸਾਧੂ ਤੋਂ ਸਾਨੂੰ ਹੀ ਨਹੀਂ ਤੁਸਾਂ ਨੂੰ ਵੀ ਵੱਡਾ ਖਤਰਾ ਹੈ।

# ਪੰਡੇ ਧੱਤਰੀ ਦੀ ਸਾਖੀ

ਬੱਚਿਓ ਦੂਸਰੇ ਦਿਨ ਸਵੇਰੇ ਸਾਰਾ ਸ਼ਹਿਰ, ਬਾਬੇ ਦੇ ਦਰਸ਼ਨਾਂ ਲਈ ਉਸੇ ਸਥਾਨ ਤੇ ਆਣ ਇਕੱਠਾ ਹੋਇਆ। ਉਹ ਇਹ ਵੀ ਵੇਖਣ ਆਏ ਕਿ ਉਹ ਪਖੰਡੀ-ਪੰਡਾ ਅੱਜ ਆਉਂਦਾ ਹੈ ਕਿ ਨਹੀਂ। ਬੱਚਿਓ ਉਹ ਪੰਡਾ ਤੇ ਨਾ ਆਇਆ ਪਰ ਉਨ੍ਹਾਂ ਵੇਖਿਆ ਕਿ ਬਾਬਾ, ਕਿਸੇ ਰੱਬੀ ਰੰਗ ਵਿੱਚ ਪਰਮੇਸਰ ਦੀ ਉਸਤਤ ਕਰ ਰਿਹਾ ਸੀ। ਮਰਦਾਨਾ ਬੜੇ ਹੀ ਰੰਗ ਵਿੱਚ ਬਹੁਤ ਹੀ ਸੁਰੀਲੀ ਰਬਾਬ ਵਜਾ ਰਿਹਾ ਸੀ। ਮਰਦਾਨੇ ਦੀ ਰਬਾਬ ਦੀ ਤੇ ਬਾਬੇ ਦੇ ਗਾਣ ਦੀ ਅਵਾਜ਼ ਸ਼ਹਿਰ ਤੱਕ ਪਹੁੰਚ ਰਹੀ ਸੀ, ਜਿਸਦੇ ਕੰਨੀ ਵੀ ਇਹ ਆਵਾਜ਼ ਪੈਂਦੀ, ਉਹ ਉੱਠ ਕੇ ਉਸ ਪਾਸੇ ਨੂੰ ਭੱਜਦਾ, ਜਿਧਰੋਂ ਆਵਾਜ਼ ਆ ਰਹੀ ਸੀ, ਜਿਵੇਂ ਫੁੱਲਾਂ ਦੀ ਮਹਿਕ ਤੇ ਭੰਵਰੇ ਤੇ ਤਿਤਲੀਆਂ ਆ ਜਾਂਦੇ ਹਨ, ਇਸ ਤਰ੍ਹਾਂ ਇਕੱਠ ਹੋ ਗਿਆ, ਜਿਵੇਂ ਮੇਲਾ ਲੱਗਿਆ ਹੋਵੇ, ਪਰ ਜਿਹੜਾ ਵੀ ਆਉਂਦਾ ਚੁੱਪ ਕਰਕੇ ਬੈਠ ਜਾਂਦਾ। ਰੱਬੀ ਬਾਣੀ ਦਾ ਗਾਇਨ ਸੁਣਕੇ ਜਿਵੇਂ ਹਰ ਕਿਸੇ ਦੀ ਸਮਾਧੀ ਲੱਗ ਜਾਂਦੀ। ਇੱਕ ਸ਼ਾਂਤ-ਰੌਣਕ, ਬੱਚਿਓ ਜਿਵੇਂ ਤਾਰਿਆਂ ਵਿੱਚ ਚੰਦ ਸੋਹਣਾ ਲੱਗਦਾ ਹੈ, ਇਸ ਤਰ੍ਹਾਂ ਖੁੱਲ੍ਹੇ ਆਕਾਸ਼ ਹੇਠ ਚੰਦ ਚਾਨਣੀ ਵਿੱਚ ਗੁਰੂ-ਬਾਬਾ ਬਹੁਤ ਹੀ ਫੱਬ ਰਿਹਾ ਸੀ।

ਸੋ ਬੱਚਿਓ ਉੱਧਰੋਂ ਪੰਡਾ-ਧੱਤਰੀ ਵੀ ਆਪਣੇ ਲਠੈਤਾਂ ਨਾਲ ਬਾਬੇ ਨੂੰ ਭਜਾਉਣ ਲਈ ਤੁਰਿਆ ਆ ਰਿਹਾ ਸੀ। ਜਿਉਂ ਹੀ ਉਸ ਨੇ ਸੈਂਕੜੇ ਲੋਕਾਂ ਦੀ ਭੀੜ ਬਾਬੇ ਦੁਆਲੇ ਜੁੜੀ ਵੇਖੀ, ਉਸ ਦਾ ਮੱਥਾ ਠਣਕਿਆ, ਪਤਾ ਨਹੀਂ ਉਸ ਦੇ ਮਨ ਵਿਚ ਕੀ ਆਈ ਕਿ ਉਸ ਨੇ ਸਹਿਜ ਵਿਚ ਪੇਸ਼ ਆਉਣ ਵਿੱਚ ਹੀ ਆਪਣੀ ਸਿਆਣਪ ਸਮਝੀ।

ਪੰਡੇ-ਧੱਤਰੀ ਨੇ ਆਖਿਆ- ਬਾਬਾ ਤੂੰ ਇਹ ਸਥਾਨ ਛੋਡ ਕੇ ਕਿਤੇ ਹੋਰ ਚਲਾ ਜਾਹ।

ਬਾਬੇ ਆਖਿਆ- ਦੇਖ ਸੱਜਨਾ ਅਸੀਂ ਆਪ ਨਹੀਂ ਆਏ, ਉਸ ਪਰਮੇਸਰ ਦੇ ਭੇਜੇ ਹੋਏ ਆਏ ਹਾਂ ਤੇ ਉਸ ਪਰਮੇਸਰ ਦੇ ਹੁਕਮ ਨਾਲ ਹੀ ਤੁਰ ਜਾਵਾਂਗੇ।

ਸੁਣ ਬਾਬਾ, ਮੇਰੀ ਆਗਿਆ ਮੰਨਣ ਵਿਚ ਹੀ ਤੇਰਾ ਭਲਾ ਹੈ?

ਪਿਆਰਿਆ, ਆਗਿਆ ਤੇ ਉਸ ਨਿਰੰਕਾਰ ਦੀ ਮੰਨਣ ਵਿਚ ਸੁੱਖ ਹੈ, ਬਾਕੀ ਆਗਿਆ ਤਾਂ ਹੰਕਾਰ ਦੀ ਤੇ ਹਉਮੈ ਦੀ ਆਗਿਆ ਹੋਇਆ ਕਰਦੀ ਹੈ। ਤੂੰ ਹੀ ਦੱਸ ਭਲਾ, ਤੇਰੀ ਆਗਿਆ ਉਸ ਪਰਮੇਸਰ ਦੀ ਆਗਿਆ ਤੋਂ ਉੱਪਰ ਹੈ?

ਬਾਬਾ ਫਿਰ ਤੇਰੇ ਨਾਲ ਬੁਰੀ ਹੋਵੇਗੀ?

ਪੁਰਖਾ ਸਭ ਕੁਝ ਉਸਦੇ ਹੁਕਮ ਵਿਚ ਹੀ ਹੋ ਰਿਹਾ ਹੈ, ਇਹ ਨਦੀਆਂ ਦਾ ਚੱਲਣਾ, ਪੌਣਾ ਦਾ ਵਗਣਾ, ਸੂਰਜ ਦਾ ਚੜ੍ਹਨਾ, ਰਾਤਾਂ ਦਾ ਪੈਣਾ, ਮਨੁੱਖ ਦਾ ਜੰਮਣਾ ਤੇ ਮਰਨਾ, ਸਭੋ ਕੁਝ ਉਸਦੀ ਮਰਜ਼ੀ ਵਿੱਚ ਹੋ ਰਿਹਾ ਹੈ। ਤੂੰ ਹੀ ਦੱਸ ਕੁਝ ਉਸਦੇ ਹੁਕਮ ਤੋਂ ਬਾਹਰਾ ਹੈ? ਉਸਦੀ ਮਰਜ਼ੀ ਬਿਨਾ ਤੇ ਪੱਤਾ ਨਹੀਂ ਝੁਲਦਾ।

ਪੰਡੇ-ਧੱਤਰੀ ਵੇਖਿਆ ਬਾਬਾ ਜਿਹੜੀਆਂ ਗੱਲਾਂ ਪਿਆ ਕਰਦਾ ਏ, ਉਨ੍ਹਾਂ ਦਾ ਤੇ ਕੋਈ ਜਵਾਬ ਵੀ ਨਹੀਂ। ਦੂਸਰੇ ਬਾਬਾ ਏਨਾ ਸਹਿਜ ਤੇ ਸਪੱਸ਼ਟ ਹੈ ਕਿ ਨਾ ਉਹ ਹੀ ਗੁੱਸੇ ਵਿੱਚ ਆਉਂਦਾ ਹੈ ਤੇ ਨਾ ਮੈਨੂੰ ਹੀ ਉਸਦੀ ਕਿਸੇ

ਗੱਲ ਤੇ ਗੁੱਸਾ ਆਉਂਦਾ ਹੈ। ਤੇ ਫਿਰ ਐਵੇਂ ਕਿਵੇਂ ਲੜਾਈ ਜਾਂ ਝਗੜਾ ਕਰੀਏ। ਐਵੇਂ ਤੇ ਕਿਸੇ ਦੇ ਗਲ ਨਹੀਂ ਨਾ ਪਿਆ ਜਾਂਦਾ, ਦੂਸਰੇ ਉਸ ਸੋਚਿਆ ਸੈਂਕੜੇ ਲੋਕ ਬੈਠੇ ਬਾਬੇ ਦੀਆਂ ਗੱਲਾ ਬੜੇ ਧਿਆਨ ਨਾਲ ਸੁਣ ਰਹੇ ਹਨ, ਕਿਤੇ ਕੁਝ ਵਾਧਾ-ਘਾਟਾ ਕੀਤਾ ਤੇ ਇਹ ਵੀ ਉੱਠ ਖੜੋ ਸਕਦੇ ਹਨ। ਏਨੀ ਭੀੜ ਅੱਗੇ ਤੇ ਉਂਝ ਹੀ ਖੈਰ ਨਹੀਂ।

ਸੋ ਬੱਚਿਓ, ਪੰਡਾ-ਧੱਤਰੀ ਵੀ ਬਾਬੇ ਨੂੰ ਸਿਰ ਨਿਵਾ ਆਪਣੇ ਲਠੈਤਾਂ ਨਾਲ ਚੱਲਦਾ ਬਣਿਆ। ਹੁਣ ਇਹ ਖ਼ਬਰ ਉਸ ਪਖੰਡੀ-ਪੰਡੇ ਤੱਕ ਵੀ ਪਹੁੰਚ ਗਈ, ਤੇ ਇਹ ਗੱਲ ਉਡਦੀ ਉਡਦੀ ਰਿਆਸਤ ਦੇ ਰਾਜੇ ਕ੍ਰਿਸ਼ਨ ਦੇਵ ਤੱਕ ਵੀ ਪਹੁੰਚ ਗਈ। ਪੁਰੀ ਵਿਚ ਜਿਹੜਾ ਭਗਵਾਨ ਜਗਨਨਾਥ ਦਾ ਮੰਦਰ ਸੀ, ਉਹ ਮੰਦਰ ਵੀ ਰਾਜੇ ਕ੍ਰਿਸ਼ਨ ਦੇਵ ਦੇ ਪ੍ਰਬੰਧ ਹੇਠ ਹੀ ਸੀ। ਬੱਚਿਓ ਉਹ ਗਿਆਨੀ-ਪੰਡਿਤ ਦੂਸਰੇ ਦਿਨ ਆ, ਗੁਰੂ ਜੀ ਦੇ ਚਰਨੀਂ ਲੱਗਾ ਤੇ ਹੱਥ ਜੋੜ ਮੁਆਫੀਆਂ ਮੰਗੇ। ਆਖਣ ਲੱਗਾ-

ਬਾਬਾ ਜ਼ਿੰਦਗੀ ਪਖੰਡ ਕਰਦਿਆਂ ਗੁਆ ਛੱਡੀ ਏ, ਸ਼ੁਕਰ ਪਰਮੇਸਰ ਦਾ ਤੂੰ ਆਇਓਂ, ਮੈਨੂੰ ਵੀ ਸਿੱਧੇ ਰਸਤੇ ਪਾ।

ਬਾਬੇ ਉਸ ਦੇ ਸਿਰ ਤੇ ਹੱਥ ਰੱਖਿਆ ਤੇ ਸਦ-ਉਪਦੇਸ਼ ਦਿੱਤਾ, ਤੇ ਬਚਨ ਕੀਤਾ ਇਵੇਂ ਬਾਹਰ ਬੈਠ ਕੇ ਤਮਾਸ਼ੇ ਕਰਨ ਨਾਲੋਂ ਕੋਈ ਜਗ੍ਹਾ ਵੇਖ ਕੇ ਧਰਮਸਾਲ ਬਣਾਓ ਤੇ ਉੱਥੇ ਬੈਠ ਪਰਮੇਸਰ ਨਾਲ ਇਕਸੁਰ ਹੋਵੋ। ਉਸਦਾ ਨਾਮ ਜਪੋ, ਦਸਾਂ ਨਹੁੰਆਂ ਦੀ ਕਿਰਤ ਕਰੋ ਤੇ ਵੰਡ ਛਕੋ।

ਬੱਚਿਓ ਉਸ ਗਿਆਨੀ-ਪੰਡਿਤ ਨੇ ਬਾਬੇ ਦਾ ਹੁਕਮ ਮੰਨ ਇਕ ਥਾਂ ਧਰਮਸਾਲਾ ਲਈ ਖਰੀਦੀ ਅਤੇ ਬਾਬਾ ਜੀ ਨੂੰ ਭੇਂਟ ਕੀਤਾ। ਉਹ ਥਾਂ ਪੁਰੀ ਵਿੱਚ ਬਾਬੇ ਨਾਨਕ ਦੀ ਯਾਦ ਮੰਗੂ ਮੱਠ ਹੈ।

## ਚੇਤੰਨਯਾ ਮਹਾਂ ਪ੍ਰਭੂ

ਸੋ ਬੱਚਿਓ ਦੋ ਚਾਰ ਦਿਨ ਬਾਅਦ ਉੱਥੋਂ ਦੇ ਮੰਨੇ ਪਰਮੰਨੇ ਸਾਧੂ ਚੈਤੰਨਯਾ ਮਹਾਂ ਪ੍ਰਭੂ ਵੀ ਗੁਰੂ ਨਾਨਕ ਦੀ ਸੋਭਾ ਸੁਣ ਪੁਰੀ ਵਿਚ ਆ ਪਹੁੰਚੇ।

ਬੱਚਿਓ ਚੈਤੰਨਯਾ ਮਹਾਂ ਪ੍ਰਭੂ ਇਸ ਇਲਾਕੇ ਦੇ ਬਹੁਤ ਹੀ ਮਸ਼ਹੂਰ ਸਾਧੂ ਹੋਏ ਹਨ, ਜੋ ਭਗਵਾਨ ਕ੍ਰਿਸ਼ਨ ਦੇ ਉਪਾਸ਼ਕ ਸਨ, ਤੇ ਆਪਣੇ ਹੱਥ ਵਿਚ ਇਕ ਸਾਜ਼ 'ਇਕ-ਤਾਰਾ' ਰੱਖਿਆ ਕਰਦੇ ਸਨ ਤੇ ਭਗਵਾਨ ਕ੍ਰਿਸ਼ਨ ਦੀ ਮਹਿਮਾ ਦਾ ਗਾਇਨ ਬੜੇ ਹੀ ਰੰਗ ਵਿਚ ਕਰਿਆ ਕਰਦੇ ਸਨ। ਚੈਤੰਨਯਾਂ ਮਹਾਂ ਪ੍ਰਭੂ ਦਾ ਸਾਰੇ ਪਾਸੇ ਬਹੁਤ ਅਦਬ ਸਤਿਕਾਰ ਸੀ।

ਦਾਦੀ ਜੀ ਇਹ ਇਕ-ਤਾਰਾ ਕੀ ਹੁੰਦਾ ਹੈ? ਧਰਮ ਕੌਰ ਨੇ ਪੁੱਛਿਆ।

ਮੇਰੀ ਸੋਹਣੀ ਲਾਡੋ ਰਾਣੀ, ਇਕ-ਤਾਰਾ ਵੱਡਾ ਤੂੰਬਾ ਹੁੰਦਾ ਹੈ, ਜਿਸਦੀ ਕੇਵਲ ਇਕ ਹੀ ਤਾਰ ਹੁੰਦੀ ਹੈ। ਅਕਸਰ ਸਾਧੂ ਲੋਕ ਭਜਨ ਗਾਇਨ ਕਰਦਿਆਂ ਇੱਕ ਹੱਥ ਨਾਲ ਇੱਕ-ਤਾਰਾ ਵਜਾਉਂਦੇ ਹਨ ਤੇ ਦੂਸਰੇ ਹੱਥ ਨਾਲ ਇੱਕ ਖੜਤਾਲ ਵਜਾ ਕੇ ਆਪਣੇ ਗਾਏ ਜਾ ਰਹੇ ਭਜਨ ਨੂੰ ਤਾਲ ਦੇਂਦੇ ਹਨ।

ਸੋ ਬੱਚਿਓ ਗੁਰੂ ਨਾਨਕ ਤੇ ਚੈਤੰਨਯਾ ਮਹਾਂ ਪ੍ਰਭੂ ਆਪਸ ਵਿੱਚ ਮਿਲ ਕੇ ਬਹੁਤ ਖੁਸ਼ ਹੋਏ ਤੇ ਘੰਟਿਆਂ ਬੱਧੀ ਬਹਿ ਕੇ ਪਰਮੇਸਰ ਦੀ ਸਿਫਤ-ਸਲਾਹ ਕਰਦੇ ਰਹੇ। ਕਈ ਦਿਨ ਚੈਤੰਨਯ ਮਹਾਂ ਪ੍ਰਭੂ ਗੁਰੂ ਜੀ ਨੂੰ ਮਿਲਣ ਆਉਂਦੇ ਰਹੇ। ਕਿੰਨੀ ਕਿੰਨੀ ਦੇਰ ਬੈਠ ਕੇ ਹਰੀ ਚਰਚਾ ਕਰਦੇ ਰਹਿਣਾ।

## ਭਵ ਖੰਡਨਾ ਤੇਰੀ ਆਰਤੀ

ਸੋ ਬੱਚਿਓ, ਗੁਰੂ ਨਾਨਕ ਦੀ ਸੋਭਾ ਸੁਣ ਰਾਜਾ ਕ੍ਰਿਸ਼ਨ ਦੇਵ ਵੀ ਦਰਸ਼ਨਾਂ ਨੂੰ ਆਇਆ। ਰੱਬੀ ਬਾਣੀ ਦਾ ਗਾਇਨ ਤੇ ਗੁਰੂ ਜੀ ਦੇ ਪ੍ਰਵਚਨ ਸੁਣ ਬਹੁਤ ਆਨੰਦਿਤ ਹੋਇਆ। ਹੱਥ ਜੋੜ ਆਖਣ ਲੱਗਾ- ਸਾਧੂ ਮਹਾਰਾਜ ਮੈਨੂੰ ਕੋਈ ਸੇਵਾ ਬਖ਼ਸ਼ੋ। ਬਾਬੇ ਆਖਿਆ- ਆਪਣੀ ਖ਼ਲਕਤ ਦਾ ਭਲਾ ਸੋਚ ਤੇ ਭਲਾ ਕਰ, ਤੇ ਉਸ ਪਰਮੇਸਰ ਨੂੰ ਯਾਦ ਰੱਖ, ਬੱਸ ਇਹੀਓ ਤੇਰੀ ਸੇਵਾ ਹੈ। ਰਾਜਾ ਕ੍ਰਿਸ਼ਨ ਦੇਵ ਆਪਣੇ ਰੁਝੇਵਿਆਂ ਚੋਂ ਵਕਤ ਕੱਢ ਗੁਰੂ ਜੀ ਦਾ ਉਪਦੇਸ ਸੁਨਣ ਜ਼ਰੂਰ ਆਉਂਦਾ।

ਇਕ ਦਿਨ ਗੁਰੂ ਸਾਹਿਬ ਨਾਲ ਵਿਚਰਦਿਆਂ ਰਾਜੇ ਨੇ ਇਸ ਸ਼ਹਿਰ ਦਾ ਸਮੁੰਦਰ ਦੇ ਕੰਢੇ ਤੇ ਹੋਣ ਕਰਕੇ ਸਾਰੇ ਖੂਹਾਂ ਦੇ ਪਾਣੀ ਦੀ ਖਾਰੇ ਹੋਣ ਦੀ ਗੱਲ ਕੀਤੀ। ਗੁਰੂ ਜੀ ਨੇ ਇਕ ਜਗ੍ਹਾ ਖੂਹ ਪੁੱਟਣ ਦਾ ਹੁਕਮ ਕੀਤਾ। ਉਸ

ਖੂਹ ਦਾ ਪਾਣੀ ਮਿੱਠਾ ਨਿਕਲਿਆ ਤੇ ਉਸਦਾ ਨਾਮ ਅੱਜ ਵੀ ਬਾਉਲੀ-ਮੱਠ ਕਰਕੇ ਪ੍ਰਸਿੱਧ ਹੈ।

ਇਕ ਦਿਨ ਉਸ ਦੇ ਮਨ ਵਿੱਚ ਆਇਆ ਕਿਉਂ ਨਾ ਗੁਰੂ ਜੀ ਨੂੰ ਬੇਨਤੀ ਕਰੀਏ ਕਿ ਭਗਵਾਨ ਜਗਨਨਾਥ ਜੀ ਦੇ ਮੰਦਰ ਵਿੱਚ ਹੋਣ ਵਾਲੀ ਆਰਤੀ 'ਚ ਸ਼ਾਮਲ ਹੋਣ। ਸੋ ਬੱਚਿਓ, ਰਾਜੇ ਕ੍ਰਿਸ਼ਨ ਦੇਵ ਨੇ ਇੱਕ ਦਿਨ ਗੁਰੂ ਜੀ ਅੱਗੇ ਹੱਥ ਜੋੜ ਬੜੀ ਆਜਿਜ਼ੀ ਨਾਲ ਬੇਨਤੀ ਕੀਤੀ-

ਬਾਬਾ ਜੀ ਕਿਰਪਾ ਕਰੋ, ਭਗਵਾਨ ਜਗਨਨਾਥ ਜੀ ਦੇ ਮੰਦਰ ਵਿੱਚ ਹੋਣ ਵਾਲੀ ਆਰਤੀ ਵਿੱਚ ਸ਼ਾਮਲ ਹੋਵੋ, ਸਾਨੂੰ ਪੁਰੀ ਨਿਵਾਸੀਆਂ ਨੂੰ ਬਹੁਤ ਖੁਸ਼ੀ ਹੋਵੇਗੀ।

ਸੋ ਬੱਚਿਓ ਰਾਜੇ ਦਾ ਪ੍ਰੇਮ ਦੇਖ ਗੁਰੂ ਜੀ ਨੇ ਉਸਦੀ ਬੇਨਤੀ ਪ੍ਰਵਾਨ ਕੀਤੀ। ਆਰਤੀ ਦੇ ਵਕਤ ਗੁਰੂ ਜੀ ਮੰਦਰ ਵਿੱਚ ਪਹੁੰਚ ਗਏ। ਪੁਰੀ ਦੇ ਲੋਕਾਂ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਮੰਦਰ ਵਿੱਚ ਆਰਤੀ ਦੇ ਵਕਤ ਆ ਰਹੇ ਹਨ, ਤਾਂ ਹੋਰ ਬਹੁਤ ਸਾਰੇ ਲੋਕ ਵੀ ਸ਼ਾਮ ਨੂੰ ਆਰਤੀ ਦੇ ਵਕਤ, ਮੰਦਰ ਵਿਚ ਆ ਗਏ। ਰਾਜਾ ਕ੍ਰਿਸ਼ਨ ਦੇਵ ਆਪ ਗੁਰੂ ਜੀ ਨੂੰ ਨਾਲ ਲੈ ਕੇ ਮੰਦਰ ਵਿਚ ਪਹੁੰਚਿਆ। ਗੁਰੂ ਜੀ ਨੇ ਵੇਖਿਆ ਇਕ ਥਾਲ ਵਿੱਚ ਦੀਵੇ ਜਗਾਏ ਹੋਏ ਹਨ, ਬਹੁਤ ਕਿਸਮ ਦੀਆਂ ਧੂਫਾਂ ਧੁਖਾਈਆਂ ਹੋਈਆਂ ਹਨ, ਚੰਦਨ, ਕਪੂਰ ਤੇ ਹੋਰ ਬਹੁਤ ਕਿਸਮ ਦੀਆਂ ਖ਼ੁਸ਼ਬੂਈਆਂ ਦੀ ਭਰਮਾਰ ਹੈ। ਮੋਤੀਆਂ ਤੇ ਫੁੱਲਾਂ ਨਾਲ ਤਰ੍ਹਾਂ ਤਰ੍ਹਾਂ ਦੀ ਸਜਾਵਟ ਕੀਤੀ ਹੋਈ ਹੈ, ਕਈਆਂ ਦੇ ਹੱਥਾਂ ਵਿੱਚ ਘੜਿਆਲ ਹਨ ਤੇ ਕਈ ਸੰਖ ਲੈ ਕੇ ਖੜੋਤੇ ਹਨ। ਇਕ ਪਾਸੇ ਖੂੰਜੇ ਵਿਚ ਵੱਡਾ ਨਗਾਰਾ ਪਿਆ ਹੈ, ਜਿਸ ਦੇ ਪਾਸ ਇੱਕ ਆਦਮੀ ਹੱਥਾਂ ਵਿੱਚ ਡੱਗੇ ਫੜੀ ਖਲੋਤਾ ਹੈ। ਭਗਵਾਨ ਜਗਨਨਾਥ ਦੀਆਂ ਮੂਰਤੀਆਂ ਅੱਗੇ ਸਭ ਪੁਜਾਰੀ ਤਿਆਰ ਖਲੋਤੇ ਹਨ। ਜਿਉਂ ਹੀ ਰਾਜਾ ਕ੍ਰਿਸ਼ਨ ਦੇਵ ਗੁਰੂ ਜੀ ਨੂੰ ਨਾਲ ਲੈ ਕੇ ਮੰਦਰ ਵਿੱਚ ਪਹੁੰਚੇ, ਪੁਜਾਰੀਆਂ ਨੇ ਰਾਜੇ ਤੋਂ ਆਗਿਆ ਲੈ ਭਗਵਾਨ ਜਗਨਨਾਥ ਦੀ ਆਰਤੀ ਸ਼ੁਰੂ ਕਰ ਦਿੱਤੀ। ਅਨੇਕਾਂ ਕਿਸਮਾਂ ਦੀਆਂ ਧੁਖਾਈਆਂ ਹੋਈਆਂ ਧੂਫ਼ਾਂ ਤੇ ਸੁਗੰਧੀਆਂ ਨਾਲ ਵਾਤਾਵਰਨ ਧੁਆਂਖਿਆ ਹੋਇਆ ਸੀ। ਸੰਖਾਂ, ਘੜਿਆਲਾਂ, ਨਗਾਰਿਆਂ ਦੀ ਅਸਮਾਨ ਚੀਰਵੀਂ ਆਵਾਜ਼ ਨਾਲ ਵਾਤਾਵਰਨ ਇਕ ਉਕਾਊ ਸ਼ੋਰ ਵਾਲਾ ਬਣਿਆ ਹੋਇਆ ਸੀ।

ਗੁਰੂ ਨਾਨਕ ਸਹਿਜ ਨਾਲ ਹੀ ਅਛੋਪਲੇ ਪੈਰੀਂ ਪਿਛਾਹ ਵੱਲ, ਬਾਹਰ ਦੇ ਦਰਵਾਜ਼ੇ ਵੱਲ ਤੁਰ ਪਏ, ਤੇ ਬੱਚਿਓ ਉਹ ਲੋਕ ਜਿਹੜੇ ਨਿੱਤ ਗੁਰੂ ਨਾਨਕ ਦੀ ਸੰਗਤ ਮਾਣਦੇ ਸਨ, ਉਹ ਵੀ ਬਾਬੇ ਦੇ ਪਿੱਛੇ ਪਿੱਛੇ ਬਾਹਰ ਵੱਲ ਆ ਗਏ। ਗੁਰੂ ਨਾਨਕ ਮੰਦਰ ਦੇ ਬਾਹਰ ਇੱਕ ਕੋਨੇ ਵਿੱਚ ਬਣੇ ਹੋਏ ਇੱਕ ਥੜੇ ਤੇ ਬੈਠ ਗਏ। ਬਾਬੇ ਦੇ ਪਿੱਛੇ ਪਿੱਛੇ ਆ ਰਹੇ ਭਗਤ-ਜਨ ਵੀ ਗੁਰੂ ਬਾਬੇ ਦੇ ਸਾਹਮਣੇ ਬੈਠ ਗਏ। ਅਸਮਾਨ ਤਾਰਿਆਂ ਨਾਲ ਭਰਿਆ ਹੋਇਆ ਸੀ, ਤੇ ਚੰਦਰਮਾਂ ਆਪਣੇ ਪੂਰੇ ਜੋਬਨ ਤੇ ਚਮਕ ਰਿਹਾ ਸੀ। ਬਾਬੇ ਮਰਦਾਨੇ ਨੂੰ ਹੁਕਮ ਕੀਤਾ-

ਮਰਦਾਨਿਆਂ ਰਬਾਬ ਵਜਾਏ ਬਾਣੀ ਆਈ ਏ। ਮਰਦਾਨੇ ਰਬਾਬ ਦੀਆਂ ਤਾਰਾਂ ਨੂੰ ਛੋਹਿਆ। ਵਾਤਾਵਰਨ ਰੱਬੀ ਰੰਗ ਵਿੱਚ ਰੰਗਿਆ ਗਿਆ, ਸੰਗੀਤ ਦੀਆਂ ਧੁਨਾਂ ਤੇ ਸਰੋਤੇ ਝੂੰਮਣ ਲੱਗੇ। ਬਾਬੇ ਨਾਨਕ ਧਨਾਸਰੀ ਰਾਗ ਵਿੱਚ ਸ਼ਬਦ ਛੁਹਿਆ-

**'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨ ਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**
**ਕੈਸੀ ਆਰਤੀ ਹੋਇ॥ਭਵ ਖੰਡਨਾ ਤੇਰੀ ਆਰਤੀ।ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥**
**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥**
**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥'**

ਬੱਚਿਓ, ਗੁਰੂ ਨਾਨਕ ਦੇਵ ਜੀ ਜਦੋਂ ਏਸ ਸ਼ਬਦ ਦਾ ਗਾਇਨ ਕਰ ਰਹੇ ਸਨ, ਤਾਂ ਉਨ੍ਹਾਂ ਦੇ ਚਿਹਰੇ ਤੇ ਇੱਕ ਰੱਬੀ ਜਲਾਲ ਸੀ। ਭਗਵਾਨ ਜਗਨਨਾਥ ਦੇ ਮੰਦਰ ਦੇ ਅੰਦਰ ਵੀ ਆਰਤੀ ਸਮਾਪਤ ਹੋ ਚੁੱਕੀ ਸੀ। ਰਾਜੇ ਕ੍ਰਿਸ਼ਨ ਦੇਵ ਸਮੇਤ ਮੁੱਖ ਪੁਜਾਰੀ, ਪੰਡਾ-ਧੱਤਰੀ ਤੇ ਬਾਕੀ ਸਾਰੇ ਭਗਤ ਜਨ ਵੀ ਗੁਰੂ ਨਾਨਕ ਨੂੰ ਲੱਭਦੇ ਲੱਭਦੇ ਮੰਦਰ ਤੋਂ ਬਾਹਰ ਆ ਰਹੇ ਸਨ। ਰਾਜਾ ਕ੍ਰਿਸ਼ਨ ਦੇਵ ਔਖਾ ਤੇ ਸੀ ਹੀ, ਗੁੱਸੇ ਵਿੱਚ ਵੀ ਸੀ ਕਿ ਗੁਰੂ ਜੀ ਉਸ ਨਾਲ ਵਾਅਦਾ ਕਰਕੇ ਆਰਤੀ ਵਿਚ ਸ਼ਾਮਲ ਕਿਉਂ ਨਹੀਂ ਹੋਏ। ਜਦੋਂ ਰਾਜਾ ਗੁਰੂ ਜੀ ਦੇ ਸਾਹਮਣੇ ਪਹੁੰਚਿਆ ਤਾਂ ਗੁਰੂ ਜੀ ਦਾ ਜਲਾਲ ਵੇਖ ਕੁਝ ਕਹਿਣ ਦੀ ਉਸ ਦੀ ਹਿੰਮਤ ਹੀ ਨਾ ਹੋਈ। ਸ਼ਬਦ ਦੀ ਸਮਾਪਤੀ ਹੋਈ ਤਾਂ ਰਾਜੇ ਕ੍ਰਿਸ਼ਨ ਦੇਵ ਨੇ ਪੁੱਛਿਆ-

ਗੁਰੂ ਜੀ, ਤੁਸੀਂ ਵਾਅਦਾ ਕਰਕੇ ਆਰਤੀ ਵਿਚ ਸ਼ਾਮਲ ਕਿਉਂ ਨਹੀਂ ਹੋਏ?

ਗੁਰੂ ਜੀ ਮੁਸਕਰਾਏ ਤੇ ਬਚਨ ਕੀਤਾ-



ਰਾਜਨ ਉਹ ਭਗਵਾਨ ਜਗਨਨਾਥ, ਜਿਸ ਨੇ ਇਸ ਸਾਰੇ ਸੰਸਾਰ ਦੀ ਰਚਨਾ ਕੀਤੀ ਹੈ, ਇਹ ਭਿੰਨ ਭਿੰਨ ਪਰਕਾਰ ਦੇ ਚੌਰਾਸੀ-ਲੱਖ ਜੀਵ ਬਣਾਏ ਹਨ, ਉਨ੍ਹਾਂ ਦੇ ਖਾਣ ਪਹਿਰਨ ਲਈ ਇਹ ਬਨਸਪਤੀ ਪੈਦਾ ਕੀਤੀ ਹੈ, ਜਲ ਦੇ ਸੋਮੇ ਇਹ ਨਦੀਆਂ ਦਰਿਆ, ਇਹ ਸਮੁੰਦਰ ਬਣਾਏ ਹਨ, ਇਹ ਚੰਦ ਤਾਰੇ ਤੇ ਇਸ ਬ੍ਰਹਿਮੰਡ ਦੀ ਸਿਰਜਨਾ ਕੀਤੀ ਹੈ, ਕੀ ਇੱਕ ਛੋਟੇ ਜਿਹੇ ਮੰਦਰ ਵਿੱਚ ਅਸੀਂ ਉਸ ਸਰਵ-ਵਿਆਪਕ ਪਰਮੇਸਰ ਦੀ ਆਰਤੀ ਕਰ ਸਕਦੇ ਹਾਂ? ਕੀ ਇਹ ਸੰਭਵ ਹੈ? ਉਸ ਸਰਵ-ਵਿਆਪਕ ਪਰਮੇਸਰ ਦੀ ਆਰਤੀ ਤੇ ਉਸਦੇ ਹੁਕਮਾਂ ਨਾਲ

ਹੋ ਹੀ ਰਹੀ ਹੈ। ਉੱਪਰ ਵੱਲ ਝਾਤੀ ਮਾਰੋ, ਵੇਖੋ, ਇਹ ਅਸਮਾਨ ਉਸ ਪਰਮੇਸਰ ਦਾ ਕਿੱਡਾ ਵੱਡਾ ਥਾਲ ਹੈ, ਜਿੱਡਾ ਵੱਡਾ ਉਸਦਾ ਥਾਲ ਹੈ, ਉਤਨੇ ਵੱਡੇ ਹੀ ਸੂਰਜ ਤੇ ਚੰਦਰਮਾ ਉਸਦੇ ਦੀਵੇ ਹਨ। ਇਹ ਤਾਰਾ-ਮੰਡਲ ਉਸਦੇ ਸਿਰਜੇ ਹੋਏ ਬੇਅੰਤ ਮੋਤੀ ਹਨ, ਜਿਨ੍ਹਾਂ ਨਾਲ ਉਸ ਪਰਮੇਸਰ ਨੇ ਇਸ ਗਗਨ-ਮੰਡਲ ਨੂੰ ਸਜਾਇਆ ਹੋਇਆ ਹੈ। ਜਰਾ ਸੋਚੋ, ਖੁਸ਼ਬੂਈਆਂ ਲਈ, ਇਹ ਜੋ ਧੂਫ ਧੁਖਾਈ ਹੋਈ ਹੈ, ਇਹ ਉਸ ਪਰਮੇਸਰ ਦੇ ਉਗਾਏ ਹੋਏ ਚੰਦਨ, ਸੰਦਲ, ਗੁਲਾਬ, ਚੰਮੇਲੀ ਦੀਆਂ ਮਹਿਕਾਂ ਨਹੀਂ ਹਨ? ਇਹ ਵਗ ਰਹੀ ਠੰਡੀ ਹਵਾ ਦਿਨ ਰਾਤ ਉਸ ਪਰਮੇਸਰ ਦਾ ਚਵਰ ਝੁਲ ਰਿਹਾ ਹੈ। ਇਹ ਮੋਰਾਂ, ਕੋਇਲਾਂ, ਚਿੜੀਆਂ ਆਦਿ ਪੰਛੀਆਂ ਦਾ ਮਧੁਰ ਗਾਇਨ, ਇਹ ਨਦੀਆਂ ਦੀ ਕੱਲ ਕੱਲ, ਇਹ ਬੱਦਲਾਂ ਦੀ ਗਰਜਨਾ, ਉਸ ਪਰਮੇਸਰ ਦੇ 'ਅਨਹਦ-ਨਾਦ' ਨੀ ਤੁਹਾਨੂੰ ਜਾਪਦੇ?

ਇਸ ਮੰਦਰ ਵਿਚ ਬਣਾਈ ਹੋਈ ਮੂਰਤੀ ਤਾਂ ਇਕ ਕਾਰੀਗਰ ਦੀ ਪੱਥਰ ਨੂੰ ਘੜ ਕੇ ਬਣਾਈ ਹੋਈ ਮੂਰਤੀ ਹੈ, ਉਸ ਮੂਰਤੀ ਨੂੰ ਅਸੀਂ ਉਹ ਪਰਮੇਸਰ ਭਗਵਾਨ ਜਗਨਨਾਥ ਸਮਝ ਰਹੇ ਹਾਂ। ਉਹ ਪਰਮੇਸਰ ਜੋ ਸਰਵ-ਵਿਆਪਕ ਹੈ ਘਟ ਘਟ 'ਚ ਵਸਿਆ ਹੋਇਆ ਹੈ-

**ਸਭਿ ਮਹਿ ਜੋਤਿ ਜੋਤ ਹੈ ਸੋਇ॥**
**ਤਿਸਦੈ ਚਾਨਣ ਸਭ ਮਹਿ ਚਾਨਣ ਹੋਇ॥**

ਉਸਦੀ ਆਰਤੀ ਤਾਂ ਉਸਦੀ ਸਿਫ਼ਤ-ਸਲਾਹ ਹੈ। ਉਸਦੀ ਆਰਤੀ ਤਾਂ ਉਸਦੀ ਖਲਕਤ ਨਾਲ ਪਿਆਰ ਕਰਨਾ ਹੈ, ਉਸਦੀ ਆਰਤੀ ਤਾਂ ਕਣ ਕਣ ਵਿੱਚ ਉਸ ਨੂੰ ਵੇਖਣਾ ਹੈ। ਬੱਚਿਓ,ਗੁਰੂ ਨਾਨਕ ਦੀਆਂ ਸੱਚੀਆਂ ਗੱਲਾਂ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਸੀ। ਇਸ ਤਰ੍ਹਾਂ ਸਾਡੇ ਗੁਰੂ ਨਾਨਕ, ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਉਂਦੇ, ਵਹਿਮਾਂ ਭਰਮਾਂ ਚੋਂ ਕੱਢਦੇ ਹੋਏ, ਉਸ ਪਰਮੇਸਰ ਨਾਲ ਜੋੜਦੇ ਔਖੇ ਰਾਹੀਂ ਵਿਚਰਦੇ ਰਹੇ।

# ਕੌਡੇ ਦਾ ਉਧਾਰ

ਜਦੋਂ ਸਾਰੇ ਬੱਚੇ ਆਣ ਇਕੱਠੇ ਹੋਏ ਤਾਂ ਰਤਨ ਕੌਰ ਹੱਥ ਉੱਚਾ ਕਰਕੇ ਕਹਿਣ ਲੱਗੀ- ਦਾਦੀ ਜੀ ਅੱਜ ਮੈਂ ਦੱਸੂੰਗੀ ਕਿਹੜੀ ਸਾਖੀ ਸੁਨਣੀ ਹੈ।

ਦੱਸ ਮੇਰੀ ਧੀ ਰਾਣੋ, ਤੂੰ ਦੱਸ।

ਦਾਦੀ ਜੀ ਕੌਡੇ ਰਾਖਸ਼ ਵਾਲੀ।

ਦਾਦੀ ਜੀ ਨੇ ਰਤਨ ਕੌਰ ਦੀਆਂ ਗੱਲ੍ਹਾਂ ਥੱਪ-ਥਪਾਉਂਦੇ ਹੋਏ ਆਖਿਆ- ਰਤਨ ਕੌਰ ਜੀ ਕੌਡਾ ਰਾਖਸ਼ ਨਹੀਂ ਕੌਡੇ ਵਾਲੀ। ਲਓ ਬੱਚਿਓ ਅੱਜ ਫਿਰ ਰਤਨ ਕੌਰ ਦੀ ਹੀ ਗੱਲ ਮੰਨ ਲੈਂਦੇ ਹਾਂ ਤੇ ਅੱਜ ਮੈਂ ਤੁਹਾਨੂੰ ਸੁਣਾਵਾਂਗੀ ਕਿ ਗੁਰੂ ਨਾਨਕ ਸਾਹਿਬ ਜੀ ਨੇ ਕੌਡੇ ਦਾ ਕਿਵੇਂ ਉਧਾਰ ਕੀਤਾ।

ਸੋ ਬੱਚਿਓ ਗੱਲ ਇਸ ਤਰ੍ਹਾਂ ਹੋਈ ਕਿ ਗੁਰੂ ਨਾਨਕ ਜੀ, ਭਾਈ ਬਾਲੇ ਮਰਦਾਨੇ ਦੇ ਨਾਲ ਹਿੰਦੋਸਤਾਨ ਦੇ ਬਿੰਧੀਆਂਚਲ ਪਹਾੜਾਂ ਵਿੱਚੋਂ ਗੁਜਰ ਰਹੇ ਸਨ। ਬੱਚਿਓ ਇਨ੍ਹਾਂ ਪਹਾੜਾਂ ਦੇ ਨਾਲ ਨਾਲ ਬੜੇ ਹੀ ਸੰਘਣੇ ਜੰਗਲ ਸਨ।

ਦਾਦੀ ਜੀ ਇਹ ਪਹਾੜ ਕਿੱਥੇ ਹੋਏ? ਰਤਨ ਸਿੰਘ ਨੇ ਪੁੱਛਿਆ।

ਰਤਨ ਸਿੰਘ ਜੀ ਇਹ ਪਹਾੜ ਭਾਰਤ ਦੇ ਸੂਬੇ ਮੱਧ-ਪ੍ਰਦੇਸ਼ ਦੇ ਕੋਲ ਹਨ।

ਸੋ ਬੱਚਿਓ ਪੈਂਡਾ ਲੰਬਾ ਸੀ, ਮਰਦਾਨੇ ਨੂੰ ਭੁੱਖ ਨੇ ਡਾਢਾ ਸਤਾਇਆ। ਪਾਣੀ ਲਈ ਮਰਦਾਨਾ ਪਿਆ ਤਰਲੋ-ਮੱਛੀ ਹੋਵੇ। ਬਾਬੇ ਆਖਿਆ ਮਰਦਾਨਿਆਂ ਪਾਣੀ ਤਾਂ ਤੂੰ ਇਸ ਕਰਮੰਡਲ ਚੋਂ ਪੀ ਲੈ ਪਰ ਜ਼ਰਾ ਸਬਰ ਕਰ, ਤੇਰੀ ਭੁੱਖ ਦਾ ਵੀ ਕੋਈ ਹੀਲਾ ਵਸੀਲਾ ਕਰਦੇ ਹਾਂ। ਅੱਗੇ ਕੋਈ ਅਬਾਦੀ ਆਉਂਦੀ ਹੀ ਹੋਵੇਗੀ, ਤੈਨੂੰ ਰੱਜ ਕੇ ਖੁਆਵਾਂਗੇ ਤੇ ਪਾਣੀ ਵੀ ਪਿਆਵਾਂਗੇ ਪਰ ਬੱਚਿਓ, ਮਰਦਾਨਾ ਤੇ ਆਖੇ ਮੈਨੂੰ ਤੇ ਹੁਣੇ ਕੁਝ ਖੁਆ। ਤਲਵੰਡੀਓਂ ਚੱਲਿਆਂ ਨੂੰ ਵੀ ਕਈ ਵਰ੍ਹੇ ਹੋ ਗਏ ਸਨ, ਮਰਦਾਨਾ ਗੁੱਸੇ ਹੋ ਕੇ ਆਖਣ ਲੱਗਾ- ਮੈਂ ਤਾਂ ਚੱਲਿਆ ਤਲਵੰਡੀ ਨੂੰ।

ਬਾਬੇ ਆਖਿਆ- ਮਰਦਾਨਿਆਂ ਅੜੀ ਨਾ ਕਰ, ਥੋੜਾ ਸਬਰ ਕਰ ਲੈ। ਪਰਮੇਸਰ ਤੇ ਵਿਸ਼ਵਾਸ਼ ਰੱਖ, ਉਸਨੂੰ ਸਭ ਦਾ ਫਿਕਰ ਹੈ। ਭਾਈ ਬਾਲੇ ਨੇ ਵੀ ਬਥੇਰਾ ਸਮਝਾਇਆ ਪਰ ਮਰਦਾਨਾ ਕਿੱਥੋਂ ਮੰਨਣ ਵਾਲਾ ਸੀ। ਸੋ ਬੱਚਿਓ ਮਰਦਾਨਾ ਗੁਰੂ ਨਾਨਕ ਤੇ ਭਾਈ ਬਾਲੇ ਨੂੰ ਛੱਡ ਭੱਜ ਤੁਰਿਆ। ਅੱਗੇ ਸੰਘਣਾ ਜੰਗਲ ਥੋਹੜੀ ਦੇਰ ਬਾਅਦ ਹੀ ਮਰਦਾਨਾ ਬਾਬੇ ਦੀਆਂ ਅੱਖਾਂ ਤੋਂ ਓਝਲ ਹੋ ਗਿਆ, ਜਿਉਂ ਹੀ ਮਰਦਾਨਾ ਸੰਘਣੇ ਜੰਗਲਾਂ ਵਿੱਚੋਂ ਲੰਘਿਆ, ਇਕ ਤਾਂ ਉਹ ਡਰੇ ਕਿ ਕੋਈ ਜੰਗਲੀ ਜਾਨਵਰ ਨਾ ਉਸਨੂੰ ਖਾ ਜਾਵੇ, ਦੂਸਰੇ ਚਾਰੋਂ ਪਾਸੇ ਜੰਗਲ ਦਾ ਸੰਨਾਟਾ। ਮਰਦਾਨੇ ਦੀ ਜਾਨ ਮੁੱਠ ਵਿੱਚ ਆਈ ਹੋਈ ਸੀ। ਤਦੇ ਬੱਚਿਓ ਜਾਂਗਲੀਆਂ ਦੇ ਇਕ ਬਹੁਤ ਵੱਡੇ ਟੋਲੇ ਨੇ ਅੱਗਿਓਂ ਤੇ ਪਿੱਛਿਓਂ ਉਸਨੂੰ ਘੇਰਾ ਪਾ ਲਿਆ। ਉਹਨਾਂ ਦੇ ਹੱਥਾਂ ਵਿੱਚ ਵੱਡੇ ਵੱਡੇ ਭਾਲੇ, ਕੁਲਹਾੜੀਆਂ ਤੇ ਵਿੰਗੀਆਂ ਟੇਢੀਆਂ ਮੋਟੀਆਂ ਮੋਟੀਆਂ ਖੁੰਗਿਆਂ ਵਾਲੀਆਂ ਡਾਂਗਾਂ। ਬੱਚਿਓ ਉਹ ਜਾਂਗਲੀ ਬੜੇ ਹੱਟੇ-ਕੱਟੇ, ਨੰਗ-ਧੜੰਗੇ, ਰੰਗ ਦੇ ਕਾਲੇ, ਮੋਟੀਆਂ ਮੋਟੀਆਂ ਅੱਖਾਂ ਵਾਲੇ, ਜਿਨ੍ਹਾਂ ਨੂੰ ਵੇਖਿਆਂ ਆਮ ਆਦਮੀ ਦੀ ਉਂਝ ਹੀ ਜਾਨ ਨਿਕਲ ਜਾਵੇ। ਉਹਨਾਂ ਅੱਖ ਦੇ ਪਲਕਾਰੇ ਵਿੱਚ ਮਰਦਾਨੇ ਨੂੰ ਘੇਰਾ ਪਾਇਆ ਤੇ ਚੁੱਕ ਕੇ ਘਣੇ ਜੰਗਲ ਵੱਲ ਲੈ ਤੁਰੇ।

ਦਾਦੀ ਜੀ ਇਹ ਏਨੇ ਡਰਾਉਣੇ ਬੰਦੇ ਕੌਣ ਸਨ? ਧਰਮ ਕੌਰ ਨੇ ਪੁੱਛਿਆ।

ਧਰਮ ਕੌਰ ਜੀ ਤੁਸਾਂ ਬਹੁਤ ਸੁਹਣੀ ਗੱਲ ਪੁੱਛੀ ਹੈ। ਬੱਚਿਓ ਅੱਜ ਤੋਂ ਤਕਰੀਬਨ ਪੰਜ ਹਜ਼ਾਰ ਸਾਲ ਪਹਿਲੋਂ ਮੱਧ-ਏਸ਼ੀਆ ਦੇ ਆਰੀਅਨ ਵਸ਼ਿੰਦਿਆਂ ਨੇ ਕਿਸੇ ਕਾਰਨ ਕਰਕੇ, ਆਪਣਾ ਟਿਕਾਣਾ ਛੱਡ ਕੇ ਮੱਧ ਏਸ਼ੀਆ ਤੋਂ ਵੱਖ ਵੱਖ ਦਿਸ਼ਾਵਾਂ ਵੱਲ ਨੂੰ ਪਲਾਇਨ ਕੀਤਾ, ਉਨ੍ਹਾਂ ਵਿੱਚੋਂ ਇੱਕ ਵੱਡਾ ਕਾਫ਼ਲਾ ਸਿੰਧ ਦਰਿਆ ਪਾਰ ਕਰ ਕੇ ਹਿੰਦੋਸਤਾਨ ਵਿੱਚ ਵੀ ਪਹੁੰਚ ਗਿਆ। ਉਨ੍ਹਾਂ ਇੱਥੋਂ ਦੇ ਰਹਿਣ ਵਾਲੇ ਪੁਰਾਤਨ ਹਿੰਦੋਸਤਾਨ ਦੇ ਵਸ਼ਿੰਦਿਆਂ ਨੂੰ ਲੁੱਟ-ਪੁੱਟ ਲਿਆ, ਤੇ ਜ਼ੋਰ-ਜ਼ਬਰ ਨਾਲ ਉਨ੍ਹਾਂ ਨੂੰ ਇਥੋਂ ਕੱਢ ਕੇ ਉਨ੍ਹਾਂ ਦੇ ਘਰਾਂ ਢਾਰਿਆ, ਮਾਲ-ਅਸਬਾਬ ਤੇ ਮਾਲ-ਡੰਗਰ ਤੇ ਕਬਜ਼ਾ ਕਰ ਲਿਆ। ਏਨ੍ਹਾਂ ਆਰੀਅਨਾਂ ਕਾਰਨ ਹੀ ਪੁਰਾਣੇ ਸਮਿਆਂ ਵਿੱਚ ਇਸ ਪੰਜਾਬ ਦੇ ਇਲਾਕੇ ਨੂੰ ਆਰੀਆ-ਵਰਤ ਕਿਹਾ ਜਾਂਦਾ ਰਿਹਾ ਹੈ।


ਸੋ ਬੱਚਿਓ ਉਹ ਲੁੱਟੇ-ਪੁੱਟੇ ਲੋਕਾਂ ਨੇ ਜੰਗਲਾਂ ਵਿੱਚ ਲੁਕ ਕੇ ਆਪਣੀ ਤੇ ਆਪਣੇ ਟੱਬਰਾਂ ਦੀ ਜਾਨ ਬਚਾਈ। ਇਹਨਾਂ ਦੇ ਮਨ ਵਿੱਚ ਉਨ੍ਹਾਂ ਆਰੀਅਨਾਂ ਲਈ ਬਹੁਤ ਜਿਆਦਾ ਨਫ਼ਰਤ ਸੀ। ਜਦੋਂ ਕਦੇ ਇਨ੍ਹਾਂ ਜੰਗਲਾਂ 'ਚ ਰਹਿ ਰਹੇ ਲੋਕਾਂ ਨੂੰ ਸ਼ੱਕ ਪੈਂਦੀ ਕਿ ਇਹ ਕੋਈ ਬੰਦਾ ਉਨ੍ਹਾਂ ਆਰੀਅਨਾਂ ਵਰਗਾ ਹੈ, ਉਹ ਉਸ ਨੂੰ ਚੁੱਕ ਕੇ ਲੈ ਜਾਂਦੇ ਤੇ ਤਰ੍ਹਾਂ ਤਰ੍ਹਾਂ ਦੇ ਕਸ਼ਟ ਦੇ ਕੇ ਉਸਤੋਂ ਬਦਲਾ ਲੈਂਦੇ, ਤੇ ਕਈ ਵਾਰ ਤੇ ਉਸਨੂੰ ਮਾਰ ਕੇ ਉਸ ਦਾ ਮਾਸ ਹੀ ਖਾ ਲੈਂਦੇ। ਸੋ ਇਹ ਜਾਂਗਲੀ ਵੀ ਉਨ੍ਹਾਂ ਕਬੀਲਿਆ ਦੇ ਹੀ ਸਨ, ਉਨ੍ਹਾਂ ਮਰਦਾਨੇ ਨੂੰ ਇਹੀ ਸੋਚ ਕੇ ਚੁੱਕਿਆ, ਤੇ ਹੋ-ਹੱਲਾ ਕਰਦੇ ਹੋਏ ਘਣੇ ਜੰਗਲ ਦੇ ਵਿੱਚ ਬਣੇ ਆਪਣੇ ਅੱਡੇ ਵੱਲ ਲੈ ਤੁਰੇ। ਆਪਣੇ ਕਬੀਲੇ ਦੇ ਸਰਦਾਰ ਕੌਡੇ ਦੇ ਪੈਰਾਂ ਵਿੱਚ ਲਿਜਾ ਸੁੱਟਿਆ ਕੌਡੇ ਦੇ ਇਸ਼ਾਰੇ ਤੇ ਉਨ੍ਹਾਂ ਨੇ ਮਰਦਾਨੇ ਨੂੰ ਇਕ ਦਰੱਖਤ ਨਾਲ ਪੁੱਠਾ ਲਟਕਾ ਦਿੱਤਾ, ਤੇ ਸਾਰਾ ਕਬੀਲਾ ਢੋਲ-ਢਮੱਕਿਆਂ ਨਾਲ ਨੱਚਣ ਗਾਣ ਲੱਗਾ। ਉਹ ਸਰਦਾਰ ਵੱਲ ਵੇਖ ਰਹੇ ਸਨ, ਕਿ ਇਸ ਨਵੇਂ ਪਕੜ ਕੇ ਲਿਆਂਦੇ ਸ਼ਿਕਾਰ ਲਈ, ਉਨ੍ਹਾਂ ਦਾ ਸਰਦਾਰ ਹੁਣ ਕੀ ਹੁਕਮ ਦਿੰਦਾ ਹੈ। ਕੌਡੇ ਨੇ ਕੜਾਹਾ ਤਪਾਉਣ ਦਾ ਇਸ਼ਾਰਾ ਕੀਤਾ। ਇੱਕ ਵੱਡੇ ਕੜਾਹੇ ਵਿੱਚ ਜੜ੍ਹੀਆਂ ਬੂਟੀਆਂ ਤੇ ਤੇਲ ਪਾ ਕੇ ਉਸ ਹੇਠ ਅੱਗ ਬਾਲੀ ਗਈ। ਮਰਦਾਨੇ ਨੂੰ ਤੇ ਕਾਂਬਾ ਛਿੜਿਆ ਹੋਇਆ ਸੀ , ਉਹ ਅੰਦਰੋ ਅੰਦਰੀ ਗੁਰੂ ਨਾਨਕ ਅੱਗੇ ਜੋਦੜੀਆਂ ਕਰ ਰਿਹਾ ਸੀ। ਰੋ ਰੋ ਕੇ ਆਖੇ ਬਾਬਾ ਇੱਕ ਵਾਰ ਬਚਾ ਲੈ, ਮੈਂ ਭੁੱਲਿਆ, ਮੈਂ ਤੇਰਾ ਗੁਨਾਹੀ, ਮੈਂ ਔਗਣਹਾਰਾ, ਇੱਕ ਵਾਰ ਬਹੁੜੀਂ ਕਰ ਬਚਾ ਲੈ ਗਰੀਬ ਨੂੰ, ਮੁੜ ਸਾਰੀ ਉੱਮਰ ਤੇਰਾ ਕਹੇ-ਕਾਰ ਰਹੂੰਗਾ।

ਬੱਚਿਓ ਬੜੀ ਦੇਰ ਉਨ੍ਹਾਂ ਜਾਂਗਲੀਆਂ ਦੇ ਢੋਲ-ਢਮੱਕੇ ਵੱਜਦੇ ਰਹੇ, ਤੇ ਉਹ ਨੱਚਦੇ ਗਾਉਂਦੇ ਤੇ ਜਸ਼ਨ ਮਨਾਉਂਦੇ ਰਹੇ, ਤੇ ਮਰਦਾਨੇ ਨੂੰ ਆਪਣੇ ਬਰਛਿਆਂ ਨਾਲ, ਕੁਲਹਾੜੀਆਂ ਨਾਲ ਤੇ ਡਰਾਉਣੇ ਸਰੂਪ ਨਾਲ ਡਰਾਉਂਦੇ ਰਹੇ। ਹਜ਼ਾਰਾਂ ਹੱਡੀਆਂ ਨਾਲ ਬਣੇ ਇੱਕ ਡਰਾਉਣੇ ਜਿਹੇ ਅਣਘੜਤ ਸਿੰਘਾਸਣ ਤੇ ਉਨ੍ਹਾਂ ਦਾ ਸਰਦਾਰ ਕੌਡਾ ਬੈਠਾ ਹੋਇਆ ਸੀ। ਫਿਰ ਬੱਚਿਓ ਸਰਦਾਰ ਕੌਡੇ ਨੇ ਸਿੰਘ ਗਰਜਨਾ ਕੀਤੀ। ਫਿਰ ਉਹ ਆਪਣੇ ਡਰਾਉਣੇ ਸਿੰਘਾਸਣ ਤੋਂ ਉੱਠ ਕੇ ਖੜ੍ਹਾ ਹੋ ਗਿਆ। ਜਾਂਗਲੀਆਂ ਦਾ ਢੋਲ-ਢਮੱਕਾ ਤੇ ਸ਼ੋਰ-ਸ਼ਰਾਬਾ ਹੋਰ ਉਚਾ ਹੋ ਗਿਆ। ਕੌਡਾ ਹੌਲੀ ਹੌਲੀ ਆਪਣੇ ਕਬੀਲੇ ਦੇ ਲੋਕਾਂ ਵਲੋਂ ਬਣਾਏ ਹੋਏ ਘੇਰੇ ਦੇ ਵਿਚ ਆਣ ਖੜ੍ਹਾ ਹੋਇਆ। ਸਾਰੇ ਜਣੇ ਉਸ ਦੇ ਦੁਆਲੇ ਨੱਚਣ ਲੱਗੇ। ਅੱਜ ਕੌਡਾ ਬਹੁਤ ਖੁਸ਼ ਸੀ, ਤੇ ਉਸਦੇ ਕਬੀਲੇ ਦੇ ਲੋਕ ਇਸੇ ਲਈ ਬਾਘੀਆਂ ਪਾ ਰਹੇ ਸਨ ਕਿ ਅੱਜ ਉਨ੍ਹਾਂ ਦੇ ਸ਼ਿਕਾਰ ਨੂੰ ਵੇਖ ਕੇ ਉਨ੍ਹਾਂ ਦੇ ਕੰਮ ਤੋਂ ਉਨ੍ਹਾਂ ਦਾ ਸਰਦਾਰ ਬਹੁਤ ਖੁਸ਼ ਸੀ, -ਤੇ ਉਨ੍ਹਾਂ ਨੂੰ ਸ਼ਾਬਾਸ਼ ਮਿਲ ਰਹੀ ਸੀ।

ਬੱਚਿਓ ਤਦੇ ਕੌਡੇ ਨੇ ਆਪਣੇ ਹੱਥ ਵਿੱਚ ਫੜਿਆ ਬੜਾ ਵੱਡਾ ਬਰਛਾ ਉਤਾਂਹ ਉਲਾਰਿਆ ਤੇ ਇਕ ਪਾਸੇ ਵਗਾਹ ਕੇ ਮਾਰਿਆ, ਜੋ ਉਸਦੇ ਕਬੀਲੇ ਦੇ ਹੀ ਇਕ ਚੌਧਰੀ ਨੇ ਬੋਚ ਲਿਆ। ਸਾਰੇ ਜਾਂਗਲੀ ਇਕ-ਦਮ ਚੁੱਪ ਹੋ ਗਏ, ਢੋਲ ਢਮੱਕਾ ਰੁਕ ਗਿਆ। ਕੌਡੇ ਨੇ ਮਰਦਾਨੇ ਨੂੰ ਦਰੱਖਤ ਤੋਂ ਲਾਹੁਣ ਦਾ ਇਸ਼ਾਰਾ ਕੀਤਾ। ਇੱਕ ਵਾਰ ਫਿਰ

ਡਰਾਉਣੀਆਂ ਚੀਖਾਂ, ਰੌਲੇ ਰੱਪੇ ਤੇ ਢੋਲ-ਢਮੱਕੇ ਦਾ ਜੋਰਦਾਰ ਸ਼ੋਰ-ਸ਼ਰਾਬਾ ਹੋਇਆ। ਹੁਣ ਮਰਦਾਨੇ ਦੇ ਕੱਪੜੇ ਲਾਹ ਲਏ ਗਏ। ਕੌਡੇ ਨੇ ਮਰਦਾਨੇ ਨੂੰ ਲੱਤਾਂ ਤੋਂ ਫੜ ਆਪਣੇ ਮੋਢੇ ਤੇ ਸੁੱਟ ਲਿਆ। ਮਰਦਾਨੇ ਦੀਆਂ ਲੇਰ੍ਹਾਂ ਨਿਕਲ ਗਈਆਂ। ਕੌਡਾ ਮਰਦਾਨੇ ਨੂੰ ਚੁੱਕ ਤੇਲ ਦੇ ਤਪਦੇ ਕੜਾਹੇ ਕੋਲ ਪਹੁੰਚ ਗਿਆ। ਮਰਦਾਨੇ ਦੇ ਸਾਹ ਹੁਣ ਬੰਦ ਵਰਗੇ ਹੀ ਸਨ। ਕੌਡੇ ਨੇ ਮਰਦਾਨੇ ਨੂੰ ਦੋਹਾਂ ਹੱਥਾਂ ਵਿੱਚ ਇਵੇਂ ਫੜ ਲਿਆ ਜਿਵੇਂ ਕਿਸੇ ਚੀਜ਼ ਨੂੰ ਤਲਣ ਲਈ ਕੜਾਹੇ ਵਿੱਚ ਸੁੱਟੀਦਾ ਹੈ। ਕੌਡੇ ਦੇ ਵਿਕਰਾਲ ਸਰੂਪ ਤੇ ਵੱਡੇ ਜੁੱਸੇ ਵਾਲੇ ਹੱਥਾਂ ਵਿੱਚ ਮਰਦਾਨਾ ਤੇ ਐਵੇਂ ਕੋਈ ਛੋਟਾ-ਮੋਟਾ ਜੀਵ ਹੀ ਲੱਗ ਰਿਹਾ ਸੀ।

ਤਦੇ ਹੀ ਕੌਡੇ ਦੇ ਕੰਨੀ ਸਤਿ-ਕਰਤਾਰ ਅਵਾਜ਼ ਪਈ। ਕੌਡੇ ਨੇ ਉਸ ਪਾਸੇ ਵੇਖਿਆ, ਬਹੁਤ ਸਾਰੇ ਗੈਬੀ ਪ੍ਰਕਾਸ਼ ਨਾਲ ਉਸ ਦੀਆਂ ਅੱਖਾਂ ਚੁੰਧਿਆ ਗਈਆਂ। ਉਸ ਨੇ ਮਰਦਾਨੇ ਨੂੰ ਥਹੇਂ ਸੁੱਟਿਆ ਤੇ ਆਪਣੀਆਂ ਅੱਖਾਂ ਮਲਣ ਲੱਗਾ। ਜਦੋਂ ਉਸ ਆਪਣੀਆਂ ਅੱਖਾਂ ਖੋਹਲੀਆਂ ਤਾਂ ਆਪਣੇ ਸਾਹਵੇਂ ਇਕ ਰੱਬੀ ਸਰੂਪ ਨੂੰ ਵੇਖ ਚਕ੍ਰਿਤ ਰਹਿ ਗਿਆ। ਫਿਰ ਉਹ ਕਿੰਨੀ ਦੇਰ ਟਿਕ-ਟਿਕੀ ਲਗਾਈ ਉਸ ਵੱਲ ਵੇਖਦਾ ਹੀ ਰਿਹਾ। ਉਸ ਰੱਬੀ ਰੂਹ ਦੇ ਚਿਹਰਰੇ ਤੇ ਸੂਰਜ ਵਰਗਾ ਤੇਜ ਸੀ, ਚੰਦ ਵਰਗੀ ਅਸੀਮ ਸ਼ਾਂਤੀ ਅਤੇ ਮੁੱਖ ਮੰਡਲ ਤੇ ਕੀਲ ਲੈਣ ਵਾਲੀ ਸਦਾ ਬਹਾਰ ਮੁਸਕਾਨ; ਗੁਰੂ ਜੀ ਦੇ ਦਰਸ਼ਨ ਮਾਤਰ ਨਾਲ ਜਿਵੇਂ ਸਭ ਦੇ ਹਿਰਦੇ ਵੀ ਸ਼ਾਂਤ ਹੋ ਗਏ ਤੇ ਤਪਦੇ ਤੇਲ ਦਾ ਕੜਾਹਾ ਵੀ ਠੰਡਾ ਹੋ ਗਿਆ। ਪਤਾ ਨਹੀਂ ਕਿਸ ਵੇਲੇ ਕੌਡੇ ਦੇ ਹੱਥ ਆਪਣੇ ਆਪ ਹੀ ਜੁੜ ਗਏ। ਉਸਦੇ ਕਬੀਲੇ ਦੇ ਸਾਰੇ ਲੋਕ ਵੀ ਆਪਣੇ ਸਰਦਾਰ ਦੇ ਪਿੱਛੇ ਹੱਥ ਜੋੜੀ ਖਲੋਤੇ ਸਨ।



ਜ਼ਰਾ ਸੰਭਲਿਆ ਤੇ ਕੌਡਾ ਬੋਲਿਆ- ਬਾਬਾ ਤੂੰ ਕੀ ਖਾਨਾਂ ਏਂ? ਤੇਰੇ ਚਿਹਰੇ ਦਾ ਤੇਜ਼ ਮੈਥੋਂ ਝੱਲਿਆ

ਨਹੀਂ ਜਾਂਵਦਾ, ਮੈਨੂੰ ਵੀ ਦੱਸ ਖਾਂਹ। ਮੈਂ ਤੇ ਸਾਰੀ ਉਮਰ ਭੱਖ-ਅਭੱਖ ਖਾਂਦਾ ਰਿਹਾ ਹਾਂ ਤਾਂ ਕਿ ਮੇਰੇ ਤੇ ਵੀ ਤੇਰੇ ਚਿਹਰੇ ਵਰਗਾ ਨੂਰ ਆਵੇ, ਚਮਕ ਆਵੇ। ਮੈਂ ਤੇ ਕੋਈ ਜੜ੍ਹੀ-ਬੂਟੀ, ਕੋਈ ਜਾਨਵਰ, ਕੋਈ ਕੀੜਾ ਮਕੌੜਾ ਨਹੀਂ ਛੱਡਿਆ ਖਾਵਣੇ ਤੋਂ, ਮੈਂ ਤੇ ਮਨੁੱਖੀ ਮਾਸ ਖਾਣ ਤੋਂ ਕਦੇ ਪਰਹੇਜ਼ ਨਹੀਂ ਕੀਤਾ। ਉਸ ਨੇ ਮਰਦਾਨੇ ਵੱਲ ਇਸ਼ਾਰਾ ਕਰਦਿਆਂ ਕਿਹਾ- ਆਹ ਵੇਖ ਮੇਰੇ ਆਦਮੀ ਹੁਣੇ ਹੁਣੇ ਇਕ ਵਧੀਆ ਸ਼ਿਕਾਰ ਲੈ ਕੇ ਆਏ ਹਨ, ਉਹ ਵੇਖ ਕਿੰਨੀਆਂ ਜੜ੍ਹੀਆਂ-ਬੂਟੀਆਂ ਪਾ ਕੇ ਅਸੀਂ ਕੜਾਹਾ ਤਪਾਇਆ ਹੋਇਆ ਹੈ। ਅਸੀਂ ਤੇ ਹੁਣੇ ਇਸ ਨੂੰ ਤੇਲ ਵਿਚ ਤਲ੍ਹ ਕੇ ਬੜੇ ਸੁਆਦਾਂ ਨਾਲ ਖਾਵਣਾ ਹੈ। ਪਰ ਤੂੰ ਦੱਸ ਤੂੰ ਕੀ ਖਾਨਾਂ ਏਂ? ਮੈਨੂੰ ਤੇ ਆਪਣੇ ਚਿਹਰੇ ਦਾ ਰੰਗ ਤੇਰੇ ਵਰਗਾ ਚਾਹੀਦਾ ਹੈ।

ਬੱਚਿਓ ਮਰਦਾਨਾ ਬਾਬੇ ਨਾਨਕ ਨੂੰ ਵੇਖ ਨੰਗਾ-ਧੜੰਗਾ ਉਵੇਂ ਹੀ ਆ ਬਾਬੇ ਦੇ ਪੈਰਾਂ ਨੂੰ ਚੰਬੜਿਆ। ਕੌਡੇ ਨੇ ਬਾਬੇ ਨੂੰ ਆਪਣੇ ਡੇਰੇ ਤੇ ਪਏ ਇੱਕ ਵੱਡੇ ਪੱਥਰ ਤੇ ਬੈਠਣ ਲਈ ਬੇਨਤੀ ਕੀਤੀ। ਆਪਣੇ ਆਦਮੀਆਂ ਨੂੰ ਬਾਬੇ ਦੇ ਅੱਗੇ ਬੈਠਣ ਦਾ ਇਸ਼ਾਰਾ ਕੀਤਾ, ਆਪ ਬਾਬੇ ਦੇ ਕੋਲ ਹੀ ਗੋਡੇ ਮੂੰਧੇ ਮਾਰ ਹੱਥ ਜੋੜ ਬੈਠ ਗਿਆ। ਬਾਬੇ ਨਾਨਕ ਬੜੇ ਪਿਆਰ ਨਾਲ ਸਾਰਿਆਂ ਨੂੰ ਸਮਝਾਇਆ ਕਿ ਇਹ ਮਨੁੱਖਾ ਦੇਹੀ ਸਾਰੀਆਂ ਜੂਨਾਂ ਤੋਂ ਉੱਤਮ ਜੂਨ ਹੈ। ਉਹ ਪਰਮੇਸਰ ਜਿਸ ਨੇ ਸਾਡੇ ਲਈ ਇਹ ਧਰਤੀ, ਇਹ ਜੰਗਲ, ਇਹ ਫਲ, ਇਹ ਮੇਵੇ ਭਾਂਤ ਭਾਂਤ ਦੇ ਅਨਾਜ਼ ਤੇ ਸਬਜ਼ੀਆਂ ਬਣਾਈਆਂ ਹਨ, ਇਹ ਸੂਰਜ, ਇਹ ਚੰਦਰਮਾਂ, ਇਹ ਧਰਤੀ, ਇਹ ਅਕਾਸ਼ ਸਿਰਜਿਆ ਹੈ, ਇਹ ਨਦੀਆਂ ਨਾਲੇ ਸੋਹਣੇ ਜਲ ਦੇ ਸਰੋਤ ਬਣਾਏ ਹਨ, ਕਿੰਨੇ ਕਿਸਮ ਦੇ ਚੌਰਾਸੀ ਲੱਖ ਭਾਂਤ ਭਾਂਤ ਦੇ ਜੀਵ-ਜੰਤੂ ਬਣਾਏ ਨੇ, ਵਾਹ ਮੇਰੇ ਮਾਲਕ ਵਾਹ! ਵਾਹ ਵਾਹ ਤੇਰਾ ਕੋਈ ਦੇਣ ਕੀ ਦੇ ਸਕਦਾ ਹੈ। ਇਹ ਮੋਰ, ਇਹ ਕੋਇਲਾਂ, ਇਹ ਪਪੀਹੇ ਗਾਉਂਦੇ ਕਿੰਨੇ ਸੁਹਣੇ ਲੱਗਦੇ ਨੇ, ਰੱਬ ਦਿਆ ਬੰਦਿਆ; ਕੀ ਇਨ੍ਹਾਂ ਨੂੰ ਜਿਊਣ ਦਾ ਹੱਕ ਨਹੀਂ ਹੈ? ਕੌਡੇ ਨੂੰ ਤੇ ਸਮਝ ਹੀ ਨਹੀਂ ਆ ਰਹੀ ਸੀ ਕਿ ਕੀ ਜਵਾਬ ਦੇਵੇ। ਹੱਥ ਜੋੜ ਆਖਿਆ- ਬਾਬਾ ਮੈਨੂੰ ਦੱਸ ਮੈਂ ਕੀ ਕਰਾਂ?

ਬਾਬੇ ਆਖਿਆ, ਪਹਿਲਾਂ ਇਹ ਅਭੱਖ ਖਾਣਾ ਛੱਡੋ। ਤੂੰ ਦੱਸ ਰੱਬ ਦੇ ਬੰਦਿਆ ਇਹ ਪਰਮੇਸਰ ਨੇ ਏਨਾ ਕੁਝ ਜੋ ਪੇਟ ਦੀ ਭੁੱਖ ਮਿਟਾਣ ਲਈ ਬਣਾ ਛੱਡਿਆ ਹੈ, ਕੀ ਉਹ ਥੋਹੜਾ ਹੈ?

ਕੌਡੇ ਨੇ ਬਾਬੇ ਦੇ ਪੈਰਾਂ ਤੇ ਸਿਰ ਰੱਖ, ਆਪਣੇ ਦੋਵਾਂ ਹੱਥਾਂ ਨਾਲ ਬਾਬੇ ਦੇ ਪੈਰ ਫੜ ਲਏ। ਫਿਰ ਬਾਬੇ ਨੇ ਬਚਨ ਕੀਤਾ- ਉਸ ਪਰਮੇਸਰ ਦਾ ਨਾਮ ਜਪੋ, ਕੋਈ ਕਿਰਤ ਕਰੋ ਤੇ ਸਾਰਾ ਕਬੀਲਾ ਵੰਡ ਕੇ ਛਕੋ। ਕੋਈ ਭੁੱਖਾ ਪਿਆਸਾ ਲੋੜਵੰਦ ਆਵੇ ਤਾਂ ਉਸਦੀ ਗਰਜ ਪੂਰੀ ਕਰੋ।

ਸਾਰੇ ਬੱਚੇ ਤੇ ਗੁੰਮ ਹੋਏ ਹੋਏ ਦਾਦੀ ਜੀ ਦੇ ਮੂੰਹੋਂ ਨਿਕਲੇ ਇੱਕ ਇੱਕ ਲਫ਼ਜ਼ ਨੂੰ ਬੜੇ ਹੀ ਧਿਆਨ ਨਾਲ ਸੁਣ ਰਹੇ ਸਨ। ਦਾਦੀ ਜੀ ਆਖਣ ਲੱਗੇ- ਬਾਬੇ ਮਰਦਾਨੇ ਵੱਲ ਇਸ਼ਾਰਾ ਕਰਦਿਆ ਆਖਿਆ- ਐਸ ਭਲੇ ਬੰਦੇ ਦੇ ਕੱਪੜੇ ਦਿਓ, ਕਿਉਂ ਪਾਪਾਂ ਦੇ ਭਾਗੀ ਬਨਣ ਲੱਗੇ ਸਓ?

ਸੋ ਬੱਚਿਓ ਬਾਬੇ ਨਾਨਕ ਦੀਆਂ ਗੱਲਾਂ ਸੁਣ ਸਾਰਿਆਂ ਆਪਣੇ ਪਿਛਲੇ ਕੰਮਾਂ ਤੋਂ ਤੌਬਾ ਕੀਤੀ, ਤੇ ਅਗਾਹ ਸਿੱਧੇ ਰਸਤੇ ਤੇ ਚੱਲਣ ਦਾ ਬਚਨ ਦਿੱਤਾ।

ਸੋ ਰਤਨ ਕੌਰ ਜੀ ਇਹ ਸੀ ਕੌਡੇ ਦੀ ਸਾਖੀ। ਕਿਵੇਂ ਗੁਰੂ ਨਾਨਕ ਦੇਵ ਜੀ ਨੇ ਕੌਡੇ ਨੂੰ ਸਿੱਧੇ ਰਸਤੇ ਪਾ ਕੇ ਉਸ ਦਾ ਜੀਵਨ ਸੁਧਾਰਿਆ। ਸੋ ਬੱਚਿਓ ਸਾਨੂੰ ਵੀ ਸਾਰਿਆਂ ਨੂੰ ਸਤਿਗੁਰੂ ਜੀ ਦੇ ਦੱਸੇ ਹੋਏ ਰਸਤੇ ਤੇ ਹੀ ਚੱਲਣਾ ਚਾਹੀਦਾ ਹੈ, ਇਸੇ ਵਿਚ ਸਾਡਾ ਭਲਾ ਹੈ, ਇਸ ਨਾਲ ਸਾਡੇ ਸਤਿਗੁਰੂਆਂ ਦੀ ਜੱਗ ਵਿਚ ਜੈ ਜੈ ਕਾਰ ਵੀ ਹੋਏਗੀ।

# ਸਾਖੀ ਹਸਨ - ਅਬਦਾਲ

## (ਪੰਜਾ ਸਾਹਿਬ)

ਸ਼ਾਮਾਂ ਪੈਂਦਿਆਂ ਹੀ ਸਾਰੇ ਬੱਚੇ ਆਣ ਦਾਦੀ ਜੀ ਕੋਲ ਇਕੱਠੇ ਹੋਏ, ਦਾਦੀ ਜੀ ਦੇ ਸਾਖੀ ਸ਼ੁਰੂ ਕਰਨ ਤੋਂ ਪਹਿਲੋਂ ਹੀ ਆਤਮਾ ਸਿੰਘ ਕਹਿਣ ਲੱਗਾ-

ਨਾਨੀ ਜੀ! ਸਾਡੀਆਂ ਛੁੱਟੀਆਂ ਖਤਮ ਹੋ ਗਈਆਂ ਹਨ, ਕੱਲ ਅਸੀਂ ਚਲੇ ਜਾਣਾ ਹੈ। ਤੁਸੀਂ ਅੱਜ ਗੁਰੂ ਨਾਨਕ ਤੇ ਵਲੀ ਕੰਧਾਰੀ ਵਾਲੀ ਸਾਖੀ ਸੁਣਾਓ।

ਦਾਦੀ ਜੀ ਨੇ ਆਤਮਾ ਸਿੰਘ ਦੀ ਗੱਲ ਮੰਨਦਿਆਂ ਗੱਲ ਸ਼ੁਰੂ ਕੀਤੀ।

ਬੱਚਿਓ! ਗੁਰੂ ਨਾਨਕ ਭੁੱਲੀ-ਭਟਕੀ ਦੁਨੀਆਂ ਨੂੰ ਤਾਰਦੇ ਹੋਏ ਹਸਨ-ਅਬਦਾਲ ਪਹੁੰਚੇ। ਇੱਥੇ ਇਕ ਹਸਨ ਨਾਮ ਦਾ ਮੁਸਲਮਾਨ ਸੀ, ਜਿਸਨੇ ਆਏ ਗਏ ਯਾਤਰੂਆਂ ਲਈ ਇਕ ਸਰਾਂ ਬਣਾਈ ਹੋਈ ਸੀ। ਹੌਲੀ ਹੌਲੀ ਇਸ ਸਰਾਂ ਦੇ ਆਲੇ ਦੁਆਲੇ ਵਸੋਂ ਹੋਣੀ ਸ਼ੁਰੂ ਹੋ ਗਈ ਤੇ ਇਹ ਇਕ, ਵੱਸਦਾ ਰੱਸਦਾ ਨਗਰ ਹਸਨ-ਅਬਦਾਲ ਬਣ ਗਿਆ। ਬੱਚਿਓ, ਕਿਉਂਕਿ ਉਹ ਹਸਨ ਨਾਮ ਦਾ ਮੁਸਲਮਾਨ ਅਫਗਾਨਿਸਤਾਨ ਦੇ ਅਬਦਾਲ ਇਲਾਕੇ 'ਚੋਂ ਆ ਕੇ ਇੱਥੇ ਵਸਿਆ ਸੀ, ਇਸ ਕਰਕੇ ਇਸ ਥਾਂ ਦਾ ਨਾਮ ਵੀ ਉਸਦੇ ਨਾਮ ਤੇ ਹਸਨ ਅਬਦਾਲ ਵੱਜਣ ਲੱਗਾ।

ਦਾਦੀ ਜੀ ਸਰਾਂ ਕੀ ਹੁੰਦੀ ਹੈ? ਗੰਗਾ ਕੌਰ ਨੇ ਪੁੱਛਿਆ।

ਗੰਗਾ ਕੌਰ ਜੀ! ਪੁਰਾਣੇ ਸਮਿਆਂ ਵਿੱਚ ਸ਼ਾਹੂਕਾਰ ਲੋਕ ਧਰਮ-ਅਰਥ ਵੱਡਿਆਂ ਸ਼ਾਹ-ਰਾਹਾਂ ਤੇ ਲੰਬੇ ਸਫ਼ਰ ਤੇ ਆਉਣ ਜਾਣ ਵਾਲੇ ਯਾਤਰੂਆਂ ਲਈ, ਉਜਾੜਾਂ ਵਿੱਚ ਸਰਾਵਾਂ ਬਣਾ ਦਿਆ ਕਰਦੇ ਸਨ। ਜਿਸ ਵਿੱਚ ਯਾਤਰੂਆਂ ਦੇ ਰਹਿਣ ਲਈ ਬਹੁਤ ਸਾਰੇ ਕਮਰੇ, ਨਹਾਣ ਲਈ ਖੂਹ ਅਤੇ ਰਾਤ ਨੂੰ ਸੌਣ ਵਾਸਤੇ ਮੰਜੇ-ਬਿਸਤਰੇ ਹੋਇਆ ਕਰਦੇ ਸਨ। ਇਹਨਾਂ ਸਰਾਵਾਂ ਵਿੱਚ ਯਾਤਰੂ, ਹਨੇਰਾ ਪੈਣ ਤੇ ਰਾਤ ਕੱਟ ਸਕਦੇ ਸਨ ਅਤੇ ਵਿਸ਼ਰਾਮ ਕਰ ਸਕਦੇ ਸਨ, ਤੇ ਸਵੇਰੇ ਉੱਠ ਆਪਣੇ ਅਗਲੇ ਸਫ਼ਰ ਲਈ ਚੱਲ ਪਿਆ ਕਰਦੇ ਸਨ।

ਸੋ ਬੱਚਿਓ ਜਦੋਂ ਗੁਰੂ ਨਾਨਕ ਸਾਹਿਬ, ਭਾਈ ਬਾਲੇ ਤੇ ਮਰਦਾਨੇ ਨਾਲ ਹਸਨ-ਅਬਦਾਲ ਪਹੁੰਚੇ ਤਾਂ ਹਸਨ ਨੇ ਅਤਿਥੀ ਤੇ ਸਾਧੂ ਸਮਝ ਕੇ ਇਨ੍ਹਾਂ ਦਾ ਬਹੁਤ ਆਦਰ ਸਤਿਕਾਰ ਕੀਤਾ। ਜਲ-ਪਾਣੀ ਦੀ ਸੇਵਾ ਵੀ ਕੀਤੀ। ਵਿਚਾਰ ਚਰਚਾ ਵੀ ਹੋਈ।

ਬਾਬੇ ਦੇ ਪਹੁੰਚਣ ਦੀ ਖ਼ਬਰ ਸਾਰੇ ਹਸਨ-ਅਬਦਾਲ ਵਿੱਚ ਕੰਨੋਂ-ਕੰਨੀਂ, ਸਾਰਿਆਂ ਤੱਕ ਜਾ ਪਹੁੰਚੀ। ਹਸਨ-ਅਬਦਾਲ ਦੇ ਵਾਸੀਆਂ ਦੀ ਬਾਬੇ ਕੋਲ ਭੀੜ ਲੱਗਣ ਲੱਗੀ। ਮਰਦਾਨੇ ਰਬਾਬ ਵਜਾਣੀ ਤੇ ਬਾਬੇ ਰੰਗ ਵਿਚ ਆ ਇਲਾਹੀ ਬਾਣੀ ਦਾ ਗਾਇਨ ਕਰਨਾ। ਦਿਨੇ ਬਾਬੇ ਭਾਈ ਬਾਲੇ ਮਰਦਾਨੇ ਨਾਲ ਹਸਨ-ਅਬਦਾਲ ਨਗਰ ਤੋਂ ਬਾਹਰ ਚਲੇ ਜਾਣਾ ਤੇ ਬਾਹਰ ਕੁਦਰਤ ਨਾਲ ਇਕਮਿਕ ਹੁੰਦਿਆਂ ਰੱਬੀ ਰਾਗ ਗਾਉਣੇ।

ਗੁਰੂ ਸਾਹਿਬ ਨੂੰ ਪਤਾ ਲੱਗਾ ਕਿ ਹਸਨ-ਅਬਦਾਲ ਦੇ ਨਾਲ ਹੀ ਇੱਕ ਪਹਾੜੀ ਦੇ ਟਿੱਲੇ ਤੇ ਇੱਕ ਸ਼ੀਆ ਮੁਸਲਮਾਨ ਫ਼ਕੀਰ ਕੰਧਾਰੀ ਰਹਿੰਦਾ ਹੈ। ਉਸ ਫ਼ਕੀਰ ਨੇ ਹਸਨ-ਅਬਦਾਲ ਦੇ ਲੋਕਾਂ ਦੇ ਦਿਲਾਂ ਵਿੱਚ, ਆਪਣੀਆਂ ਮਾਇਆਵੀ ਸ਼ਕਤੀਆਂ ਨਾਲ ਇੱਕ ਡਰ ਬਿਠਾਇਆ ਹੋਇਆ ਸੀ। ਜਿਸ ਕਰਕੇ ਇਸ ਇਲਾਕੇ ਦੇ

ਸਾਰੇ ਵਸਿੰਦੇ ਉਸ ਤੋਂ ਡਰਦੇ ਸਨ ਅਤੇ ਉਸਨੂੰ ਵਲੀ-ਕੰਧਾਰੀ ਭਾਵ ਬਹੁਤ ਤਾਕਤਵਰ ਫ਼ਕੀਰ ਕਿਹਾ ਕਰਦੇ ਸਨ।

ਫ਼ਕੀਰ ਵਲੀ-ਕੰਧਾਰੀ ਨੂੰ ਵੀ ਗੁਰੂ ਸਾਹਿਬ ਦੇ ਹਸਨ-ਅਬਦਾਲ ਵਿੱਚ ਆਉਣ ਦਾ ਪਤਾ ਲੱਗ ਚੁੱਕਾ ਸੀ। ਉਸਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਹਸਨ-ਅਬਦਾਲ ਦੇ ਲੋਕ ਇਸ ਹਿੰਦੂ ਫ਼ਕੀਰ ਕੋਲ ਜਾ ਕੇ ਕਿੰਨੀ ਕਿੰਨੀ ਦੇਰ ਬੈਠੇ ਰਹਿੰਦੇ ਹਨ। ਅੰਦਰੋਂ-ਅੰਦਰੀਂ ਉਹ ਇਸ ਗੱਲ ਤੋਂ ਬਹੁਤ ਔਖਾ ਸੀ।

ਇੱਕ ਦਿਨ ਗੁਰੂ ਸਾਹਿਬ ਦੇ ਮਨ ਵਿੱਚ ਸੁਭਾਵਿਕ ਹੀ ਆਇਆ ਕਿ ਇੱਥੇ ਆਏ ਹੋਏ ਹਾਂ ਤੇ ਚਲੋ ਇਸ ਫ਼ਕੀਰ ਨੂੰ ਹੀ ਮਿਲ ਚੱਲਦੇ ਹਾਂ। ਸੋ ਬੱਚਿਓ! ਦੂਸਰੇ ਦਿਨ ਗੁਰੂ ਸਾਹਿਬ ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ, ਉਸ ਫ਼ਕੀਰ ਨੂੰ ਮਿਲਣ ਲਈ ਉਸਦੇ ਟਿੱਲੇ ਵੱਲ ਚੱਲ ਪਏ। ਕਠਨ ਤੇ ਔਖੀ ਚੜ੍ਹਾਈ ਚੜ੍ਹ ਕੇ ਉਸਦੇ ਅਸਥਾਨ ਤੇ ਪਹੁੰਚੇ। ਫ਼ਕੀਰ ਵਲੀ-ਕੰਧਾਰੀ ਅੰਦਰੋਂ ਤੇ ਭਾਵੇਂ ਔਖਾ ਸੀ ਪਰ ਇਹ ਗੱਲ ਉਸਨੇ ਜ਼ਾਹਰ ਨਾ ਹੋਣ ਦਿੱਤੀ। ਸੁਭਾਵਿਕ ਗੱਲਾਂ-ਬਾਤਾਂ ਸ਼ੁਰੂ ਹੋ ਗਈਆਂ ਫਿਰ ਗਹਿਰੀਆਂ ਵਿਚਾਰਾਂ ਹੋਣ ਲੱਗੀਆਂ। ਫ਼ਕੀਰ ਵਲੀ-ਕੰਧਾਰੀ ਦੀਆਂ ਗੱਲਾਂ ਦੇ ਜਵਾਬ ਤੇ ਬਾਬਾ ਬੜੇ ਸਹਿਜ਼ ਨਾਲ ਹੀ ਦੇ ਰਿਹਾ ਸੀ ਪਰ ਬਾਬੇ ਦੀਆਂ ਪੁੱਛਾਂ ਦੇ ਜਵਾਬ ਉਸ ਨੂੰ ਨਹੀਂ ਸਨ ਅਹੁੜ ਰਹੇ। ਇਸ ਨਾਲ ਉਸ ਦੀ ਅੰਦਰ ਦੀ ਔਖਿਆਈ ਹੋਰ ਵਧ ਰਹੀ ਸੀ।

ਗੱਲਾਂ ਬਾਤਾਂ ਕਰਦਿਆਂ ਦੁਪਹਿਰਾ ਹੋ ਗਿਆ, ਮਰਦਾਨੇ ਨੂੰ ਪਿਆਸ ਲੱਗ ਗਈ। ਬੱਚਿਓ ਜਦੋਂ ਮਰਦਾਨੇ ਨੇ ਵਲੀ ਤੋਂ ਪਾਣੀ ਦੀ ਮੰਗ ਕੀਤੀ ਤਾਂ ਮਰਦਾਨੇ ਨਾਲ ਗੱਲਾਂ ਬਾਤਾਂ ਕਰਦਿਆਂ, ਵਲੀ ਨੂੰ ਪਤਾ ਲੱਗ ਗਿਆ ਕਿ ਮਰਦਾਨਾ ਤੇ ਮੁਸਲਮਾਨ ਹੈ। ਏਨੀ ਗੱਲ ਦਾ ਪਤਾ ਲੱਗਣ ਤੇ ਵਲੀ-ਕੰਧਾਰੀ ਦੇ ਅੰਦਰਲੇ ਗੁੱਸੇ ਦਾ ਲਾਵਾ ਫੁੱਟ ਪਿਆ। ਆਪਣੀਆਂ ਅੱਖਾਂ ਲਾਲ ਕਰਦਿਆਂ ਬੜੇ ਹੀ ਗੁੱਸੇ ਨਾਲ ਮਰਦਾਨੇ ਤੇ ਵਰ੍ਹ ਪਿਆ ਕਿ ਤੂੰ ਇਕ ਮੁਸਲਮਾਨ ਹੁੰਦਾ ਹੋਇਆ ਇਕ ਹਿੰਦੂ ਫ਼ਕੀਰ ਦਾ ਸਜਿੰਦਾ ਬਣਿਆ ਹੋਇਆ ਏਂ।

ਬੱਚਿਓ ਪਤਾ ਨਹੀਂ ਉਸ ਫ਼ਕੀਰ ਨੇ ਕੀ ਕੀ ਅਵਾ-ਤਵਾ ਬੋਲ ਮਰਦਾਨੇ ਨੂੰ ਬੋਲੇ, ਪੁੱਛੋ ਨਾ। ਜੋ ਨਹੀਂ ਵੀ ਕਹਿਣਾ ਸੀ, ਉਹ ਵੀ ਕਹਿ ਦਿੱਤਾ। ਗੁਰੂ ਜੀ ਨੇ ਉਸ ਨੂੰ ਸ਼ਾਤ ਕਰਨ ਦੀ ਬੜੀ ਕੋਸ਼ਿਸ਼ ਕੀਤੀ ਪਰ ਕਿੱਥੇ, ਉਸ ਦੇ ਮੂੰਹੋਂ ਤੇ ਝੱਗ ਡਿੱਗੇ, ਉਸਦਾ ਗੁੱਸਾ ਤੇ ਸੱਤਵੇਂ ਅਸਮਾਨ ਤੇ ਪਹੁੰਚਿਆ ਹੋਇਆ ਸੀ। ਗੁਰੂ ਜੀ ਨੇ ਉਸ ਦੀ ਅਜਿਹੀ ਹਾਲਤ ਵੇਖ ਉਥੋਂ ਉਠ ਖੜੋਣਾ ਹੀ ਠੀਕ ਸਮਝਿਆ ਪਰ ਗੁਰੂ ਜੀ ਨੇ ਉਸ ਨੂੰ ਇਹ ਜ਼ਰੂਰ ਕਹਿ ਦਿੱਤਾ ਕਿ ਐ ਫ਼ਕੀਰ ਸਾਂਈਂ ਏਨਾ ਗੁੱਸਾ ਦਰਵੇਸ਼ਾਂ ਨੂੰ ਸੋਭਦਾ ਨਾਹੀਂ '**ਦਰਵੇਸ਼ਾਂ ਨੂੰ ਲੋੜੀਏ ਰੁੱਖਾਂ ਦੀ ਜੀਰਾਂਦ**'। ਏਨਾ ਕਹਿ ਕੇ ਗੁਰੂ ਜੀ ਬਾਲੇ ਮਰਦਾਨੇ ਨਾਲ ਉਸ ਪਹਾੜੀ ਟਿੱਲੇ ਤੋਂ ਨੀਚੇ ਉੱਤਰ ਆਏ, ਤੇ ਹਸਨ ਕੋਲ ਪਹੁੰਚ ਕੇ ਮਰਦਾਨੇ ਆਪਣੀ ਪਿਆਸ ਬੁਝਾਈ। ਬਾਲਾ ਤੇ ਮਰਾਦਨਾ ਬੜੇ ਹੈਰਾਨ ਸਨ ਕਿ ਇਸ ਫ਼ਕੀਰ ਵਿਚ ਏਨਾਂ ਗੁੱਸਾ। ਉਹ ਏਸ ਗੱਲੋਂ ਵੀ ਹੈਰਾਨ ਸਨ ਕਿ ਬਾਬਾ ਅਜਿਹੀ ਹਾਲਤ ਵਿੱਚ ਕਿੰਨਾਂ ਸ਼ਾਤ ਰਿਹਾ। ਬਾਬੇ ਗੁੱਸੇ ਵਾਲਾ ਇੱਕ ਬਚਨ ਵੀ ਨਹੀਂ ਬੋਲਿਆ।

ਦਾਦੀ ਜੀ ਉਹ ਪੱਥਰ ਸੁੱਟਣ ਵਾਲੀ ਗੱਲ ਤੇ ਆਈ ਹੀ ਨਹੀਂ? ਰਤਨ ਸਿੰਘ ਨੇ ਪੁੱਛਿਆ।

ਰਤਨ ਸਿੰਘ ਜੀ ਅਜੇ ਇਹ ਸਾਖੀ ਪੂਰੀ ਕਦੋਂ ਹੋਈ ਏ?

ਜੀ ਦਾਦੀ ਜੀ।

ਸੋ ਬੱਚਿਓ ਅਗਲੇ ਦਿਨ ਨਿੱਤ ਵਾਂਗ ਗੁਰੂ ਜੀ ਨੇ ਬਾਲੇ ਮਰਦਾਨੇ ਨੂੰ ਨਾਲ ਲਿਆ ਤੇ ਨਗਰ ਤੋਂ ਬਾਹਰ ਚਲੇ ਗਏ ਅਤੇ ਉਸ ਕਾਦਰ ਦੀ ਕੁਦਰਤ ਦੀ ਸਿਫਤ-ਸਲਾਹ ਕਰਨ ਲੱਗੇ। ਮਰਦਾਨੇ ਦੀ ਰਬਾਬ ਦੀਆਂ ਟੁਣਕਾਰਾਂ ਤੇ ਗੁਰੂ ਜੀ ਦੇ ਸੰਗੀਤ-ਮਈ ਰੂਹਾਨੀ ਗਾਇਨ ਨੇ ਵਾਤਾਵਰਨ ਨੂੰ ਤਰੰਗਤ ਕਰ ਦਿੱਤਾ। ਇਸ ਰੱਬੀ ਸੰਗੀਤ ਦੇ ਖਿੱਚੇ ਨਗਰ-ਨਿਵਾਸੀ ਵੀ ਹੌਲੀ ਹੌਲੀ ਗੁਰੂ ਜੀ ਦੇ ਕੋਲ ਆਣ ਇਕੱਠੇ ਹੋਣ ਲੱਗੇ। ਬੱਚਿਓ ਗੁਰੂ

ਬਾਬਾ ਆਪਣੇ ਸਾਥੀਆਂ ਨਾਲ ਜਿਸ ਥਾਂ ਤੇ ਬੈਠਾ, ਇਸ ਰੱਬੀ ਰਾਗ-ਨਾਦ ਨਾਲ ਜੁੜਿਆ ਹੋਇਆ ਸੀ, ਉਹ ਥਾਂ ਉਸੇ ਪਹਾੜੀ ਦੇ ਪੈਰਾਂ ਵਿੱਚ, ਇੱਕ ਵੱਡੇ ਰੁੱਖ ਦੇ ਹੇਠ ਸੀ, ਜਿਸ ਪਹਾੜੀ ਦੇ ਉੱਪਰ ਵਲੀ-ਕੰਧਾਰੀ ਦਾ ਹੁਜਰਾ ਸੀ। ਸੋ ਬੱਚਿਓ ਸੰਗੀਤ ਦੀ ਐਸੀ ਛਹਿਬਰ ਲੱਗੀ ਕਿ ਕਿਸੇ ਨੂੰ ਪਤਾ ਹੀ ਨਾ ਲੱਗਾ ਕਦੋਂ ਦੁਪਹਿਰ ਹੋ ਗਈ। ਉੱਧਰ ਪਹਾੜੀ ਦੇ ਉੱਪਰ ਵਲੀ-ਕੰਧਾਰੀ ਗੇੜੀਆਂ ਕੱਢ ਰਿਹਾ ਸੀ ਨਾਲੇ ਇੱਧਰ ਨੂੰ ਹੱਥ ਕਰ ਕਰ ਗੁੱਸੇ ਵਿੱਚ ਕੁਝ ਬੋਲ ਰਿਹਾ ਸੀ। ਉਸ ਦੀ ਮੱਧਮ ਜਿਹੀ ਅਵਾਜ਼ ਸੁਣਾਈ ਤੇ ਦੇਂਦੀ ਸੀ ਪਰ ਸਮਝ ਕੁਝ ਨਹੀਂ ਸੀ ਆਉਂਦਾ। ਲੱਗਦਾ ਸੀ ਕਿ ਉਹ ਬਾਬੇ ਦੁਆਲੇ ਜੁੜ ਕੇ ਬੈਠੇ, ਏਨੇ ਲੋਕਾਂ ਨੂੰ ਵੇਖ ਵੇਖ ਕੇ ਪ੍ਰੇਸ਼ਾਨ ਹੋ ਰਿਹਾ ਹੈ। ਕਰਨੀ ਰੱਬ ਦੀ ਮਰਦਾਨੇ ਨੂੰ ਫਿਰ ਪਿਆਸ ਲੱਗ ਗਈ। ਮਰਦਾਨੇ ਆਖਿਆ- ਬਾਬਾ ਪਿਆਸ ਲੱਗੀ ਏ ਪਾਣੀ ਦਾ ਉਪਰਾਲਾ ਕਰ।

ਬਾਬੇ ਜਰਾ ਕੁ ਮੁਸਕਰਾਂਦਿਆਂ ਤੇ ਵਲੀ-ਕੰਧਾਰੀ ਦੇ ਟਿੱਲੇ ਵੱਲ ਇਸ਼ਾਰਾ ਕਰਦਿਆਂ ਆਖਿਆ-

ਮਰਦਾਨਿਆਂ ਉੱਪਰ ਫ਼ਕੀਰ ਪਾਸ ਜਾਹ, ਨਾਲੇ ਮਿਲ ਆਵੀਂ ਨਾਲੇ ਪਾਣੀ ਪੀ ਆਵੀਂ। ਨਾਲੇ ਵਲੀ-ਕੰਧਾਰੀ ਤੇ ਤੇਰਾ ਮੁਸਲਮਾਨ ਭਰਾ ਹੀ ਏ ਨਾ, ਤੁਸਾਂ ਦੋਵਾਂ ਦਾ ਇੱਕ ਹੀ ਤੇ ਮਜ਼ਹਬ ਏ।

ਬਾਬੇ ਦੀ ਗੱਲ ਸੁਣ ਮਰਦਾਨੇ ਆਖਿਆ- ਬਾਬਾ ਕਾਸਨੂੰ ਗਰੀਬ ਦੇ ਇਮਤਿਹਾਨ ਪਿਆ ਲੈਂਦਾ ਏ। ਤੇਰੀਆਂ ਸ਼ਕਤੀਆਂ ਮੈਂ ਖੁਦ ਆਪਣੀਆਂ ਅੱਖੀਆਂ ਨਾਲ ਵੇਖੀਆਂ ਨੇ, ਤੈਨੂੰ ਕੁੱਲ ਦੁਨੀਆਂ ਦੀ ਖ਼ਬਰ ਹੈ ਈ।

ਬਾਬੇ ਆਖਿਆ- ਮਰਦਾਨਿਆਂ ਉਹ ਪਰਮੇਸ਼ਰ ਜਿਸ ਨੇ ਇਹ ਜੀਵ-ਜੰਤ ਬਣਾਏ ਹੈਨ, ਤਿਨ੍ਹਾਂ ਦਾ ਰਿਜ਼ਕ ਦੇ ਕਰ ਕੇ ਭੇਜਿਆ ਹਈ। ਬਾਬੇ ਕੋਲ ਪਏ ਇੱਕ ਵੱਡੇ ਪੱਥਰ ਵੱਲ ਇਸ਼ਾਰਾ ਕਰਦਿਆਂ ਕਿਹਾ- ਮਰਦਾਨਿਆਂ ਇਨ੍ਹਾਂ ਪੱਥਰਾਂ ਵਿੱਚ ਵੀ ਜੀਵ ਹੈਨ, ਦੱਸ ਕਿਸ ਨੂੰ ਹੈ, ਤਿਨ੍ਹਾਂ ਦੇ ਰਿਜ਼ਕ ਦਾ ਫਿਕਰ? ਏਨਾਂ ਕਹਿੰਦਿਆਂ ਬਾਬੇ ਮਰਦਾਨੇ ਨੂੰ ਉਹ ਵੱਡਾ ਪੱਥਰ ਉਠਾਣ ਨੂੰ ਕਿਹਾ। ਜਿਉਂ ਹੀ ਮਰਦਾਨੇ ਨੇ ਪੂਰਾ ਬਲ ਲਾ ਹਈ-ਸ਼ਾ ਕਹਿ ਕੇ ਪੱਥਰ ਨੂੰ ਉਸ ਦੀ ਥਾਂ ਤੋਂ ਧੱਕਿਆ, ਸੀਤਲ ਜਲ ਦਾ ਇਕ ਵੱਡਾ ਫੁਹਾਰਾ ਫੁੱਟਿਆ। ਬਾਬੇ ਆਖਿਆ- ਮਰਦਾਨਿਆਂ ਤੇਰੀ ਸੁਣ ਪਰਮੇਸਰ ਨੇ ਹੋਰ ਕਿੰਨਿਆਂ ਦੀ ਪਿਆਸ ਬੁਝਾਣ ਦਾ ਵਸੀਲਾ ਕੀਤਾ ਹੈ। ਓਸ ਬੇਅੰਤ ਦਾ ਥਹੁ ਕੌਣ ਪਾ ਸਕਿਆ ਈ। ਇਹ ਪਾਣੀ ਤੇ ਉੱਪਰ ਵਲੀ ਕੰਧਾਰੀ ਦੇ ਜਲ-ਕੁੰਡ ਵਿੱਚੋਂ ਆ ਰਿਹਾ ਸੀ।

ਬੱਚਿਓ ਇਹ ਵੇਖ ਵਲੀ-ਕੰਧਾਰੀ ਦੇ ਤਾਂ ਖਾਨਿਉਂ ਗਈ। ਗੁੱਸੇ ਵਿਚ ਆਏ ਨੇ ਉਸ ਇੱਕ ਵੱਡੇ ਪੱਥਰ ਨੂੰ ਡਾਢਾ ਜ਼ੋਰ ਲਗਾ ਕੇ ਬਾਬੇ ਵੱਲ ਧਕੇਲਿਆ। ਪੱਥਰ ਦੇ ਰੁੜਨ ਦੀ ਆਵਾਜ਼ ਸੁਣ ਮਰਦਾਨਾ ਬਾਬੇ ਦੇ ਪਿੱਛੇ ਆਣ ਛੁਪਿਆ। ਆਸ ਪਾਸ ਬੈਠੇ ਲੋਕ ਵੀ ਇੱਧਰ ਉੱਧਰ ਹੋਏ ਪਰ ਬਾਬਾ ਅਡੋਲ ਆਪਣੀ ਥਾਂ ਤੇ ਬੈਠਾ ਰਿਹਾ। ਏਸ ਤੋਂ ਪਹਿਲੋਂ ਕਿ ਉਹ ਪੱਥਰ ਕਿਸੇ ਨੂੰ ਕੋਈ ਨੁਕਸਾਨ ਪਹੁੰਚਾਂਦਾ, ਬਾਬੇ ਰੁੜ੍ਹੇ ਆਉਂਦੇ ਪੱਥਰ ਵੱਲ ਆਪਣਾ ਹੱਥ ਖੜ੍ਹਾ ਕੀਤਾ, ਤੇ ਆਖਿਆ ਸਤਿ ਕਰਤਾਰ। ਹੌਲੀ ਹੁੰਦਾ ਹੋਇਆ ਉਹ ਵੱਡਾ ਪੱਥਰ ਬਾਬੇ ਦੇ ਪਾਸ ਆ ਕੇ ਰੁਕ ਗਿਆ। ਬਾਬੇ ਦੀ ਜ਼ਾਹਰਾ ਅਜ਼ਮਤ ਵੇਖ ਸਾਰੇ ਧੰਨ ਧੰਨ ਕਰਨ ਲੱਗੇ। ਉੱਪਰ ਵਲੀ-ਕੰਧਾਰੀ ਨੇ ਵੇਖਿਆ ਕਿ ਉਸ ਦੇ ਹੌਦ ਦਾ ਪਾਣੀ ਤੇ ਖਤਮ ਹੋ ਗਿਆ ਹੈ, ਇਹ ਵੇਖ ਉਸਦੇ ਤਾਂ ਖਾਨਿਓਂ ਗਈ। ਉਹ ਆਪਣੇ ਟਿੱਲੇ ਤੋਂ ਨੀਚੇ ਉੱਤਰ ਆਇਆ ਤੇ ਬਾਬੇ ਨਾਨਕ ਦੀ ਅਜ਼ਮਤ ਨੂੰ ਸਿਰ ਝੁਕਾਇਆ। ਬਾਬੇ ਵਲੀ-ਕੰਧਾਰੀ ਨੂੰ ਖਿਮਾ, ਸ਼ੀਲਤਾ ਤੇ ਨਿਮਰਤਾ ਰੱਖਣ ਦਾ ਉਪਦੇਸ਼ ਦਿੱਤਾ ਤੇ ਸਮਝਾਇਆ ਕਿ ਇਹ ਕੁਦਰਤੀ ਦਾਤਾਂ ਤੇ ਸਭਨਾ ਲਈ ਸਾਂਝੀਆਂ ਹਨ। ਕੇਵਲ ਮਨੁੱਖ ਹੀ ਨਹੀਂ ਸਾਰੇ ਜੀਵ ਜੰਤੂ, ਪਸ਼ੂ ਪੰਖੇਰੂ ਵੀ ਉਸੇ ਦੇ ਹੀ ਬਣਾਏ ਹੋਏ ਹਨ।

ਇਸ ਥਾਂ ਤੇ ਹੁਣ ਗੁਰਦੁਆਰਾ ਪੰਜਾ ਸਾਹਿਬ ਹੈ, ਜੋ ਅੱਜ ਕੱਲ ਪਾਕਿਸਤਾਨ ਵਿੱਚ ਹੈ। ਸੋ ਬੱਚਿਓ ਇਹ ਸੀ ਪੰਜੇ ਸਾਹਿਬ ਵਾਲੀ ਸਾਖੀ, ਹੁਣ ਤੁਹਾਨੂੰ ਇਕ ਹੋਰ ਸਾਖੀ ਸੁਣਾਂਦੀ ਹਾਂ।



# ਮਰਨਾ ਸੱਚ ਜਿਊਣਾ ਝੂਠ

ਇਸ ਇਲਾਕੇ ਵਿੱਚ ਵਿਚਰਦੇ ਵਿਚਰਦੇ ਗੁਰੂ ਜੀ ਸਿਆਲਕੋਟ ਪਹੁੰਚ ਗਏ। ਸਿਆਲਕੋਟ ਰਾਜੇ ਸਲਵਾਨ ਨੇ ਵਸਾਇਆ ਸੀ। ਗੁਰੂ ਸਾਹਿਬ ਨੇ ਇੱਥੇ ਇੱਕ ਬੇਰੀ ਹੇਠ ਟਿਕਾਣਾ ਕੀਤਾ। ਉਸ ਥਾਂ ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬੇਰ ਸਾਹਿਬ ਹੈ। ਬੱਚਿਓ ਸਿੱਖ ਤਵਾਰੀਖ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਦੋ ਪੈਸੇ ਦੇ ਕੇ ਸਿਆਲਕੋਟ ਸ਼ਹਿਰ 'ਚੋਂ ਇੱਕ ਪੈਸੇ ਦਾ ਸੱਚ ਤੇ ਇੱਕ ਪੈਸੇ ਦਾ ਝੂਠ ਲੈਣ ਵਾਸਤੇ ਭੇਜਿਆ।

ਭਾਈ ਮਰਦਾਨਾ ਬਹੁਤ ਸਾਰੀਆਂ ਦੁਕਾਨਾਂ 'ਤੇ ਗਿਆ ਤੇ ਇੱਕ ਪੈਸੇ ਦੇ ਸੱਚ ਤੇ ਇੱਕ ਪੈਸੇ ਦੇ ਝੂਠ ਦੀ ਮੰਗ ਕੀਤੀ ਪਰ ਕਿਸੇ ਵੀ ਦੁਕਾਨ ਵਾਲੇ ਕੋਲੋਂ ਮਰਦਾਨੇ ਨੂੰ ਨਾ ਤੇ ਇਹ ਸੌਦਾ ਮਿਲਿਆ, ਨਾ ਹੀ ਦੁਕਾਨਦਾਰ ਕੋਲੋਂ ਕੋਈ ਠੀਕ ਜਵਾਬ। ਘੁੰਮਦਿਆਂ ਘੁੰਮਦਿਆਂ ਮਰਦਾਨਾ ਮੂਲੇ ਖੱਤਰੀ ਦੀ ਦੁਕਾਨ ਤੇ ਚਲਾ ਗਿਆ ਤੇ ਮੂਲੇ ਖੱਤਰੀ ਤੋਂ ਵੀ ਇੱਕ ਪੈਸੇ ਦਾ ਸੱਚ ਤੇ ਇੱਕ ਪੈਸੇ ਦੇ ਝੂਠ ਦੀ ਮੰਗ ਕੀਤੀ। ਮੂਲਾ ਖੱਤਰੀ ਜੋ ਰੱਬ ਦੇ ਭਓ ਵਾਲਾ ਪੁਰਖ ਸੀ, ਉਸਨੇ ਮਰਦਾਨੇ ਤੋਂ ਦੋ ਪੈਸੇ ਫੜ ਲਏ ਤੇ ਇੱਕ ਕਾਗਜ਼ ਤੇ ਮਰਨਾ ਸੱਚ ਲਿਖ ਦਿੱਤਾ ਤੇ ਦੂਸਰੇ ਕਾਗਜ਼ ਤੇ ਜਿਊਣਾ ਝੂਠ ਲਿਖ ਦਿੱਤਾ, ਤੇ ਇਹ ਦੋਵੇਂ ਕਾਗਜ ਮਰਦਾਨੇ ਨੂੰ ਫੜਾ ਦਿੱਤੇ ਪਰ ਮੂਲਾ ਸਮਝ ਗਿਆ ਸੀ ਕਿ ਜਿਸ ਨੇ ਵੀ ਇਹ ਸੌਦਾ ਮੰਗਵਾਇਆ ਹੈ, ਉਹ ਆਮ ਮਨੁੱਖ ਨਹੀਂ ਹੈ, ਉਹ ਤੇ ਰੱਬ ਦੇ ਘਰ ਦੀ ਸੋਝੀ ਰੱਖਣ ਵਾਲਾ ਹੀ ਕੋਈ ਹੋਵੇਗਾ। ਸੋ ਮੂਲਾ ਵੀ ਆਪਣੀ ਦੁਕਾਨ ਛੱਡ ਕੇ, ਭਾਈ ਮਰਦਾਨੇ ਦੇ ਪਿੱਛੇ ਪਿੱਛੇ ਹੀ ਚੱਲ ਪਿਆ।

ਮਰਦਾਨੇ ਨੇ ਉਹ ਦੋਵੇਂ ਕਾਗਜ਼ ਲਿਆ ਕੇ ਗੁਰੂ ਨਾਨਕ ਸਾਹਿਬ ਨੂੰ ਫੜਾਏ। ਗੁਰੂ ਸਾਹਿਬ ਉਨ੍ਹਾਂ ਦੋਵਾਂ ਕਾਗਜਾਂ ਤੇ ਲਿਖਿਆ ਪੜ੍ਹ ਕੇ ਖੁਸ਼ ਹੋਏ। ਇੰਨੀ ਦੇਰ ਨੂੰ ਉਹ ਦੁਕਾਨਦਾਰ ਮੂਲਾ ਖੱਤਰੀ ਵੀ ਗੁਰੂ ਜੀ ਦੇ ਚਰਨਾਂ ਵਿੱਚ ਪਹੁੰਚ ਗਿਆ। ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਮੂਲਾ ਬਹੁਤ ਖੁਸ਼ ਹੋਇਆ। ਗੁਰੂ ਸਹਿਬ ਦੇ ਚਰਨਾਂ ਤੇ ਉਸ ਨੇ ਬੜੇ ਸਤਿਕਾਰ ਨਾਲ ਮੱਥਾ ਟੇਕਿਆ। ਗੁਰੂ ਸਾਹਿਬ ਨਾਲ ਧਰਮ-ਚਰਚਾ ਕੀਤੀ ਤੇ ਗੁਰੂ ਸਾਹਿਬ ਦੀ ਪਹੁੰਚ ਨੂੰ ਸਿਰ ਝੁਕਾਇਆ। ਫਿਰ ਬੱਚਿਓ ਮੂਲਾ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ, ਤੇ ਫਿਰ ਜਿੰਨੇ ਦਿਨ ਗੁਰੂ ਜੀ ਸਿਆਲਕੋਟ ਰਹੇ, ਮੂਲੇ ਨੇ ਗੁਰੂ ਸਾਹਿਬ, ਭਾਈ ਮਰਦਾਨੇ ਤੇ ਬਾਲੇ ਨੂੰ ਆਪਣੇ ਘਰ ਹੀ ਰੱਖਿਆ। ਭਾਈ ਮੂਲੇ ਦਾ ਘਰ ਧਰਮਸਾਲਾ ਹੀ ਬਣ ਗਿਆ। ਆਲੇ ਦੁਆਲੇ ਦੇ ਲੋਕ ਰੋਜ਼ ਮੂਲੇ ਦੇ ਘਰ ਆਉਂਦੇ, ਤੇ ਗੁਰੂ ਨਾਨਕ ਸਾਹਿਬ ਦੀ ਸੰਗਤ ਮਾਣ ਕੇ ਬਹੁਤ ਨਿਹਾਲ ਹੁੰਦੇ। ਕੁਝ ਦਿਨਾਂ ਬਾਅਦ ਜਦੋਂ ਗੁਰੂ ਜੀ ਉੱਥੋਂ ਚੱਲਣ ਲੱਗੇ ਤਾਂ ਭਾਈ ਮੂਲਾ ਵੈਰਾਗੀ ਹੋ ਗਿਆ ਅਤੇ ਗੁਰੂ ਜੀ ਦੇ ਨਾਲ ਹੀ ਤੁਰ ਪਿਆ।

# ਫ਼ਕੀਰ ਮੀਆਂ-ਮਿੱਠਾ ਦੀ ਸਾਖੀ

ਬੱਚਿਓ ਇਥੋਂ ਚੱਲਦੇ ਚੱਲਦੇ ਗੁਰੂ ਜੀ ਪਸਰੂਰ ਪਹੁੰਚੇ। ਪਸਰਰੂ ਦੇ ਕੋਲ ਹੀ ਇੱਕ ਪੁੱਜਿਆ ਹੋਇਆ ਫ਼ਕੀਰ ਸ਼ੇਖ਼ ਮੀਆਂ-ਮਿੱਠਾ ਰਹਿੰਦਾ ਸੀ। ਇਸ ਫ਼ਕੀਰ ਦੀ ਇਸ ਇਲਾਕੇ ਵਿਚ ਬਹੁਤ ਹੀ ਮਾਨਤਾ ਸੀ। ਬਾਅਦ ਵਿਚ ਇਸੇ ਹੀ ਥਾਂ ਤੇ ਵਸੋਂ ਵਧਦੀ ਗਈ ਤੇ ਉਸ ਫ਼ਕੀਰ ਦੇ ਨਾਮ ਤੇ ਹੀ ਇਕ ਨਗਰ 'ਮੀਆਂ-ਮਿੱਠਾ' ਵਸ ਗਿਆ। ਕਹਿੰਦੇ ਹਨ ਕਿ ਬਾਬਾ ਫ਼ਰੀਦ ਸ਼ੱਕਰ-ਗੰਜ ਤੇ ਫ਼ਕੀਰ ਮੀਆਂ-ਮਿੱਠਾ ਨੇ ਜਿਸ ਮਿਠਾਸ ਤੇ ਪਿਆਰ ਮੁਹੱਬਤ ਨਾਲ ਇਸਲਾਮ ਦਾ ਪਰਚਾਰ ਕੀਤਾ, ਉਹ ਕਿਸੇ ਹੋਰ ਮੁਸਲਮਾਨ ਫ਼ਕੀਰ ਦੇ ਹਿੱਸੇ ਨਹੀਂ ਆਇਆ। ਗੁਰੂ ਜੀ ਦੀ ਇਸ ਫ਼ਕੀਰ ਮੀਆਂ-ਮਿੱਠਾ ਨਾਲ ਵੀ ਵਿਚਾਰ ਚਰਚਾ ਹੋਈ। ਫ਼ਕੀਰ ਮੀਆਂ-ਮਿੱਠਾ ਨੇ ਗੁਰੂ ਬਾਬੇ ਨਾਲ ਬਚਨ-ਬਿਲਾਸ ਕਰਦਿਆਂ ਆਪਣਾ ਸਿਧਾਂਤ ਇਓਂ ਦੱਸਿਆ ਕਿ-

**'ਪਹਿਲਾ ਨਾਉਂ ਖੁਦਾਇ ਦਾ ਦੂਜਾ ਨਾਉਂ ਰਸੂਲ॥**
**ਨਾਨਕ ਕਲਮਾ ਜੇ ਪੜਹਿ ਤਾਂ ਦਰਗਹ ਪਵਹਿ ਕਬੂਲ॥'**

ਬੱਚਿਓ ਫ਼ਕੀਰ ਮੀਆਂ-ਮਿੱਠਾ ਦਾ ਗੁਰੂ ਜੀ ਨਾਲ ਗੱਲਬਾਤ ਸ਼ੁਰੂ ਕਰਨ ਦਾ ਤਰੀਕਾ ਹੀ ਦੱਸਦਾ ਸੀ ਕਿ ਇਹ ਫ਼ਕੀਰ ਕੋਈ ਆਮ ਫ਼ਕੀਰ ਨਹੀਂ ਹੈ। ਉਸ ਨੇ ਥੋਹੜੇ ਲਫ਼ਜ਼ਾਂ ਵਿੱਚ ਹੀ ਆਪਣੀ ਗੱਲ ਕਹਿ ਦਿੱਤੀ, ਜਿਸਦਾ ਮਤਲਬ ਸੀ-

ਸਭ ਤੋਂ ਉੱਪਰ ਖ਼ੁਦਾ ਹੈ ਤੇ ਦੂਸਰੇ ਥਾਂ ਹਜ਼ਰਤ ਮੁਹੰਮਦ ਸਾਹਿਬ, ਜਿਹੜਾ ਇਨਸਾਨ ਹਜ਼ਰਤ ਮੁਹੰਮਦ ਸਾਹਿਬ ਦਾ ਹੁਕਮ ਮੰਨਦਿਆਂ ਇਸਲਾਮੀ ਕਲਮਾਂ ਪੜ੍ਹੇਗਾ ਉਸੇ ਦਾ ਹੀ ਪਾਰ ਉਤਾਰਾ ਹੋਏਗਾ।

ਗੁਰੂ ਨਾਨਕ ਸਾਹਿਬ ਨੇ ਵੀ ਫ਼ਕੀਰ ਮੀਆਂ-ਮਿੱਠਾ ਦੇ ਸਵਾਲ ਦਾ ਜਵਾਬ ਉਸੇ ਤਰੀਕੇ ਨਾਲ ਹੀ ਦਿੱਤਾ। ਗੁਰੂ ਜੀ ਦਾ ਜਵਾਬ ਸੀ-

**'ਪਹਿਲਾ ਨਾਉਂ ਖ਼ੁਦਾ ਦਾ ਦਰ ਦਰਵਾਨ ਰਸੂਲ॥**
**ਸ਼ੇਖ਼ਾ ਨੀਅਤ ਰਾਸ ਕਰ ਤੇ ਦਰਗਹਿ ਪਵਹਿ ਕਬੂਲ॥'**

ਜਿਸ ਦਾ ਮਤਲਬ ਸੀ ਕਿ ਐ ਸ਼ੇਖ਼ ਜੀ ਸਭ ਤੋਂ ਉੱਪਰ ਇਕ ਖ਼ੁਦਾ ਤਾਂ ਠੀਕ ਹੈ ਪਰ ਉਸ ਖ਼ੁਦਾ ਦੇ ਦਰ ਤੇ ਤਾਂ ਅਨੇਕਾਂ ਰਸੂਲ ਖੜ੍ਹੇ ਹਨ, ਉਸ ਦੀ ਦਰਗਾਹ ਵਿੱਚ ਉਹੀ ਪਰਵਾਨ ਹੋਏਗਾ, ਜਿਸ ਮਨੁੱਖ ਦੀ ਕਰਨੀ ਸੱਚੀ-ਸੁੱਚੀ ਹੋਏਗੀ ਤੇ ਅਮਲ ਠੀਕ ਹੋਣਗੇ। ਕੇਵਲ ਕਲਮਾ ਪੜ੍ਹਨ ਨਾਲ ਜਾਂ ਮੁਸਲਮਾਨ ਬਣ ਜਾਣ ਨਾਲ ਪਾਰ ਉਤਾਰਾ ਨਹੀਂ ਜੇ ਹੋਣਾ।

ਗੁਰੂ ਸਾਹਿਬ ਨੇ ਗੱਲਬਾਤ ਕਰਦਿਆਂ ਫ਼ਕੀਰ ਮੀਆਂ-ਮਿੱਠਾ ਨੂੰ ਇਹ ਵੀ ਦੱਸਿਆ ਕਿ ਐ ਸਾਂਈ ਫ਼ਕੀਰ ਬਾਹਰੀ ਭੇਖ ਤੇ ਕੇਵਲ ਭੇਖ ਹੀ ਹੋਇਆ ਕਰਦੇ ਹਨ, ਅਸਲੀ ਮਜ਼ਹਬ ਤਾਂ ਮਨੁੱਖ ਦੀ ਕਰਨੀ ਹੈ। ਫ਼ਕੀਰ ਜੀ ਮੁਸਲਮਾਨ ਬਨਣਾ ਤੇ ਮੁਸਲਮਾਨ ਹੋਣ ਵਿੱਚ ਬਹੁਤ ਫਰਕ ਹੈ, ਅਸਲ ਮੁਸਲਮਾਨ ਤੇ ਉਹ ਹੈ, ਜਿਸ ਦੇ ਦਿਲ ਵਿਚ ਮੁਹੱਬਤ, ਪਿਆਰ, ਸਿਦਕ, ਸੇਵਾ, ਸੀਲ ਤੇ ਸੱਚ ਦੀ ਕਰਨੀ ਤੇ ਹੋਰ ਚੰਗੇ ਇਨਸਾਨੀ ਗੁਣ ਹੋਵਣਗੇ। ਕੇਵਲ ਭੇਖ ਪਹਿਨ ਕਰਕੇ ਨਾ ਕੋਈ ਅਸਲੀ ਹਿੰਦੂ ਹੀ ਬਣ ਸਕਦਾ ਹੈ ਨਾ ਅਸਲੀ ਮੁਸਲਮਾਨ।

# ਮੁਲਤਾਨ ਦੀ ਸਾਖੀ

ਸੋ ਬੱਚਿਓ ਗੁਰੂ ਨਾਨਕ ਸਾਹਿਬ ਜੀ ਤੇ ਭੁੱਲੇ-ਭਟਕੇ ਲੋਕਾਂ ਨੂੰ ਸਿੱਧੇ ਰਾਸਤੇ ਪਾਉਣ ਵਾਸਤੇ ਹੀ ਤਾਂ ਆਏ ਸਨ। ਉਹਨਾਂ ਨੇ ਨਾ ਦਿਨ ਵੇਖਿਆ ਨਾ ਰਾਤ, ਔਖਿਆਂ ਰਾਹਾਂ ਤੇ ਚੱਲਦੇ ਹੀ ਰਹੇ। ਉਹਨਾਂ ਨੂੰ ਨਾ ਉੱਚੇ ਪਹਾੜ ਰੋਕ ਸਕੇ, ਨਾ ਡਰਾਉਣੇ ਜੰਗਲ, ਨਾ ਤੇਜ਼ ਵਗਦੇ ਦਰਿਆ ਤੇ ਨਾ ਝੱਖੜ, ਹਨੇਰੀਆਂ। ਸੋ ਹੁਣ ਗੁਰੂ ਜੀ ਭਾਈ ਬਾਲੇ ਤੇ ਮਰਦਾਨੇ ਦੇ ਨਾਲ ਮੁਲਤਾਨ ਸ਼ਹਿਰ ਦੇ ਕੋਲ ਪਹੁੰਚ ਗਏ। ਮੁਲਤਾਨ ਸ਼ਹਿਰ ਪੀਰਾਂ ਫ਼ਕੀਰਾਂ ਦਾ ਸ਼ਹਿਰ ਸੀ। ਸੰਸਾਰ ਦੇ ਬਹੁਤੇ ਮਸ਼ਹੂਰ ਸੂਫ਼ੀ ਫ਼ਕੀਰ ਇਸੇ ਸ਼ਹਿਰ ਵਿਚੋਂ ਹੋਏ ਹਨ।

ਸ਼ਮਸ਼ ਤਬਰੇਜ਼ ਵੀ ਮੁਲਤਾਨ ਦੇ ਹੀ ਵਾਸੀ ਸਨ। ਗੁਰੂ ਸਾਹਿਬ ਨੇ ਮੁਲਤਾਨ ਸ਼ਹਿਰ ਤੋਂ ਬਾਹਰ ਹੀ ਡੇਰਾ ਲਗਾ ਲਿਆ। ਨਿਤ-ਕਰਮ ਵਾਂਗ ਅੰਮ੍ਰਿਤ ਵੇਲੇ ਉੱਠ, ਉਸ ਪਰਮੇਸਰ ਨਾਲ ਜੁੜ ਗਏ। ਜਰਾ ਕੁ ਪਹੁ-ਫੁਟਾਲਾ ਹੋਇਆ ਤਾਂ ਮਰਦਾਨੇ ਨੂੰ ਹੁਕਮ ਕੀਤਾ- ਮਰਦਾਨਿਆਂ ਰਬਾਬ ਬਜਾਇ ਬਾਣੀ ਆਈ ਏ। ਮਰਦਾਨੇ ਨੇ ਰਬਾਬ ਦੀਆਂ ਤਾਰਾਂ ਨੂੰ ਆਪਣੇ ਪੋਟਿਆਂ ਨਾਲ ਛੁਹਿਆ। ਬੱਚਿਓ, ਰਬਾਬ ਦੀ ਮਿੱਠੀ ਅਵਾਜ਼ ਨੇ ਫ਼ਿਜ਼ਾ ਵਿੱਚ ਸੰਗੀਤ-ਮਈ ਰੰਗ ਘੋਲ ਦਿੱਤਾ। ਗੁਰੂ ਬਾਬੇ ਰੱਬੀ ਬਾਣੀ ਦਾ ਗਾਇਨ ਸ਼ੁਰੂ ਕਰ ਦਿੱਤਾ। ਇਹ ਅਵਾਜ਼ਾਂ ਮੁਲਤਾਨ ਵਿਚ ਬੈਠੇ ਪੀਰਾਂ ਫ਼ਕੀਰਾਂ ਦੇ ਕੰਨੀ ਵੀ ਪਈਆਂ। ਇਥੋਂ ਦੇ ਕਈ ਫ਼ਕੀਰ ਇਹ ਅਵਾਜ਼ ਸੁਣ, ਮੁਲਤਾਨ ਦੇ ਸਭ ਤੋਂ ਵੱਡੇ ਫ਼ਕੀਰ ਬਹਾਉਦੀਨ ਮਖ਼ਦੂਮ ਕੋਲ ਆਣ ਇਕੱਠੇ ਹੋਏ। ਫ਼ਕੀਰ ਬਹਾਉਦੀਨ ਮਖ਼ਦੂਮ ਨੇ ਉਨ੍ਹਾਂ ਫ਼ਕੀਰਾਂ ਦੀ ਗੱਲ-ਬਾਤ ਸੁਣੀ, ਤੇ ਆਪਣੇ ਇਕ ਮੁਰੀਦ ਨੂੰ ਦੁੱਧ ਦਾ ਨੱਕੋ-ਨੱਕ ਭਰਿਆ ਇੱਕ ਪਿਆਲਾ ਦੇ ਕੇ ਬਾਬੇ ਨਾਨਕ ਪਾਸ ਭੇਜਿਆ। ਜਿਸ ਦਾ ਮਤਲਬ ਸੀ ਕਿ ਐ ਫ਼ਕੀਰ ਮੁਲਤਾਨ ਵਿਚ ਤੇ ਪਹਿਲੋਂ ਹੀ ਬਹੁਤ ਫ਼ਕੀਰ ਹਨ, ਹੋਰ ਫ਼ਕੀਰਾਂ ਲਈ ਇੱਥੇ ਕੋਈ ਜਗ੍ਹਾ ਨਹੀਂ ਹੈ।

ਬੱਚਿਓ ਜਦੋਂ ਇਹ ਮੁਰੀਦ ਬਾਬੇ ਨਾਨਕ ਪਾਸ ਦੁੱਧ ਦਾ ਪਿਆਲਾ ਲੈ ਕੇ ਪਹੁੰਚਿਆ, ਬਾਬੇ ਨੇ ਇਕ ਫੁੱਲ ਦੀ ਪੱਤੀ ਉਸ ਨੱਕੋ-ਨੱਕ ਭਰੇ ਦੁੱਧ ਦੇ ਪਿਆਲੇ ਤੇ ਰੱਖ ਦਿੱਤੀ, ਤੇ ਉਸ ਮੁਰੀਦ ਨੂੰ ਵਾਪਸ ਆਪਣੇ ਪੀਰ ਕੋਲ ਜਾਣ ਲਈ ਆਖਿਆ।

ਮਰਦਾਨੇ ਆਖਿਆ- ਬਾਬਾ ਦੁੱਧ ਪੁੱਤ ਵੀ ਕੋਈ ਵਾਪਸ ਮੋੜਦਾ ਹੈ ਈ, ਤੁਸੀਂ ਜੇ ਆਪ ਨਹੀਂ ਪੀਣਾ ਸੀ, ਤਾਂ ਮੈਨੂੰ ਦੇ ਛੱਡਦੇ।

ਗੁਰੂ ਜੀ ਬੋਲੇ- ਮਰਦਾਨਿਆਂ ਉਹ ਪਰਮੇਸਰ ਤੇਰੇ ਵਾਸਤੇ ਹੋਰ ਦੁੱਧ ਘੱਲ ਦੇਵੇਗਾ। ਇਸ ਦੁੱਧ ਵਿਚ ਕੋਈ ਹੋਰ ਗੱਲ ਹੈ ਸੀ।

ਮਰਦਾਨੇ ਆਖਿਆ- ਜੀ ਕੀ ਗੱਲ ਹੈ ਸੀ?

ਮਰਦਾਨਿਆਂ! ਮੁਲਤਾਨ ਦੇ ਫ਼ਕੀਰਾਂ ਇਹ ਸੰਦੇਸਾ ਭੇਜਿਆ ਹੈ ਸੀ ਕਿ ਮੁਲਤਾਨ ਤੇ ਪਹਿਲੋਂ ਹੀ ਇਸ ਦੁੱਧ ਦੇ ਪਿਆਲੇ ਵਾਂਗ ਪੀਰਾਂ ਫ਼ਕੀਰਾਂ ਨਾਲ ਭਰਿਆ ਪਿਆ ਹੈ, ਤੁਸੀਂ ਮੁਲਤਾਨ ਵਿੱਚ ਕਿੱਥੇ ਰਹੋਗੇ? ਤੇ ਅਸਾਂ ਉਸ ਦੁੱਧ ਦੇ ਭਰੇ ਪਿਆਲੇ 'ਤੇ ਫੁੱਲ ਦੀ ਪੱਤੀ ਰੱਖ ਜਤਾਇਆ ਕਿ ਜੇ ਨਕੋ-ਨੱਕ ਭਰੇ ਦੁੱਧ ਦੇ ਪਿਆਲੇ ਤੇ ਇਕ ਫੁੱਲ ਦੀ ਪੱਤੀ ਟਿਕ ਸਕਦੀ ਹੈ, ਤਾਂ ਅਸਾਂ ਫ਼ਕੀਰਾਂ ਲਈ ਵੀ ਮੁਲਤਾਨ ਵਿਚ ਟਿਕਣ ਲਈ ਬਹੁਤ ਜਗ੍ਹਾ ਹੈ। ਅਸੀਂ ਤੁਸਾਂ ਤੇ ਬੋਝ ਨਹੀਂ ਬਣਦੇ।

ਮਰਦਾਨੇ ਬਾਬੇ ਦੀ ਗੱਲ ਸੁਣ ਦੋਵੇਂ ਹੱਥ ਬਾਬੇ ਦੇ ਚਰਨਾਂ ਨੂੰ ਲਾਏ ਤੇ ਆਖਿਆ– ਬਾਬਾ ਤੇਰੀਆਂ ਰਮਜ਼ਾਂ ਤੂੰ ਹੀ ਜਾਣੇ। ਅਸਾਂ ਨੂੰ ਕੀ ਸਮਝ ਹੈ ਈ।



ਬੱਚਿਓ ਜਦੋਂ ਉਹ ਮੁਰੀਦ ਵਾਪਸ ਆਪਣੇ ਮੁਰਸ਼ਦ ਫ਼ਕੀਰ ਕੋਲ ਪਹੁੰਚਿਆ, ਤਾਂ ਦੁੱਧ ਦੇ ਪਿਆਲੇ ਤੇ ਰੱਖੀ ਫੁੱਲ ਦੀ ਪੱਤੀ ਵੇਖੀ, ਤਾਂ ਬਾਬੇ ਦੀ ਅਜ਼ਮਤ ਅੱਗੇ ਸਿਰ ਝੁਕਾਇਆ। ਫਿਰ ਦੋ ਤਿੰਨ ਫ਼ਕੀਰਾਂ ਤੇ ਮੁਰੀਦਾਂ

ਨੂੰ ਬਾਬੇ ਪਾਸ ਭੇਜਿਆ, ਤਾਂ ਕਿ ਉਨ੍ਹਾਂ ਨੂੰ ਅਦਬ-ਅਦਾਬ ਨਾਲ ਮੁਲਤਾਨ ਵਿੱਚ ਲਿਆਂਦਾ ਜਾਵੇ।

ਸੋ ਬੱਚਿਓ ਇਸ ਫ਼ਕੀਰ ਬਹਾਉਦੀਨ ਮਖ਼ਦੂਮ ਨੇ ਕਈ ਦਿਨ ਗੁਰੂ ਜੀ ਨੂੰ ਆਪਣੇ ਪਾਸ ਰੱਖਿਆ। ਇਹ ਸੂਫ਼ੀ ਫ਼ਕੀਰ ਗੁਰੂ ਜੀ ਨਾਲ ਧਾਰਮਿਕ ਚਰਚਾ ਕਰਕੇ ਬਹੁਤ ਖੁਸ਼ ਹੋਇਆ। ਮੁਲਤਾਨ ਦੇ ਹੋਰ ਪੀਰ ਫ਼ਕੀਰ ਵੀ ਆਣ ਫ਼ਕੀਰ ਬਹਾਉਦੀਨ ਦੇ ਕੋਲ ਇਕੱਠੇ ਹੁੰਦੇ ਅਤੇ ਬੱਚਿਓ, ਉਹ ਸਾਰੇ ਫ਼ਕੀਰ ਬਾਬੇ ਨਾਨਕ ਦੀ ਗੱਲ ਬਾਤ ਸੁਣ ਕੇ ਬਹੁਤ ਪ੍ਰਸੰਨ ਹੋਏ। ਜਿੰਨੇ ਦਿਨ ਗੁਰੂ ਜੀ ਇੱਥੇ ਰਹੇ ਬਹੁਤ ਹੀ ਆਨੰਦ ਦੇ ਦਿਨ ਬੀਤੇ। ਫਿਰ ਇੱਕ ਦਿਨ ਗੁਰੂ ਜੀ ਨੇ ਫ਼ਕੀਰ ਬਹਾਉਦੀਨ ਮਖ਼ਦੂਮ ਨੂੰ ਜਾਣ ਵਾਸਤੇ ਆਖਿਆ, ਤਾਂ ਉਸ ਫ਼ਕੀਰ ਨੇ ਬੇਨਤੀ ਕੀਤੀ ਕਿ- ਐ ਪੀਰ-ਫ਼ਕੀਰ ਕੁਝ ਦਿਨ ਹੋਰ ਅਸਾਂ ਨੂੰ ਨਿਵਾਜੋ। ਬਾਬੇ ਆਖਿਆ ਅਸਾਂ ਤੇ ਪਰਮੇਸਰ ਦਾ ਹੁਕਮ ਵਜਾਵਣਾ ਹੈ। ਇਕ ਥਾਂ ਰੁਕਣ ਦਾ ਹੁਕਮ ਨਾਹੀਂ। ਤਾਂ ਫ਼ਕੀਰ ਬਹਾਉਦੀਨ ਮਖ਼ਦੂਮ ਨੇ ਪੁੱਛਿਆ-

ਕਿੱਧਰ ਜਾਣ ਦੀ ਰਜਾਇ ਹੈ ਜੀ?

ਬਾਬੇ ਆਖਿਆ- ਆਹ 'ਉੱਚ ਨਗਰ' ਦੇ ਪੀਰਾਂ-ਫਕੀਰਾਂ ਦੀ ਬੜੀ ਸਿਫ਼ਤ ਸੁਣੀਦੀ ਹੈ, ਤਿਨ੍ਹਾਂ ਨੂੰ ਮਿਲਦੇ ਜਾਵਾਂਗੇ ਜੀ, ਅੱਗੇ ਜਿਵੇਂ ਪਰਮੇਸਰ ਦੀ ਰਜਾਇ।

ਸੋ ਬੱਚਿਓ ਮੁਲਤਾਨ ਤੋਂ ਗੁਰੂ ਜੀ 'ਉੱਚ ਨਗਰ' ਪਹੁੰਚ ਗਏ। ਇਸ ਨਗਰ ਵਿਚ ਸਯਦ ਜ਼ਲਾਲ ਬੁਖ਼ਾਰੀ ਦੀ ਗੱਦੀ ਸੀ, ਜਿਸ 'ਤੇ ਉਸ ਸਮੇਂ ਸ਼ੇਖ਼ ਹਾਜ਼ੀ ਅਬਦੁਲ ਬੁਖ਼ਾਰੀ ਬੈਠਾ ਸੀ। ਇਸ ਫ਼ਕੀਰ ਨੇ ਗੁਰੂ ਜੀ ਨੂੰ ਕਈ ਦਿਨ ਆਪਣੇ ਕੋਲ ਰੱਖਿਆ। ਗੁਰੂ ਜੀ ਦੀ ਗੱਲਬਾਤ ਕਰਨ ਦੇ ਢੰਗ ਤੇ ਵਿਚਾਰਾਂ ਸੁਣ ਕੇ ਇਹ ਫ਼ਕੀਰ ਵੀ ਬਹੁਤ ਪ੍ਰਭਾਵਿਤ ਹੋਇਆ।

ਮੁਲਤਾਨ ਤੋਂ ਫ਼ਕੀਰ ਬਹਾਉਦੀਨ ਮਖਦੂਮ ਵੀ ਉੱਚ ਨਗਰ ਇਸ ਫ਼ਕੀਰ ਕੋਲ ਹੀ ਆ ਪਹੁੰਚਾ। ਉਹ ਤੇ ਗੁਰੂ ਨਾਨਕ ਦਾ ਦੀਵਾਨਾ ਹੀ ਹੋ ਗਿਆ ਸੀ। ਗੁਰੂ ਜੀ ਜਾਣ ਲੱਗੇ ਤਾਂ ਸ਼ੇਖ ਹਾਜ਼ੀ ਅਬਦੁਲ ਬੁਖ਼ਾਰੀ ਨੇ ਆਖਿਆ- ਐ ਹਿੰਦੂ ਪੀਰ, ਕੋਈ ਨਿਸ਼ਾਨੀ ਦਿੰਦੇ ਜਾਓ। ਗੁਰੂ ਜੀ ਨੇ ਆਪਣੀਆਂ ਖੜਾਵਾਂ, ਬੈਰਾਗਣ, ਪੱਥਰ ਦਾ ਇਕ ਗੁਰਜ਼, ਪੱਥਰ ਦੇ ਦੋ ਕੜੇ, ਡੇਢ ਫੁੱਟ ਲੰਬੀ ਤੇ ਇਕ ਫੁੱਟ ਚੌੜੀ ਇਕ ਕਿਸ਼ਤੀ ਨਿਸ਼ਾਨੀ ਵਜੋਂ ਉਸ ਫ਼ਕੀਰ ਨੂੰ ਦਿੱਤੇ। ਜਦੋਂ ਗੁਰੂ ਨਾਨਕ ਸਾਹਿਬ ਜੀ ਉੱਚ ਨਗਰ ਤੋਂ ਤੁਰਨ ਲੱਗੇ ਤਾਂ ਇਹ ਦੋਵੇਂ ਫ਼ਕੀਰ ਵੀ ਗੁਰੂ ਸਾਹਿਬ ਦੇ ਨਾਲ ਹੀ ਤੁਰ ਪਏ। 'ਸੱਖਰ' ਤੱਕ ਇਹ ਦੋਵੇਂ ਫ਼ਕੀਰ ਗੁਰੂ ਨਾਨਕ ਸਾਹਿਬ ਦੀ ਸੰਗਤ ਮਾਣਦੇ ਰਹੇ। ਸੱਖਰ ਤੋਂ ਇਹ ਦੋਵੇਂ ਫ਼ਕੀਰ ਹੱਜ ਲਈ ਈਰਾਨ ਈਰਾਕ ਦੇ ਖੁਸ਼ਕੀ ਰਸਤੇ ਮੱਕੇ ਵੱਲ ਚੱਲ ਪਏ ਅਤੇ ਬੱਚਿਓ ਗੁਰੂ ਜੀ ਭਾਈ ਬਾਲੇ ਤੇ ਮਰਦਾਨੇ ਨਾਲ ਗੁਜਰਾਤ ਪ੍ਰਦੇਸ਼ ਵਿੱਚੀਂ ਹੁੰਦੇ ਹੋਏ 'ਸੋਨ-ਮਿਆਨੀ' ਦੀ ਬੰਦਰਗਾਹ ਤੋਂ ਬੇੜੀ ਤੇ ਸਵਾਰ ਹੋ ਕੇ ਮਸਕਟ ਚਲੇ ਗਏ। ਫਿਰ ਅਸਵਦ ਹੁੰਦੇ ਹੋਏ ਮੁਸਲਮਾਨਾਂ ਦੇ ਪ੍ਰਸਿੱਧ ਤੇ ਪਵਿੱਤਰ ਸਥਾਨ ਮੱਕੇ ਪਹੁੰਚ ਗਏ।

# ਸਾਖੀ ਭੈਣ ਨਾਨਕੀ ਦੀ

ਸ਼ਾਮ ਪਈ ਤਾਂ ਸਾਰੇ ਬੱਚੇ ਦਾਦੀ ਜੀ ਕੋਲ ਇਕੱਠੇ ਹੋਣੇ ਸ਼ੁਰੂ ਹੋ ਗਏ। ਜਿਹੜਾ ਬੱਚਾ ਵੀ ਦਾਦੀ ਜੀ ਕੋਲ ਆਉਂਦਾ ਸਤਿ ਸ੍ਰੀ ਅਕਾਲ ਬੁਲਾ ਕੇ ਦਾਦੀ ਜੀ ਨੂੰ ਮੱਥਾ ਟੇਕਦਾ ਅਤੇ ਦਾਦੀ ਜੀ ਬੜੇ ਹੀ ਪਿਆਰ ਨਾਲ ਬੱਚੇ ਨੂੰ ਗਲ ਨਾਲ ਲਗਾਉਂਦੇ ਅਤੇ ਸਿਰ ਪਲੋਸ ਕੇ ਪਾਸ ਹੀ ਆਪਣੇ ਮੰਜ਼ੇ ਤੇ ਬਿਠਾ ਲੈਂਦੇ। ਦਾਦੀ ਮਾਂ ਵਲੋਂ ਸੁਣਾਈਆਂ ਜਾਣ ਵਾਲੀਆਂ ਗੁਰੂ ਨਾਨਕ ਦੀਆਂ ਸਾਖੀਆਂ ਨਾਲ ਬੱਚੇ ਹੁਣ ਇਵੇਂ ਜੁੜ ਗਏ ਸਨ ਕਿ ਉਹਨਾ ਨੂੰ ਖੇਡਣਾ-ਮੱਲਣਾ ਹੀ ਭੁੱਲ ਗਿਆ ਸੀ। ਆਤਮਾ ਸਿੰਘ ਨੇ ਆਪਣੇ ਨਾਨੀ ਜੀ ਦੇ ਗਲ੍ਹੇ ਬਾਹਾਂ ਪਾਉਂਦਿਆਂ ਡਾਢੇ ਪਿਆਰ ਨਾਲ ਆਖਿਆ:

ਨਾਨੀ ਜੀ ਅੱਜ ਗੁਰੂ ਨਾਨਕ ਦੇਵ ਜੀ ਦੀ ਕੋਈ ਕਰਾਮਾਤ ਵਾਲੀ ਸਾਖੀ ਸੁਣਾਓ ?

ਆਤਮਾ ਸਿੰਘ ਦੀ ਗੱਲ ਸੁਣਦਿਆਂ ਗੰਗਾ ਸਿੰਘ ਝੱਟ ਬੋਲ ਪਿਆ:

ਦਾਦੀ ਜੀ ਅਸੀਂ ਸੁਣਿਆ ਹੈ ਕਿ ਸੁਲਤਾਨਪੁਰ,ਬੇਬੇ ਨਾਨਕੀ ਜੀ,ਜਦੋਂ ਵੀ ਗੁਰੂ ਨਾਨਕ ਨੂੰ ਯਾਦ ਕਰਦੇ,ਗੁਰੂ ਜੀ ਝੱਟ ਸੁਲਤਾਨਪੁਰ ਪਹੁੰਚ ਜਾਂਦੇ ਸਨ...

ਦਾਦੀ ਜੀ ਕੀ ਇਹ ਸੱਚ ਹੈ ?

ਹਾਂ...ਗੰਗਾ ਸਿੰਘ ਜੀ ਇਹ ਬਿਲਕੁੱਲ ਸੱਚ ਹੈ...

ਇਹ ਗੱਲ ਸੁਣਕੇ ਸਾਰੇ ਬੱਚੇ ਇਕੱਠੇ ਹੀ ਬੋਲ ਪਏ:

ਦਾਦੀ ਜੀ ਸਾਨੂੰ ਇਸ ਤਰ੍ਹਾਂ ਦੀਆਂ ਸਾਖੀਆਂ ਸੁਣਾਓ...

ਠੀਕ ਹੈ ਬੱਚਿਓ....ਅੱਜ ਤੁਹਾਨੂੰ ਮੈਂ ਗੁਰੂ ਨਾਨਕ ਦੇਵ ਜੀ ਦੀਆਂ ਅਲੌਕਿਕ ਸਾਖੀਆਂ ਸੁਣਾਵਾਂਗੀ...

ਨਾਨੀ ਜੀ ਅਲੌਕਿਕ ਸਾਖੀਆਂ ਕਿਹੜੀਆਂ ਹੁੰਦੀਆਂ ਹਨ ? ਅਮਰ ਕੌਰ ਨੇ ਪੁੱਛਿਆ।

ਮੇਰੇ ਬੱਚੇ ਉਹੀਓ ਸਾਖੀਆਂ ਜਿਨ੍ਹਾਂ ਨੂੰ ਤੁਸੀਂ ਕੌਤਕ ਆਖਦੇ ਹੋ: ਜੋ ਗੱਲਾਂ ਆਮ ਲੋਕਾਂ ਦੀਆਂ ਗੱਲਾਂ ਹੁੰਦੀਆਂ ਹਨ,ਉਹ ਲੌਕਿਕ ਹੁੰਦੀਆਂ ਹਨ ਅਤੇ ਜਿਹੜੀਆਂ,ਗੁਰੂ,ਅਵਤਾਰ ਜਾਂ ਰੱਬੀ ਰੂਹਾਂ ਹੀ ਕਰ ਸਕਦੀਆਂ ਹਨ,ਉਹ ਅਲੌਕਿਕ...

ਅਲੌਕਿਕ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਹੁੰਦੀ...

ਬੱਚਿਓ ਕਰਾਮਾਤ ਦਾ ਮਤਲਬ ਵੀ ਇਹੀ ਹੈ,ਜੋ ਮਨੁੱਖ ਦੀ ਸੋਚ ਨੂੰ ਮਾਤ ਪਾ ਦੇਵੇ। ਜਿਸ ਨੂੰ ਵੇਖ ਕੇ ਆਦਮੀ ਸੋਚਦਾ ਤੇ ਵੇਖਦਾ ਹੀ ਰਹਿ ਜਾਵੇ...

ਬੱਚਿਓ ਕਰਾਮਾਤ ਤੇ ਗੁਰੂ ਦੇ ਤੇ ਰੱਬੀ ਰੂਹਾਂ ਦੇ ਪ੍ਰੇਮ ਭਰੇ ਬੋਲਾਂ ਵਿੱਚ ਵੀ ਹੁੰਦੀ ਹੈ ਜਿਸ ਨੂੰ ਸੁਣਦਿਆਂ,ਪੱਥਰ ਵਰਗੇ ਮਨ ਵੀ ਮੋਮ ਹੋ ਜਾਂਦੇ ਹਨ.....

ਕਰਤਾਰੀ ਸ਼ਕਤੀਆਂ ਦੀ ਤੱਕਣੀ ਵੀ 'ਮਿਕਨਾਤੀਸੀ ਤੱਕਣੀ' ਹੁੰਦੀ ਹੈ ਜਿਸ ਵੱਲ ਉਹ ਨਿਗਾਹ ਭਰਕੇ ਵੇਖ ਲੈਂਦੇ ਹਨ,ਉਸ ਮਨੁੱਖ ਦੇ ਮਨ ਦੀ ਸੋਚ ਹੀ ਬਦਲ ਜਾਂਦੀ ਹੈ।

ਜਿਸਨੂੰ ਵੀ ਗੁਰੂ,ਪਿਆਰ ਨਾਲ ਮੁਸਕਰਾ ਕੇ ਵੇਖ ਲਵੇ,ਉਹ ਮਨੁੱਖ ਕੀਲਿਆ ਜਾਂਦਾ ਹੈ,ਉਸਦਾ ਮਨ ਕਰਦਾ

ਹੈ,ਮੇਰਾ ਗੁਰੂ ਮੈਨੂੰ ਇੱਕ ਵਾਰ ਫੇਰ ਬੁਲਾ ਲਵੇ, ਆਪਣੇ ਪਾਸ ਹੀ ਬਿਠਾ ਲਵੇ:
ਬੱਚਿਓ ਗੁਰਬਾਣੀ ਦੀ ਤੁਕ ਹੈ

ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ॥

ਜਿਸਦਾ ਮਤਲਵ ਹੈ ਕਿ ਸਤਿਗੁਰੂ ਜਦੋਂ ਮੇਹਿਰ ਦੀ ਨਿਗਾਹ ਨਾਲ ਸਿੱਖ ਵੱਲ ਦ੍ਰਿਸ਼ਟੀ ਭਰਕੇ ਵੇਖਦਾ ਹੈ ਤਾਂ ਉਸ ਸਿੱਖ ਦੇ ਸਾਰੇ ਦੁੱਖ ਦਲਿੱਦਰ ਕੱਟੇ ਜਾਂਦੇ ਹਨ.....

ਦਾਦੀ ਜੀ ਇਹ 'ਮਿਕਨਾਤੀਸੀ ਤੱਕਣੀ'ਕੀ ਹੁੰਦੀ ਹੈ ? ਗੰਗਾ ਸਿੰਘ ਨੇ ਪੁੱਛਿਆ।

ਸ਼ਾਬਾਸ਼ ਮੇਰੇ ਬੱਚਿਓ: ਇਸ ਦਾ ਮਤਲਵ ਹੋਇਆ ਤੁਸੀਂ ਸਾਖੀ ਹੀ ਨਹੀਂ ਸੁਣਦੇ,ਇੱਕ ਇੱਕ ਲਫ਼ਜ਼ ਧਿਆਨ ਨਾਲ ਸੁਣਦੇ ਹੋ...

ਮੈਂ ਤੁਹਾਨੂੰ ਜਦੋਂ ਸਾਖੀਆਂ ਸੁਣਾਉਂਦੀ ਹਾਂ ਤਾਂ ਮਾਂ-ਬੋਲੀ ਪੰਜਾਬੀ ਦੇ ਨਵੇਂ ਨਵੇਂ ਲਫ਼ਜ਼ ਵੀ ਵਰਤਦੀ ਹਾਂ ਤਾਂ ਕਿ ਤੁਸੀਂ ਪੰਜਾਬੀ ਦੇ ਹੋਰ ਲਫ਼ਜ਼ ਵੀ ਸਿੱਖ ਸੱਕੋ...

ਤੁਸੀਂ ਚੁੰਬਕ ਜਾਂ ਚਮਕ-ਪੱਥਰ ਦਾ ਨਾਮ ਤਾਂ ਸੁਣਿਆ ਹੋਵੇਗਾ ? ਦਾਦੀ ਜੀ ਉਸਨੂੰ ਅੰਗਰੇਜ਼ੀ ਵਿੱਚ ਮੈਗਨਿਟ ਕਹਿੰਦੇ ਹਨ।ਗੰਗਾ ਸਿੰਘ ਨੇ ਆਖਿਆ।

ਬੱਸ ਬੱਸ ਤੁਸੀਂ ਸਮਝ ਗਏ ਹੋ... ਚੁੰਬਕ ਵੀ ਉਸੇ ਨੂੰ ਆਖਦੇ ਹਨ,ਜਿਹੜਾ ਲੋਹੇ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ।ਇਸੇ ਤਰ੍ਹਾਂ 'ਮਿਕਾਨਾਤੀਸੀ ਤੱਕਣੀ' ਉਸ ਤੱਕਣੀ ਨੂੰ ਕਹਿੰਦੇ ਹਨ,ਜਦੋਂ ਕੋਈ ਕਿਸੇ ਵੱਲ ਏਨੇ ਪਿਆਰ ਨਾਲ ਵੇਖੇ,ਏਨੇ ਮਿੱਠੇ ਤੇ ਮੁਹੱਬਤੀ ਬੋਲ ਬੋਲੇ ਕਿ ਉਸਨੂੰ ਸੁਨਣ ਵਾਲਾ,ਉਸਨੂੰ ਵੇਖਣ ਵਾਲਾ,ਉਸ ਵੱਲ ਖਿੱਚਿਆ ਜਾਵੇ।ਏਹੀ ਕਾਰਨ ਹੈ ਕਿ ਗੁਰੂ ਅਵਤਾਰ ਤੇ ਰੱਬੀ ਰੂਹਾਂ ਦੇ ਬੋਲਾਂ ਵਿੱਚ, ਤੱਕਣੀ ਵਿੱਚ, ਵਿਵਹਾਰ ਵਿੱਚ ਤੇ ਮੇਲ-ਮਿਲਾਪ ਵਿੱਚ ਉਹ ਤਾਕਤ ਹੁੰਦੀ ਹੈ ਕਿ ਉਹ ਦੂਸਰੇ ਲੋਕਾਂ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ ਅਤੇ ਉਹਨਾ ਨੂੰ ਸ਼ੁੱਭ ਕਰਮਾ ਲਈ ਪ੍ਰੇਰਦੇ ਹਨ ਅਤੇ ਪ੍ਰਮਾਤਮਾ ਦੇ ਨਾਲ ਜੋੜਦੇ ਹਨ।

ਚੌਥੇ ਪਾਤਸ਼ਾਹ ਸਤਿਗੁਰੂ ਰਾਮਦਾਸ ਜੀ ਗੁਰਬਾਣੀ ਵਿੱਚ ਵਰਨਣ ਕਰਦੇ ਹਨ:

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮਰਾਜੇ॥

ਬੱਚਿਓ,ਇਸ ਦਾ ਮਤਲਵ ਹੈ ਕਿ ਸਤਿਗੁਰੂ ਦੇ ਨੇਤਰਾਂ ਵਿੱਚ ਅੰਮ੍ਰਿਤ ਰੂਪੀ 'ਮਿਕਾਨਾਤੀਸੀ' ਖਿੱਚ ਹੁੰਦੀ ਹੈ ਅਤੇ ਉਸਦਾ ਮਨ ਪ੍ਰੇਮ,ਪਿਆਰ ਤੇ ਮੁਹੱਬਤ ਨਾਲ ਭਰਿਆ ਹੁੰਦਾ ਹੈ।ਜਿਸ ਵੱਲ ਸਤਿਗੁਰੂ ਵੇਖਦਾ ਹੈ, ਜਿਸ ਨਾਲ ਦੋ ਬੋਲ ਸਾਂਝੇ ਕਰ ਲੈਂਦਾ ਹੈ ਉਹ ਮਨੁੱਖ ਕੀਲਿਆ ਜਾਂਦਾ ਹੈ ਅਤੇ ਸਤਿਗੁਰੂ ਦਾ ਮੁਰੀਦ ਹੀ ਬਣ ਜਾਂਦਾ ਹੈ। ਸਾਡੇ ਸਤਿਗੁਰੂ ਨਾਨਕ ਦੇਵ ਜੀ ਕੋਲ ਨਿਮਰਤਾ,ਪਿਆਰ,ਮੁਹੱਬਤ ਤੇ ਗਰੀਬੀ ਦੇ ਭੰਡਾਰੇ ਤੇ ਅਕਾਲ ਪੁਰਖ ਦੇ ਨਾਮ ਦਾ ਖ਼ਜ਼ਾਨਾ ਸੀ,ਜੋ ਉਹ ਅਕਾਲ-ਪੁਰਖ ਤੋਂ ਲੈ ਕੇ ਆਏ ਸਨ।ਯਾਦ ਕਰੋ ਤੁਹਾਨੂੰ ਦੱਸਿਆ ਸੀ ਕਿ ਸੁਲਤਾਨਪੁਰ,ਗੁਰੂ ਸਾਹਿਬ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਤਿੰਨ ਦਿਨ ਅਲੋਪ ਰਹੇ ਸਨ।ਉਸ ਵਕਤ ਉਹ,ਦਰਗਾਹ ਵਿੱਚ,ਪ੍ਰਮਾਤਮਾਂ ਪਾਸੋਂ ਦੁਨੀਆਂ ਦਾਰਾਂ ਨੂੰ ਵੰਡਣ ਵਾਸਤੇ ਇਹੀਓ ਬਰਕਤਾਂ ਲੈਣ ਗਏ ਸਨ।ਇਹਨਾ ਰੂਹਾਨੀ ਬਰਕਤਾਂ ਨਾਲ ਹੀ ਉਹਨਾ ਨੇ ਕੌਡੇ ਰਾਕਸ਼ਾਂ ਜਹੇ ਮਾਸ-ਭਕਸ਼ੀ ਨੂੰ ਦੇਵਤਾ ਬਣਾ ਦਿੱਤਾ ਸੀ ਅਤੇ ਸੱਜਨ ਜਿਹੇ ਠੱਗਾਂ ਨੂੰ ਪਰ-ਉਪਕਾਰ ਦੇ ਰਸਤੇ ਪਾਇਆ ਸੀ ਅਤੇ ਹੋਰ ਬਹੁਤ ਸਾਰੇ ਕੌਤਕ ਕੀਤੇ ਸਨ।

ਦਾਦੀ ਜੀ ਕੀ ਅਸੀਂ ਵੀ ਪ੍ਰੇਮ ਨਾਲ ਸਭ ਨੂੰ ਆਪਣੇ ਮਿੱਤਰ ਬਣਾ ਸਕਦੇ ਹਾਂ ?
ਧੰਨਾ ਸਿੰਘ ਨੇ ਪੁੱਛਿਆ।

ਹਾਂ ਬੱਚਿਓ... ਅਸੀਂ ਵੀ ਜੇ ਆਪਣੇ ਸਤਿਗੁਰੂ ਦੇ ਦੱਸੇ ਰਸਤੇ ਤੇ ਚੱਲਕੇ ਪਰਮਾਤਮਾਂ ਦੇ ਬਣਾਏ ਸਾਰੇ ਜੀਵਾਂ ਨੂੰ ਪਿਆਰ ਕਰਾਂਗੇ ਤਾਂ ਉਹ ਵੀ ਸਾਰੇ ਸਾਨੂੰ ਪਿਆਰ ਕਰਨਗੇ ਅਤੇ ਸਾਡੇ ਮਿੱਤਰ ਬਣ ਜਾਣਗੇ।ਪਰ ਬੱਚਿਓ ਸਾਡਾ ਸੁਭਾਅ ਇਸ ਤਰ੍ਹਾਂ ਦਾ ਉਸ ਵਕਤ ਬਣੇਗਾ ਜਦੋਂ ਅਸੀਂ ਸਤਿਗੁਰੂ ਜੀ ਦੀ ਉਚਾਰੀ ਹੋਈ ਬਾਣੀ ਪੜ੍ਹਾਂਗੇ ਤੇ ਉਸਤੇ

ਅਮਲ ਕਰਾਂਗੇ।ਸਾਧ-ਸੰਗਤ ਵਿੱਚ ਜਾਵਾਂਗੇ,ਹੱਥੀ ਸੇਵਾ ਕਰਾਂਗੇ ਨਾਮ ਜਪਾਂਗੇ,ਫੇਰ ਸਾਡੇ ਅੰਦਰ ਵੀ ਰੂਹਾਨੀ ਤੇ ਅਲੌਕਿਕ ਸ਼ਕਤੀਆਂ ਪੈਦਾ ਹੋਣ ਲੱਗ ਪੈਣਗੀਆਂ।

ਦਾਦੀ ਜੀ ਹੁਣ ਭੈਣ ਨਾਨਕੀ ਵਾਲੀ ਗੱਲ ਸੁਣਾਓ ? ਧਰਮ ਕੌਰ ਕੋਈ ਸਾਖੀ ਸੁਨਣਾ ਚਹੁੰਦੀ ਸੀ

ਹਾਂ ਬੱਚਿਓ...

ਜਦੋਂ ਮੈਂ ਸਤਿਗੁਰੂਆਂ ਦੀਆਂ ਗੱਲਾਂ ਕਰਦੀ ਹਾਂ ਤਾਂ ਮੈਨੂੰ ਹੋਰ ਬਹੁਤ ਸਾਰੇ ਬਚਨ ਯਾਦ ਆ ਜਾਂਦੇ ਹਨ।ਸਾਡੇ ਸਤਿਗੁਰੂਆਂ ਦੀਆਂ ਤਾਂ ਬਖਸ਼ਿਸ਼ਾਂ ਹੀ ਬਹੁਤ ਹਨ ਸਾਡੇ ਸਿੱਖਾਂ ਤੇ ...

ਧਰਮ ਕੌਰ ਜੀ ਜਦੋਂ ਗੁਰੂ ਸਾਹਿਬ ਸੁਲਤਾਨ ਪੁਰ ਤੋਂ ਉਦਾਸੀਆਂ ਦੇ ਸਫ਼ਰ ਤੇ ਜਾਣ ਲੱਗੇ ਤਾਂ ਭੈਣ ਨਾਨਕੀ ਬਹੁਤ ਉਦਾਸ ਹੋ ਗਈ,ਅੱਖਾਂ ਅੱਥਰੂਆਂ ਨਾਲ ਭਰ ਆਈਆਂ...

ਪੁੱਛਣ ਲੱਗੀ ਵੀਰ,ਤੁਸੀਂ ਦੂਰ ਦੁਰਾਡੇ ਦੇਸ਼ਾਂ ਵੱਲ ਜਾ ਰਹੇ ਹੋ ਦੁਬਾਰਾ ਮੇਲ ਕਦੋਂ ਹੋਵੇਗਾ...

ਨਾਨਕ ਆਖਿਆ: ਭੈਣ... ਤੁਸਾਂ ਦਾ ਸਾਡੇ ਨਾਲ ਕਈ ਜਨਮਾ ਦਾ ਸੰਬੰਧ ਹੈ,ਪਰ ਅਸਾਂ ਨੂੰ ਜਿਸ ਕਾਰਜ਼ ਵਾਸਤੇ ਉਸ ਪ੍ਰਮਾਤਮਾ ਨੇ ਭੇਜਿਆ ਹੈ,ਉਸ ਵਾਸਤੇ ਵੀ ਜਾਣਾ ਸਾਡਾ ਜਰੂਰੀ ਹੈ।ਪਰ ਤੁਸਾਂ ਨਾਲ ਸਾਡਾ ਵਾਅਦਾ ਰਿਹਾ ਜਦੋਂ ਤੁਸੀਂ ਯਾਦ ਕਰੋਗੇ,ਜਰੂਰ ਹਾਜ਼ਰ ਹੋਵਾਂਗਾ...

ਸੋ ਬੱਚਿਓ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਜਗਤ ਦੇ ਉਧਾਰ ਵਾਸਤੇ ਲੰਬੀ ਉਦਾਸੀ ਲਈ ਚੱਲ ਪਏ।ਵੱਖ ਵੱਖ ਦੇਸ ਦੇਸੰਤਰਾਂ ਦਾ ਭਰਮਣ ਕਰਦਿਆਂ ਕਈ ਮਹੀਨੇ ਲੰਘ ਗਏ।ਇੱਧਰ ਭੈਣ ਨਾਨਕੀ ਨੂੰ ਆਪਣੇ ਵੀਰ ਨਾਨਕ ਦੀ ਯਾਦ ਸਤਾਉਣ ਲੱਗੀ।ਨਿੱਤ ਸਵੇਰ ਸ਼ਾਮ ਨਾਨਕ ਦਾ ਨਾਮ ਲੈ ਲੈ ਯਾਦ ਕਰੇ...

ਬੱਚਿਓ ਗੁਰੂ ਨਾਨਕ ਤੇ ਭਾਈ ਬਾਲੇ ਤੇ ਮਰਦਾਨੇ ਦੇ ਸਾਥ ਵਿੱਚ ਦੂਰ ਦੁਰਾਡੇ ਨਿੱਕਲ ਚੁੱਕੇ ਸਨ।ਇਕ ਸ਼ਾਮ ਬਾਬੇ ਆਖਿਆ ਭਾਈ ਜੀ ਜਲਦੀ ਸੌਂ ਜਾਵੋ ਕੱਲ ਸਵੱਖਤੇ ਆਪਾਂ ਅਗਲੇਰੇ ਸਫ਼ਰ ਲਈ ਨਿਕਲਣਾ ਹੈ।ਸਫ਼ਰ ਲੰਮੇਰਾ ਹੈ ਅਤੇ ਜਲਦੀ ਨਿਕਲਣਾ ਪਵੇਗਾ...

ਇੱਧਰ ਨਾਨਕ ਨੂੰ ਯਾਦ ਕਰਦਿਆਂ ਭੈਣ ਨਾਨਕੀ ਦੇ ਸਬਰ ਦਾ ਬੰਨ ਟੁੱਟ ਚੁੱਕਾ ਸੀ।ਹਿਰਦੇ ਚੋਂ ਉੱਠਿਆ ਪ੍ਰੇਮ ਦਾ ਹੜ ਅੱਖੀਆਂ ਚੋਂ ਉਛਾਲੇ ਮਾਰ ਵਰਸਨ ਲੱਗਾ।ਘਰ ਚ'ਝਾੜੂ-ਬਹਾਰੀ ਕਰਦੀ ਬਾਰ ਬਾਰ ਦੁਪੱਟੇ ਨਾਲ ਅੱਖੀਆਂ ਪੂੰਝਦੀ।ਸਵੇਰ ਦਾ ਸ਼ਾਹ-ਵੇਲਾ ਵੀ ਪਕਾਉਣਾ ਭੁੱਲ ਗਈ।ਭਾਈ ਜੈ ਰਾਮ ਜੀ ਨੇ ਵੀ ਵੈਰਾਗੀ ਹੋਈ ਨਾਨਕੀ ਨੂੰ ਵੇਖ ਲਿਆ ਸੀ ਤੇ ਚੁੱਪ-ਚਾਪ ਆਪਣੇ ਕੰਮ ਤੇ ਚਲੇ ਗਏ ਸਨ।ਜਦੋਂ ਨਾਨਕੀ ਨੇ ਸੂਰਜ ਸਿਰ ਤੇ ਆਇਆ ਵੇਖਿਆ ਤਾਂ ਯਾਦ ਆਇਆ ਕਿ ਪਤੀ-ਦੇਵ ਵੀ ਸ਼ਾਇਦ ਭੁੱਖੇ ਹੀ ਆਪਣੇ ਕੰਮ ਤੇ ਚਲੇ ਗਏ ਹਨ। ਚੁੱਲੇ ਵਿੱਚ ਅੱਗ ਬਾਲੀ ਤੇ ਬਿਰਹੋਂ,ਵਿਛੋੜੇ ਨੇ ਫਿਰ ਆਣ ਘੇਰਿਆ,ਅੱਖਾਂ ਦੇ ਅੱਥਰੂ ਪੂੰਝੀ ਜਾਵੇ ਤੇ ਨਾਨਕ ਨੂੰ ਯਾਦ ਕਰੀ ਜਾਵੇ...

ਨਾਨਕ ਨੂੰ ਯਾਦ ਕਰਦੀ ਨੇ ਬੇਬੇ ਨਾਨਕੀ ਨੇ ਪ੍ਰਸ਼ਾਦਾ ਵੇਲਿਆ ਅਤੇ ਤਵੇ ਉੱਪਰ ਪਾਇਆ,ਫਿਰ ਕੋਲਿਆਂ ਦੀ ਮੱਠੀ ਮੱਠੀ ਅੱਗ ਤੇ ਰਾੜ੍ਹਨ ਲੱਗੀ।ਪ੍ਰਸ਼ਾਦਾ ਫੁੱਲ ਕੇ ਢੋਲ ਵਰਗਾ ਹੋ ਗਿਆ ਤਾਂ ਪ੍ਰਸ਼ਾਦਾ ਵੇਖ,ਅੱਖੀਆਂ ਛਲਕ ਪਈਆਂ ਅਤੇ ਅੰਦਰੋਂ ਬਿਰਹਾਂ ਭਿੱਜਾ ਬੋਲ ਨਿਕਲਿਆ :

ਵੀਰ ਨਾਨਕਾ ਹੁਣ ਤੇ ਆ ਜਾ...

ਵੇਖ ਇਹ ਪ੍ਰਸ਼ਾਦਾ ਤੇਰੇ ਛਕਣ ਵਾਲਾ ਹੈ...

ਬੱਚਿਓ ਆਖਦੇ ਨੇ ਦਿੱਲਾਂ ਦੀ ਦਿੱਲਾਂ ਨਾਲ ਸਾਂਝ ਹੁੰਦੀ ਹੈ।ਕੋਈ ਸੱਚੇ ਮਨ ਨਾਲ ਜਦੋਂ ਕਿਸੇ ਨੂੰ ਯਾਦ ਕਰਦਾ ਹੈ ਤਾਂ ਇਹ ਸੁਨੇਹਾ ਦੂਸਰੇ ਦੇ ਮਨ ਤੱਕ ਪਹੁੰਚ ਜਾਂਦਾ ਹੈ।

ਦਾਦੀ ਜੀ ਵਿਗਿਆਨ ਵਾਲੇ ਇਸਨੂੰ ਟੈਲੀਪੈਥੀ ਕਹਿੰਦੇ ਹਨ...

ਪਰ ਪੁੱਤਰ ਜੀ ਇਹ ਤਾਂ ਰੱਬੀ ਰੂਹਾਂ ਦੇ ਰੂਹਾਨੀ ਸੁਨੇਹੇ ਸਨ...

ਉੱਧਰ ਭਾਈ ਮਰਦਾਨਾ ਜੀ ਵੀ ਸਵਖਤੇ ਉੱਠ ਖਲੋਤੇ ਤੇ ਰਬਾਬ ਫੜ ਤਿਆਰ ਹੋ ਗਏ।ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਸਵੇਰ ਦਾ ਸਿਮਰਨ ਕਰਕੇ ਨੇਤਰ ਖੋਹਲੇ ਤਾਂ ਬਚਨ ਕੀਤਾ ਭਾਈ ਜੀ ਚਲੋ ਵਾਪਸ ਜਾਣਾ ਹੈ।ਸੁਲਤਾਨਪੁਰ,ਭੈਣ ਨਾਨਕੀ ਯਾਦ ਕਰਦੀ ਹੈ ਉਸਦਾ ਵੈਰਾਗ ਹੁਣ ਠੱਲਿਆ ਨਹੀਂ ਜਾਂਦਾ...

ਮਰਦਾਨੇ ਆਖਿਆ,ਬਾਬਾ...ਘਰੋਂ ਨਿਕਲਿਆਂ ਬਹੁਤ ਦੇਰ ਹੋ ਗਈ ਸੀ,ਮੇਰਾ ਮਨ ਵੀ ਵਾਪਸ ਜਾਣ ਨੂੰ ਕਰਦਾ ਸੀ,ਪਰ ਮੈਂ ਤਾਂ ਰਿਹਾ ਤੇਰਾ ਗੁਲਾਮ,ਜਿਵੇਂ ਤੇਰੀ ਖੁਸ਼ੀ ਉਵੇਂ ਮੇਰੀ ਖੁਸ਼ੀ। ਭੈਣ ਨਾਨਕੀ ਦੇ ਹੱਥੋਂ ਪ੍ਰਸ਼ਾਦਾ ਛਕਿਆਂ ਵੀ ਮੁੱਦਤ ਬੀਤ ਗਈ ਹੈ।ਮੇਰੇ ਧੰਨ ਭਾਗ ਅੱਜ ਭੈਣ ਦੇ ਹੱਥਾਂ ਦਾ ਬਣਿਆਂ ਪ੍ਰਸ਼ਾਦਾ ਛਕਾਂਗੇ...

ਜਦੋਂ ਭੈਣ ਨਾਨਕੀ ਦੇ ਮਨ ਵਿੱਚ ਆਈ ਕਿ ਵੀਰ ਨਾਨਕਾ ਹੁਣ ਤੇ ਆ ਜਾ ਇਹ ਪ੍ਰਸ਼ਾਦਾ ਤੇ ਹੈ ਹੀ ਤੇਰੇ ਛਕਣ ਵਾਲਾ ਦੱਸਦੇ ਹਨ:ਐਨ ਉਸੇ ਵਕਤ 'ਸਤਿ ਕਰਤਾਰ' ਦੀ ਅਵਾਜ਼ ਆਈ,ਦਰਵਾਜ਼ਾ ਖੁੱਲਿਆ ਅਤੇ ਗੁਰੂ ਨਾਨਕ ਦੇਵ ਜੀ ਨੇ ਵੇਹੜੇ ਵਿੱਚ ਚਰਨ ਧਰਦਿਆਂ ਆਖਿਆ:

ਭੈਣ ਨਾਨਕੀ 'ਕਰਤਾਰ ਚਿੱਤ ਆਵੇ'

ਅੱਜ ਤੇ ਭੁੱਖ ਬਹੁਤ ਲੱਗੀ ਹੈ,ਤੁਹਾਡੇ ਹੱਥਾਂ ਦਾ ਪ੍ਰਸ਼ਾਦਾ ਛਕਣ ਲਈ ਬੜੀ ਦੂਰੋਂ ਚੱਲ ਕੇ ਆਏ ਹਾਂ...

ਨਾਨਕ ਨੂੰ ਆਇਆ ਵੇਖ,ਭੈਣ ਨਾਨਕੀ ਭੱਜ ਕੇ ਬਾਬੇ ਦੇ ਚਰਨਾ ਵੱਲ ਔਹੜੀ,ਪਰ ਬਾਬੇ ਪਹਿਲੋਂ ਹੀ ਬੇਬੇ ਨਾਨਕੀ ਦੇ ਹੱਥ ਫੜ ਲਏ।ਬੇਬੇ ਨਾਨਕੀ ਬਾਬੇ ਦੇ ਗਲੇ ਨੂੰ ਲੱਗ ਅੱਥਰੂ ਵਹਾਣ ਲੱਗੀ,ਵੈਰਾਗ ਸੀ ਕਿ ਠੱਲਿਆ ਹੀ ਨਹੀਂ ਸੀ ਜਾਂਦਾ। ਵੈਰਾਗੀ ਹੋਈ ਭੈਣ ਨਾਨਕੀ ਵਾਰ ਵਾਰ ਆਖੀ ਜਾਵੇ: ਨਾਨਕਾ! ਵੀਰ ਹੋਵੇ ਤੇ ਤੇਰੇ ਵਰਗਾ ਹੋਵੇ। ਰੱਬਾ ਤੇਰਾ ਲੱਖ-ਲੱਖ ਸ਼ੁਕਰਾਨਾ ਤੂੰ ਮੈਨੂੰ ਨਾਨਕ ਦੀ ਬੈਣ ਬਣਾਇਆ। ਮੇਰੇ ਧੰਨ ਭਾਗ, ਮੈਨੂੰ ਨਾਨਕ ਨੂੰ ਦੇਖਣ ਵਾਲੀਆਂ ਅੱਖਾਂ ਬਖਸ਼ੀਆਂ।

ਵੀਰ ਤੇ ਭੈਣ ਦੀ ਵੈਰਾਗਮਈ ਅਵਸਥਾ ਦੇਖ ਭਾਈ ਬਾਲਾ ਤੇ ਮਰਦਾਨਾ ਵੀ ਵੈਰਾਗੀ ਹੋ ਗਏ।

ਪ੍ਰੇਮ ਦੀ ਰੰਗਣ ਵਿੱਚ ਨਾਨਕ ਤੇ ਨਾਨਕੀ 'ਏਕ ਜੋਤ ਦੋਇ ਮੂਰਤੀ' ਬਣ ਗਏ।

ਬੇਬੇ ਨਾਨਕੀ ਦੇ ਅੱਥਰੂ ਜਰਾ ਸੰਭਲੇ ਤਾਂ ਬਾਬੇ ਆਖਿਆ:

ਭੈਣ ਅਸੀਂ ਤੇਰੇ ਪਾਸ ਏਸ ਵਾਸਤੇ ਨਹੀਂ ਆਉਂਦੇ ਕਿ ਤੁਸਾਂ ਤੋਂ ਮੱਥਾ ਟਿਕਵਾਈਏ,ਤੁਸੀਂ ਤਾਂ ਹੋ ਵੀ ਸਾਥੋਂ ਵੱਡੇ,ਤੁਹਾਡਾ ਅਸਾਡਾ ਕਈ ਜਨਮਾ ਦਾ ਸਾਥ ਹੈ...

ਜਦੋਂ ਅਸਾਂ ਭਾਈ ਜੀ ਨੂੰ ਤੁਸਾਂ ਪਾਸ ਆਣ ਦਾ ਦੱਸਿਆ ਤਾਂ ਭਾਈ ਜੀ ਤਾਂ ਨਿਹਾਲ ਨਿਹਾਲ ਪਏ ਹੋਵਣ..ਤੁਸਾਂ ਨਾਲ ਸਾਡਾ ਵਾਅਦਾ ਰਿਹਾ ਜਦੋਂ ਯਾਦ ਕਰੋਗੇ ਹਾਜ਼ਰ ਹੋਵਾਂਗਾ,ਜਿਵੇਂ ਤੁਸਾਂ ਨੇ ਅਸਾਨੂੰ ਮਨ ਵਿੱਚ ਵਸਾਇਆਂ ਹੋਇਆ ਹੈ ਸਾਡੇ ਹਿਰਦੇ ਵਿੱਚ ਵੀ ਤੁਸਾਂ ਦਾ ਵਾਸਾ ਹੈ...

# ਸਾਖੀ ਸੇਠ ਦੁਨੀ ਚੰਦ ਦੀ

ਬਾਬੇ ਨਾਨਕ ਦੀ ਗੱਲ ਸੁਣਕੇ ਭਾਈ ਮਰਦਾਨਾ ਆਖਣ ਲੱਗੇ:
ਭੈਣ ਨਾਨਕੀ ਅਸਾਂ ਤੇ ਬਾਬੇ ਨੂੰ ਆਖ ਛੱਡਿਆ ਹੈ: ਬਾਬਾ ਤੂੰ ਖੁਦਾਇ ਦਾ ਡੂਮ,ਮੈਂ ਤੇਰਾ ਡੂੰਮ,ਤੂੰ ਖਾਦਾਇ ਦੇਖਿਆ,ਤੂੰ ਖੁਦਾਇ ਪਾਇਆ,ਤੇਰਾ ਕਹਿਆ ਖੁਦਾਈ ਮੰਨੇ,ਅਸਾਂ ਤੈਨੂੰ ਦੇਖਿਆ ਅਸਾਂ ਤੈਨੂੰ ਪਾਇਆ ਅਸਾਂ ਦਾ ਕਹਿਆ ਤੂੰ ਮੰਨੇ,ਇਕ ਅਰਜ਼ ਅਸਾਂ ਦੀ ਜਰੂਰ ਪ੍ਰਵਾਨ ਕਰਨਾ,ਅਸਾਂ ਨੂੰ ਵਿਛੋੜਨਾ ਨਾਹੀਂ ਨਾ ਏਥੈ ਨਾ ਓਥੈ...
ਇਸ ਤਰ੍ਹਾਂ ਦਾ ਪ੍ਰੇਮ,ਪਿਆਰ ਤੇ ਮੁਹੱਬਤ ਵੰਡੀ ਗੁਰੂ ਜੀ ਨੇ...
ਬੱਚਿਓ,ਦੱਸਦੇ ਹਨ ਗੁਰੂ ਨਾਨਕ ਦੇਵ ਜੀ ਦੀ ਜਦੋਂ ਪ੍ਰਮੇਸਰ ਨਾਲ ਭੇਟ ਹੋਈ ਤਾਂ ਪਤਾ ਬਾਬੇ ਨਾਨਕ ਨੇ ਕੀ ਮੰਗਿਆ:
ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥     ਗਰੀਬੀ ਮੰਗੀ...
ਪਤਾ ਕੀ ਹੈ..... ਗਰੀਬੀ?
ਦੱਸੋ ਦਾਦੀ ਜੀ....
ਪੁੱਤਰ ਜੀ,ਗਰੀਬੀ ਹੈ: ਪ੍ਰੇਮ,ਪਿਆਰ,ਮੁਹੱਬਤ,ਨਿਮਰਤਾ,ਹਲੀਮੀ,ਮਿੱਠੇ-ਬੋਲ,ਖਿਮਾ-ਕਰਨਾ,ਲੋੜ-ਵੰਦ ਦੀ ਤੇ ਗਰੀਬ ਦੀ ਮੱਦਦ ਕਰਨੀ।ਉਸ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ...
ਇਹ ਸਭ ਕੁਝ ਕਿਥੋਂ ਮਿਲਦਾ ਹੈ:ਆਤਮਾ ਸਿੰਘ ਨੇ ਪੁੱਛਿਆ।
ਸਾਧ-ਸੰਗਤ ਚੋਂ: ਗੁਰੂਆਂ ਦੀ ਬਾਣੀ ਸੁਣਕੇ,ਨਾਮ-ਸਿਮਰਨ ਕਰਕੇ,ਸਾਧ-ਸੰਗਤ ਦੀ ਹੱਥੀ ਸੇਵਾ ਕਰਕੇ...
ਬੱਚਿਓ ਜਿਸ ਪਾਸ ਇਹ ਗੁਣ ਹੋਣ ਉਸਨੂੰ ਹਰ ਥਾਂ ਆਦਰ ਸਤਿਕਾਰ ਮਿਲਦਾ ਹੈ।ਸਾਰੇ ਉਸਨੂੰ ਪਿਆਰ ਕਰਦੇ ਹਨ।ਗੁਰੂ ਨਾਨਕ ਪਾਤਸ਼ਾਹ ਨੇ ਵੀ ਤਾਂ ਇਹੋ ਕੁਝ ਵੰਡਿਆ...
ਲਓ ਬੱਚਿਓ... ਇੱਕ ਹੋਰ ਸਾਖੀ ਯਾਦ ਆ ਗਈ...
ਸੁਣਾਓ ਨਾਨੀ ਜੀ।
ਗੁਰੂ ਨਾਨਕ ਤੇ ਭਾਈ ਮਰਦਾਨਾ ਦੇਸ ਦੇਸਾਂਤਰਾਂ ਦਾ ਭਰਮਣ ਕਰਦੇ ਇਕ ਬਾਰ ਇਕ ਵੱਡੇ ਸ਼ਹਿਰ ਵਿੱਚ ਦਾਖਲ ਹੋਏ,ਕੀ ਵੇਖਦੇ ਹਨ ਇਕ ਬਹੁਤ ਵੱਡੀ ਹਵੇਲੀ ਹੈ,ਜਿਸ ਤੇ ਉੱਪਰ ਸੱਤ ਝੰਡੇ ਲਾਏ ਹੋਏ ਹਨ,ਗੁਰੂ ਜੀ ਸਮਝ ਗਏ ਕਿ ਇਹ ਕਿਸੇ ਅਮੀਰ,ਧਨਵਾਨ,ਸ਼ਾਹੂਕਾਰ ਦੀ ਹਵੇਲੀ ਹੀ ਹੋ ਸਕਦੀ ਹੈ।ਭਾਈ ਮਰਦਾਨੇ ਨੂੰ ਰਬਾਬ ਛੇੜਨ ਵਾਸਤੇ ਆਖਦਿਆਂ ਗੁਰੂ ਜੀ ਵਿਸਮਾਦ ਵਿੱਚ ਆ ਕੇ ਸ਼ਬਦ ਗਾਣ ਲੱਗੇ...
ਸ਼ਬਦ ਗਉਣ ਦੀ ਮਿੱਠੀ ਅਵਾਜ਼ ਸੁਣਕੇ ਉਸ ਹਵੇਲੀ ਦਾ ਮਾਲਕ ਸ਼ਾਹੂਕਾਰ ਬਾਹਰ ਆ ਗਿਆ ਅਤੇ ਗੁਰੂ ਜੀ ਨੂੰ ਬੇਨਤੀ ਕਰਕੇ ਅੰਦਰ ਲੈ ਗਿਆ।ਇਹ ਸੇਠ ਦੁਨੀ ਚੰਦ ਦੀ ਹਵੇਲੀ ਸੀ,ਉਸਨੇ ਆਪਣੇ ਹਵੇਲੀ ਤੇ ਸੱਤ ਝੰਡੇ ਇਸ ਵਾਸਤੇ ਲਾਏ ਹੋਏ ਸਨ ਕਿਉਂਕਿ ਉਸਨੇ ਸੱਤ ਕਰੋੜ ਮੁਹਰਾਂ ਜਮ੍ਹਾਂ ਕਰ ਲਈਆਂ ਸਨ,ਜਦੋਂ ਉਸ ਪਾਸ ਕਰੋੜ ਮੁਹਰਾਂ ਹੋ ਜਾਂਦੀਆਂ ਉਹ ਇੱਕ ਝੰਡਾ ਆਪਣੀ ਹਵੇਲੀ ਉੱਪਰ ਲਾ ਦਿੰਦਾ।ਜਦੋਂ ਸੇਠ ਦੁਨੀ ਚੰਦ ਆਪਣੇ ਧਨ ਦਾ ਵਿਖਾਵਾ ਕਰਨ ਲੱਗਾ ਤਾਂ ਬਾਬੇ ਨੇ ਬੜੀ ਹਲੀਮੀ ਤੇ ਪਿਆਰ ਨਾਲ ਆਖਿਆ:

ਸੇਠ ਜੀ ਇਕ ਮੇਰਾ ਕੰਮ ਕਰੋਗੇ...?
ਜੀ ਹੁਕਮ ਕਰੋ ਮਹਾਰਾਜ...
ਸੇਠ ਦੁਨੀ ਚੰਦ ਨੇ ਦੋਵੇਂ ਹੱਥ ਜੋੜਦਿਆਂ ਆਖਿਆ...
ਗੁਰੂ ਸਾਹਿਬ ਨੇ ਬਚਨ ਕੀਤਾ:
ਸੇਠ ਜੀ ਹੱਥ ਅੱਗੇ ਕਰੋ...
ਸੇਠ ਦੁਨੀ ਚੰਦ ਨੇ ਦੋਵੇਂ ਹੱਥਾਂ ਦਾ ਬੁੱਕ ਬਣਾਕੇ ਗੁਰੂ ਜੀ ਦੇ ਅੱਗੇ ਕੀਤਾ,ਇਹ ਸੋਚਦਿਆਂ ਵੱਡੇ ਸਾਧੂ ਹਨ,ਸ਼ਾਇਦ ਮੇਰੀ ਸੇਵਾ ਤੋਂ ਪ੍ਰਸੰਨ ਹੋਕੇ ਕੋਈ ਹੀਰਾ ਲਾਲ ਹੀ ਦੇਣ ਲੱਗੇ ਹਨ...
ਗੁਰੂ ਜੀ ਨੇ ਇੱਕ ਸੂਈ ਸੇਠ ਦੁਨੀ ਚੰਦ ਦੇ ਬੁੱਕ ਵਿੱਚ ਰੱਖ ਦਿੱਤੀ ਤੇ ਬਚਨ ਕੀਤਾ: ਸੇਠ ਜੀ ਇਹ ਸੂਈ ਸਾਡੀ ਅਮਾਨਤ ਰਹੀ,ਤੁਸਾਂ ਤੋਂ ਦਰਗਾਹ ਵਿੱਚ ਲਵਾਂਗੇ...
ਗੁਰੂ ਜੀ ਦਾ ਬਚਨ ਸੁਣਕੇ ਸੇਠ ਦੁਨੀ ਚੰਦ ਸੋਚਾਂ ਵਿੱਚ ਪੈ ਗਿਆ...
ਇੱਧਰ ਭਾਈ ਮਰਦਾਨਾ ਬਾਬੇ ਦਾ ਸਵਾਲ ਸੁਣ ਨਿਹਾਲ ਹੋ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਵੇਖੀਏ ਹੁਣ ਸੇਠ ਬਾਬੇ ਦੀ ਅੜੌਣੀ ਦਾ ਕੀ ਜਵਾਬ ਦਿੰਦਾ ਹੈ ?
ਕੁਝ ਦੇਰ ਸੋਚ ਕੇ ਸੇਠ ਦੁਨੀ ਚੰਦ ਆਖਣ ਲੱਗਾ: ਬਾਬਾ ਜੀ ਇਹ ਸੂਈ ਮੈਂ ਦਰਗਾਹ ਵਿੱਚ ਕਿਵੇਂ ਲੈ ਕੇ ਜਾਵਾਂਗਾ....?
ਗੁਰੂ ਜੀ ਆਖਣ ਲੱਗੇ ਸੇਠ ਜੀ ਜਿਸ ਤਰ੍ਹਾਂ ਤੁਸੀਂ ਆਪਣੀਆਂ ਸੱਤ ਕਰੋੜ ਸੋਨੇ ਦੀਆਂ ਮੋਹਰਾਂ ਲੈ ਕੇ ਜਾਓਗੇ...
ਗੁਰੂ ਜੀ ਦੇ ਸੱਚੇ ਬੋਲ ਸੁਣਕੇ ਸੇਠ ਦੁਨੀ ਚੰਦ ਦੇ ਕਪਾਟ ਖੁੱਲ ਗਏ ਤੇ ਪੁੱਛਣ ਲੱਗਾ ਦੱਸੋ ਜੀ ਫਿਰ ਮੈਂ ਕੀ ਕਰਾਂ ?
ਸੇਠ ਦੁਨੀ ਚੰਦ ਜੀ ਤੁਸੀਂ ਆਪਣੀ ਜਮ੍ਹਾਂ ਕੀਤੀ ਇਹ ਮਾਇਆ ਪਰਉਪਕਾਰ ਲਈ ਖਰਚ ਕਰੋ,ਲੋਕ ਭਲਾਈ ਦੇ ਕੰਮ ਕਰੋ,ਖਲਕਤ ਦੇ ਪਾਣੀ ਪੀਣ ਵਾਸਤੇ ਖੂਹ ਲਗਵਾ ਦਿਓ,ਯਾਤਰੂਆਂ ਦੇ ਰਹਿਣ ਲਈ ਸਰਾਵਾਂ ਬਣਾ ਦਿਓ,ਧਰਮਸਾਲਾ ਬਣਾਓ,ਗਰੀਬ-ਗੁਰਬਿਆਂ ਦੀ ਮੱਦਦ ਕਰੋ,ਗਰੀਬ ਘਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਤੇ ਖਰਚ ਕਰੋ,ਲੋੜ-ਵੰਦਾਂ ਨੂੰ ਦਾਨ ਕਰੋ ਵੇਖਿਓ ਤੁਹਾਡੇ ਮਨ ਨੂੰ ਕਿਵੇਂ ਸ਼ਾਂਤੀ ਮਿਲੇਗੀ,ਸਭ ਪਾਸੇ ਤੁਹਾਡਾ ਜੱਸ ਹੋਵੇਗਾ,ਲੋਕ ਸੁਖੀਏ ਪ੍ਰਲੋਕ ਸੁਹੇਲੇ ਹੋਵੋਗੇ।

# ਸਾਖੀ ਪਾਲੀ ਲੜਕੇ ਦੇ ਸੁਲਤਾਨ ਬਣਨ ਦੀ

ਦਾਦੀ ਮਾਂ ਨੇ ਕਥਾ ਵਾਰਤਾ ਜਾਰੀ ਰੱਖਦਿਆਂ ਆਖਿਆ ਪਿਆਰੇ ਬੱਚਿਓ ! ਜਥੇਦਾਰ ਦੀਵਾਨਾਂ ਵਿਚ ਇੱਕ ਧਾਰਨਾ ਗਾਇਆ ਕਰਦੇ ਹਨ, "ਗੁਰੂ ਪ੍ਰੇਮ ਅਤੇ ਭਗਤੀ ਦਾ ਭੁੱਖਾ , ਭੁੱਖਾ ਨਹੀਂ ਪਦਾਰਥਾਂ ਦਾ " - ਗੁਰੂ ਦੇ ਚਰਨਾਂ ਵਿੱਚ ਸ਼ਰਧਾ, ਪ੍ਰੇਮ ਅਤੇ ਭਗਤੀ ਪ੍ਰਵਾਨ ਹੁੰਦੀ ਹੈ। ਗੁਰੂ ਨੂੰ ਲਾਲਾਂ, ਹੀਰਿਆਂ ਜਾਂ ਕੀਮਤੀ ਵਸਤੂਆਂ ਨਾਲ ਖੁਸ਼ ਨਹੀਂ ਕੀਤਾ ਜਾ ਸੱਕਦਾ। ਗੁਰੂ ਦਰ ਤੇ ਤਾਂ ਪ੍ਰੇਮ ਹੀ ਪ੍ਰਵਾਨ ਹੁੰਦਾ ਹੈ। ਭਾਈ ਗੁਰਦਾਸ ਜੀ ਤੇ ਏਥੋਂ ਤੱਕ ਆਖਦੇ ਹਨ ਕਿ ਜੇ ਕੋਈ ਸੱਚੇ ਪ੍ਰੇਮ ਅਤੇ ਭਗਤੀ-ਭਾਵਨਾ ਨਾਲ ਗੁਰੂ ਚਰਨਾਂ ਵਿੱਚ ਇੱਕ ਕੋਡੀ ਵੀ ਰੱਖਦਾ ਹੈ ਤਾਂ ਗੁਰੂ ਉਸਨੂੰ ਸਾਰਾ ਖਜਾਨਾ ਦੇ ਦੇਂਦਾ ਹੈ।

ਦਾਦੀ ਜੀ,ਭਗਤੀ ਭਾਵਨਾ ਕੀ ਹੁੰਦੀ ਹੈ? ਧੰਨਾ ਸਿੰਘ ਨੇ ਪੁੱਛਿਆ।

ਦਾਦੀ ਜੀ ਸਵਾਲ ਸੁਣ ਕੇ ਖੁਸ਼ ਹੋਏ ਤੇ ਆਖਿਆ, "ਸ਼ਾਬਾਸ਼ ਬੱਚਿਓ!" ਇਸਦਾ ਮਤਲਬ ਹੋਇਆ ਕਿ ਤੁਸੀਂ ਇੱਕ-ਇੱਕ ਸ਼ਬਦ ਬਹੁਤ ਧਿਆਨ ਨਾਲ ਸੁਣਦੇ ਹੋ।

'ਭਗਤੀ-ਭਾਵਨਾ ਹੁੰਦੀ ਹੈ, ਸ਼ਰਧਾ ਅਤੇ ਸਮਰਪਣ ਦੀ, ਤਿਆਗ ਦੀ ਅਤੇ ਸੇਵਾ ਦੀ ਭਾਵਨਾ। ਸ਼ਰਧਾ ਹੁੰਦੀ ਹੈ ਗੁਰੂ ਨੂੰ ਰੱਬ ਦਾ ਰੂਪ ਸਮਝਣਾ ਅਤੇ ਸਮਰਪਣ ਜਾਂ ਤਿਆਗ ਹੁੰਦਾ ਹੈ - ਬਿਨਾਂ ਕਿਸੇ ਫਲ ਦੀ ਇੱਛਾ ਤੋਂ ਸੇਵਾ ਕਰਨੀ।

ਸੁੱਖਣਾ ਸੁੱਖਣੀ ਅਤੇ ਫੇਰ ਸੁੱਖਣਾ ਪੂਰੀ ਕਰਨ ਲਈ ਨਾਮ ਜਪਣਾ, ਦਾਨ ਕਰਨਾ ਜਾਂ ਸੇਵਾ ਕਰਨੀ ,ਸੁੱਖਣਾ ਤਾਂ ਰੱਬ ਨਾਲ, ਗੁਰੂ ਨਾਲ ਸੌਦੇਬਾਜ਼ੀ ਹੁੰਦੀ ਹੈ। ਜਿਵੇਂ ਕਈ ਅਰਦਾਸ ਕਰਦੇ ਹਨ - "ਸੱਚੇ ਪਾਤਸ਼ਾਹ ਮੇਰਾ ਕੰਮ ਹੋ ਜਾਵੇ, ਮੈਂ ਚੰਗੇ ਨੰਬਰ ਲੈਕੇ ਪਾਸ ਹੋ ਜਾਵਾਂ ,ਵਗੈਰਾ।" ਪਰ ਬਿਨਾਂ ਕਿਸੇ ਇੱਛਾ ਤੋਂ ਸੇਵਾ ਕਰਨੀ, ਕੁਛ ਮੰਗਿਆ ਤੋਂ ਬਿਨਾਂ ਬੱਸ ਸਿਰਫ਼ ਪ੍ਰੇਮ ਨਾਲ ਸਿਮਰਨ ਕਰਨਾ - ਭਗਤੀ ਉਸਨੂੰ ਕਹਿੰਦੇ ਹਨ। ਜਨਮ ਸਾਖੀ ਵਿੱਚ ਇੱਕ ਭਗਤੀ-ਭਾਵ ਦੀ ਬੜੀ ਪਿਆਰੀ ਕਥਾ ਹੈ : ਸਾਖੀ ਇੱਕ ਪਾਲੀ ਬਾਲਕ ਨਾਲ ਹੋਈ। ਇੱਕ ਗਰੀਬ ਕਿਸਾਨ ਦੇ ਲੜਕੇ ਦੀ ਕਥਾ।

ਗੁਰੂ ਨਾਨਕ ਦੇਵ ਜੀ ਲੋਕਾਂ ਨੂੰ ਤਾਰਦੇ, ਉਪਦੇਸ਼ ਦਿੰਦੇ ਇੱਕ ਖੇਤ ਦੇ ਕੋਲੋਂ ਜਾ ਰਹੇ ਸਨ, ਖੇਤ ਵਿੱਚ ਛੋਲਿਆਂ ਦੀ ਫ਼ਸਲ ਬਹੁਤ ਸੋਹਣੀ ਸੀ। ਹਰੇ ਛੋਲਿਆਂ ਨਾਲ ਬੂਟੇ ਭਰੇ ਹੋਏ ਸਨ। ਖੇਤ ਦਾ ਮਾਲਕ - ਇੱਕ ਨੌਜਵਾਨ ਬਾਲਕ ਛਿਟੀਆਂ ਦੀ ਅੱਗ ਬਾਲ ਕੇ ਹੋਲਾਂ ਭੁੰਨ ਰਿਹਾ ਸੀ।

'ਬੇਬੇ ਜੀ' ਛਿਟੀਆਂ ਕੀ ਹੁੰਦੀਆਂ ਹਨ ਤੇ ਹੋਲਾਂ ਕਿਹਨੂੰ ਆਖਦੇ ਹਨ? - ਅੱਜ ਪਹਿਲੇ ਦਿਨ ਕਥਾ ਸੁਣਨ ਆਈ ਪਿੰਡ ਦੀ ਇੱਕ ਬੱਚੀ ਪ੍ਰੀਤੀ ਨੇ ਪੁੱਛਿਆ।

"ਬੇਟਾ ਕਪਾਹ ਦੇ ਬੂਟਿਆਂ ਤੋਂ ਜਦੋਂ ਕਪਾਹ ਚੁਗ ਲਈ ਜਾਂਦੀ ਹੈ ਤਾਂ ਬੂਟਿਆਂ ਨੂੰ ਕੱਟ ਕੇ ਖੇਤ ਦੇ ਇੱਕ ਪਾਸੇ ਵੱਡਾ ਢੇਰ ਲਾ ਲੈਂਦੇ ਹਨ। ਇਹ ਪਤਲੀਆਂ ਟਾਹਣੀਆਂ ਸੁੱਕ ਜਾਣ ਤੇ ਬਾਲਣ ਦਾ ਕੰਮ ਬਹੁਤ ਵਧੀਆ ਦਿੰਦੀਆਂ ਹਨ - ਅੱਜ ਕੱਲ੍ਹ ਤਾਂ ਗੈਸ ਚੁੱਲ੍ਹੇ ਆ ਗਏ। ਪਹਿਲਾਂ ਲੋਕ ਘਰਾਂ ਵਿੱਚ ਛਿਟੀਆਂ ਨਾਲ ਅੱਗ ਬਾਲ ਕੇ ਭੋਜਨ ਪਕਾਉਂਦੇ ਸਨ ਅਤੇ ਹੋਲਾਂ ਹੁੰਦੀਆਂ ਹਨ ਜੋ ਛੋਲਿਆਂ ਦੇ ਬੂਟਿਆਂ ਨੂੰ ਜਦੋਂ ਦਾਣੇ ਪੈ ਜਾਂਦੇ ਹਨ ਪਰ

ਅਜੇ ਪੂਰੇ ਪੱਕੇ ਨਹੀਂ ਹੁੰਦੇ। ਇਹਨਾਂ ਨੂੰ ਲੋਕ 'ਹਰਾ ਛੋਲੀਆ ' ਵੀ ਆਖਦੇ ਹਨ, ਇਹਨਾਂ ਹਰੇ ਛੋਲਿਆਂ ਦੀ ਸਬਜ਼ੀ ਵੀ ਬਣਦੀ ਹੈ – ਲੋਕ ਖੇਤਾਂ ਵਿੱਚ ਹੀ ਹਰੇ ਦਾਣਿਆਂ ਵਾਲੇ ਬੂਟੇ ਪੁੱਟ ਕੇ ਛਿਟੀਆਂ ਦੀ ਅੱਗ ਬਾਲ ਕੇ ਉਨ੍ਹਾਂ ਨੂੰ ਭੁੰਨ ਲੈਂਦੇ ਤੇ ਫੇਰ ਭੁੰਨੇ ਹੋਏ ਦਾਣਿਆਂ ਨੂੰ ਛਿਲਕੇ ਉਤਾਰ ਕੇ ਖਾਂਦੇ ਹੁੰਦੇ ਸਨ – ਇਹ ਭੁੰਨੇ ਹੋਏ ਦਾਣੇ ਬਹੁਤ ਸਵਾਦ ਹੁੰਦੇ ਹਨ। ਇਹਨਾਂ ਭੁੰਨੇ ਦਾਣਿਆਂ ਨੂੰ 'ਹੋਲਾਂ' ਕਹਿੰਦੇ ਹਨ। – ਗੁਰੂ ਸਾਹਿਬ ਤੇ ਭਾਈ ਬਾਲਾ, ਮਰਦਾਨਾ ਜੀ ਉਸ ਖੇਤ ਵਿੱਚੋਂ ਲੰਘ ਰਹੇ ਸਨ। ਉਸ ਨੌਜਵਾਨ ਲੜਕੇ ਨੇ ਗੁਰੂ ਸਾਹਿਬ ਦੇ ਚਰਨਾਂ ਤੇ ਬੜੇ ਪ੍ਰੇਮ ਨਾਲ ਮੱਥਾ ਟੇਕਿਆ; ਪਰਾਲੀ ਵਿਛਾ ਕੇ ਬੈਠਣ ਦੀ ਬੇਨਤੀ ਕੀਤੀ ਅਤੇ ਹੋਲਾਂ ਅੱਗੇ ਰੱਖ ਬੇਨਤੀ ਕੀਤੀ: "ਹੇ ਮਹਾਤਮਾ ਜੀ, ਮੇਰੇ ਪਾਸ ਏਥੇ ਹੋਲਾਂ ਹੀ ਹਨ ਕਿਰਪਾ ਕਰਕੇ ਇਹ ਛਕੋ ਤੇ ਨੇੜੇ ਹੀ ਮੇਰਾ ਪਿੰਡ ਹੈ ਮੈਂ ਭੱਜ ਕੇ ਤੁਹਾਡੇ ਛਕਣ ਲਈ ਗਰਮ-ਗਰਮ ਦੁੱਧ ਲੈ ਕੇ ਆਉਂਦਾ ਹਾਂ। ਲੰਗਰ ਵੀ ਤਿਆਰ ਕਰਕੇ ਲੈ ਆਉਂਦਾ ਹਾਂ – ਮੇਰੀ ਥੋੜ੍ਹੀ ਜਿਹੀ ਸੇਵਾ ਪ੍ਰਵਾਨ ਕਰੋ।" – ਗੁਰੂ ਸਾਹਿਬ ਤੇ ਬਾਲਾ-ਮਰਦਾਨਾ ਹੋਲਾਂ ਛਕ ਰਹੇ ਸਨ ਤਾਂ ਉਹ ਲੜਕਾ ਪਿੰਡ ਜਾਣ ਲੱਗਾ। ਤਾਂ ਗੁਰੂ ਸਾਹਿਬ ਨੇ ਬਚਨ ਕੀਤਾ: "ਕਾਕਾ ਤੇਰੀਆਂ ਹੋਲਾਂ ਹੀ ਸਾਨੂੰ ਪ੍ਰਵਾਨ ਹਨ – ਤੈਨੂੰ ਪਿੰਡ ਜਾਣ ਦੀ ਲੋੜ ਨਹੀਂ – ਹੋਲਾਂ ਖਾ ਕੇ ਅਸੀਂ ਜਲ ਛਕਾਂਗੇ।" ਅਤੇ ਗੁਰੂ ਸਾਹਿਬ ਨੇ ਸਲੋਕ ਉਚਾਰਿਆ:

**ਸੱਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਰਵਾਨ ॥**
**ਨਾਨਕ ਸਿਫਤੀ ਤ੍ਰਿਪਤਿਆ ਆਓ ਬੈਠ ਸੁਲਤਾਨ ॥**

ਤਾਂ ਗੁਰੂ ਜੀ ਕਹਿਆ – "ਹੇ ਬਾਲਕ ਇਹ ਤੂੰ ਜੋ ਸਾਡੇ ਵਾਸਤੇ ਪਰਾਲੀ ਵਿਛਾਈ ਹੈ – ਸਾਡੇ ਵਾਸਤੇ ਇਹੋ ਹੀ ਲੈਫ ਨਿਹਾਲੀ ਹੈ, ਗਦੇਲਿਆਂ ਵਾਂਗ ਹੈ ਅਤੇ ਜੋ ਤੂੰ ਬਹੁਤ ਪ੍ਰੇਮ ਨਾਲ ਸੇਵਾ ਕੀਤੀ ਹੈ ਤੇਰੀ ਇਹ ਪ੍ਰੇਮ ਭਾਵਨਾ ਹੀ ਸਾਡਾ ਭੋਜਨ ਹੈ, ਅਸੀਂ ਤੇਰੇ ਪਰ ਬਹੁਤ ਪ੍ਰਸੰਨ ਹਾਂ।" – ਇਸਤਰਾਂ ਉਸ ਬਾਲਕ ਨੂੰ ਖੁਸ਼ੀਆਂ ਬਖਸ਼ਦੇ ਗੁਰੂ ਜੀ ਉਸ ਅੱਗੇ ਵਲ ਚਲੇ ਗਏ ਅਤੇ ਉਹ ਬਾਲਕ ਆਪਣੇ ਕਾਰ-ਵਿਹਾਰ ਵਿੱਚ ਲੱਗ ਗਿਆ।

ਕੁਝ ਸਮਾਂ ਬੀਤਿਆ – ਐਸੀ ਹੋਣੀ ਵਰਤੀ ਕਿ ਉੱਥੋਂ ਦਾ ਰਾਜਾ ਚੜ੍ਹਾਈ ਕਰ ਗਿਆ – ਉਸ ਰਾਜੇ ਦੇ ਕੋਈ ਬਾਲ-ਬੱਚਾ ਨਹੀਂ ਸੀ। ਉਸ ਵੇਲੇ ਲੋਕ ਰੱਬ ਦੇ ਭਓ ਵਾਲੇ ਹੁੰਦੇ ਸਨ – ਸਾਰਿਆਂ ਸੋਚਿਆ ਕਿ ਹੁਣ ਰਾਜ ਗੱਦੀ ਤੇ ਕੌਣ ਬੈਠੇ – ਅਸੀਂ ਤਾਂ ਰਾਜੇ ਦੇ ਸੇਵਕ ਹਾਂ, ਸਾਡਾ ਫਰਜ਼ ਸੇਵਾ ਕਰਨਾ ਹੀ ਹੈ। ਉਨ੍ਹਾਂ ਫੈਸਲਾ ਕੀਤਾ ਕਿ ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਕਰਕੇ ਇੱਕ ਦਰਵਾਜਾ ਖੁੱਲ੍ਹਾ ਰੱਖਾਂਗੇ, ਕੱਲ੍ਹ ਨੂੰ ਜੋ ਸੂਰਜ ਚੜ੍ਹਦੇ ਨਾਲ ਸਭ ਤੋਂ ਪਹਿਲਾਂ ਇਸ ਦਰਵਾਜ਼ੇ ਰਾਹੀਂ ਅੰਦਰ ਆਏਗਾ, ਉਸਨੂੰ ਪਰਮੇਸ਼ਰ ਦਾ ਭੇਜਿਆ ਦੂਤ ਮੰਨਕੇ ਰਾਜ ਗੱਦੀ ਤੇ ਬਿਠਾਵਾਂਗੇ।"

ਗੁਰੂ ਸਾਹਿਬ ਦਾ ਬਚਨ 'ਆਓ ਬੈਠ ਸੁਲਤਾਨ' ਪੂਰਾ ਹੋਣ ਦਾ ਸਮਾਂ ਆ ਗਿਆ। ਉਹ ਲੜਕਾ ਰਾਤ ਖੇਤਾਂ ਵਿੱਚ ਸੀ, ਐਸੀ ਬਿਧ ਬਣੀ ਕਿ ਸਵੇਰੇ-ਸਵੇਰੇ ਉਹੀ ਲੜਕਾ ਸਭ ਤੋਂ ਪਹਿਲਾਂ ਨਗਰ ਦੇ ਦਰਵਾਜ਼ੇ ਤੇ ਪੁੱਜਾ। ਡਿਓਢੀ ਤੇ ਖੜ੍ਹੇ ਸੰਤਰੀਆਂ ਬਹੁਤ ਅਦਬ ਕੀਤਾ ਤੇ ਉਸਨੂੰ ਰਾਜੇ ਦੇ ਮਹਿਲ ਵਿੱਚ ਲੈ ਗਏ, ਵਜ਼ੀਰਾਂ ਨੇ ਉਸ ਲੜਕੇ ਦਾ ਇਸ਼ਨਾਨ ਕਰਵਾਇਆ, ਸ਼ਾਹੀ ਪੋਸ਼ਾਕ ਪੁਆ ਕੇ ਬੜੇ ਅਦਬ ਨਾਲ ਤਖ਼ਤ ਤੇ ਬਿਠਾ ਕੇ ਰਾਜ-ਤਿਲਕ ਲਾਇਆ।

ਬੱਚਿਓ, ਜਦੋਂ ਉਸ ਸਾਧਾਰਨ ਕਿਸਾਨ ਦੇ ਲੜਕੇ ਦੇ ਸੀਸ ਤੇ ਸੁਨਿਹਰੀ ਮੁਕਟ ਪਹਿਨਾਇਆ ਗਿਆ ਤਾਂ ਉਸਦੀਆਂ ਅੱਖਾਂ ਵਿੱਚ ਹੰਝੂ ਆ ਗਏ। ਵਜ਼ੀਰ, ਮੁਸੱਦੀ ਹੈਰਾਨ ਹੋਏ ਤੇ ਪੁੱਛਣ ਲੱਗੇ: "ਮਹਾਰਾਜ, ਤੁਹਾਡੀਆਂ ਅੱਖਾਂ ਵਿੱਚ ਹੰਝੂ ਕਿਉਂ ਆਏ, ਕੋਈ ਦੁੱਖ-ਤਕਲੀਫ਼ ਹੈ?"

ਉਸ ਨਵੇਂ-ਨਵੇਂ ਰਾਜੇ ਬਣੇ ਲੜਕੇ ਨੇ ਬੜੇ ਪ੍ਰੇਮ ਨਾਲ ਆਖਿਆ: "ਨਹੀਂ, ਕੋਈ ਤਕਲੀਫ਼ ਨਹੀਂ, ਇਹ ਤੇ ਗੁਰੂ ਪ੍ਰੇਮ ਦੇ ਹੰਝੂ ਹਨ। ਕੁਝ ਦਿਨ ਪਹਿਲਾਂ ਹੀ ਮੇਰੇ ਖੇਤ ਵਿੱਚ ਆਪਣੇ ਦੋ ਸੇਵਕਾਂ ਨਾਲ ਗੁਰੂ ਨਾਨਕ ਆਏ ਸਨ, ਮੈਂ ਉਨ੍ਹਾਂ ਨੂੰ ਹੋਲਾਂ ਭੇਟ ਕੀਤੀਆਂ ਜੋ ਉਨ੍ਹਾਂ ਪ੍ਰਵਾਨ ਕੀਤੀਆਂ ਤੇ ਛਕ ਕੇ ਮੈਨੂੰ ਬਚਨ ਕੀਤਾ ਸੀ – 'ਆਓ ਬੈਠ

ਸੁਲਤਾਨ'। ਇਹ ਤੇ ਉਸ ਸਮਰੱਥ ਗੁਰੂ ਦਾ ਬਚਨ ਵਰਦਾਨ ਪੂਰਾ ਹੋਇਆ ਹੈ। ਇਸ ਲਈ ਉਸ ਸਤਿਗੁਰੂ ਦਾ ਬਚਨ ਯਾਦ ਕਰਕੇ ਮੇਰੀਆਂ ਅੱਖਾਂ ਭਰ ਆਈਆਂ ਹਨ, ਨਹੀਂ ਤੇ ਮੈਂ ਕਿੱਥੇ ਤੇ ਇਹ ਰਾਜ ਤਖ਼ਤ ਕਿੱਥੇ? – ਇਹ ਤੇ ਸਭ ਉਸ ਗੁਰ-ਪਰਮੇਸ਼ਰ ਦੀ ਲੀਲਾ ਹੈ।"

ਇਹ ਸਾਰੀ ਵਾਰਤਾ ਸੁਣ ਸਾਰੇ ਦਰਬਾਰੀਆਂ ਉਸ ਲੜਕੇ ਅੱਗੇ ਸੀਸ ਝੁਕਾਏ ਤੇ ਸਮਝਿਆ ਕਿ ਸਾਡਾ ਸੰਕਲਪ ਪੂਰਾ ਹੋਇਆ ਜੋ ਗੁਰੂ ਦੇ ਬਚਨ ਨਾਲ ਸਾਨੂੰ ਇੱਕ ਧਰਮੀ ਰਾਜਾ ਮਿਲ ਗਿਆ ਹੈ। ਸਾਰੇ 'ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!!' ਆਖਣ ਲੱਗੇ।

ਬੇਬੇ ਨੇ ਕਿਹਾ: "ਬੱਚਿਓ, ਤੁਸੀਂ ਵੀ ਸਾਰੇ ਕਹੋ: ਧੰਨ ਗੁਰੂ ਨਾਨਕ ਸੱਚਾ ਪਾਤਸ਼ਾਹ।"

ਸਾਰੇ ਬੱਚਿਆਂ ਕਿਹਾ: "ਧੰਨ ਗੁਰੂ ਨਾਨਕ ਸੱਚਾ ਪਾਤਸ਼ਾਹ।"

ਆਤਮਾ ਸਿੰਘ ਨੇ ਕਿਹਾ: "ਨਾਨੀ ਜੀ ਉਸ ਲੜਕੇ ਨੂੰ ਤਾਂ ਗੁਰੂ ਸਾਹਿਬ ਦੀ ਸੇਵਾ ਦਾ ਕਿੰਨਾ ਵੱਡਾ ਫਲ ਮਿਲਿਆ।"

"ਹਾਂ ਪੁੱਤ, ਪ੍ਰੇਮ ਨਾਲ ਸੇਵਾ ਕੀਤੀ ਕਦੇ ਨਿਸ਼ਫਲ ਨਹੀਂ ਜਾਂਦੀ। ਫਿਰ ਪੂਰੇ ਗੁਰੂ ਦਾ ਬਚਨ ਵੀ ਹੋਇਆ ਸੀ , ਤੁਸੀਂ ਕਈ ਗੱਡੀਆਂ, ਬੱਸਾਂ ਤੇ ਲਿਖਿਆ ਪੜ੍ਹਿਆ ਹੋਏਗਾ ,"ਲਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ "

ਸੋ ਪਿਆਰੇ ਬੱਚਿਓ ਦੱਸੋ ਇਸ ਸਾਖੀ ਤੋਂ ਸਾਨੂੰ ਕੀ ਸਿਖਿਆ ਮਿਲਦੀ ਹੈ...

ਸਾਰੇ ਬੱਚੇ ਇਕੱਠੇ ਹੀ ਬੋਲ ਪਏ : ਇਸ ਸਾਖੀ ਤੋਂ ਸਾਨੂੰ ਪ੍ਰੇਮ ਨਾਲ ਸੇਵਾ ਕਰਨ ਦੀ ਸਿਖਿਆ ਮਿਲਦੀ ਹੈ .

" ਦਾਦੀ ਜੀ ਇਸਤਰਾਂ ਦੀ ਚੰਗੀ ਸਿਖਿਆ ਵਾਲੀ ਕੋਈ ਹੋਰ ਵੀ ਸਾਖੀ ਸੁਣਾਓ . ਧੰਨਾ ਸਿੰਘ ਨੇ ਕਿਹਾ

"ਹਾਂ ਪੁੱਤ ਹੋਰ ਸੁਣੋ :

ਇਸੇ ਤਰ੍ਹਾਂ ਉਦਾਸੀਆਂ ਸਮੇਂ ਜਦੋਂ ਗੁਰੂ ਨਾਨਕ ਦੇਵ ਜੀ ਲੋਕਾਂ ਨੂੰ ਤਾਰਦੇ ਵਿਚਰ ਰਹੇ ਸਨ ਰਸਤੇ ਵਿੱਚ ਇਕ ਵਪਾਰੀ ਮਿਲਿਆ ਤਾਂ ਗੁਰੂ ਜੀ ਨੇ ਉਸ ਵਪਾਰੀ ਨੂੰ ਪੁੱਛਿਆ: "ਭਾਈ ਤੇਰੇ ਪਾਸ ਕੀ ਚੀਜ਼ ਹੈ?"

"ਜੀ ਮੇਰੇ ਪਾਸ ਲੂਣ ਤੇ ਵੜੇਵੇਂ ਹੈਂ ਹੈਨ।"

ਤਾਂ ਗੁਰੂ ਜੀ ਕਹਿਆ..."ਇਸ ਬੁਚਕੇ ਵਿਚ ਕੀ ਹੈ, ਅਸਾਨੂੰ ਖੋਲ੍ਹਕੇ ਦਿਖਾਓ।"

...ਤਾਂ ਵਪਾਰੀ ਨੇ ਬੁਚਕਾ ਖੋਲ੍ਹਿਆ ਤਾਂ ਕਿਹਾ ਜੀ ਇਹ ਵੱਟੇ ਹੈਨ, ਲੂਣ ਤੇ ਵੜੇਵੇਂ ਤੋਲਣ ਵਾਸਤੇ। ...ਇਹ ਪੰਜਸੇਰੀ ਹੈ, ਐਹ ਦੁਸੇਰੀ, ਆਹ ਤੀਸਰਾ ਵੱਟਾ ਸੇਰ ਦਾ ਤੇ ਚੌਥਾ ਅੱਧ ਸੇਰ, ਪੰਜਵਾਂ ਪਾਉ ਹੈ। ਤਾਂ ਗੁਰੂ ਜੀ ਨੇ ਉਸ ਪਾਉ ਨੂੰ ਮੱਥਾ ਟੇਕਿਆ ਤੇ ਕਿਹਾ ਪਾਉ ਤੂੰ ਧੰਨ ਹੈਂ ਜਿਸ ਪਾਉ ਕਹਾਇਆ।

...ਫੇਰ ਹੋਰ ਵੱਟਿਆਂ ਬਾਰੇ ਪੁੱਛਿਆ ਭਾਈ ਇਹ ਕੀ ਹੈ?

ਤਾਂ ਉਸ ਵਪਾਰੀ ਦੱਸਿਆ ਜੀ ਐਹ ਅੱਧ ਪਾਉ ਤੇ ਐਹ ਸਰਸਾਹੀ ਹੈ। ...ਫੇਰ ਗੁਰੂ ਜੀ ਕਹਿਆ ਸਰਸਾਹੀ ਤੂੰ ਧੰਨ ਹੈਂ ਜਿਸਨੇ ਛੋਟੀ ਕਹਾਇਆ।

ਤਾਂ ਫੇਰ ਗੁਰੂ ਜੀ ਨੇ ਉਸ ਵਪਾਰੀ ਨੂੰ ਉਪਦੇਸ਼ ਦਿੱਤਾ: ਭਾਈ ਨਿਮਾਣਾ ਨਿਤਾਣਾ ਹੋ ਕੇ ਹੀ ਪਰਮੇਸ਼ਰ ਦੇ ਦਰ ਪ੍ਰਵਾਨ ਹੋਈਦਾ ਹੈ। ...ਮਾਣ ਹੁੰਦੇ ਹੋਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ। ...ਵੱਡਾ ਹੋ ਕੇ ਵੀ ਜੋ ਛੋਟਿਆਂ ਅੱਗੇ ਝੁਕਦਾ ਹੈ ਪਰਮੇਸ਼ਰ ਦੀ ਉਸ ਪਰ ਅਪਾਰ ਖੁਸ਼ੀ ਹੁੰਦੀ ਹੈ ਉਸਦੀ ਸੰਸਾਰ ਵਿਚ ਵੀ ਸੋਭਾ ਹੁੰਦੀ ਹੈ ਅਤੇ ਰੱਬ ਦੀ ਦਰਗਾਹੇ ਵੀ ਉਸਨੂੰ ਮਾਣ ਮਿਲਦਾ ਹੈ। ...ਭਾਈ ਕਿਸੇ ਨੂੰ ਗਰੀਬ ਜਾਣਕੇ ਨੀਚ ਨਾ ਸਮਝੋ...ਨੀਚ ਤਾਂ ਮਨੁੱਖ ਦਾ ਹੰਕਾਰ ਹੈ। ਤਾਂ ਗੁਰੂ ਜੀ ਸਲੋਕ ਸੁਣਾਇਆ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥
ਭਾਈ ਜਿਥੇ ਨਿਮਾਣੇ ਨਿਤਾਣਿਆਂ ਨੂੰ ਥਾਂ ਮਿਲੇ, ਸਤਿਕਾਰ ਮਿਲੇ, ਉਥੇ ਪਰਮੇਸ਼ਰ ਦੀ ਖੁਸ਼ੀ ਹੁੰਦੀ ਹੈ, ਖੁਦਾਇ ਦੀ ਉਥੇ ਬਖਸ਼ੀਸ਼ ਹੁੰਦੀ।" ...
ਅਜਿਹੇ ਬ੍ਰਹਮ ਗਿਆਨ ਦੇ ਬਚਨ ਸੁਣਕੇ ਉਹ ਵਪਾਰੀ ਗੁਰੂ ਜੀ ਦੇ ਚਰਨੀਂ ਪੈ ਗਿਆ ਤਾਂ ਗੁਰੂ ਜੀ ਨੇ ਉਸਨੂੰ ਸਤਿਨਾਮ ਦਾ ਉਪਦੇਸ਼ ਦਿੱਤਾ, ਗੁਰਮੰਤਰ ਬਖਸ਼ਿਆ ਅਤੇ ਉਪਦੇਸ਼ ਦਿੱਤਾ : ਭਾਈ ਪੁਰਖਾ ਧਰਮ ਦੀ ਕਿਰਤ ਕਰਨੀ , ਪਰਾਇਆ ਹੱਕ ਨਹੀਂ ਲੈਣਾ . ਹਮੇਸ਼ ਸੱਚ ਬੋਲਣਾ ,ਨਿਮਾਣੇ ਹੋ ਕੇ ਰਹਿਣਾ , ਲੋੜਵੰਦ ਦੀ ਸੇਵਾ ਕਰਨੀ ਤੇ ਹਮੇਸ਼ਾਂ ਪਰਮੇਸ਼ਰ ਦਾ ਨਾਮ ਜਪਣਾ ... ਤੇਰਾ ਕਲਿਆਣ ਹੋਵੇਗਾ। ... ਸੋ ਬੱਚਿਓ ਉਹ ਵਪਾਰੀ ਗੁਰੂ ਜੀ ਦਾ ਸਿੱਖ ਬਣਕੇ ਅਖੀਰ ਸਦਗਤੀ ਨੂੰ ਪ੍ਰਾਪਤ ਹੋਇਆ।

# ਮੱਕੇ ਦੀ ਸਾਖੀ

ਬੱਚਿਓ ਬੜੇ ਲੰਬੇ ਸਫ਼ਰ ਤੋਂ ਬਾਅਦ ਗੁਰੂ ਜੀ ਬਾਲੇ ਤੇ ਮਰਦਾਨੇ ਨਾਲ ਮੱਕੇ ਪਹੁੰਚੇ। ਸੂਰਜ ਛਿਪ ਚੁੱਕਾ ਸੀ ਤੇ ਗਹਿਰਾ ਹਨੇਰਾ ਹੋ ਗਿਆ ਸੀ। ਲੰਬੇ ਸਫ਼ਰ ਦੀ ਥਕਾਵਟ ਨਾਲ, ਜਿਸ ਥਾਂ ਤੇ ਬੈਠੇ ਉਸੇ ਥਾਂ ਤੇ ਹੀ ਨੀਂਦਰ ਨੇ ਆ ਘੇਰਿਆ। ਸਵੇਰੇ ਸਵੱਖਤੇ ਹੀ ਮੱਕੇ ਸ਼ਰੀਫ਼ ਦੇ ਆਲੇ-ਦੁਆਲੇ ਦੀ ਸਫਾਈ ਦੀ ਸੇਵਾ ਕਰਨ ਵਾਲਾ ਸੇਵਾਦਾਰ 'ਜੀਵਨ' ਪਹੁੰਚ ਗਿਆ। ਜੀਵਨ ਨੇ ਇਨ੍ਹਾਂ ਮੁਸਾਫਰਾਂ ਨੂੰ ਮੱਕੇ ਸ਼ਰੀਫ ਵੱਲ ਪੈਰ ਕਰਕੇ ਸੁੱਤੇ ਪਏ ਵੇਖਿਆ, ਤਾਂ ਆਖਦੇ ਹਨ ਉਸਨੇ ਪੈਰ ਦੀ ਠੋਕਰ ਮਾਰ ਕੇ ਗੁਰੂ ਜੀ ਨੂੰ ਇਹ ਕਹਿ ਕੇ ਜਗਾਇਆ- ਐ ਗਾਫ਼ਿਲ, ਖੁਦਾ ਦੇ ਘਰ ਵੱਲ ਪੈਰ ਕਰਕੇ ਕਿਉਂ ਸੁੱਤਾ ਪਿਆ ਏ?

ਗੁਰੂ ਸਾਹਿਬ ਨੇ ਅੱਖਾਂ ਖੋਹਲੀਆਂ ਤੇ ਬੋਲੇ- ਐ ਖੁਦਾ ਦੇ ਬੰਦੇ, ਅਸੀਂ ਤੇ ਲੰਬਾ ਸਫ਼ਰ ਕਰਕੇ ਆਏ ਸਾਂ, ਬਹੁਤ ਥੱਕੇ ਹੋਏ ਸਾਂ, ਠੰਢੀ ਵਾਅ ਪਈ ਵੱਗਦੀ ਸੀ, ਜਿੱਥੇ ਆਕੇ ਬੈਠੇ ਉੱਥੇ ਹੀ ਨੀਂਦਰ ਨੇ ਆ ਘੇਰਿਆ। ਪਤਾ ਹੀ ਨਹੀਂ ਲੱਗਾ ਕਿ ਜਿੱਧਰ ਤੂੰ ਦੱਸ ਰਿਹਾ ਏਂ ਇੱਧਰ ਖ਼ੁਦਾ ਦਾ ਘਰ ਹੈ ਪਰ ਐ ਨੇਕ-ਬਖ਼ਤ ਇਸਲਾਮ ਤੇ ਕਹਿੰਦਾ ਹੈ ਕਿ ਖ਼ੁਦਾ ਉੱਲ-ਆਲਮੀਨ (ਭਾਵ ਸਭ ਪਾਸੇ ਮੌਜੂਦ) ਹੈ ਪਰ ਫੇਰ ਵੀ ਜੇ ਤੇਰਾ ਮਨ ਨਹੀਂ ਮੰਨਦਾ ਤੇ ਮੇਰੇ ਪੈਰ ਉਸ ਤਰਫ਼ ਕਰ ਦੇ ਜਿਸ ਤਰਫ਼ ਖੁਦਾ ਮੌਜੂਦ ਨਹੀਂ ਹੈ।

ਬੱਚਿਓ ਗੁਰੂ ਘਰ ਦੇ ਵਿਦਵਾਨ ਭਾਈ ਗੁਰਦਾਸ ਜੀ ਲਿਖਦੇ ਹਨ-

ਲੱਤਾਂ ਵਲ ਖੁਦਾਇ ਦੈ ਕਿਉ ਕਰਿ ਪਇਆ ਹੋਇ ਬਜਿਗਾਰੀ।

ਟੰਗਾਂ ਪਕੜ ਘਸੀਟਿਆ ਮੱਕਾ ਫਿਰਿਆ ਕਲਾ ਦਿਖਾਰੀ।

ਜੀਵਨ ਨੇ ਗੁਰੂ ਸਾਹਿਬ ਦੇ ਪੈਰ ਫੜ ਕੇ ਸੱਚਮੁਚ ਉਲਟੇ ਪਾਸੇ ਘੁਮਾ ਦਿੱਤੇ।

ਗੁਰੂ ਜੀ ਨੇ ਜੀਵਨ ਨੂੰ ਪੁੱਛਿਆ- ਤੂੰ ਜਿਸ ਪਾਸੇ ਮੇਰੇ ਪੈਰ ਕੀਤੇ ਹਨ. ਕੀ ਇਸ ਪਾਸੇ ਖ਼ੁਦਾ ਨਹੀਂ ਹੈ?

ਜੀਵਨ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ। ਉਸ ਨੂੰ ਮਹਿਸੂਸ ਹੋਇਆ ਕਿ ਖ਼ੁਦਾ ਤੇ ਸਭ ਪਾਸੇ ਮੌਜ਼ੂਦ ਹੈ, ਕੇਵਲ 'ਮੱਕੇ ਸ਼ਰੀਫ਼' ਵਿੱਚ ਹੀ ਨਹੀਂ, ਜਿਵੇਂ ਕਿ ਮੈਂ ਸਮਝ ਰਿਹਾ ਸੀ। ਜੀਵਨ ਨੂੰ ਉੱਚੀ ਅਵਾਜ਼ ਵਿੱਚ ਗੱਲਬਾਤ ਕਰਦੇ ਨੂੰ ਸੁਣ ਕੇ, ਹੋਰ ਲੋਕ ਵੀ ਆਣ ਇਕੱਠੇ ਹੋਏ ਸਨ। ਆਪਣੀ ਭੁੱਲ ਦਾ ਅਹਿਸਾਸ ਹੋਣ ਤੇ ਜੀਵਨ ਨੇ ਗੁਰੂ ਜੀ ਤੋਂ ਖਿਮਾ ਮੰਗੀ। ਹੁਣ ਜੀਵਨ ਆਪਣਾ ਸਿਰ ਫੜ ਕੇ ਗੁਰੂ ਜੀ ਦੇ ਅੱਗੇ ਬੈਠਾ ਸੀ। ਇੱਕ ਹਾਜ਼ੀ ਨੇ ਜੀਵਨ ਨੂੰ ਜ਼ਰਾ ਹਲੂਣ ਕੇ ਪੁੱਛਿਆ-ਕੀ ਗੱਲ ਹੋਈ? ਕੀ ਵੇਖਿਆ ਈ? ਜੀਵਨ ਨੇ ਦੱਸਿਆ ਮੈਂ ਤੇ ਮੱਕਾ-ਸ਼ਰੀਫ਼ ਘੁੰਮਦਾ ਹੀ ਵੇਖਿਆ ਏ, ਬਾਕੀ ਇਸ ਫ਼ਕੀਰ ਨੂੰ ਪਤਾ ਹੋਏਗਾ, ਇਸ ਨੇ ਕੀ ਕੀਤਾ ਹੈ, ਤੇ ਕਿਵੇਂ ਘੁਮਾਇਆ ਈ।

ਇਸ ਕੌਤਕ ਪਿੱਛੋਂ ਬਹੁਤ ਸਾਰੇ ਲੋਕ ਗੁਰੂ ਸਾਹਿਬ ਦੁਆਲੇ ਆਣ ਇਕੱਠੇ ਹੋਏ। ਫ਼ਕੀਰ ਬਹਾਉੱਦੀਨ ਮਖਦੂਮ ਤੇ ਹਾਜ਼ੀ ਅਬਦੁਲ ਬੁਖ਼ਾਰੀ ਵੀ ਖੁਸ਼ਕੀ ਰਸਤੇ ਮੱਕੇ ਪਹੁੰਚ ਗਏ ਸਨ। ਜਦੋਂ ਉਨ੍ਹਾਂ ਇੱਕ ਪਾਸੇ ਭੀੜ ਜੁੜੀ ਵੇਖੀ ਤਾਂ ਉਹ ਵੀ ਉਸ ਥਾਂ ਤੇ ਪਹੁੰਚ ਗਏ। ਗੁਰੂ ਸਾਹਿਬ ਨੂੰ ਭੀੜ ਵਿਚ ਘਿਰੇ ਵੇਖ ਉਹ ਬੜੇ ਹੈਰਾਨ ਹੋਏ ਕਿ ਇਹ ਤੇ ਸਾਡੇ ਤੋਂ ਵੀ ਪਹਿਲੋਂ ਹੀ ਮੱਕੇ ਸ਼ਰੀਫ਼ ਪਹੁੰਚੇ ਹੋਏ ਹਨ। ਇੰਨੀ ਦੇਰ ਨੂੰ ਸਭ ਤੋਂ ਮਸ਼ਹੂਰ ਤੇ ਵੱਡੀ ਮਾਨਤਾ ਵਾਲਾ ਪੀਰ ਰੁਕਨਦੀਨ ਵੀ ਪਹੁੰਚ ਗਿਆ। ਲੋਕਾਂ ਫ਼ਕੀਰ ਰੁਕਨਦੀਨ ਨੂੰ ਬਾਬੇ ਨਾਲ ਗੱਲਬਾਤ ਕਰਨ ਨੂੰ ਕਿਹਾ।

ਫ਼ਕੀਰ ਰੁਕਨਦੀਨ ਨੇ ਬਾਬੇ ਨਾਨਕ ਤੋਂ ਪੁੱਛਿਆ-



'ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ॥'
ਗੁਰੂ ਸਾਹਿਬ ਨੇ ਕਾਜ਼ੀ ਰੁਕਨਦੀਨ ਦੀ ਗੱਲ ਦਾ ਜਵਾਬ ਦਿੰਦਿਆਂ ਆਖਿਆ–
'ਬਾਬਾ ਆਖੇ ਹਾਜੀਆ ਸ਼ੁਭ ਅਮਲਾਂ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
ਕਰਨਿ ਬਖੀਲੀ ਆਪਿ ਵਿਚ ਰਾਮ ਰਹੀਮ ਇਕ ਥਾਇ ਖਲੋਈ।
ਰਾਹਿ ਸ਼ੈਤਾਨੀ ਦੁਨੀਆਂ ਗੋਈ।੩੩।'

ਬੱਚਿਓ ਗੁਰੂ ਸਾਹਿਬ ਦੇ ਤਾਂ ਸੱਚੇ-ਸੁੱਚੇ ਉਹੀਓ ਜਵਾਬ ਸਨ ਕਿ ਜਿੰਨਾ ਚਿਰ ਆਦਮੀ ਦੇ ਅਮਲ ਤੇ ਕਰਨੀ ਠੀਕ ਨਹੀਂ, ਬੇਸ਼ੱਕ ਉਹ ਹਿੰਦੂ ਹੋਵੇ ਜਾਂ ਮੁਸਲਮਾਨ ਉਸਦਾ ਪਾਰ ਉਤਾਰਾ ਨਹੀਂ। ਉਸ ਅੱਲ੍ਹਾ ਦੀ ਦਰਗਾਹ ਵਿੱਚ ਤੇ ਸਾਰੇ ਪੈਗੰਬਰ ਇੱਕੋ ਜਿਹੇ ਹਨ, ਕੋਈ ਵੀ ਵੱਡਾ ਛੋਟਾ ਨਹੀਂ ਹੈ। ਹੁਣ ਹੋਰ ਹਾਜ਼ੀਆਂ ਤੇ

ਮੌਲਾਣਿਆਂ ਨੇ ਵੀ ਚਰਚਾ ਛੋੜ ਦਿੱਤੀ। ਇਕ ਫ਼ਕੀਰ ਬਹਾਉਦ-ਦੀਨ ਨੇ ਪੁੱਛਿਆ ਕਿ ਖ਼ੁਦਾ ਦੇ ਨਜ਼ਦੀਕ ਕੌਣ ਹੈ ਹਿੰਦੂ ਜਾਂ ਮੁਸਲਮਾਨ?

ਗੁਰੂ ਜੀ ਦਾ ਜਵਾਬ ਸੀ-

'ਉਹ ਨਜ਼ੀਕ ਖ਼ੁਦਾਇ ਦੇ ਜੋ ਰੱਖਦੇ ਹੈ ਯਾਦ।

ਖਾਣਾ ਗਮ ਹੈ ਰੱਬ ਦਾ,ਪੈਨਣ ਖਿਮਾ ਪੁਸ਼ਾਕ।'

ਗੁਰੂ ਜੀ ਨੇ ਦੱਸਿਆ ਜੋ ਉਸ ਖ਼ੁਦਾ ਨੂੰ ਯਾਦ ਕਰਦੇ ਹਨ ਅਤੇ ਉਸਦੀ ਖ਼ਲਕਤ ਨੂੰ ਪਿਆਰ ਕਰਦੇ ਹਨ ਅਤੇ ਸਨਿਮਰ ਹਨ, ਉਹ ਮਨੁੱਖ ਹੀ ਖ਼ੁਦਾ ਦੇ ਨੇੜੇ ਹੋ ਸਕਦਾ ਹੈ।

ਪੀਰ ਜਲਾਲ-ਓ-ਦੀਨ ਨੇ ਕਿਹਾ- ਅੱਲਾ ਤਾਲਾ ਨੇ ਮੁਸਲਮਾਨਾਂ ਵਾਸਤੇ ਬਹਿਸ਼ਤ ਬਣਾਏ ਹਨ।

ਗੁਰੂ ਜੀ ਨੇ ਕਿਹਾ- ਇਹ ਰੂਹ, ਇਹ ਆਤਮਾ ਨਾ ਇਹ ਹਿੰਦੂ ਹੈ ਨਾ ਤੁਰਕ। ਜਦ ਤੱਕ ਇਹ ਸਰੀਰ ਹੈ ਤੱਦ ਤੱਕ ਹੀ ਮਜਹਬਾਂ ਦੇ ਝਗੜੇ ਹਨ- 'ਮਜ਼੍ਹਬ ਕਿਸੇ ਦੀ ਭਿਸ਼ਤ ਨ ਦੋਜ਼ਕ ਮਜ਼੍ਹਬ ਨ ਕਾਇ'।

ਫਿਰ ਉਨ੍ਹਾਂ ਗੁਰੂ ਜੀ ਤੋਂ ਉਨਾਂ ਦਾ ਮਜ਼ਹਬ ਪੁੱਛਿਆ, ਤਾਂ ਗੁਰੂ ਜੀ ਦਾ ਜਵਾਬ ਸੀ-

'ਪਾਂਚ ਤਤ ਕਾ ਪੁਤਲਾ ਗੈਬੀ ਖੇਲੇ ਮਾਹਿ।' ਅਤੇ

'ਸਚਾ ਮਜ਼ਹਬ ਅਲਾਹਿ ਦਾ ਲਾ ਮਜ਼ਹਬੀ ਇਕ ਨੂਰ।'

ਐ ਖ਼ੁਦਾ ਦੇ ਬੰਦਿਓ! ਇਹ ਸਰੀਰ ਪੰਜਾਂ ਤੱਤਾਂ ਦਾ ਪੁਤਲਾ ਹੈ, ਜਿਸ ਨੂੰ ਉਸ ਖ਼ੁਦਾ ਨੇ ਹੀ ਬਣਾਇਆ ਹੋਇਆ ਹੈ। ਇਸ ਪੰਜਾਂ ਤੱਤਾਂ ਦੇ ਪੁਤਲੇ ਦਾ ਕੀ ਮਜ਼ਹਬ ਹੋ ਸਕਦਾ ਹੈ? ਸੱਚਾ ਮਜ਼ਹਬ ਤੇ ਉਸ ਖ਼ੁਦਾ-ਵੰਦ ਕਰੀਮ ਦਾ ਹੀ ਹੈ, ਜਿਸ ਦਾ ਇਹ ਸਾਰਾ ਪਸਾਰਾ ਹੈ।

ਸੋ ਬੱਚਿਓ ਇਸ ਤਰ੍ਹਾਂ ਮੱਕੇ ਵਿਚ ਗੁਰੂ ਨਾਨਕ ਸਾਹਿਬ ਨਾਲ ਬਹੁਤ ਧਾਰਮਿਕ ਵਿਚਾਰਾਂ ਹੋਈਆਂ ਕਿਉਂਕਿ ਮਰਦਾਨੇ ਦੀ ਇੱਛਾ ਸੀ ਕਿ ਉਹ ਜਿਉਂਦੇ ਜੀਅ ਇੱਕ ਵਾਰ ਮੱਕੇ ਦਾ ਹੱਜ ਜਰੂਰ ਕਰ ਲਵੇ, ਇਸ ਲਈ ਗੁਰੂ ਜੀ ਆਪਣੇ ਪਿਆਰੇ ਸਾਥੀ ਦੀ ਇੱਛਾ-ਪੂਰਤੀ ਲਈ ਹੀ ਮੱਕੇ ਦੇ ਸਫ਼ਰ ਤੇ ਆਏ ਸਨ ਪਰ ਉਨ੍ਹਾਂ ਨੇ ਜੋ ਪਰਮੇਸਰ ਦਾ ਹੁਕਮ ਵਜਾਵਣਾ ਸੀ, ਉਸਦਾ ਤੇ ਉਨ੍ਹਾਂ ਨੂੰ ਹੀ ਪਤਾ ਸੀ।

# ਫਕੀਰ ਦਸਤਗੀਰ ਦੀ ਸਾਖੀ

## (ਬਗਦਾਦ)

ਕੁਝ ਦਿਨ ਮੱਕੇ ਰਹਿ ਕੇ ਗੁਰੂ ਜੀ ਨੇ ਵਾਪਸੀ ਕੀਤੀ ਅਤੇ ਕੁਝ ਹੋਰ ਥਾਵਾਂ ਗਰਾਵਾਂ ਚੋਂ ਹੁੰਦੇ ਹੋਏ, ਇਰਾਨ ਇਰਾਕ ਦੇ ਸ਼ਹਿਰ ਬਗਦਾਦ ਪਹੁੰਚ ਗਏ। ਬਗਦਾਦ ਸ਼ਹਿਰ ਦੇ ਬਾਹਰ ਹੀ ਗੁਰੂ ਜੀ ਰੁਕੇ। ਕੁਝ ਦੇਰ ਅਰਾਮ ਕੀਤਾ ਤੇ ਮਰਦਾਨੇ ਨੂੰ ਰਬਾਬ ਵਜਾਉਣ ਦਾ ਇਸ਼ਾਰਾ ਕੀਤਾ। ਫਿਰ ਰੱਬੀ ਰੰਗ ਵਿਚ ਇਲਾਹੀ ਬਾਣੀ ਦਾ ਗਾਇਨ ਸ਼ੁਰੂ ਕਰ ਦਿੱਤਾ-

**'ਪਾਤਾਲਾ ਪਾਤਾਲ ਲਖ ਅਗਾਸਾ ਆਗਾਸ॥'**

ਬੱਚਿਓ ਇਸਲਾਮ ਦੇ ਮੁਤਾਬਕ ਮੁਸਲਮਾਨੀ ਮੁਲਕਾਂ ਵਿਚ ਸੰਗੀਤ ਦੀ ਮਨਾਹੀ ਹੈ। ਜਦੋਂ ਬਾਬੇ ਨੇ ਮੁਸਲਮ ਦੇਸ਼ਾਂ ਦੇ ਗੜ੍ਹ ਬਗਦਾਦ ਵਿੱਚ ਮਰਦਾਨੇ ਦੀ ਰਬਾਬ ਦੀਆਂ ਤਰਬਾਂ ਨਾਲ ਇਲਾਹੀ ਬਾਣੀ ਦਾ ਗਾਇਨ ਸ਼ੁਰੂ ਕਰ ਦਿੱਤਾ ਤਾਂ ਸਾਰਾ ਬਗਦਾਦ ਇੱਕ ਦਮ ਸੁੰਨ-ਮੁੰਨ ਹੋ ਗਿਆ। ਭਾਈ ਗੁਰਦਾਸ ਜੀ ਇਸ ਦਾ ਵਰਣਨ ਆਪਣੀਆਂ ਵਾਰਾਂ ਵਿਚ ਕਰਦੇ ਲਿਖਦੇ ਹਨ:-

'ਫਿਰਿ ਬਾਬਾ ਗਿਆ ਬਗਦਾਦ ਨੋ ਬਾਹਰ ਜਾਇ ਕੀਆ ਅਸਥਾਨਾ।
ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ,ਦੇਖਿ ਪੀਰ ਭਇਆ ਹੈਰਾਨਾ।'

ਸੋ ਬੱਚਿਓ ਬਗਦਾਦ ਸ਼ਹਿਰ ਦੇ ਸਾਰੇ ਵਾਸੀ ਬੜੇ ਹੈਰਾਨ ਹੋਏ ਕਿ ਕਿਸ ਦੀ ਹਿੰਮਤ ਹੋਈ ਹੈ ਕਿ ਸਾਡੇ ਸ਼ਹਿਰ ਵਿੱਚ ਆ ਕੇ ਐਨੀ ਬੇ-ਪਰਵਾਹੀ ਨਾਲ ਅਜਿਹਾ ਕੁਫ਼ਰ ਕਰੇ। ਨਾਲੇ ਸਾਜ਼ ਵਜਾਵੇ ਤੇ ਨਾਲੇ ਗਾਵੇ। ਬਗਦਾਦ ਸ਼ਹਿਰ ਦਾ ਮਸ਼ਹੂਰ ਮੁਸਲਮਾਨ ਫ਼ਕੀਰ ਦਸਤਗੀਰ ਵੀ ਬੜਾ ਅਚੰਭੇ ਵਿਚ ਪੈ ਗਿਆ। ਬਗਦਾਦ ਦੇ ਲੋਕ ਉਸ ਫ਼ਕੀਰ ਦਸਤਗੀਰ ਵੱਲ ਗਏ ਤੇ ਫ਼ਕੀਰ ਦਸਤਗੀਰ ਇਕ ਵੱਡੀ ਭੀੜ ਨਾਲ, ਉਸ ਥਾਂ ਤੇ ਆ ਗਿਆ, ਜਿੱਥੇ ਬਾਬਾ ਨਾਨਕ ਬਾਲੇ ਮਰਦਾਨੇ ਨਾਲ ਬੈਠਾ ਰੱਬੀ ਬਾਣੀ ਦਾ ਗਾਇਨ ਕਰ ਰਿਹਾ ਸੀ। ਬਾਬੇ ਨੂੰ ਫ਼ਕੀਰ ਦਸਤਗੀਰ ਨੇ, ਬੇ-ਪਰਵਾਹੀ ਤੇ ਇਲਾਹੀ ਰੰਗ ਵਿਚ ਗਾਉਂਦਿਆਂ ਵੇਖ ਮਰਦਾਨੇ ਦੇ ਮੋਢੇ ਤੇ ਹੱਥ ਧਰਦਿਆਂ ਪੁੱਛਿਆ- ਇਹ ਕੌਣ ਫ਼ਕੀਰ ਹੈ? ਕਿਹੜੇ ਘਰਾਣੇ ਵਿੱਚੋਂ ਹੈ? ਕਿਸ ਕੋਲੋਂ ਭੇਖ ਲਿਆ ਹੈ, ਜੋ ਇੰਨਾ ਬੇ-ਪਰਵਾਹ ਹੈ ਤੇ ਏਸ ਰੰਗ ਵਿਚ ਰੰਗਿਆ ਹੋਇਆ ਹੈ, ਤੇ ਖ਼ੁਦਾ ਬਿਨਾ ਕਿਸੇ ਦੀ ਪਰਵਾਹ ਹੀ ਨਹੀਂ ਕਰਦਾ?

ਮਰਦਾਨੇ ਆਖਿਆ- ਜੀ ਇਹ ਨਾਨਕ ਨਿਰੰਕਾਰ ਹੈ, ਜ਼ਾਹਰਾ-ਜ਼ਹੂਰ ਪਰਮੇਸਰ ਦਾ ਹਾਜ਼ਰਾ-ਹਜ਼ੂਰ ਸਰੂਪ, ਨਾ ਇਹ ਹਿੰਦੂ ਹੈ ਨਾ ਇਹ ਮੁਸਲਮਾਨ ਹੈ, ਇਹ ਪੀਰਾਂ ਦਾ ਪੀਰ ਹੈ ਤੇ ਫ਼ਕੀਰਾਂ ਦਾ ਫ਼ਕੀਰ।

ਫ਼ਕੀਰ ਦਸਤਗੀਰ ਨੇ ਗੁਰੂ ਨਾਨਕ ਜੀ ਤੋਂ ਪੁੱਛਿਆ- ਐ ਫ਼ਕੀਰ ਇਹ ਤੂੰ ਕੀ ਗਾਂਵਦਾ ਏਂ-

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ?**

ਬੱਚਿਓ, ਇਸਲਾਮ ਮਜ਼ਹਬ ਦੇ ਮੁਤਾਬਕ ਸੱਤ ਅਸਮਾਨ ਤੇ ਸੱਤ ਪਾਤਾਲ ਮੰਨੇ ਗਏ ਹਨ, ਤੇ ਇਹ ਵੀ ਮਨੌਤ ਹੈ ਕਿ ਖ਼ੁਦਾ ਸੱਤਵੇਂ ਅਸਮਾਨ ਤੇ ਰਹਿੰਦਾ ਹੈ।

ਬਾਬੇ ਆਖਿਆ- ਐ ਫ਼ਕੀਰ ਦਸਤਗੀਰ, ਜੇ ਅਸੀਂ ਇਹ ਮੰਨ ਲਈਏ ਕਿ ਖ਼ੁਦਾ ਸੱਤਵੇਂ ਅਸਮਾਨ ਤੇ ਰਹਿੰਦਾ ਹੈ, ਫਿਰ ਤਾਂ ਉਹ ਸਭ ਥਾਂ ਮੌਜੂਦ ਨਹੀਂ ਨਾ ਹੋ ਸਕਦਾ? ਖ਼ੁਦਾ ਤੇ ਬੇਅੰਤ ਤਾਕਤਾਂ ਦਾ ਮਾਲਕ ਹੈ ਤੇ ਜ਼ਰਰੇ ਜ਼ਰਰੇ ਵਿੱਚ ਮੌਜ਼ੂਦ ਹੈ। ਉਸਨੇ ਇਹ ਜੋ ਖੰਡ ਬ੍ਰਹਿਮੰਡ ਰਚੇ ਹਨ, ਦੱਸੋ ਇਨ੍ਹਾਂ ਦਾ ਕੋਈ ਪਾਰਾਵਾਰ ਹੈ? ਉਸਦੇ ਰਚੇ ਹੋਏ ਅਕਾਸ਼ ਤੇ ਪਾਤਾਲ ਲੱਖਾਂ ਹੀ ਹਨ, ਤੇ ਇਹ ਉਹ ਹੀ ਜਾਣਦਾ ਹੈ ਕਿ ਉਸਨੇ ਕਿੰਨੇ ਆਕਾਸ਼ ਬਣਾਏ ਹਨ ਤੇ ਕਿੰਨੇ ਪਾਤਾਲ। ਮੈਂ ਵੀ ਉਨ੍ਹਾਂ ਅਗਾਸਾਂ, ਪਾਤਾਲਾਂ ਦੀ ਇਹ ਗਿਣਤੀ 'ਲੱਖ' ਨਹੀਂ ਪਿਆ ਦੱਸਦਾ ਮੇਰੀ ਸਮਝ ਤੇ ਏਹੋ ਹੈ ਬਈ ਉਸਦਾ ਤੇ ਕੋਈ ਅੰਤ ਹੀ ਨਹੀਂ ਹੈ।

ਬਾਬੇ ਨਾਨਕ ਦੀਆਂ ਗੱਲਾਂ ਸੁਣ ਕੇ ਫਕੀਰ ਦਸਤਗੀਰ ਨੇ ਬਾਬੇ ਦੀ ਪਹੁੰਚ ਨੂੰ ਸਿਰ ਨਿਵਾਇਆ, ਤੇ ਫ਼ਕੀਰ ਦਸਤਗੀਰ ਨੇ ਆਖਿਆ-

ਐ ਹਿੰਦੂ ਪੀਰ ਇੱਕ ਹੋਰ ਗੱਲ ਦਾ ਵੀ ਨਿਰਨਾ ਕਰੀਂ, ਇਸਲਾਮ ਵਿੱਚ ਤੇ ਸੰਗੀਤ ਦੀ ਮਨਾਹੀ ਹੈ ਪਰ ਤੂੰ ਇੱਕ ਫ਼ਕੀਰ ਹੁੰਦਾ ਹੋਇਆ ਇਸ ਡੂਮ ਨੂੰ ਨਾਲ ਲਈ ਫਿਰਦਾ ਏਂ?

ਬਾਬੇ ਆਖਿਆ- ਐ ਫ਼ਕੀਰ, ਇਸਲਾਮ ਨੇ ਉਸ ਸੰਗੀਤ ਦੀ ਮਨਾਹੀ ਕੀਤੀ ਹੈ, ਜੋ ਸੰਗੀਤ ਅੱਯਾਸ਼ੀ, ਸ਼ਹਿਬਤ ਤੇ ਬੁਰਾਈਆਂ ਵੱਲ ਤੋਰਦਾ ਹੈ। ਤੁਸਾਂ ਨੂੰ ਪਤਾ ਹੀ ਹੈ ਇਹ ਬਾਦਸ਼ਾਹ, ਇਹ ਰਜਵਾੜੇ, ਇਹ ਅਮੀਰ ਆਪਣੇ ਦਰਬਾਰਾਂ ਵਿਚ ਸੰਗੀਤ ਦੇ ਨਾਮ ਤੇ ਕੀ ਕੁਛ ਕਰਦੇ ਨੇ। ਜਿਹੜਾ ਸੰਗੀਤ ਉਸ ਖ਼ੁਦਾ ਨਾਲ ਜੋੜੇ, ਉਸਦੀ ਬੰਦਗੀ ਨਾਲ ਜੋੜੇ, ਤੁਸੀਂ ਹੀ ਦੱਸੋ ਉਹ ਸੰਗੀਤ ਚੰਗਾ ਹੈ ਕਿ ਮਾੜਾ?

ਫ਼ਕੀਰ ਦਸਤਗੀਰ ਨੇ ਬਾਬੇ ਦੀ ਅਜ਼ਮਤ ਨੂੰ ਸਿਰ ਨਿਵਾਇਆ।

ਇਹ ਸਾਖੀ ਸੁਣਾਉਂਦਿਆਂ ਦਾਦੀ ਜੀ ਨੇ ਬੱਚਿਆਂ ਨੂੰ ਪੁੱਛਿਆ- ਬੱਚਿਓ ਹੁਣ ਬੱਸ ਕਰੀਏ।

ਦਾਦੀ ਜੀ ਇਹ ਬਗਦਾਦ ਵਾਲੀ ਸਾਖੀ ਖਤਮ ਹੋ ਗਈ? ਧੰਨਾ ਸਿੰਘ ਨੇ ਪੁੱਛਿਆ।

ਨਹੀਂ ਪੁੱਤਰ ਜੀ ਗੁਰੂਆਂ ਦੀਆਂ ਸਾਖੀਆਂ ਵੀ ਕੋਈ ਖਤਮ ਹੋਣ ਵਾਲੀ ਗੱਲ ਹੈ? ਚਲੋ ਇਹ ਬਗਦਾਦ ਵਾਲੀ ਸਾਖੀ ਪੂਰੀ ਕਰ ਲਓ।

ਸੋ ਬੱਚਿਓ, ਬਗਦਾਦ ਵਿਚ ਹੀ ਇਕ ਹੋਰ ਫ਼ਕੀਰ ਵੀ ਸੀ, ਜਿਸਦਾ ਨਾਮ ਸੀ ਸਾਈਂ ਬਹਿਲੋਲ ਸ਼ਾਹ। ਗੁਰੂ ਜੀ ਨਾਲ ਫ਼ਕੀਰ ਦਸਤਗੀਰ ਦੀ ਵਾਰਤਾ ਜਦੋਂ ਖਤਮ ਹੋ ਗਈ, ਤਾਂ ਇਸ ਫ਼ਕੀਰ ਨੇ ਗੁਰੂ ਜੀ ਨੂੰ ਆਪਣੇ ਨਾਲ ਜਾਣ ਵਾਸਤੇ ਮਨਾ ਲਿਆ। ਤੇ ਬੱਚਿਓ ਸਾਈਂ ਬਹਿਲੋਲ ਸ਼ਾਹ, ਗੁਰੂ ਜੀ ਤੇ ਬਾਲੇ ਮਰਦਾਨੇ ਨੂੰ ਆਪਣੇ ਨਾਲ ਲੈ ਆਪਣੇ ਨਿਵਾਸ ਤੇ ਪਹੁੰਚ ਗਿਆ। ਕਈ ਦਿਨ ਉਸ ਨੇ ਗੁਰੂ ਜੀ ਨੂੰ ਆਪਣੇ ਕੋਲ ਰੱਖਿਆ। ਇੱਕ ਦਿਨ ਗੁਰੂ ਜੀ ਉਸ ਫ਼ਕੀਰ ਦੇ ਨਿੱਜੀ ਕਮਰੇ ਵਿੱਚ ਬੈਠੇ ਵਿਚਾਰ-ਚਰਚਾ ਕਰ ਰਹੇ ਸਨ ਕਿ ਫ਼ਕੀਰ ਸਾਈਂ ਬਹਿਲੋਲ ਸ਼ਾਹ ਨੇ ਆਖਿਆ- ਐ ਹਿੰਦੂ ਪੀਰ ਮੇਰੇ ਦੋ ਤਿੰਨ ਸ਼ੰਕੇ ਹਨ, ਉਨ੍ਹਾਂ ਸ਼ੰਕਿਆਂ ਦੀ ਨਵਿਰਤੀ ਤੁਸੀਂ ਹੀ ਕਰ ਸਕਦੇ ਹੋ। ਇਸੇ ਲਈ ਮੈਂ ਆਪਣੇ ਇਸ ਨਿੱਜੀ-ਕਮਰੇ ਵਿਚ ਕਿਸੇ ਹੋਰ ਦੇ ਆਵਣ ਦੀ ਮਨਾਹੀ ਕੀਤੀ ਹੋਈ ਹੈ, ਬਾਹਰ ਦਹਿਲੀਜ਼ ਤੇ ਦਰਬਾਨ ਖੜਾ ਕੀਤਾ ਹੋਇਆ ਹੈ।

ਮੈਂ ਇਹ ਸਮਝ ਨਹੀਂ ਸਕਿਆ ਕਿ ਖ਼ੁਦਾ ਤੇ ਹੈ, ਪਰ ਖ਼ੁਦਾ ਤੋਂ ਪਹਿਲੋਂ ਕੌਣ ਸੀ? ਦੂਸਰੇ ਜੇ ਖ਼ੁਦਾ ਹੈ,ਤਾਂ ਉਹ ਰਹਿੰਦਾ ਕਿਸ ਥਾਂ ਤੇ ਹੈ? ਤੀਸਰਾ ਜੇ ਖ਼ੁਦਾ ਹੈ ਵੀ ਤੇ ਕਿਸੇ ਥਾਂ ਤੇ ਰਹਿੰਦਾ ਵੀ ਹੈ ਤੇ ਫੇਰ ਉਹ ਕਰਦਾ ਕੀ ਹੈ? ਮੈਨੂੰ ਪਤਾ ਹੈ ਮੇਰੀਆਂ ਇਹ ਅੜਾਉਣੀਆਂ ਕੇਵਲ ਤੁਸੀਂ ਹੀ ਹੱਲ ਕਰ ਸਕਦੇ ਹੋ।

ਗੁਰੂ ਜੀ ਮੁਸਕਰਾਏ, ਫਿਰ ਕੁਝ ਦੇਰ ਅੰਤਰ ਧਿਆਨ ਹੋਏ, ਫਿਰ ਜਦੋਂ ਆਪਣੀਆਂ ਅੱਖਾਂ ਖੋਹਲੀਆਂ

ਤਾਂ ਬੋਲੇ– ਐ ਫ਼ਕੀਰ ਸਾਈਂ ਤੇਰੇ ਪਾਸ ਸੁੱਚੇ-ਮੋਤੀ ਹੋਵਣਗੇ? ਜ਼ਰਾ ਇੱਕ ਸੁੱਚੇ-ਮੋਤੀਆਂ ਦਾ ਥਾਲ ਤੇ ਇੱਕ ਖਾਲੀ ਥਾਲ ਮੰਗਵਾਓ।

ਸਾਈਂ ਬਹਿਲੋਲ ਸ਼ਾਹ ਬਾਬੇ ਦੀ ਇਸ ਮੰਗ ਤੇ ਹੈਰਾਨ ਤਾਂ ਹੋਇਆ ਪਰ ਉਸਨੂੰ ਵਿਸ਼ਵਾਸ਼ ਵੀ ਸੀ ਕਿ ਇਹ ਵੀ ਇਸ ਫ਼ਕੀਰ ਦਾ ਕੋਈ ਭੇਤ ਜਾਂ ਰਮਜ਼ ਹੀ ਹੈ। ਉਸ ਫ਼ਕੀਰ ਨੇ ਆਪਣੇ ਨਿੱਜੀ-ਸੇਵਕ ਨੂੰ ਆਵਾਜ਼ ਦਿੱਤੀ ਕਿ ਇਹ ਸਮਾਨ ਲੈ ਕੇ ਹਾਜ਼ਰ ਹੋਵੇ। ਪਲਾਂ ਵਿੱਚ ਹੀ ਦੋ ਥਾਲ ਹਾਜ਼ਰ ਹੋ ਗਏ।

ਬਾਬੇ ਆਖਿਆ– ਐ ਸਾਈਂ ਫ਼ਕੀਰ, ਹੁਣ ਇਨ੍ਹਾਂ ਸੁੱਚੇ-ਮੋਤੀਆਂ ਦੀ ਗਿਣਤੀ ਸ਼ੁਰੂ ਕਰੋ, ਤੇ ਖਾਲੀ ਥਾਲ ਵਿੱਚ ਪਾਉਂਦੇ ਜਾਓ।

ਜਦੋਂ ਫ਼ਕੀਰ ਬਹਿਲੋਲ ਸ਼ਾਹ ਮੋਤੀਆਂ ਦੀ ਗਿਣਤੀ ਕਰਨ ਲੱਗਾ– ਇਕ, ਦੋ, ਤਿੰਨ, ਚਾਰ, ਪੰਜ, ਛੇ.......

ਗੁਰੂ ਜੀ ਨੇ ਰੋਕਿਆ, ਬੋਲੇ– ਐ ਫ਼ਕੀਰ ਗਿਣਤੀ ਤਾਂ ਠੀਕ ਕਰੋ!

ਸਾਈਂ ਬਹਿਲੋਲ ਸ਼ਾਹ ਫਿਰ ਗਿਣਨ ਲੱਗੇ– ਇਕ, ਦੋ, ਤਿੰਨ, ਚਾਰ........

ਗੁਰੂ ਜੀ ਨੇ ਫਿਰ ਰੋਕ ਲਿਆ, ਆਖਿਆ– ਸਾਈਂ ਜੀ ਤੁਸੀਂ ਤੇ ਗਿਣਤੀ ਠੀਕ ਕਰੋ!

ਫ਼ਕੀਰ ਬਹਿਲੋਲ ਸ਼ਾਹ ਬੜਾ ਹੈਰਾਨ ਹੋਇਆ ਕਿ ਉਹ ਗਿਣਤੀ ਤੇ ਠੀਕ ਕਰਦਾ ਹੈ ਪਰ ਫਿਰ ਵੀ ਇਹ ਹਿੰਦੂ ਪੀਰ ਕਿਉਂ ਉਸ ਨੂੰ ਬਾਰ ਬਾਰ ਰੋਕ ਰਿਹਾ ਹੈ।

ਸੋ ਬੱਚਿਓ ਫਿਰ ਉਸ ਫ਼ਕੀਰ ਨੇ ਗੁਰੂ ਨਾਨਕ ਨੂੰ ਆਖਿਆ– ਜਿੱਥੋਂ ਮੈਂ ਗਿਣਤੀ ਗਲਤ ਕਰਾਂ ਤੁਸਾਂ ਉਸੇ ਵਕਤ ਮੇਰੀ ਬਾਂਹ ਫੜ ਲੈਣੀ। ਸਾਈਂ ਬਹਿਲੋਲ ਸ਼ਾਹ ਜਦੋਂ ਇੱਕ ਮੋਤੀ ਆਪਣੇ ਹੱਥ ਵਿੱਚ ਫੜ ਕੇ ਇੱਕ ਕਿਹਾ ਗੁਰੂ ਜੀ ਨੇ ਉਸੇ ਵਕਤ ਉਸ ਫ਼ਕੀਰ ਦੀ ਬਾਂਹ ਫੜ ਲਈ, ਤੇ ਬੋਲੇ– ਐ ਫ਼ਕੀਰ! ਇੱਕ ਤੋਂ ਪਹਿਲੋਂ ਵੀ ਕੁਝ ਹੈ। ਫ਼ਕੀਰ ਬਹਿਲੋਲ ਸ਼ਾਹ ਨੇ ਆਖਿਆ–

ਜੀ ਗਿਣਤੀ ਹੀ ਇੱਕ ਤੋਂ ਸ਼ੁਰੂ ਹੁੰਦੀ ਹੈ।

ਗੁਰੂ ਜੀ ਨੇ ਆਖਿਆ– ਐ ਫ਼ਕੀਰ ਮੇਰੇ ਚਿਹਰੇ ਵੱਲ ਵੇਖ। ਜਦੋਂ ਉਸ ਫ਼ਕੀਰ ਨੇ ਬਾਬਾ ਜੀ ਦੀਆਂ ਅੱਖਾਂ ਨਾਲ ਅੱਖਾਂ ਮਿਲਾਈਆਂ, ਤਾਂ ਬਾਬੇ ਆਖਿਆ– ਕੀ ਇੱਕ ਤੋਂ ਪਹਿਲੋਂ ਕੁਝ ਹੋਰ ਹੈ?

ਬੱਚਿਓ ਗੁਰੂ ਜੀ ਦੇ ਇੰਨੀ ਗੱਲ ਕਹਿਣ ਦੀ ਦੇਰ ਸੀ, ਫ਼ਕੀਰ ਸਾਈਂ ਬਹਿਲੋਲ ਸ਼ਾਹ ਦਾ ਮੱਥਾ ਠਣਕਿਆ ਕਿ ਇੱਕ ਤੋਂ ਪਹਿਲੋਂ ਤੇ ਕੁਝ ਵੀ ਨਹੀਂ, ਤੇ ਉਸਨੂੰ ਸਮਝ ਆ ਗਈ ਕਿ ਸਾਰਾ ਪਸਾਰਾ ਹੀ ਇਕ ਖ਼ੁਦਾ ਤੋਂ ਹੀ ਸ਼ੁਰੂ ਹੋਇਆ ਹੈ। ਹੁਣ ਉਸ ਫ਼ਕੀਰ ਨੇ ਆਪਣੇ ਦੂਸਰੇ ਸ਼ੰਕੇ ਲਈ ਅਰਜ਼ ਗੁਜ਼ਾਰੀ।

ਗੁਰੂ ਜੀ ਆਖਿਆ– ਐ ਫ਼ਕੀਰ ਸਾਈਂ, ਤੁਸਾਂ ਪਾਸ ਦੁੱਧ ਹੋਏਗਾ, ਜ਼ਰਾ ਇੱਕ ਪਿਆਲਾ ਦੁੱਧ ਦਾ ਤਾਂ ਮੰਗਵਾਇਓ।

ਉਸ ਫ਼ਕੀਰ ਦੇ ਆਵਾਜ਼ ਦੇਣ ਤੇ, ਉਸਦਾ ਸੇਵਕ ਦੁੱਧ ਦਾ ਪਿਆਲਾ ਭਰ ਕੇ ਲੈ ਆਇਆ। ਜਦੋਂ ਉਸ ਪਿਆਲਾ ਲਿਆ ਕੇ ਗੁਰੂ ਜੀ ਦੇ ਸਾਹਵੇਂ ਰੱਖਿਆ, ਗੁਰੂ ਜੀ ਬੜੇ ਹੀ ਧਿਆਨ ਨਾਲ ਨੀਝ ਲਗਾ ਕੇ ਦੁੱਧ ਵੱਲ ਵੇਖਣ ਲੱਗੇ, ਤੇ ਬਚਨ ਕੀਤਾ–

ਫ਼ਕੀਰ ਜੀ ਇਸ ਦੁੱਧ ਵਿਚ ਕੁੱਝ ਹੈ? ਤੁਸਾਂ ਨੂੰ ਦਿਖਾਈ ਦਿੱਤਾ?

ਜੀ ਨਹੀਂ?

ਬਾਬੇ ਆਖਿਆ– ਮੈਨੂੰ ਤੇ ਇਸ ਦੁੱਧ ਵਿੱਚ ਦਹੀਂ ਵੀ ਦਿਸ ਰਿਹਾ ਹੈ, ਮੱਖਣ ਵੀ ਦਿਸ ਰਿਹਾ ਹੈ, ਲੱਸੀ ਵੀ ਦਿਸ ਰਹੀ ਹੈ, ਤੁਸਾਂ ਨੂੰ ਦੁੱਧ ਵਿੱਚ ਇਹ ਸਭ ਕੁੱਝ ਦਿਖਾਈ ਦਿੱਤਾ?

ਫ਼ਕੀਰ ਨੇ ਆਖਿਆ– ਜੀ ਹੈ ਤਾਂ ਇਹ ਸੱਭੋ ਕੁੱਝ ਇਸ ਦੁੱਧ ਵਿੱਚ ਪਰ ਜਿਸਦੀ ਅੱਖ ਇਹ ਸਭ ਵੇਖਣ ਵਾਲੀ ਹੋਵੇ, ਉਸੇ ਨੂੰ ਵਿਖਾਈ ਦੇਵੇਗਾ।

ਗੁਰੂ ਜੀ ਨੇ ਆਖਿਆ– ਤੁਸਾਂ ਬਿਲਕੁੱਲ ਠੀਕ ਕਿਹਾ। ਐ ਫ਼ਕੀਰ ਖ਼ੁਦਾ ਵੀ ਇਵੇਂ ਹੀ ਜ਼ਰਰੇ ਜ਼ਰਰੇ ਵਿੱਚ ਰਮਿਆ ਹੋਇਆ ਹੈ ਪਰ ਦਿੱਸੇਗਾ ਉਸੇ ਨੂੰ ਜਿਸ ਦੀ ਅੱਖ ਵੇਖਣ ਵਾਲੀ ਹੋਵੇਗੀ, ਜਿਵੇਂ ਮਧਾਣੀ ਨਾਲ ਰਿੜਕਿਆ ਮੱਖਣ ਤਰ ਕੇ ਉੱਪਰ ਆ ਪਰਗਟ ਹੁੰਦਾ ਹੈ, ਇਸੇ ਤਰ੍ਹਾਂ ਪ੍ਰੇਮ ਅਤੇ ਸ਼ਰਧਾ ਦੀ ਮਧਾਣੀ ਨਾਲ ਭਗਤੀ ਦਾ ਰਿੜਕਣਾ ਪਾਇਆ ਜਾਵੇ ਤਾਂ ਖ਼ੁਦਾ ਮੱਖਣ ਵਾਂਗ ਪਰਗਟ ਹੋ ਜਾਂਦਾ ਹੈ।

ਸਾਈਂ ਬਹਿਲੋਲ ਸ਼ਾਹ ਗੁਰੂ ਜੀ ਦੇ ਬਚਨ ਸੁਣ ਕੇ ਨਾਲੇ ਅਚਰਜ਼ ਪਿਆ ਹੋਵੇ ਨਾਲੇ ਵਾਹ ਵਾਹ ਕਰਦਾ ਜਾਵੇ। ਆਖਿਆ– ਜੀ ਹੁਣ ਤੀਸਰਾ ਸ਼ੰਕਾ ਵੀ ਨਵਿਰਤ ਕਰ ਦਿਓ।

ਬਾਬਾ ਜੀ ਨੇ ਆਖਿਆ– ਹੁਣ ਤੁਸੀਂ ਮੇਰੀ ਜਗ੍ਹਾ ਤੇ ਆਓ, ਤੁਹਾਡਾ ਇਹ ਸਵਾਲ ਜ਼ਰਾ ਔਖਾ ਹੈ। ਇਸ ਦਾ ਜਵਾਬ ਮੈਂ ਤੁਹਾਡੇ ਸਥਾਨ ਤੇ ਬੈਠ ਕੇ ਹੀ ਦੇ ਸਕਦਾ ਹਾਂ।

ਸੋ ਬੱਚਿਓ ਫ਼ਕੀਰ ਬਹਿਲੋਲ ਸ਼ਾਹ ਝੱਟ ਦੇਣੀ ਆਪਣੇ ਸਿੰਘਾਸਨ ਤੋਂ ਨੀਚੇ ਆ ਬੈਠਾ, ਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਬੈਠੋ ਜੀ ਮੇਰੇ ਸਿੰਘਾਸਨ ਤੇ।

ਗੁਰੂ ਨਾਨਕ ਸਾਹਿਬ ਉਸ ਫ਼ਕੀਰ ਦੇ ਸਿੰਘਾਸਨ ਤੇ ਜਾ ਬੈਠੇ, ਤੇ ਬਚਨ ਕੀਤਾ– ਐ ਫ਼ਕੀਰ ਸਾਈਂ ਬਹਿਲੋਲ ਸ਼ਾਹ! ਖ਼ੁਦਾ ਇਹੋ ਹੀ ਕਰਦਾ ਹੈ ਜੋ ਤੁਸਾਂ ਦੇ ਸਾਹਵੇ ਉਸ ਨੇ ਕਰ ਦਿੱਤਾ ਹੈ। ਉਹ ਕਿਸੇ ਭਿਖਾਰੀ ਨੂੰ ਰਾਜ ਵੀ ਦੇ ਸਕਦਾ ਹੈ ਤੇ ਕਿਸੇ ਰਾਜੇ ਤੋਂ ਭੀਖ ਵੀ ਮੰਗਵਾ ਸਕਦਾ ਹੈ।

ਗੁਰੂ ਜੀ ਦੇ ਸਾਰੇ ਜਵਾਬ ਸੁਣ ਕੇ ਸਾਈਂ ਬਹਿਲੋਲ ਸ਼ਾਹ ਤੇ ਮਸਤੀ ਦਾ ਆਲਮ ਛਾਅ ਗਿਆ। ਦੋਵੇਂ ਬਾਹਾਂ ਉਤਾਹ ਵੱਲ ਚੁੱਕ ਮਸਤ ਹੋਇਆ ਨੱਚਣ ਲੱਗਾ। ਅਗਲੇ ਦਿਨ ਗੁਰੂ ਜੀ ਨੇ ਜਾਣ ਦੀ ਗੱਲ ਕੀਤੀ ਤਾਂ ਸਾਈਂ ਬਹਿਲੋਲ ਸ਼ਾਹ ਗੁਰੂ ਜੀ ਦੇ ਅੱਗੇ ਹੱਥ ਜੋੜ ਖੜੋ ਗਿਆ ਤੇ ਵੈਰਾਗੀ ਹੋਇਆ ਆਖਣ ਲੱਗਾ– ਜੀ ਅਜੇ ਨਹੀਂ ਜਾਣ ਦੇਣਾ ਤੁਸਾਂ ਨੂੰ।

ਬੱਚਿਓ, ਇਸ ਤਰ੍ਹਾਂ ਉਸ ਫ਼ਕੀਰ ਨੇ ਬਹੁਤ ਦਿਨ ਗੁਰੂ ਜੀ ਤੇ ਬਾਲੇ ਮਰਦਾਨੇ ਨੂੰ ਆਪਣੇ ਪਾਸ ਰੱਖਿਆ। ਉਸਨੇ ਗੁਰੂ ਜੀ ਦੀ ਯਾਦ ਵਿੱਚ ਇੱਕ ਸਥਾਨ ਬਣਾਇਆ, ਜਿਸ ਉੱਪਰ ਤੁਰਕੀ ਜ਼ਬਾਨ ਵਿੱਚ ਇੱਕ ਪੱਥਰ ਤੇ ਲਿਖਵਾਇਆ–

"ਵੇਖੋ ਮਹਾਨ ਰੱਬ ਨੇ ਮੁਰਾਦ ਪੂਰੀ ਕੀਤੀ। ਬਾਬਾ ਨਾਨਕ ਦਰਵੇਸ਼ ਵਾਸਤੇ ਨਵੀਂ ਇਮਾਰਤ ਤਿਆਰ ਹੋਈ। ਇਸ ਦੇ ਬਣਾਉਣ ਵਿੱਚ ਸੱਤ ਰੱਬੀ ਦਰਵੇਸ਼ਾਂ ਨੇ ਮਦਦ ਕੀਤੀ। ਖ਼ੁਸ਼ਨਸੀਬ ਚੇਲੇ ਨੇ ਜ਼ਮੀਨ ਚੋਂ ਨਵਾਂ ਪਰਵਾਹ ਚਲਾਇਆ।"

**–ਸੰਨ 927 ਹਿਜ਼ਰੀ (1520 ਈ:)**

ਕੁਝ ਹੋਰ ਦਿਨ ਗੁਰੂ ਜੀ ਬਗਦਾਦ ਰਹਿ ਕੇ ਆਪਣੀ ਅਗਲੀ ਮੰਜ਼ਿਲ ਵੱਲ ਚੱਲ ਪਏ।

# ਮਰਦਾਨੇ ਦੀ ਰੁਖ਼ਸਤਗੀ

ਬੱਚਿਓ ਗੁਰੂ ਜੀ ਬਗਦਾਦ ਤੋਂ ਬਾਅਦ ਇਰਾਨ, ਬਲਖ਼, ਬੁਖ਼ਾਰੇ ਹੁੰਦੇ ਹੋਏ ਅਫ਼ਗਾਨਿਸਤਾਨ ਦੇ ਵੱਡੇ ਸ਼ਹਿਰ ਕਾਬਲ ਆ ਪਹੁੰਚੇ। ਭਾਈ ਮਰਦਾਨੇ ਦੀ ਸਿਹਤ ਖਰਾਬ ਹੋ ਗਈ, ਤਨ ਤੰਦੂਰ ਵਾਂਗ ਤਪਣ ਲੱਗਾ। ਤੇਜ਼ ਤਾਪ ਨੇ ਭਾਈ ਜੀ ਨੂੰ ਆ ਘੇਰਿਆ। ਕਾਬਲ ਤੋਂ ਗੁਰੂ ਜੀ ਨੇ ਪਿਸ਼ਾਵਰ ਵੱਲ ਰੁਖ ਕੀਤਾ। ਭਾਈ ਮਰਦਾਨਾ ਜੀ ਬਹੁਤ ਕਮਜੋਰੀ ਮਹਿਸੂਸ ਕਰ ਰਹੇ ਸਨ। ਬੱਚਿਓ, ਭਾਈ ਜੀ ਤੋਂ ਤੁਰਿਆ ਨਹੀਂ ਸੀ ਜਾਂਵਦਾ। ਅੱਗੇ ਦਰਿਆ ਕੁਰਮ ਦਾ ਵਹਿਣ ਸੀ। ਗੁਰੂ ਜੀ ਤੇ ਭਾਈ ਬਾਲੇ ਨੇ ਮਰਦਾਨੇ ਨੂੰ ਆਸਰਾ ਦੇ ਕੇ ਬੇੜੀ ਵਿਚ ਬਿਠਾਇਆ ਤੇ ਕੁਰਮ ਦਰਿਆ ਨੂੰ ਪਾਰ ਕੀਤਾ। ਬੇੜੀ ਤੋਂ ਉੱਤਰਨ ਲੱਗਿਆਂ, ਫਿਰ ਭਾਈ ਮਰਦਾਨੇ ਨੂੰ ਸਹਾਰਾ ਦੇ ਕੇ ਹੌਲੀ ਹੌਲੀ ਪਾਸ ਹੀ ਇਕ ਰੁੱਖ ਹੇਠ ਲੈ ਗਏ, ਤੇ ਉਸ ਨੂੰ ਰੁੱਖ ਹੇਠ ਲਿਟਾ ਕੇ ਗੁਰੂ ਜੀ ਨੇ ਭਾਈ ਮਰਦਾਨੇ ਦਾ ਸਿਰ ਆਪਣੀ ਗੋਦੀ ਵਿੱਚ ਰੱਖ ਲਿਆ। ਗੁਰੂ ਜੀ ਨੇ ਬਚਨ ਕੀਤਾ–



ਭਾਈ ਜੀ ਜਾਪਦੈ, ਅਸਾਂ ਤੋਂ ਵਿਛੋੜੇ ਦੀ ਘੜੀ ਆਵਣ ਵਾਲੀ ਹੈ। ਤੁਸੀਂ ਦੱਸੋ ਤੁਸਾਂ ਨੂੰ ਦਫਨਾਈਏ ਜਾਂ

ਅਗਨ ਭੇਟ ਕਰੀਏ? ਫਿਰ ਬਚਨ ਕੀਤਾ- ਤੁਸਾਂ ਦੀ ਯਾਦ ਵਿਚ ਧਰਮਸਾਲ ਬਣਾਈਏ ਜਾਂ ਮਸਜਿਦ ਉਸਾਰੀਏ?

ਭਾਈ ਮਰਦਾਨਾ ਖ਼ਾਮੋਸ਼ ਰਹੇ, ਫਿਰ ਹੋਲੀ ਹੌਲੀ ਅੱਖਾਂ ਖੋਹਲੀਆਂ। ਬੜੀ ਹੀ ਧੀਮੀ ਅਵਾਜ਼ ਵਿਚ ਬੋਲੇ-

ਬਾਬਾ ਇਹ ਸਰੀਰ ਜੇ ਇੱਥੇ ਨਾ ਸਾੜਿਆ, ਤਾਂ ਅੱਗੇ ਦੋਜ਼ਖ਼ ਦੀ ਅੱਗ ਵਿਚ ਸੜਨਾ ਪੈਸੀ। ਅਸੀਂ ਜਾਣਦੇ ਹਾਂ, ਤੂੰ ਅਸਾਂ ਨੂੰ ਹੱਡ ਮਾਸ ਦੀ ਕੈਦ ਚੋਂ ਕੱਢ, ਚੂਨੇ ਤੇ ਇੱਟਾਂ ਦੀ ਕੈਦ ਵਿਚ ਨਹੀਂ ਪਾਣ ਵਾਲਾ।

ਆਪਣੇ ਇੰਨੇ ਪਿਆਰੇ ਸਾਥੀ ਨੂੰ ਰੁਖ਼ਸਤ ਹੁੰਦਿਆਂ ਵੇਖ ਬਾਬੇ ਦੀਆਂ ਅੱਖਾਂ ਵੀ ਨਮ ਹੋ ਗਈਆਂ। ਗੁਰੂ ਜੀ ਨੇ ਮਰਦਾਨੇ ਨੂੰ ਬੜਾ ਈ ਪਿਆਰ ਕੀਤਾ। ਬਾਬੇ ਆਪਣਾ ਆਪ ਬਥੇਰਾ ਸੰਭਾਲਿਆ ਪਰ ਬਾਬੇ ਦੀਆਂ ਅੱਖੀਆਂ ਦੇ ਇਕ ਦੋ ਹੰਝੂ ਮਰਦਾਨੇ ਦੇ ਚਿਹਰੇ ਤੇ ਡਿੱਗ ਹੀ ਪਏ। ਮਰਦਾਨੇ ਅੱਖਾਂ ਖੋਹਲੀਆਂ ਤੇ ਹੱਥ ਜੋੜ ਬੋਲਿਆ-

ਬਾਬਾ ਤੂੰ ਖ਼ੁਦਾਇ ਦਾ ਡੂੰਮ, ਮੈਂ ਤੇਰਾ ਡੂੰਮ, ਤੂੰ ਖ਼ੁਦਾਇ ਦੇਖਿਆ, ਤੂੰ ਖ਼ੁਦਾਇ ਪਾਇਆ। ਤੇਰਾ ਆਖਾ ਸਾਰੀ ਖ਼ੁਦਾਈ ਮੰਨੇ, ਅਸਾਂ ਤੇ ਤੈਨੂੰ ਈ ਵੇਖਿਆ ਹੈ,ਤੇ ਤੈਨੂੰ ਈ ਪਾਇਆ ਹੈ। ਅਸਾਂ ਦਾ ਕਹਿਆ ਤੂੰ ਮੰਨੇ, ਇਹ ਸਭ ਲੁਕਾਈ ਜਾਣੇ। ਇਕ ਬੇਨਤੀ ਅਸਾਂ ਦੀ ਜਰੂਰ ਮੰਨਣੀ ਅਸਾਂ ਨੂੰ ਵਿਛੋੜਨਾ ਨਾਹੀਂ, ਨਾ ਇੱਥੈ ਨਾ ਉੱਥੈ, ਸਦਾ ਅੰਗ ਸੰਗ ਰੱਖਣਾ, ਆਪਣਾ ਡੂੰਮ ਬਣਾਇਕੇ। ਏਨੀਆਂ ਗੱਲਾਂ ਕਹਿੰਦਿਆਂ ਉਸ ਜ਼ਮਾਨੇ ਦੇ ਸਭ ਤੋਂ ਵੱਡੇ ਸੰਗੀਤਕਾਰ ਅਤੇ ਬਾਬੇ ਦੇ ਸਭ ਤੋਂ ਪਿਆਰੇ ਸਾਥੀ, ਭਾਈ ਮਰਦਾਨੇ ਨੇ ਅੱਖਾਂ ਬੰਦ ਕਰ ਲਈਆਂ ਤੇ ਇਕ ਲੰਬਾ ਸਾਹ ਲੈ ਕੇ ਪਰਾਣ ਤਿਆਗ ਦਿੱਤੇ। ਬਾਬਾ ਜੀ ਨੇ ਆਪਣੇ ਮੋਢਿਆਂ ਤੋਂ ਚੱਦਰ ਲਾਹ ਕੇ ਭਾਈ ਮਰਦਾਨੇ ਉੱਪਰ ਪਾ ਦਿੱਤੀ। ਭਾਈ ਬਾਲੇ ਨੇ ਵੀ ਆਪਣੇ ਉੱਪਰ ਓੜੀ ਚੱਦਰ ਲਾਹ ਭਾਈ ਮਰਦਾਨੇ ਦੀ ਦੇਹ ਤੇ ਪਾ ਦਿੱਤੀ। ਬਾਬੇ ਨੇ ਇੱਥੇ ਹੀ ਪਿੰਡ ਸ਼ਾਹਕੋਟ ਵਿੱਚ ਭਾਈ ਮਰਦਾਨੇ ਦੀਆਂ ਅੰਤਮ ਰਸਮਾਂ ਆਪਣੇ ਹੱਥੀਂ ਨਿਭਾਈਆਂ ਫਿਰ ਗੁਰੂ ਜੀ ਨੇ ਭਾਈ ਮਰਦਾਨੇ ਦੀ ਰਬਾਬ ਆਪਣੇ ਮੋਢੇ ਤੇ ਲਟਕਾ ਲਈ, ਤੇ ਆਪਣੀ ਯਾਤਰਾ ਵਿੱਚੇ ਹੀ ਛੱਡ ਕੇ ਰਾਇ ਭੋਇ ਦੀ ਤਲਵੰਡੀ ਵੱਲ ਵਾਪਸੀ ਕਰ ਲਈ।

ਪਿੰਡ ਪਹੁੰਚੇ ਤਾਂ ਜਿਸ ਜਿਸ ਨੂੰ ਵੀ ਪਤਾ ਲਗਦਾ ਗਿਆ ਕਿ ਬਾਬਾ ਵਾਪਸ ਪਿੰਡ ਪਰਤ ਆਇਆ ਹੈ, ਹੱਥਲੇ ਕੰਮ ਉੱਥੇ ਹੀ ਛੱਡ ਬਾਬੇ ਨੂੰ ਮਿਲਣ ਵਾਸਤੇ ਬਾਬੇ ਵੱਲ ਧਾਈ ਕਰ ਕੇ ਆਉਂਦਾ। ਜਦੋਂ ਭਾਈ ਮਰਦਾਨੇ ਦੇ ਪੁੱਤਰ ਸ਼ਾਹਯਾਦ ਨੂੰ ਬਾਬੇ ਦੇ ਆਵਣ ਦਾ ਪਤਾ ਲੱਗਾ, ਤਾਂ ਸ਼ਾਹਯਾਦ ਰੋਟੀ ਖਾਂਦਾ ਖਾਂਦਾ, ਥਹੋਂ ਛੱਡ, ਬਾਬੇ ਨਾਨਕ ਦੇ ਘਰ ਵੱਲ ਭੱਜਾ। ਬਾਬੇ ਦੇ ਪੈਰੀਂ ਹੱਥ ਲਾ ਪਿਛਾਂਹ ਹੋ ਕੇ ਬੈਠ ਗਿਆ। ਨਾਲਦਿਆਂ ਨੂੰ ਪੁੱਛਿਆ- ਅੱਬੂ ਕਿੱਥੇ ਹਈ?

ਕਿਸੇ ਨੂੰ ਕੁਛ ਪਤਾ ਹੀ ਨਹੀਂ ਸੀ, ਫਿਰ ਬਾਬੇ ਪਾਸ ਗਿਆ ਤੇ ਪੁੱਛਿਆ- ਬਾਬਾ ਅਸਾਂ ਦਾ ਅੱਬੂ ਕਿੱਥੇ ਹਈ?

ਬਾਬੇ ਦੱਸਿਆ- ਪੁੱਤਰ ਉਹ ਵਿਦਾਅ ਹੋ ਗਏ ਹਨ, ਅਸਾਂ ਸਭ ਕੋਲੋਂ। ਉਹ ਹੁਣ ਆਪਣੇ ਘਰ ਚਲੇ ਗਏ ਹੈਵਣ। ਜੋ ਨਿੱਜ ਘਰ ਚਲੇ ਜਾਵਣ, ਤਿਨ੍ਹਾਂ ਦਾ ਸੋਗ ਨਹੀਂ ਮਨਾਵਣਾ। ਪੁੱਤਰ ਸ਼ਾਹਯਾਦ ਭਾਈ ਮਰਦਾਨੇ ਵਰਗੀਆਂ ਰੂਹਾਂ ਨਿੱਤ ਨਹੀਂ ਜੱਗ ਤੇ ਆਂਵਦੀਆਂ। ਅਸਾਂ ਨਾਲ ਪੂਰੀ ਹਯਾਤੀ ਕੱਟੀ, ਕਦੇ ਵੀ ਤਿਸ ਦੇ ਬੁੱਲਾਂ ਤੇ ਕੋਈ ਸ਼ਕਾਇਤ ਨਹੀਂ ਸੁਣੀ। ਬੜੇ ਔਝੜੇ ਰਾਹੀਂ ਜੰਗਲਾਂ, ਬੇਲਿਆਂ ਵਿੱਚੀਂ, ਹਨੇਰੀਆਂ ਝੱਖੜਾਂ ਵਿੱਚ ਅਸੀਂ ਵਿਚਰਦੇ ਰਹੇ ਹਾਂ। ਕਈ ਬਾਰ ਤੇ ਕਈ ਕਈ ਦਿਨ ਕੁਝ ਖਾਣ ਨੂੰ ਹੀ ਨਾ ਮਿਲਣਾ, ਕਦੇ ਅਜਿਹੇ ਉਜਾੜ ਬੀਆਬਾਨਾਂ ਵਿੱਚੀਂ ਗੁਜ਼ਰਨਾ ਕਿ ਨਾ ਕੋਈ ਜਨੌਰ ਨਾ ਕੋਈ ਪਰਿੰਦਾ। ਬੱਚਾ ਸ਼ਾਹਯਾਦ! ਕਿਹੜਾ ਕਿਹੜਾ ਦੇਸ

ਘੁੰਮ ਆਏ ਹਾਂ, ਹੁਣ ਤੇ ਅਸਾਂ ਨੂੰ ਵੀ ਯਾਦ ਨਾਹੀਂ।

ਇਕ ਵੇਰਾਂ ਭਾਈ ਜੀ ਨੇ ਆਖਿਆ, ਬਾਬਾ ਹੱਜ ਤੇ ਜਾਣ ਦੀ ਇੱਛਾ ਹੈ ਈ, ਜੇ ਇਸ ਜਨਮ 'ਚ ਪੂਰੀ ਕਰਵਾ ਦੇਵੇਂ? ਮੈਂ ਆਖਿਆ ਮਰਦਾਨਿਆਂ ਉਸ ਪਰਮੇਸਰ ਅੱਗੇ ਅਰਜ਼ੀ ਪਾ, ਉਹ ਹੀ ਲਿਜਾਵਣ ਵਾਲਾ ਹੈ। ਸੋ ਉਸ ਪਰਮੇਸਰ ਨੇ ਬਿਧ ਬਣਾਈ ਅਸਾਂ ਨੂੰ ਵੀ ਮੱਕਾ ਵਿਖਾ ਦਿੱਤਾ ਸੂ। ਕਈ ਦੇਸ ਮਰਦਾਨੇ ਅਸਾਂ ਨੂੰ ਵਿਖਾਏ ਤੇ ਕਈ ਦੇਸ ਉਸ ਪਰਮੇਸਰ ਨੇ। ਮਰਦਾਨੇ ਸਦਾ ਪਰਮੇਸਰ ਦਾ ਸ਼ੁਕਰ ਹੀ ਕੀਤਾ। ਅਸਾਂ ਜਦੋਂ ਪਰਮੇਸਰ ਦੀ ਬੰਦਗੀ ਵਿਚ ਜੁੜਨਾ, ਭਾਈ ਜੀ ਨੇ ਪੰਜ ਕਦਮਾਂ ਦੂਰ ਖੜ੍ਹੋ ਪਹਿਰਾ ਦੇਣਾ, ਮਤੇਂ ਕੋਈ ਅਸਾਡੀ ਬੰਦਗੀ ਵਿਚ ਵਿਘਨ ਪਾਵੇ। ਜਦੋਂ ਉਸ ਪਰਮੇਸਰ ਦੀ ਸਿਫ਼ਤ-ਸਲਾਹ ਲਈ ਗਾਵਣ ਦੀ ਇੱਛਾ ਹੋਵਣੀ, ਤਾਂ ਮਰਦਾਨੇ ਆਪੂੰ ਸਮੇਂ ਅਨੁਸਾਰ ਆਪਣੀ ਰਬਾਬ ਚੋਂ' ਉਹ ਰਾਗ ਛੇੜ ਲੈਣਾ। ਬੜਾ ਰੰਗ ਸੀ ਉਸ ਦੀ ਵਜਾਈ ਰਬਾਬ ਵਿੱਚ, ਜਿਸ ਦੇ ਕੰਨੀ ਉਸਦੀ ਰਬਾਬ ਦੀ ਅਵਾਜ਼ ਪੈਂਦੀ, ਉਹ ਇਸ ਅਵਾਜ਼ ਵੱਲ ਖਿੱਚਿਆ ਆਉਂਦਾ। ਜਿਹੜਾ ਵੀ ਸੁਣਦਾ ਉਸਤੇ ਰੱਬੀ ਵਿਸਮਾਦ ਤਾਰੀ ਹੁੰਦਾ। ਅਸਾਂ ਦੇ ਸਾਥੀ ਉਸ ਭਾਈ ਮਰਦਾਨੇ ਵਰਗਾ ਕਿਸ ਹੋਵਣਾ ਹੈ। ਇਵੇਂ ਮਰਦਾਨੇ ਦੀਆਂ ਗੱਲਾਂ ਕਰਦਿਆਂ ਤੇ ਉਸਨੂੰ ਯਾਦ ਕਰਦਿਆਂ, ਗੁਰੂ ਜੀ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ।

ਪੁੱਤਰ ਸ਼ਾਹਯਾਦ ਅਜਿਹੀਆਂ ਰੂਹਾਂ ਦਾ ਸਦਾ ਹੀ ਜੱਗ ਤੇ ਨਾਮ ਹੈ। ਜਹਾਂ ਅਸਾਂ ਦਾ ਵਾਸਾ ਤਹਾਂ ਮਰਦਾਨੇ ਦਾ ਵਾਸਾ, ਉਸ ਦੇ ਜਾਵਣ ਦਾ ਅਸਾਂ ਨੂੰ ਕੇਡਾ ਵਗੋਚਾ ਹੈ ਇਹ ਤੇ ਅਸਾਂ ਦਾ ਮਨ ਹੀ ਜਾਣਦਾ ਹੈ। ਤਾਹੀਓਂ ਤੇ ਅਗਲੇ ਸਫ਼ਰ ਤੇ ਜਾਣ ਨੂੰ ਮਨ ਨਹੀਂ ਮੰਨਿਆ। ਉਹ ਸਾਡਾ ਪਿਆਰਾ ਸਾਥੋਂ ਰੁਖ਼ਸਤ ਹੋਇਆ, ਉਸ ਦੀ ਦੇਹ ਨੂੰ ਸੰਭਾਲ ਤਲਵੰਡੀ ਨੂੰ ਵਾਪਸੀ ਕੀਤੀ। ਪੁੱਤਰ ਸ਼ਾਹਯਾਦ ਬੜਾ ਲੰਬਾ ਪੈਂਡਾ ਝਾਂਗ ਤਿਨ੍ਹਾਂ ਦੇ ਨਾਮ ਦਾ ਤੁਸਾਂ ਨੂੰ ਸਰੋਪਾ ਦੇਵਣ ਆਏ ਹਾਂ। ਦੱਸ ਕੀ ਦੇਵੀਏ।

ਸ਼ਾਹਯਾਦ ਆਖਿਆ- ਬਾਬਾ ਅਸਾਂ ਨੂੰ ਕੀ ਪਤਾ ਵੱਡਿਆਂ ਕੋਲੋਂ ਕਿਵੇਂ ਮੰਗੀਦਾ ਹੈ? ਅਸਾਂ ਨੂੰ ਵੀ ਉਹੋ ਦਿਓ, ਜੋ ਅਸਾਂ ਦੇ ਅੱਬੂ ਨੂੰ ਦਿੱਤਾ ਹਈ।

ਬਾਬਾ ਜੀ ਉੱਠੇ, ਕਿੱਲੀ ਨਾਲੋਂ ਲਟਕਦੀ ਰਬਾਬ ਉਤਾਰੀ, ਭਾਈ ਸ਼ਾਹਯਾਦ ਦੇ ਹੱਥੀਂ ਫੜਾਉਂਦਿਆਂ ਸ਼ਹਯਾਦ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ। ਆਪਣੇ ਇਕ ਹੱਥ ਨਾਲ ਬਾਬਾ ਨਾਨਕ ਸ਼ਾਹਯਾਦ ਦੇ ਅੱਥਰੂ ਸਾਫ ਕਰੀ ਜਾਂਵਦਾ ਹੈ, ਨਾਲੇ ਅਸੀਸਾਂ ਦੇਈ ਜਾਂਵਦਾ ਹੈ, ਤੇ ਬੱਚਿਓ ਬਾਬੇ ਨੇ ਸ਼ਾਹਯਾਦ ਲਈ ਅਸੀਸਾਂ ਦੀ ਝੜੀ ਲਾ ਦਿੱਤੀ। ਅਜਿਹਾ ਮੰਜ਼ਿਰ ਵੇਖ ਸਭਨਾਂ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਬਾਬੇ ਦਾ ਇਸ਼ਾਰਾ ਵੇਖ ਭਾਈ ਸ਼ਾਹਯਾਦ ਨੇ ਰਬਾਬ ਦੀਆਂ ਤਰਬਾਂ ਛੇੜੀਆਂ। ਬਾਬੇ ਸ਼ਬਦ ਉਠਾਇਆ। ਉਹੀ ਅਨਹਦ ਨਾਦ, ਉਹੀ ਇਲਾਹੀ ਰੰਗ। ਤਲਵੰਡੀ ਨਿਵਸੀਆਂ ਨੇ ਢੇਰ ਚਿਰ ਰੱਬੀ ਕੀਰਤਨ ਦੀ ਅੰਮ੍ਰਿਤ ਵਰਖਾ ਵਿੱਚ ਇਸ਼ਨਾਨ ਕੀਤਾ।

ਬੱਚਿਓ ਸਾਡੀ ਤਵਾਰੀਖ ਦੱਸਦੀ ਹੈ ਕਿ ਜਿੰਨਾਂ ਚਿਰ ਗੁਰੂ ਮਹਾਰਾਜ ਇਸ ਜਾਮੇ ਵਿੱਚ ਰਹੇ, ਸ਼ਾਹਯਾਦ ਮਰਦਾਨੇ ਵਾਂਗ ਹੀ ਗੁਰੂ ਜੀ ਦੇ ਅੰਗ-ਸੰਗ ਰਿਹਾ।

# ਕਰਤਾਰਪੁਰ ਵਸਾਣਾ

ਗੁਰੂ ਜੀ ਨੇ ਸੋਚ ਰੱਖਿਆ ਸੀ ਕਿ, ਉਸ ਪਰਮੇਸਰ ਦੇ ਨਾਮ ਤੇ ਕੋਈ ਨਗਰ ਵਸਾਵਣਾ ਹੈ। ਰਾਇ ਭੁਇ ਦੀ ਤਲਵੰਡੀ ਇਕ ਪਾਸੇ ਸੀ, ਤੇ ਆਮ ਲੋਕਾਂ ਦੀ ਪਹੁੰਚ ਤੋਂ ਵੀ ਬਹੁਤ ਦੂਰ ਗੁਰੂ ਜੀ ਦੀ ਇਹ ਵੀ ਇੱਛਾ ਸੀ ਅਜਿਹਾ ਨਗਰ ਵਸਾਇਆ ਜਾਵੇ, ਜੋ ਸ਼ਾਹ-ਰਾਹਾਂ ਤੋਂ ਜ਼ਰਾ ਪਰੇਰੇ ਹੋਵੇ ਤੇ ਪਾਣੀ ਦੇ ਕਿਸੇ ਕੁਦਰਤੀ ਸਰੋਤ ਦੇ ਪਾਸ ਹੋਵੇ। ਸ਼ਾਹ ਰਾਹ ਤੋਂ ਪਰੇਰੇ ਇਸ ਲਈ ਕਿਉਂਕਿ ਬਦੇਸ਼ੀ ਹਮਲਾਵਰ ਅਕਸਰ ਸ਼ਾਹ-ਰਾਹਾਂ ਰਾਹੀਂ ਹਿੰਦੋਸਤਾਨ ਵਿੱਚ ਦਾਖਲ ਹੁੰਦੇ ਸਨ ਅਤੇ ਸ਼ਾਹ-ਰਾਹਾਂ ਦੇ ਆਲੇ ਦੁਆਲੇ ਬਹੁਤਾ ਉਜਾੜਾ ਤੇ ਬਰਬਾਦੀ ਕਰਿਆ ਕਰਦੇ ਸਨ, ਤੇ ਆਮ ਲੋਕਾਈ ਤੇ ਕਹਿਰ ਢਾਉਂਦੇ, ਅੱਤਿਆਚਾਰ ਤਾਂ ਕਰਦੇ ਹੀ ਲੁੱਟ-ਮਾਰ ਵੀ ਕਰਦੇ ਸਨ। ਦੂਸਰੇ ਪਾਣੀ ਮਨੁੱਖੀ ਜਿੰਦਗੀ ਤੇ ਪਸ਼ੂ ਪੰਛੀਆਂ ਦੀ ਮੁੱਖ ਲੋੜ ਸੀ। ਗੁਰੂ ਜੀ ਦੀ ਇਹ ਵੀ ਇੱਛਾ ਸੀ ਕਿ ਇਹ ਅਜਿਹਾ ਨਗਰ ਹੋਵੇ ਜਿੱਥੇ ਹੱਥੀਂ ਕਿਰਤ ਵੀ ਕੀਤੀ ਜਾ ਸਕੇ, ਉਸ ਪਰਮੇਸਰ ਦਾ ਨਾਮ ਵੀ ਜਪਿਆ ਜਾ ਸਕੇ ਅਤੇ ਵੰਡ ਛਕਣ ਦੇ ਸਿਧਾਂਤ ਦਾ ਪਰਚਲਨ ਵੀ ਕੀਤਾ ਜਾ ਸਕੇ।

ਰਾਵੀ ਦਰਿਆ ਦੇ ਕੋਲ ਹੀ ਪਿੰਡ ਪੱਖੋਕੇ ਸੀ ਜਿਥੋਂ ਦੇ ਮਾਤਾ ਸੁਲੱਖਣੀ ਜੀ ਸਨ, ਤੇ ਇੱਥੋਂ ਦੇ ਹੀ ਗੁਰੂ ਜੀ ਦੇ ਸਿੱਖ ਸੇਵਕ ਭਾਈ ਅਜਿੱਤਾ ਰੰਧਾਵਾ ਸਨ, ਜਿਨ੍ਹਾਂ ਦੀ ਬੜੀ ਇੱਛਾ ਸੀ ਕਿ ਗੁਰੂ ਜੀ ਆਪਣੇ ਨਾਮ ਤੇ ਕੋਈ ਨਗਰ ਵਸਾਵਣ। ਗੁਰੂ ਜੀ ਨੂੰ ਰਾਵੀ ਦੇ ਪਾਸ ਇਹ ਜਗ੍ਹਾ ਪਸੰਦ ਆਈ ਅਤੇ ੧੫੨੨ ਈ: 'ਚ ਇਸ ਥਾਂ ਤੇ ਆ ਕੇ ਗੁਰੂ ਬਾਬੇ ਨਾਨਕ ਨੇ ਇੱਕ ਝਿੜੀ ਵਿੱਚ ਡੇਰਾ ਲਾਇਆ ਤੇ ਬੰਦਗੀ ਕਰਨ ਲੱਗੇ। ਏਸੇ ਹੀ ਪਿੰਡ ਦਾ ਇਕ ਦੋਦ੍ਹਾ ਗੋਤ ਦਾ ਜ਼ਿਮੀਦਾਰ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਨੇ ਜਦੋਂ ਘਰ ਜਾ ਕੇ ਆਪਣੀ ਪਤਨੀ ਨੂੰ ਗੁਰੂ ਸਾਹਿਬ ਦੇ ਬਚਨ ਸੁਣਾਏ ਅਤੇ ਇਲਾਹੀ ਦਰਸ਼ਨਾਂ ਦੀ ਗੱਲ ਕੀਤੀ, ਤਾਂ ਉਸ ਦੀ ਪਤਨੀ ਜੋ ਰੱਬ ਦੇ ਭਉ ਵਾਲੀ ਔਰਤ ਸੀ, ਗੁਰੂ ਜੀ ਦੇ ਦਰਸ਼ਨ ਕਰਨ ਆਈ ਤਾਂ ਆਪਣੇ ਨਾਲ ਇੱਕ ਕਰਮੰਡਲ ਦੁੱਧ ਦਾ ਲੈ ਆਈ। ਫਿਰ ਉਸ ਨੇ ਆਪਣਾ ਨਿਤਕਰਮ ਹੀ ਬਣਾ ਲਿਆ ਕਿ ਰੋਜ਼ ਦੋ ਵਕਤ ਗੁਰੂ ਜੀ ਨੂੰ ਦੁੱਧ ਛਕਾਇਆ ਕਰਨਾ।

ਗੁਰੂ ਜੀ ਨੇ ਇਸੇ ਥਾਂ ਤੇ ਨਵਾਂ ਨਗਰ ਵਸਾਵਣ ਦਾ ਫੈਸਲਾ ਕੀਤਾ ਅਤੇ ਨਗਰ ਵਸਾਵਣ ਲਈ ਇਸੇ ਜ਼ਿਮੀਦਾਰ ਤੋਂ ਜ਼ਮੀਨ ਖਰੀਦ ਲਈ। ਇਹ ਥਾਂ ਕਲਾਨੌਰ ਪਰਗਣੇ ਵਿੱਚ ਪੈਂਦੀ ਸੀ, ਤੇ ਕਲਾਨੌਰ ਦਾ ਚੌਧਰੀ ਕਰੋੜੀ ਮੱਲ ਗੁਰੂ ਜੀ ਦਾ ਵਿਰੋਧ ਕਰਦਾ ਸੀ। ਜਦੋਂ ਉਸਨੂੰ ਪਤਾ ਲੱਗਾ ਕਿ ਗੁਰੂ ਜੀ ਇੱਥੇ ਨਵਾਂ ਨਗਰ ਵਸਾਵਣ ਲੱਗੇ ਹਨ, ਤਾਂ ਉਸ ਨੇ ਘੋੜੇ ਤੇ ਚੜ੍ਹਕੇ, ਥਾਂ ਥਾਂ ਜਾ ਕੇ ਇਲਾਕੇ ਦੇ ਲੋਕਾਂ ਨੂੰ ਬਹੁਤ ਉਕਸਾਇਆ। ਕਹਿੰਦਾ ਫਿਰੇ ਇਹ ਅਜੀਬ ਮਹਾਂਪੁਰਸ਼ ਹੈ, ਜਿਸ ਨੇ ਹਿੰਦੂ ਮੁਸਲਮਾਨ ਦੋਵਾਂ ਦੇ ਧਰਮਾਂ ਵਿੱਚ ਹਲਚਲ ਮਚਾ ਦਿੱਤੀ ਹੈ। ਹੁਣ ਜੇ ਇਸ ਨੇ ਇੱਥੇ ਕੋਈ ਨਗਰ ਵਸਾ ਲਿਆ, ਇੱਥੇ ਤਾਂ ਲੋਕਾਂ ਦਾ ਰਹਿਣਾ ਦੁੱਭਰ ਹੋ ਜਾਊ। ਕਰਨੀ ਰੱਬ ਦੀ ਉਸ ਦਾ ਘੋੜਾ ਬਿਦਕ ਪਿਆ ਤੇ ਉਹ ਘੋੜੇ ਤੋਂ ਡਿੱਗ ਕੇ ਸੱਟਾਂ ਲੁਆ ਬੈਠਾ ਤੇ ਫੱਟੜ ਹੋ ਗਿਆ। ਲੋਕਾਂ ਆਖਿਆ- ਐ ਚੌਧਰੀ ਕਰੋੜੀ ਮੱਲ ਨਾਨਕ ਤੇ ਪਰਮੇਸਰ ਦਾ ਰੂਪ ਏ, ਉਸ ਦੇ ਆਵਣ ਤੇ ਇਸ ਇਲਾਕੇ ਦੇ ਭਾਗ ਜਾਗਣਗੇ। ਆਪਣੀ ਵੱਲ ਵੇਖ ਉਸ ਦੀ ਬਦਖੋਹੀ ਕਰਕੇ ਤੈਨੂੰ ਕੀ ਮਿਲਿਆ ਹੈ? ਤੂੰ ਉਸਦਾ ਵਿਰੋਧ ਕੀਤਾ, ਤਾਂ ਲੱਤਾਂ ਬਾਹਾਂ ਤੁੜਵਾ ਬੈਠਾ ਏਂ। ਜਾਹ ਜਾ ਕੇ ਗੁਰੂ ਨਾਨਕ ਦੇ ਪੈਰੀਂ ਪੈ, ਤੇ ਆਪਣੀ ਭੁੱਲ ਬਖ਼ਸ਼ਾ। ਕਰੋੜੀ ਮੱਲ ਆਣ ਗੁਰੂ ਜੀ ਦੇ ਪੈਰੀਂ ਪਿਆ ਤੇ ਅਰਜ਼ ਕੀਤੀ-

'ਸੌ ਬਿਘੇ ਕਾ ਗਾਉਂ ਇਹਾ ਕਰੋ। ਨਾਨਕ ਚੱਕ ਨਾਮ ਜਿਸ ਧਰੋ।

ਪ੍ਰਭ ਸ਼ਰਧਾ ਦੇਖ ਮਨਜ਼ੂਰ ਇਹ ਕਰਾ। ਕਰਤਾਰਪੁਰ ਨਾਮ ਚਕ ਕਾ ਧਰਾ।
ਧਰਮਸਾਲ ਹਵੇਲੀ ਤਹਾਂ ਬਨਾਈ। ਮਾਤਾ ਜੀ ਕੋ ਲੀਆ ਬੁਲਾਈ।'

ਸਾਰੇ ਆਖਣ ਜੀ ਇਸ ਨਵੇਂ ਨਗਰ ਦਾ ਨਾਮ ਨਾਨਕ-ਪੁਰਾ ਰੱਖੋ। ਪਰ ਗੁਰੂ ਜੀ ਨੇ ਬਚਨ ਕੀਤਾ ਜਦ ਸੱਭੋ ਕੁਝ ਉਸ ਪਰਮੇਸਰ ਦਾ ਹੀ ਦਿੱਤਾ ਹੋਇਆ ਹੈ, ਫਿਰ ਇਸ ਨਗਰ ਦਾ ਨਾਮ ਵੀ ਉਸ ਪਰਮੇਸਰ ਦੇ ਨਾਮ ਤੇ ਕਰਤਾਰ-ਪੁਰ ਹੀ ਰੱਖਿਆ ਜਾਵੇਗਾ।

ਲਾਹੌਰ ਦੇ ਭਾਈ ਦੁਨੀ ਚੰਦ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਨੇ ਨਵਾਂ ਨਗਰ ਵਸਾਇਆ ਹੈ, ਤਾਂ ਉਸਨੇ ਆਪਣੇ ਖਰਚ ਤੇ ਸੰਗਤਾਂ ਲਈ ਇੱਕ ਸਰਾਂ ਬਣਾ ਦਿੱਤੀ। ਗੁਰੂ ਜੀ ਨੇ ਹੁਣ ਉਦਾਸੀਆਂ ਵਾਲੇ ਕੱਪੜੇ ਉਤਾਰ ਦਿੱਤੇ ਅਤੇ ਸੰਸਾਰੀ ਕੱਪੜੇ ਪਹਿਨ ਲਏ। ਮਾਤਾ ਸੁਲੱਖਣੀ ਅਤੇ ਆਪਣੇ ਸਾਹਿਬਜ਼ਾਦਿਆਂ ਨੂੰ ਵੀ ਇੱਥੇ ਬੁਲਾ ਲਿਆ। ਭਾਈ ਗੁਰਦਾਸ ਜੀ ਲਿਖਦੇ ਹਨ-

'ਫਿਰ ਬਾਬਾ ਆਇਆ ਕਰਤਾਰ ਪੁਰਿ ਭੇਖ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ।'

ਤਲਵੰਡੀ ਦੇ ਬਹੁਤੇ ਵਾਸੀਆਂ ਨੇ ਆਪਣੇ ਘਰ ਬਾਰ ਕਰਤਾਰਪੁਰ ਬਣਾ ਲਏ। ਗੁਰੂ ਨਾਨਕ ਸਾਹਿਬ ਦੀ ਸਾਰੇ ਜੱਗ ਵਿੱਚ ਐਨੀ ਸੋਭਾ ਹੋ ਗਈ ਸੀ ਕਿ ਜਿਸ ਜਿਸ ਨੇ ਵੀ ਗੁਰੂ ਜੀ ਵਲੋਂ ਵਸਾਏ ਇਸ ਨਵੇਂ ਨਗਰ ਬਾਰੇ ਸੁਣਿਆ, ਆਪਣਾ ਘਰ-ਬਾਰ ਛੱਡ ਕਰਤਾਰਪੁਰ ਆ ਕੇ ਬਸੇਰਾ ਕਰ ਲਿਆ। ਦਿਨਾਂ ਵਿੱਚ ਹੀ ਕਰਤਾਰਪੁਰ ਦੇ ਵਾਸੀਆਂ ਦੀ ਗਿਣਤੀ ਵੀਹ ਹਜ਼ਾਰ ਤੱਕ ਪਹੁੰਚ ਗਈ। ਰੋਜ਼ ਸਵੇਰ ਸ਼ਾਮ ਧਰਮਸਾਲਾ ਵਿੱਚ ਸੰਗਤ ਜੁੜਦੀ, ਪਰਮੇਸਰ ਦੇ ਨਾਮ ਦਾ ਸਿਮਰਨ ਹੁੰਦਾ ਅਤੇ ਗੁਰੂ ਜੀ ਦੇ ਇਲਾਹੀ ਬਚਨ ਸੰਗਤਾਂ ਸਰਵਨ ਕਰਦੀਆਂ। ਗੁਰੂ ਕਾ ਲੰਗਰ ਸਭਨਾਂ ਨੂੰ ਵਰਤਦਾ। ਦੂਰ ਦੂਰ ਤੋਂ ਜਿਨ੍ਹਾਂ ਜਿਨ੍ਹਾਂ ਨੇ ਵੀ ਗੁਰੂ ਨਾਨਕ ਸਾਹਿਬ ਦੀ ਸੰਗਤ ਮਾਣੀ ਸੀ, ਉਹ ਵੀ ਹੁਣ ਕਰਤਾਰਪੁਰ ਆ ਕੇ ਕਈ ਕਈ ਦਿਨ ਰਹਿੰਦੇ, ਹੱਥੀਂ ਸੇਵਾ ਕਰਦੇ ਅਤੇ ਗੁਰੂ ਜੀ ਦੀ ਸੰਗਤ ਦਾ ਲਾਭ ਉਠਾਉਂਦੇ।

ਭਾਈ ਮਰਦਾਨੇ ਦਾ ਪੁੱਤਰ ਸ਼ਾਹਯਾਦ ਤੇ ਗੁਰੂ ਜੀ ਦੇ ਨਾਲ ਹੀ ਤਲਵੰਡੀ ਤੋਂ ਆ ਗਿਆ ਸੀ। ਗੁਰੂ ਜੀ ਦੀ ਪ੍ਰਸਿੱਧੀ ਸੁਣ ਰਬਾਬੀ ਭਾਈ ਬਲਵੰਡ ਵੀ ਗੁਰੂ ਜੀ ਦੀ ਹਜ਼ੂਰੀ ਵਿੱਚ ਪਹੁੰਚ ਗਿਆ। ਆਪ ਜੀ ਨੇ ਨੇੜੇ ਨੇੜੇ ਦੇ ਇਲਾਕਿਆਂ 'ਚ ਵੀ ਜਾਣਾ ਤੇ ਧਰਮ-ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਲੋਕਾਂ ਨੂੰ ਮੜ੍ਹੀਆਂ ਮਸਾਣਾ ਦੀ ਪੂਜਾ ਤੋਂ ਹਟਾ, ਇੱਕ ਪਰਮੇਸਰ ਦੇ ਲੜ ਲੱਗਣ ਲਈ ਪ੍ਰੇਰਿਆ।

**ਬੂੜਾ ਨਹੀਂ ਬੁੱਢਾ-**

ਜਿਕਰ ਆਉਂਦਾ ਹੈ ਕਿ ਗੁਰੂ ਜੀ ਕੱਥੂ-ਨੰਗਲ ਦੇ ਇਲਾਕੇ ਵਿੱਚੀਂ ਗੁਜ਼ਰ ਰਹੇ ਸਨ, ਤਾਂ ਇਕ ਲੜਕਾ ਜੋ ਡੰਗਰ ਚਾਰ ਰਿਹਾ ਸੀ ਗੁਰੂ ਜੀ ਨੂੰ ਵੇਖ ਪਾਸ ਆ ਗਿਆ ਅਤੇ ਗੁਰੂ ਜੀ ਨਾਲ ਗੱਲਾਂ ਕਰਨ ਲੱਗ ਪਿਆ। ਉਸ ਲੜਕੇ ਦਾ ਬਾਪ ਬੜੀ ਦੂਰ ਖੜ੍ਹਾ ਵੇਖ ਰਿਹਾ ਸੀ। ਜਦੋਂ ਇਹ ਲੜਕਾ ਗੁਰੂ ਜੀ ਕੋਲੋਂ ਉੱਠਿਆ ਹੀ ਨਾ, ਤਾਂ ਉਸਦਾ ਬਾਪ ਵੀ ਗੁਰੂ ਜੀ ਕੋਲ ਆ ਗਿਆ ਤੇ ਪੁੱਛਣ ਲੱਗਾ- ਬਾਬਾ ਜੀ ਇਹ ਮੁੰਡਾ ਤੁਹਾਡੇ ਨਾਲ ਕੀ ਗੱਲਾਂ ਕਰ ਰਿਹਾ ਹੈ?

ਗੁਰੂ ਜੀ ਨੇ ਪੁੱਛਿਆ- ਇਹ ਬੱਚਾ ਕੌਣ ਹੈ?

ਜੀ, ਇਹ ਮੇਰਾ ਪੁੱਤਰ ਹੈ।

ਗੁਰੂ ਜੀ ਨੇ ਆਖਿਆ- ਇਹ ਤੇ ਸਿਆਣਿਆਂ ਵਾਲੀਆਂ ਗੱਲਾਂ ਕਰਦਾ ਹੈ।

ਉਸਦਾ ਬਾਪ ਆਖਣ ਲੱਗਾ- ਇਹ ਤੇ ਜੀ ਹੁਣੇ ਹੀ ਬੁੱਢਿਆਂ ਵਾਲੀਆਂ ਗੱਲਾਂ ਕਰਨ ਲੱਗ ਪਿਆ ਹੈ।

ਉਹ ਲੜਕਾ ਆਖਣ ਲੱਗਾ– ਬਾਬਾ ਜੀ ਛੋਟੇ ਵੀ ਤੇ ਸਿਆਣਿਆਂ ਵਾਲੀਆਂ ਗੱਲਾਂ ਕਰ ਹੀ ਸਕਦੇ ਹਨ? ਜਦ ਚੁੱਲ੍ਹੇ ਵਿੱਚ ਅੱਗ ਬਾਲੀਦੀ ਹੈ, ਤਾਂ ਛੋਟੀਆਂ ਲੱਕੜਾਂ ਨੂੰ ਪਹਿਲੋਂ ਅੱਗ ਲੱਗਦੀ ਹੈ, ਵੱਡੀਆਂ ਨੂੰ ਬਾਅਦ ਵਿੱਚ। ਉਸ ਮੌਤ ਦਾ ਕੀ ਪਤਾ, ਕਿਸ ਨੂੰ ਉਸਨੇ ਪਹਿਲੋਂ ਲੈ ਕੇ ਜਾਣਾ ਹੈ, ਕਿਸਨੂੰ ਬਾਅਦ ਵਿੱਚ। ਸਾਡੇ ਪਿੰਡ ਵਿੱਚ ਤੁਰਕ ਆਏ ਸਨ, ਨਾ ਉਨ੍ਹਾਂ ਬੱਚੇ ਛੱਡੇ ਨਾ ਵੱਡੇ, ਸਾਰਿਆਂ ਨੂੰ ਮਾਰ ਮੁਕਾਇਆ। ਇਸੇ ਲਈ ਮੈਂ ਸੋਚਦਾ ਹਾਂ ਕਿ ਦਮਾਂ ਦਾ ਕੀ ਵਸਾਹ। ਕਿਸ ਨੇ ਕਦੋਂ ਤੁਰ ਜਾਣਾ ਹੈ, ਇਹ ਤੇ ਉਹ ਪਰਮੇਸਰ ਹੀ ਜਾਣਦਾ ਹੈ।

ਉਸਦਾ ਬਾਪ ਕਹਿਣ ਲੱਗਾ– ਬਾਬਾ ਜੀ ਸੁਣ ਲਿਓ 'ਬੂੜੇ' ਦੀਆਂ ਗੱਲਾਂ।

ਗੁਰੂ ਜੀ ਨੇ ਕਿਹਾ– ਭਾਈ ਇਸਨੂੰ ਬੂੜਾ ਨਾ ਕਹਿ ਇਹ ਤੇ 'ਬੁੱਢਾ' ਏ।

ਇਸ ਤੋਂ ਬਾਅਦ ਉਸ ਬੱਚੇ ਦਾ ਨਾਮ ਬੁੱਢਾ ਹੀ ਮਸ਼ਹੂਰ ਹੋ ਗਿਆ। ਸਿੱਖ ਇਤਿਹਾਸ ਵਿਚ ਇਸਨੂੰ ਬਾਬਾ ਬੁੱਢਾ ਕਰ ਕੇ ਜਾਣਿਆ ਜਾਂਦਾ ਹੈ, ਜੋ ਬੜੀ ਹੀ ਸਤਿਕਾਰਯੋਗ ਸਖ਼ਸ਼ੀਅਤ ਹੋਈ ਹੈ। ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਸਾਹਿਬਾਨ ਤੱਕ ਗੁਰਗੱਦੀ ਦਾ ਤਿਲਕ ਲਗਾਇਆ।

# ਸਿਧ ਗੋਸ਼ਟ ਅਚੱਲ ਬਟਾਲਾ

ਗੁਰੂ ਨਾਨਕ ਸਾਹਿਬ ਦੀ ਪ੍ਰਸਿੱਧੀ ਚਾਰੋਂ ਪਾਸੇ ਫੈਲ ਗਈ ਸੀ। ਜਿਸ ਨੂੰ ਵੀ ਪਤਾ ਲੱਗਦਾ ਕਿ ਗੁਰੂ ਜੀ ਨੇ ਜੋ ਨਵਾਂ ਨਗਰ ਕਰਤਾਰਪੁਰ ਵਸਾਇਆ ਹੈ, ਹੁਣ ਆਪ ਜੀ ਉੱਥੇ ਹੀ ਨਿਵਾਸ ਰੱਖਦੇ ਹਨ, ਤਾਂ ਦੂਰੋਂ ਦੂਰੋਂ ਜਗਿਆਸੂ ਕਰਤਾਰਪੁਰ ਨੂੰ ਵਹੀਰਾ ਘੱਤੀ ਆਉਂਦੇ। ਇਸ ਇਲਾਕੇ ਵਿੱਚ ਹੀ ਇਕ ਮਸ਼ਹੂਰ ਹਿੰਦੂ-ਤੀਰਥ ਅਚੱਲ ਬਟਾਲੇ ਸੀ, ਜਿੱਥੇ ਹਰੇਕ ਸਾਲ ਸ਼ਿਵਰਾਤਰੀ ਦਾ ਮੇਲਾ ਬਹੁਤ ਭਰਦਾ ਸੀ। ਦੂਰੋਂ ਦੂਰੋਂ ਲੋਕ ਇਸ ਸ਼ਿਵਰਾਤਰੀ ਦੇ ਮੇਲੇ ਤੇ ਪਹੁੰਚਦੇ। ਵੱਖ ਵੱਖ ਭੇਖਾਂ ਦੇ ਸਾਧੂ, ਮਹਾਤਮਾ, ਜਤੀ-ਸਤੀ ਤੇ ਹੋਰ ਲੋਕ ਤੇ ਆਉਂਦੇ। ਉੱਚਿਆਂ ਪਹਾੜਾਂ ਤੋਂ ਜੋਗੀ ਸਿੱਧ ਵੀ ਭਾਰੀ ਗਿਣਤੀ ਵਿੱਚ ਆ ਪਹੁੰਚਦੇ।

ਗੁਰੂ ਨਾਨਕ ਸਾਹਿਬ ਵੀ ਅਚੱਲ ਬਟਾਲੇ ਸ਼ਿਵਰਾਤਰੀ ਦੇ ਮੇਲੇ ਤੇ ਪਹੁੰਚ ਗਏ। ਜਦੋਂ ਸ਼ਿਵਰਾਤਰੀ ਦੇ ਮੇਲੇ ਤੇ ਆਏ ਹੋਏ ਸ਼ਰਧਾਲੂਆਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਸਾਹਿਬ ਵੀ ਅਚੱਲ ਬਟਾਲੇ ਆਏ ਹੋਏ ਹਨ, ਤਾਂ ਜਿਸ ਥਾਂ ਤੇ ਗੁਰੂ ਨਾਨਕ ਸਾਹਿਬ ਜੀ ਆ ਕੇ ਬੈਠੇ, ਮੇਲਾ ਵੇਖਣ ਆਏ ਬਹੁਤੇ ਸ਼ਰਧਾਲੂ ਵੀ ਉਸੇ ਥਾਂ ਤੇ ਹੀ ਇਕੱਠੇ ਹੋ ਗਏ, ਤੇ ਗੁਰੂ ਜੀ ਦੇ ਆਲੇ ਦੁਆਲੇ ਆਣ ਕੇ ਬੈਠ ਗਏ। ਇਹ ਗੱਲ ਉੱਚਿਆਂ ਬਰਫਾਨੀ ਪਹਾੜਾਂ ਤੋਂ ਉੱਤਰ ਕੇ ਆਏ ਜੋਗੀ ਸਿੱਧਾਂ ਨੂੰ ਬਹੁਤ ਬੁਰੀ ਲੱਗੀ, ਤੇ ਉਹਨਾਂ ਨੂੰ ਆਪਣਾ ਤੇਜ਼-ਪਰਤਾਪ ਘਟਦਾ ਨਜ਼ਰ ਆਇਆ। ਇੱਕ ਬੜਬੋਲਾ ਜੋਗੀ ਜਿਸ ਦਾ ਨਾਮ ਭੰਗਰ ਨਾਥ ਸੀ, ਜਦੋਂ ਉਸ ਨੇ ਗੁਰੂ ਸਾਹਿਬ ਦੁਆਲੇ ਜੁੜੀ ਬੈਠੀ ਬਹੁਤ ਵੱਡੀ ਭੀੜ ਨੂੰ ਵੇਖਿਆ, ਤਾਂ ਉਹ ਬੜੇ ਹੀ ਗੁੱਸੇ ਨਾਲ ਗੁਰੂ ਸਾਹਿਬ ਕੋਲ ਆ ਗਿਆ, ਤੇ ਆਖਣ ਲੱਗਾ-

'ਪੁਛੇ ਜੋਗੀ ਭੰਗਰ ਨਾਥ ਤੁਹਿ ਦੁੱਧ ਵਿਚ ਕਿਉਂ ਕਾਂਜੀ ਪਾਈ।<br>
ਫਿਟਿਆ ਚਾਟਾ ਦੁੱਧ ਦਾ ਰਿੜਕਿਆ ਮੱਖਣ ਹਥਿ ਨਾ ਆਈ।<br>
ਭੇਖ ਉਤਾਰਿ ਉਦਾਸਿ ਦਾ ਵਤਿ ਕਿਉਂ ਸੰਸਾਰੀ ਰੀਤ ਚਲਾਈ।'

ਭੰਗਰ ਨਾਥ ਗੁੱਸੇ ਵਿੱਚ ਆ ਕੇ ਗੁਰੂ ਸਾਹਿਬ ਤੋਂ ਪੁਛਣ ਲੱਗਾ- ਤੁਸਾਂ ਉਦਾਸੀ ਦਾ (ਭਾਵ ਸਾਧੂਆਂ ਦਾ) ਭੇਖ ਉਤਾਰ ਕੇ ਇਹ ਗ੍ਰਹਿਸਤੀਆਂ ਵਾਲੇ ਕੱਪੜੇ ਕਿਉਂ ਪਹਿਰ ਲਏ ਹਨ? ਜਿਵੇਂ ਦੁੱਧ ਵਿੱਚ ਖਟਿਆਈ ਦਾ ਛਿੱਟਾ ਪੈਣ ਨਾਲ ਸਾਰਾ ਦੁੱਧ ਖਰਾਬ ਹੋ ਕੇ ਫਿੱਟ ਜਾਂਦਾ ਹੈ, ਤਿਵੇਂ ਹੀ ਤੁਸਾਂ ਦੇ ਗ੍ਰਹਿਸਤ-ਭੇਖ ਧਾਰਨ ਕਰਨ ਨਾਲ, ਤੁਸਾਂ ਦੀ ਕੀਤੀ ਬੰਦਗੀ ਤੇ ਤਪੱਸਿਆ ਵੀ ਖਤਮ ਹੋ ਗਈ ਹੈ।

ਗੁਰੂ ਸਾਹਿਬ ਨੇ ਆਖਿਆ- ਐ ਜੋਗੀ ਭੰਗਰ ਨਾਥ ਤੁਹਾਡੀ ਆਪਣੀ ਮੱਤ ਫਿੱਟੀ ਹੋਈ ਹੈ। ਜੇ ਤੁਹਾਡੀ ਮੱਤ ਫਿੱਟੀ ਹੋਈ ਨਾ ਹੁੰਦੀ, ਤਾਂ ਤੁਹਾਨੂੰ ਸਮਝ ਹੁੰਦੀ ਕਿ ਗ੍ਰਹਿਸਤੀ ਮਾਤਾ ਪਿਤਾ ਤੋਂ ਹੀ ਤਾਂ ਤੁਸਾਂ ਦਾ ਜਨਮ ਹੋਇਆ ਹੈ। ਫੇਰ ਤੁਸੀਂ ਗ੍ਰਹਿਸਤ ਛੱਡ ਕੇ, ਘਰ-ਬਾਰ ਛੱਡ ਕੇ, ਜੋਗੀ ਸਿੱਧ ਬਣ ਗਏ ਤੇ ਪਹਾੜਾਂ ਨੂੰ ਚੜ੍ਹ ਗਏ? ਤੇ ਫੇਰ ਮੰਗਣ ਵੀ ਤੇ ਉਨ੍ਹਾਂ ਗ੍ਰਹਿਸਤੀਆਂ ਦੇ ਹੀ ਘਰ ਜਾਂਦੇ ਹੋ? ਤੂਹੀਓਂ ਦੱਸ ਵੱਡੇ ਤੁਸੀਂ ਸਿੱਧ-ਜੋਗੀ ਹੋਏ ਜਾਂ ਉਹ ਗ੍ਰਹਿਸਤੀ, ਜਿਨ੍ਹਾਂ ਦੇ ਘਰੋਂ ਤੁਸੀਂ ਮੰਗਣ ਜਾਂਦੇ ਹੋ? ਦੇਣ ਵਾਲਾ ਵੱਡਾ ਹੁੰਦਾ ਹੈ ਕਿ ਮੰਗਣ ਵਾਲਾ?

'ਨਾਨਕ ਆਖੇ ਭੰਗਰ ਨਾਥ ਤੇਰੀ ਮਾਉ ਕੁਚੱਜੀ ਆਈ।<br>
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚੱਜੇ ਫੁਲੁ ਸੜਾਈ।

ਹੋਇ ਅਤੀਤ ਗ੍ਰਿਹਿਸਤ ਤਜਿ ਫਿਰਿ ਉਨਾਂ ਕੇ ਘਰਿ ਮੰਗਣਿ ਜਾਈ।
ਬਿਨ ਦਿੱਤੇ ਕਛੁ ਹਥ ਨ ਆਈ।'

ਗੁਰੂ ਨਾਨਕ ਸਾਹਿਬ ਦੇ ਏਨੇ ਸਖਤ ਜਵਾਬ ਸੁਣ ਕੇ ਭੰਗਰ ਨਾਥ ਤੇ ਉਸ ਦੇ ਨਾਲ ਆਏ ਹੋਈ ਜੋਗੀ ਸਿੱਧ ਬਹੁਤ ਔਖੇ ਹੋਏ।ਉਹਨਾਂ ਆਪਣਾ ਅਪਮਾਨ ਮਹਿਸੂਸ ਕੀਤਾ ਤੇ ਉੱਚੀ ਉੱਚੀ ਰੌਲਾ ਪਾ ਕੇ ਸ਼ਿਵਰਾਤਰੀ ਦੇ ਮੇਲੇ ਤੇ ਆਏ ਸ਼ਰਧਾਲੂਆਂ ਨੂੰ ਉਕਸਾਉਣ ਲੱਗੇ ਕਿ ਨਾਨਕ ਵੇਦਾਂ, ਸ਼ਾਸ਼ਤਰਾਂ ਤੇ ਹਿੰਦੂ ਪ੍ਰੰਪਰਾਵਾਂ ਦੀ ਨਿੰਦਿਆ ਕਰ ਰਿਹਾ ਹੈ, ਤੇ ਫਿਰ ਆਪਣੇ ਯੋਗ-ਬਲ ਨਾਲ ਤਰ੍ਹਾਂ ਤਰ੍ਹਾਂ ਦੀਆਂ ਕਰਾਮਾਤਾਂ ਦਿਖਾਉਣ ਲੱਗੇ। ਪਰ ਸਾਰੇ ਲੋਕ ਤੇ ਗੁਰੂ ਨਾਨਕ ਸਾਹਿਬ ਦੀਆਂ ਖਰੀਆਂ ਖਰੀਆਂ ਗੱਲਾਂ ਸੁਣ ਕੇ ਅਚਰਜ਼ ਸਨ ਕਿ ਇਹ ਸਿੱਧ ਜੋਗੀ, ਜਿਨ੍ਹਾਂ ਨੇ ਆਪਣੀਆਂ ਕਰਾਮਾਤਾਂ ਦਾ ਵਿਖਾਵਾ ਕਰ ਕੇ, ਲੋਕਾਂ ਨੂੰ ਡਰਾ ਕੇ, ਰੱਖਿਆ ਹੋਇਆ ਹੈ ਗੁਰੂ ਨਾਨਕ ਤੇ ਉਨ੍ਹਾਂ ਦੀ ਪਰਵਾਹ ਵੀ ਨਹੀਂ ਕਰਦੇ। ਜਦੋਂ ਇਹ ਸਿੱਧ ਜੋਗੀ ਆਪਣੀਆਂ ਗੱਲਾਂ ਤੇ ਕਰਾਮਾਤਾਂ ਨਾਲ ਵੀ ਲੋਕਾਂ ਨੂੰ ਉਕਸਾਅ ਨਾ ਸਕੇ, ਤਾਂ ਇਹ ਜੋਗੀ ਆਖਣ ਲੱਗੇ-



'ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤ ਦਿਖਲਾਈ।'

ਇਹ ਸਿੱਧ ਜੋਗੀ ਬੜੇ ਹੈਰਾਨ ਹੋਏ ਕਿ ਉਨ੍ਹਾਂ ਦੀ ਕਿਸੇ ਵੀ ਗੱਲ ਦਾ ਇਨ੍ਹਾਂ ਲੋਕਾਂ ਤੇ ਕੋਈ ਅਸਰ ਹੀ ਨਹੀਂ ਹੋਇਆ। ਕਿਸੇ ਨੇ ਵੀ ਉਨ੍ਹਾਂ ਦੀਆਂ ਕਰਾਮਾਤਾਂ ਦੀ ਵੀ ਪਰਵਾਹ ਨਹੀਂ ਕੀਤੀ-

'ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।
ਸਤਿ ਨਾਮ ਬਿਨ ਬਾਦਰਿ ਛਾਈ।'

ਗੁਰੂ ਸਾਹਿਬ ਨੇ ਇਨ੍ਹਾਂ ਸਿੱਧਾਂ ਜੋਗੀਆਂ ਅਤੇ ਮੇਲੇ ਤੇ ਆਏ ਸ਼ਰਧਾਲੂਆਂ ਨੂੰ ਉਪਦੇਸ਼ ਦੇਂਦਿਆਂ ਬਚਨ ਕੀਤਾ–

ਉਸ ਪਰਮੇਸਰ ਦੇ ਨਾਮ ਤੋਂ ਵੱਡੀ ਕੋਈ ਕਰਾਮਾਤ ਇਸ ਜੱਗ ਹੈ ਹੀ ਨਹੀਂ। ਜੋ ਉਸ ਪਰਮੇਸਰ ਦੇ ਨਾਮ ਦਾ ਸਿਮਰਨ ਨਹੀਂ ਕਰਦਾ, ਉਹ ਹੀ ਭਰਮ ਭੁਲੇਖਿਆਂ ਦੀ ਬੱਦਲਵਾਈ ਵਿੱਚ ਘਿਰਿਆ ਰਹਿੰਦਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਦੀਆਂ ਸੱਚੀਆਂ ਸੁੱਚੀਆਂ ਗੱਲਾਂ ਸੁਣ ਕੇ ਸਾਰੇ ਸ਼ਾਂਤ ਹੋ ਗਏ।

'ਸਬਦਿ ਸਾਂਤਿ ਸਿਧਾ ਵਿਚ ਆਈ।
ਸਿਧ ਬੋਲਨਿ ਸੁਭ ਬਚਨ ਧਨ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖ ਪਰਗਟਿਆ ਕਲਿਜੁਗ ਅੰਦਰਿ ਜੋਤਿ ਜਗਾਈ।'

ਇਸ ਤਰ੍ਹਾਂ ਸਿੱਧਾਂ ਜੋਗੀਆਂ ਤੇ ਗੁਰੂ ਸਾਹਿਬ ਵਿੱਚ ਬਹੁਤ ਦੇਰ ਵਿਚਾਰ ਚਰਚਾ ਹੁੰਦੀ ਰਹੀ, ਬਹੁਤ ਹੀ ਸਵਾਲ ਜਵਾਬ ਹੋਏ ਤੇ ਆਖਰ ਵਿਚ ਸਿੱਧਾ ਨੇ ਗੁਰੂ ਸਾਹਿਬ ਦੀ ਅਜ਼ਮਤ ਨੂੰ ਸਿਰ ਨਿਵਾਇਆ। ਗੁਰੂ ਸਾਹਿਬ ਨੇ ਕਰਤਾਰਪੁਰ ਵਾਪਸ ਆ ਕੇ ਇਹ ਸਾਰੇ ਸਵਾਲ ਅਤੇ ਜਵਾਬ ਸਿਧ ਗੋਸ਼ਟ ਰਾਮਕਲੀ ਰਾਗ ਵਿੱਚ ਲਿਖ ਲਏ। ਸਿਧ ਗੋਸ਼ਟ ਦੀਆਂ ੭੩ ਪੌੜੀਆਂ ਹਨ। ਸਿੱਧਾਂ ਨੇ ਤਕਰੀਬਨ ੧੫੩ ਪ੍ਰਸ਼ਨ ਕੀਤੇ, ਜਿਨ੍ਹਾਂ ਦੇ ਜਵਾਬ ਗੁਰੂ ਸਾਹਿਬ ਨੇ ਬੜੇ ਹੀ ਠਰ੍ਹੰਮੇ ਤੇ ਧੀਰਜ ਨਾਲ ਦਿੱਤੇ।

# ਭਾਈ ਲਹਿਣਾ ਜੀ

ਹੁਣ ਕਰਤਾਰਪੁਰ ਘੁੱਗ ਵੱਸਦਾ ਨਗਰ ਸੀ, ਜਿੱਥੇ ਸਵੇਰ ਸ਼ਾਮ ਰਬਾਬੀਆਂ ਦੀਆਂ ਸੰਗੀਤ ਮਈ ਰਬਾਬਾਂ ਗੂੰਜਦੀਆਂ, ਗੁਰਬਾਣੀ ਪੜ੍ਹੀ ਜਾਂਦੀ ਅਤੇ ਸੰਗਤਾਂ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਕੇ ਅਤੇ ਇਲਾਹੀ ਬਚਨ ਸੁਣ ਕੇ ਆਨੰਦਤ ਹੁੰਦੀਆਂ। ਗੁਰੂ ਸਾਹਿਬ ਜੀ ਦੀ ਸ਼ਖਸੀਅਤ ਦੀ ਮਹਿਕ ਦੂਰ ਦੂਰ ਤੱਕ ਫੈਲ ਗਈ ਸੀ। ਰੱਬੀ ਰੰਗ ਦੇ ਤਲਬਗਾਰ ਭੌਰੇ, ਉਮਡ ਉਮਡ ਕੇ ਕਰਤਾਰਪੁਰ ਨੂੰ ਆਉਂਦੇ।

ਮਾਝੇ ਦੇ ਇਲਾਕੇ 'ਚੋਂ ਗੁਰੂ ਜੀ ਦੇ ਚਰਨਾਂ ਦਾ ਇੱਕ ਭੌਰਾ, ਭਾਈ ਜੋਧ ਵੀ ਅਕਸਰ ਕਰਤਾਰਪੁਰ ਆਇਆ ਕਰਦਾ ਸੀ। ਭਾਈ ਜੋਧ ਜੀ ਦਾ ਬਹਿਣ ਉੱਠਣ ਖਡੂਰ ਦੇ ਇਕ ਧਾਰਮਿਕ ਬਿਰਤੀ ਵਾਲੇ ਭਾਈ

ਲਹਿਣਾ ਜੀ ਨਾਲ ਸੀ। ਭਾਈ ਲਹਿਣਾ ਜੀ ਦੁਕਾਨਦਾਰੀ ਕਰਿਆ ਕਰਦੇ ਸਨ। ਅਕਸਰ ਭਾਈ ਜੋਧ ਜਦੋਂ ਵੀ ਭਾਈ ਲਹਿਣਾ ਜੀ ਨੂੰ ਮਿਲਦੇ ਗੁਰੂ ਨਾਨਕ ਸਾਹਿਬ ਦੇ ਬਚਨ ਸੁਣਾਉਂਦੇ। ਗੁਰੂ ਸਾਹਿਬ ਦੀ ਬਹੁਤ ਸਾਰੀ ਬਾਣੀ ਵੀ ਭਾਈ ਜੋਧ ਦੇ ਜ਼ੁਬਾਨੀ ਯਾਦ ਸੀ, ਇਹ ਬਾਣੀ ਸੁਣ ਕੇ ਭਾਈ ਲਹਿਣਾ ਦੇ ਮਨ ਨੂੰ ਸੁੱਖ ਮਿਲਦਾ, ਤੇ ਉਨ੍ਹਾਂ ਦੇ ਮਨ ਵਿੱਚ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਦੀ ਤਾਂਘ ਜਾਗ ਪਈ। ਭਾਈ ਲਹਿਣਾ ਜੀ ਪਰਮੇਸਰ ਦੇ ਭਓ ਵਾਲੇ ਇਨਸਾਨ ਸਨ ਪਰ ਸਨ ਉਹ ਵੈਸ਼ਨੋ ਦੇਵੀ ਦੇ ਉਪਾਸ਼ਕ ਤੇ ਹਰ ਸਾਲ ਇਲਾਕੇ ਦੇ ਦੇਵੀ-ਉਪਾਸ਼ਕਾਂ ਨੂੰ ਇਕੱਠੇ ਕਰ ਕੇ, ਸੰਗ ਦੇ ਰੂਪ ਵਿੱਚ ਵੈਸ਼ਨੋ ਦੇਵੀ ਜਾਇਆ ਕਰਦੇ ਸਨ।

੧੫੩੨ ਈ: ਦੀ ਗੱਲ ਹੈ ਕਿ ਭਾਈ ਲਹਿਣਾ ਜੀ ਦੇ ਮਨ ਵਿੱਚ ਆਈ ਕਿਉਂ ਨਾ ਕਰਤਾਰਪੁਰ ਜਾ ਕੇ ਗੁਰੂ ਨਾਨਕ ਸਾਹਿਬ ਦੇ ਵੀ ਦਰਸ਼ਨ ਕਰੀਏ। ਸੋ ਭਾਈ ਲਹਿਣਾ ਜੀ ਘੋੜੇ ਤੇ ਚੜ੍ਹ ਕੇ ਕਰਤਾਰਪੁਰ ਨੂੰ ਤੁਰ ਪਏ। ਜਦੋਂ ਕਰਤਾਰਪੁਰ ਨਗਰ ਦੇ ਬਾਹਰ ਪਹੁੰਚੇ ਤਾਂ ਖੇਤਾਂ ਚੋਂ ਵਾਪਸ ਜਾ ਰਹੇ ਗੁਰੂ ਸਾਹਿਬ ਨੂੰ ਹੀ ਪੁੱਛ ਲਿਆ- ਜੀ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਿੱਥੇ ਹੋਣਗੇ?

ਗੁਰੂ ਜੀ ਨੇ ਭਾਈ ਲਹਿਣੇ ਦੇ ਘੋੜੇ ਦੀਆਂ ਵਾਗਾਂ ਫੜੀਆਂ ਤੇ ਅੱਗੇ ਅੱਗੇ ਹੋ ਕੇ ਤੁਰ ਪਏ। ਘਰ ਦੇ ਮੁਹਰੇ ਪਹੁੰਚ ਕੇ ਇਸ਼ਾਰਾ ਕੀਤਾ- ਜੀ ਇੱਥੇ ਮਿਲਣਗੇ ਨਾਨਕ, ਅੰਦਰ ਲੰਘ ਜਾਵੋ। ਤੇ ਆਪ ਦੂਸਰੇ ਦਰਵਾਜ਼ੇ ਵੱਲ ਦੀ ਲੰਘ ਕੇ ਪਹਿਲੋਂ ਹੀ ਅੱਗੋਂ ਆਣ ਕੇ ਮੰਜੇ ਤੇ ਬੈਠ ਗਏ। ਭਾਈ ਲਹਿਣਾ ਜੀ ਨੇ ਆਪਣਾ ਘੋੜਾ ਵੇਹੜੇ ਵਿੱਚ ਲੱਗੇ ਦਰਖਤ ਨਾਲ ਬੰਨਿਆਂ ਅਤੇ ਜਦੋਂ ਪਿਛਾਂਹ ਮੁੜ ਕੇ ਵੇਖਿਆ ਤਾਂ ਸਾਹਮਣੇ ਮੰਜੇ ਤੇ ਗੁਰੂ ਸਾਹਿਬ ਆਪ ਹੀ ਬੈਠੇ ਹਨ, ਤਾਂ ਭਾਈ ਜੀ ਦੇ ਚੇਹਰੇ ਤੇ ਇੱਕ ਰੰਗ ਆਵੇ ਇਕ ਜਾਵੇ ਕਿ ਮੈਂ ਇਹ ਕੀ ਕਰ ਦਿੱਤਾ। ਇਹ ਤੇ ਬਹੁਤ ਵੱਡੀ ਅਵੱਗਿਆ ਹੋ ਗਈ।

ਗੁਰੂ ਜੀ ਨੇ ਭਾਈ ਲਹਿਣੇ ਦੇ ਮਨ ਦੀ ਇਹ ਦਸ਼ਾ ਵੇਖ ਆਪਣੇ ਕੋਲ ਹੀ ਬਿਠਾ ਲਿਆ, ਤੇ ਬੜੇ ਪਿਆਰ ਨਾਲ ਪੁੱਛਿਆ- ਭਾਈ ਜੀ ਕੀ ਨਾਮ ਹੈ ਤੁਸਾਂ ਦਾ?

ਜੀ ਲਹਿਣਾ।

ਭਾਈ ਜੀ ਲਹਿਣੇਦਾਰ ਘੋੜੇ ਤੇ ਚੜ੍ਹ ਕੇ ਹੀ ਆਇਆ ਕਰਦੇ ਹਨ। ਤੁਸੀਂ ਲੈਣ ਵਾਲੇ ਤੇ ਮੈਂ ਦੇਣ ਵਾਲਾ। ਐਵੇਂ ਮਨ ਹਲਕਾ ਨਾ ਕਰੋ, ਲੈਣ ਵਾਲੇ ਤੇ ਆਉਂਦੇ ਹੀ ਘੋੜਿਆਂ ਤੇ ਚੜ੍ਹ ਕੇ ਨੇ।

ਗੁਰੂ ਸਾਹਿਬ ਦੀ ਪਹਿਲੀ ਮਿਲਣੀ ਨੇ ਹੀ ਭਾਈ ਲਹਿਣਾ ਜੀ ਦਾ ਮਨ ਮੋਹ ਲਿਆ। ਗੁਰੂ ਜੀ ਦੇ ਦਰਸ਼ਨ ਕਰਕੇ, ਬਚਨ ਸੁਣ ਕੇ ਮਨ ਨੂੰ ਬਹੁਤ ਸੁੱਖ ਮਿਲਿਆ। ਕਈ ਦਿਨ ਗੁਰੂ ਜੀ ਦੀ ਸੇਵਾ ਵਿੱਚ ਰਹੇ। ਅਜਿਹਾ ਆਨੰਦ ਆਇਆ ਕਿ ਵਾਪਸ ਜਾਣ ਨੂੰ ਮਨ ਹੀ ਨਾ ਕਰੇ। ਚਿੱਤ ਕਰੇ ਗੁਰੂ ਜੀ ਪਾਸ ਹੀ ਰਹਿ ਜਾਵਾਂ, ਅਜਿਹਾ ਸੁੱਖ ਹੋਰ ਤੇ ਕਿੱਧਰੇ ਨਹੀਂ। ਫਿਰ ਮਨ 'ਚ ਆਇਆ ਆਪਣਾ ਵਿਹਾਰ ਸੰਭਾਲ ਆਵਾਂ। ਕੁਝ ਦਿਨਾਂ ਦੀ ਆਗਿਆ ਲੈ ਕੇ ਵਾਪਸ ਖਡੂਰ ਚਲੇ ਗਏ। ਬੇਟੇ ਦਾਸੂ ਤੇ ਬੀਬੀ ਅਮਰੋ ਦਾ ਜਨਮ ਹੋ ਚੁੱਕਾ ਸੀ। ਭਾਈ ਲਹਿਣਾ ਜੀ ਨੇ ਆਪਣਾ ਵਿਹਾਰ ਆਪਣੇ ਭਾਣਜੇ ਨੂੰ ਸੰਭਾਲ ਦਿੱਤਾ, ਤੇ ਲੂਣ ਦੀ ਇੱਕ ਵੱਡੀ ਸਿੱਲ ਸਿਰ ਤੇ ਉਠਾਈ ਤੇ ਕਰਤਾਰਪੁਰ ਨੂੰ ਵਾਪਸ ਚੱਲ ਪਏ। ਕਰਤਾਰਪੁਰ ਪਹੁੰਚ ਕੇ ਲੂਣ ਦੀ ਸਿੱਲ ਮਾਤਾ ਸੁਲੱਖਣੀ ਜੀ ਦੇ ਚਰਨਾਂ ਵਿਚ ਰੱਖੀ, ਮੱਥਾ ਟੇਕਿਆ ਅਤੇ ਗੁਰੂ ਜੀ ਬਾਰੇ ਪੁੱਛਿਆ।

ਮਾਤਾ ਜੀ ਨੇ ਕਹਿਆ- ਭਾਈ ਜੀ ਪਹਿਲਾਂ ਜਲ ਪਾਣੀ ਛਕੋ।

ਆਖਣ ਲੱਗੇ- ਨਹੀਂ ਜੀ ਕੋਈ ਲੋੜ ਨਾਹੀਂ, ਪਹਿਲੋਂ ਦਰਸ਼ਨ ਕਰ ਲਵਾਂ।

ਮਾਤਾ ਜੀ ਦੱਸਿਆ- ਖੇਤਾਂ ਨੂੰ ਗਏ ਹੋਏ ਹਨ।



ਤਾਂ ਭਾਈ ਲਹਿਣਾ ਜੀ ਖੇਤਾਂ ਵਿੱਚ ਹੀ ਪੁੱਜ ਗਏ। ਉੱਥੇ ਵੇਖਿਆ ਕਿ ਗੁਰੂ ਜੀ ਫਸਲ 'ਚੋਂ ਨਦੀਨ ਕੱਢ ਰਹੇ ਹਨ। ਭਾਈ ਲਹਿਣਾ ਜੀ ਗੁਰੂ ਜੀ ਨੂੰ ਮੱਥਾ ਟੇਕ ਆਪ ਵੀ ਨਦੀਨ ਕੱਢਣ ਲੱਗੇ। ਖੇਤੀ ਕਦੇ ਕੀਤੀ ਨਹੀਂ ਸੀ, ਨਦੀਨ ਦੇ ਨਾਲ ਧਾਨ ਵੀ ਪੁੱਟੀ ਜਾਣ। ਮਹਾਰਾਜ ਜੀ ਵੇਖ ਮੁਸਕਰਾਂਦੇ ਰਹੇ। ਗੁਰੂ ਜੀ ਨੇ ਨਦੀਨ ਦੀਆਂ ਦੋ ਪੰਡਾਂ ਤਿਆਰ ਕੀਤੀਆਂ, ਇੱਕ ਭਾਈ ਲਹਿਣੇ ਦੇ ਸਿਰ ਤੇ ਚੁੱਕਾ ਦਿੱਤੀ ਦੂਸਰੀ ਆਪ ਚੁੱਕ ਲਈ। ਘਰ ਪਹੁੰਚ ਕੇ ਭਾਈ ਲਹਿਣਾ ਜੀ ਨੇ ਆਪਣੀ ਪੰਡ ਜਦੋਂ ਹੇਠਾਂ ਸੁੱਟੀ ਤਾਂ ਮਾਤਾ ਜੀ ਨੇ ਵੇਖਿਆ ਕਿ ਭਾਈ ਲਹਿਣਾ ਜੀ ਦੇ ਸੋਹਣੇ ਰੇਸ਼ਮੀ ਕੱਪੜਿਆਂ ਤੇ ਚਿੱਕੜ ਦੇ ਛਿੱਟੇ ਪਏ ਹੋਏ ਹਨ, ਤਾਂ ਆਖਣ ਲੱਗੇ- ਕੁਝ ਦੇਖਿਆ ਤਾਂ ਕਰੋ, ਜੋ ਵੀ ਤੁਸਾਂ ਪਾਸ ਆਂਵਦਾ ਹੈ, ਉਸ ਦਾ ਤੁਸੀਂ ਇਹੋ ਹਾਲ ਕਰਦੇ ਹੋ। ਇਹ ਤੇ ਪਹਿਲੋਂ ਹੀ ਏਨੀ ਦੂਰੋਂ ਸਿਰ ਤੇ ਭਾਰ ਚੁੱਕ ਕੇ ਲਿਆਏ ਹਨ ਅਤੇ ਸਾਫ-ਸੋਹਣੇ ਕੱਪੜੇ ਵੀ ਏਨ੍ਹਾਂ ਦੇ ਮਿੱਟੀ ਵਾਲੇ ਪਾਣੀ ਨਾਲ ਮੈਲੇ ਹੋ ਗਏ ਹਨ।

ਗੁਰੂ ਜੀ ਨੇ ਬਚਨ ਕੀਤਾ- ਇਹਨਾਂ ਦੇ ਸਿਰ ਤੇ ਇਹ ਘਾਹ ਦੀ ਪੰਡ ਨਹੀਂ ਇਹ ਤੇ ਦੀਨ-ਦੁਨੀਆਂ ਦਾ ਛਤਰ ਹੈ। ਜਿਸ ਨੂੰ ਤੁਸੀਂ ਚਿੱਕੜ ਦੇ ਛਿੱਟੇ ਕਹਿੰਦੇ ਪਏ ਹੋ ਇਹ ਤੇ ਕੇਸਰ ਛਿੜਕਿਆ ਹੋਇਆ ਹੈ।

ਭਾਈ ਲਹਿਣਾ ਜੀ ਨੇ ਫਿਰ ਖਡੂਰ ਜਾਣ ਦਾ ਫੁਰਨਾ ਹੀ ਤਿਆਗ ਦਿੱਤਾ। ਗੁਰੂ ਨਾਨਕ ਸਾਹਿਬ ਕੋਲ ਰਹਿੰਦਿਆਂ ਭਾਈ ਲਹਿਣਾ ਜੀ ਨੇ ਗੁਰੂ ਸਾਹਿਬ ਤੋਂ ਧਰਮ, ਰੂਹਾਨੀਅਤ, ਸੇਵਾ, ਸਾਧਨਾ ਉੱਚੇ ਸੁੱਚੇ ਇਨਸਾਨੀ ਗੁਣਾਂ ਦੀ ਸਿਖਿਆ ਲਈ। ਕਰਤਾਰਪੁਰ ਰਹਿੰਦਿਆਂ ਹੀ ਭਾਈ ਲਹਿਣਾ ਜੀ ਨੇ ਹੱਥੀਂ ਕਿਰਤ ਕਰਨ, ਆਈਆਂ ਸੰਗਤਾਂ ਦੀ ਸੇਵਾ ਕਰਨ, ਉਨ੍ਹਾਂ ਦੇ ਬਸੇਰੇ ਦਾ ਪ੍ਰਬੰਧ ਕਰਨ, ਸਿਮਰਨ ਕਰਨ, ਗੁਰੂ ਕੇ ਲੰਗਰ ਦਾ ਇੰਤਜ਼ਾਮ ਕਰਨ, ਗੁਰੂ ਸਾਹਿਬ ਵਲੋਂ ਉਚਾਰੀ ਬਾਣੀ ਨੂੰ ਸਮਝਣਾ ਤੇ ਉਸ ਦੀ ਕਥਾ ਕਰਨੀ ਵੀ ਸ਼ੁਰੂ ਕਰ ਦਿੱਤੀ।

ਗੁਰੂ ਸਾਹਿਬ ਨੇ ਭਾਈ ਲਹਿਣੇ ਦੀ ਰੂਹਾਨੀਅਤ ਪ੍ਰਤੀ ਲਗਨ, ਇਕਾਗਰਤਾ ਨਾਲ ਪਰਮੇਸਰ ਦੇ

ਸਿਮਰਨ 'ਚ ਜੁੜਨ ਦੀ, ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਸਮਝਣ ਦੀ ਸੂਝ-ਬੂਝ ਅਤੇ ਉਨ੍ਹਾਂ ਦੇ ਹੱਥੀਂ ਸੇਵਾ ਕਰਨ ਦੇ ਉੱਦਮ ਨੂੰ ਵੇਖ ਕੇ ਮਹਿਸੂਸ ਕਰ ਲਿਆ ਸੀ ਕਿ ਭਾਈ ਲਹਿਣਾ ਹੀ ਉਨ੍ਹਾਂ ਦੀਆਂ ਪ੍ਰਚੱਲਤ ਕੀਤੀਆਂ ਪ੍ਰੰਪਰਾਵਾਂ ਅਤੇ ਫ਼ਲਸਫੇ ਨੂੰ ਸਮਝਣ ਦੇ ਯੋਗ ਹਨ ਤੇ ਉਨ੍ਹਾਂ ਦੀ ਗੱਦੀ ਦੇ ਵਾਰਸ ਬਨਣ ਦੇ ਕਾਬਲ ਵੀ। ਭਾਈ ਲਹਿਣਾ ਜੀ ਸੱਤ ਸਾਲ ਕਰਤਾਰਪੁਰ ਰਹੇ ਅਤੇ ਆਪਣੇ ਗੁਰੂ ਜੀ ਦੇ ਹਰ ਹੁਕਮ ਤੇ ਫੁੱਲ ਚੜ੍ਹਾਉਂਦੇ ਰਹੇ, ਸਾਰੀਆਂ ਪ੍ਰੀਖਿਆਵਾਂ ਚੋਂ ਪੂਰੇ ਉੱਤਰੇ।

****

ਜ਼ਿਕਰ ਆਉਂਦਾ ਹੈ ਕਿ ਸਿਆਲ ਦੀ ਰੁੱਤ ਸੀ, ਰਾਤ ਦੇ ਸਮੇਂ ਤੇਜ਼ ਬਾਰਸ਼ ਨਾਲ ਧਰਮਸਾਲ ਦੀ ਕੰਧ ਢੱਠ ਗਈ। ਜਦੋਂ ਕੰਧ ਢੱਠਣ ਦੀ ਅਵਾਜ਼ ਆਈ ਤਾਂ ਗੁਰੂ ਜੀ ਨੇ ਸਿਰੀ ਚੰਦ ਨੂੰ ਆਵਾਜ਼ ਦਿੱਤੀ- ਪੁੱਤਰ ਵੇਖਿਓ ਖੜਾਕ ਕਾਸ ਦਾ ਹੋਇਆ ਹੈ?

ਪਿਤਾ ਜੀ ਰਾਤ ਹੈ, ਬਾਰਸ਼ ਹੋ ਰਹੀ ਹੈ, ਸਵੇਰੇ ਵੇਖਾਂਗੇ।

ਫਿਰ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਆਵਾਜ਼ ਦਿੱਤੀ। ਭਾਈ ਲਹਿਣੇ ਨੇ ਆਖਿਆ- ਜੋ ਹੁਕਮ ਜੀ।

ਇਕ ਪਲ ਦੀ ਵੀ ਦੇਰ ਨਹੀਂ ਕੀਤੀ, ਤੇਜ਼ ਪੈਂਦੀ ਬਾਰਸ਼ ਵਿੱਚ ਹੀ ਢੱਠੀ ਹੋਈ ਕੰਧ ਦੀ ਉਸਾਰੀ ਸ਼ੁਰੂ ਕਰ ਦਿੱਤੀ। ਬਿਨਾਂ ਕਿੰਤੂ ਪ੍ਰੰਤੂ ਕੀਤੇ ਭਾਈ ਲਹਿਣਾ ਜੀ ਨੂੰ ਹਰ ਆਗਿਆ ਪਾਲਣ ਕਰਦਿਆਂ ਵੇਖ ਇਕ ਵਾਰ ਗੁਰੂ ਜੀ ਨੇ ਮਾਤਾ ਸੁਲੱਖਣੀ ਜੀ ਨੂੰ ਪੁੱਛਿਆ- ਸੱਚ ਦੱਸੀਂ ਭਾਗਾਂ-ਵਾਲੀਏ ਸਾਡਾ ਪੁੱਤਰ ਲਹਿਣਾ ਹੈ ਜਾਂ ਸਿਰੀ ਚੰਦ?

****

ਸਾਖੀ ਆਉਂਦੀ ਹੈ ਇੱਕ ਵਾਰ ਗੁਰੂ ਜੀ ਰਾਵੀ ਤੇ ਇਸ਼ਨਾਨ ਕਰਨ ਚਲੇ ਗਏ। ਇਕ ਦਮ ਪਹਾੜ ਵੰਨੀਓਂ ਕਾਲਾ ਬੱਦਲ ਚੜ੍ਹ ਆਇਆ, ਭਾਰੀ ਬਾਰਸ਼ ਨਾਲ ਗੜ੍ਹੇ ਵੀ ਪੈਣ ਲੱਗੇ। ਗੁਰੂ ਜੀ ਦੇ ਨਾਲ ਆਏ ਸਾਰੇ ਸਿੱਖ ਸੇਵਕ ਗੜ੍ਹਿਆਂ ਅਤੇ ਬਾਰਸ਼ ਤੋਂ ਬਚਣ ਲਈ ਕਿਸੇ ਨਾ ਕਿਸੇ ਓਟ ਵਿੱਚ ਖਲੋ ਗਏ ਪਰ ਭਾਈ ਲਹਿਣਾ ਜੀ ਉੱਥੇ ਹੀ ਖਲੋਤੇ ਰਹੇ। ਬਾਰਸ਼ ਰੁਕੀ ਤਾਂ ਗੁਰੂ ਜੀ ਨੇ ਆਖਿਆ- ਪੁਰਖਾ ਤੂੰ ਇੱਥੇ ਕਿਉਂ ਖਲੋਤਾ ਰਿਹਾ? ਕਿਸੇ ਬਿਰਖ ਦੀ ਓਟ ਵਿਚ ਜਾਇ ਖਲੋਂਦਾ? ਤਬ ਭਾਈ ਲਹਿਣੇ ਆਖਿਆ- ਪਾਤਸ਼ਾਹ ਜੀ ਸਾਨੂੰ ਜਗਤ ਮੇ ਕਿਸੀ ਬਿਰਛ ਨਾਲ ਕੋਈ ਅਰਥ ਨਾਹੀਂ ਰਿਹਾ। ਤੇਰੇ ਸੰਗ ਜੁੜੇ ਹਾਂ, ਤੇਰੇ ਆਸਰੇ ਬਿਨ ਹੋਰ ਕਿਸੇ ਆਸਰੇ ਦੀ ਇੱਛਾ ਹੀ ਨਹੀਂ ਰਹੀ।

ਇਸੇ ਤਰ੍ਹਾਂ ਇਕ ਸਾਖੀ ਵਿੱਚ ਜਿਕਰ ਆਉਂਦਾ ਹੈ ਕਿ ਬਾਬਾ ਬੁੱਢਾ ਜੀ ਹਲਟ ਪਏ ਗੇੜਦੇ ਸਨ। ਗੁਰੂ ਜੀ ਚੁਬੱਚੇ ਵਿੱਚ ਬੈਠੇ ਹੈਨ ਤੇ ਭਾਈ ਲਹਿਣਾ ਜੀ ਗੁਰੂ ਜੀ ਦਾ ਇਸ਼ਨਾਨ ਕਰਵਾ ਰਹੇ ਹਨ। ਇਸ਼ਨਾਨ ਕਰਦਿਆਂ ਗੁਰੂ ਜੀ ਨੇ ਉੱਚੀ ਆਵਾਜ਼ ਨਾਲ ਪੁੱਛਿਆ- ਭਾਈ ਬੁੱਢਿਆ ਕਿੰਨੀ ਰਾਤ ਗੁਜ਼ਰ ਗਈ ਹੈ?

ਤਾਂ ਬੁੱਢਾ ਜੀ ਆਖਿਆ- ਪਾਤਸ਼ਾਹ ਢਾਈ ਪਹਿਰ ਗੁਜ਼ਰ ਗਈ, ਡੂਢ ਪਹਿਰ ਰਹਿ ਗਈ ਹੈ।

ਫਿਰ ਆਪ ਜੀ ਨੇ ਭਾਈ ਲਹਿਣੇ ਜੀ ਨੂੰ ਪੁੱਛਿਆ- ਪੁਰਖਾ ਕਿੰਨੀ ਰਾਤ ਗੁਜ਼ਰ ਗਈ?

ਤਾਂ ਭਾਈ ਲਹਿਣਾ ਜੀ ਨੇ ਆਖਿਆ- ਪਾਤਸ਼ਾਹ ਜਿੰਨੀ ਤੂੰ ਗੁਜ਼ਾਰੀ ਗੁਜ਼ਰ ਗਈ, ਜਿੰਨੀ ਤੂੰ ਰੱਖੀ ਰਹਿ ਗਈ। ਤੇਰੀ ਹੀ ਰਾਤ ਹੈ ਤੇ ਤੇਰਾ ਹੀ ਦਿਨ ਹੈ।

****

ਗੁਰੂ ਜੀ ਨੇ ਇਕ ਵਾਰ ਅੱਧੀ ਰਾਤੀਂ ਪੁੱਤਰ ਸਿਰੀ ਚੰਦ ਨੂੰ ਅਵਾਜ਼ ਦਿੱਤੀ- ਆਖਿਆ ਪੁੱਤਰ ਸਿਰੀ ਚੰਦ! ਜਾਓ ਰਾਵੀ ਤੇ ਇਹ ਕੱਪੜੇ ਧੋ ਲਿਆਓ?

ਸਿਰੀ ਚੰਦ ਆਖਿਆ– ਪਿਤਾ ਜੀ ਅਜੇ ਅੱਧੀ ਰਾਤ ਹੋਈ ਹੈ, ਇਹ ਵਕਤ ਕੋਈ ਕੱਪੜੇ ਧੋਵਣੇ ਦਾ ਹੈ? ਸਵੇਰ ਹੋਣ ਦਿਓ ਸ਼ਾਹ–ਵੇਲਾ ਕਰਕੇ ਕੱਪੜੇ ਧੋ ਲਿਆਵਾਂਗੇ।

ਪਾਤਸ਼ਾਹ ਜੀ ਨੇ ਫਿਰ ਭਾਈ ਲਹਿਣਾ ਜੀ ਨੂੰ ਕੱਪੜੇ ਧੋਣ ਵਾਸਤੇ ਭੇਜਿਆ।

ਭਾਈ ਲਹਿਣੇ ਆਖਿਆ– ਜੋ ਹੁਕਮ ਪਾਤਸ਼ਾਹ।

ਜਦੋਂ ਭਾਈ ਲਹਿਣਾ ਜੀ ਕੱਪੜੇ ਧੋ ਕੇ ਵਾਪਸ ਪਰਤੇ ਤਾਂ ਆਪ ਜੀ ਨੇ ਪੁੱਛਿਆ– ਪੁਰਖਾ ਉੱਥੇ ਦਿਨ ਸੀ ਕਿ ਰਾਤ?

ਭਾਈ ਲਹਿਣਾ ਜੀ ਦਾ ਜਵਾਬ ਸੀ– ਪਾਤਸ਼ਾਹ ਜੇ ਤੂੰ ਦਿਹੁੰ ਚਾਂਹਦਾ ਹੈ ਤਾਂ ਦਿਹੁੰ ਹੋ ਜਾਂਦਾ ਹੈ, ਜੇ ਤੂੰ ਰਾਤ ਚਾਂਹਦਾ ਏ ਰਾਤ ਹੋਇ ਜਾਂਵਦੀ ਹੈ।

ਇਵੇਂ ਗੁਰਿਆਈ ਦੀਆਂ ਸਾਰੀਆਂ ਪ੍ਰੀਖਿਆਵਾਂ ਚੋਂ ਜਦੋਂ ਭਾਈ ਲਹਿਣਾ ਜੀ ਪਾਸ ਹੋ ਗਏ, ਤਾਂ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣੇ ਨੂੰ ਗੁਰਗੱਦੀ ਦੇਣ ਦਾ ਫੈਸਲਾ ਕਰ ਲਿਆ।

****

ਜਦੋਂ ਇਹ ਕੰਨਸੋਅ ਬਾਬਾ ਸਿਰੀ ਚੰਦ ਤੇ ਬਾਬਾ ਲਖਮੀ ਦਾਸ ਦੇ ਕੰਨੀ ਪਈ ਤਾਂ ਬ੍ਰਾਦਰੀ ਇਕੱਠੀ ਕਰ ਲਈ ਕਿ ਗੁਰਗੱਦੀ ਦਾ ਹੱਕ ਤੇ ਸਾਡਾ ਪੁੱਤਰਾਂ ਦਾ ਹੈ। ਬ੍ਰਾਦਰੀ ਵਾਲਿਆਂ ਗੁਰੂ ਜੀ ਨੂੰ ਆਖਿਆ– ਤੁਸਾਂ ਦਾ ਫੈਸਲਾ ਠੀਕ ਨਹੀਂ, ਤੁਸਾਂ ਦੀ ਗੱਦੀ ਦਾ ਹੱਕ ਤੇ ਤੁਸਾਂ ਦੇ ਪੁੱਤਰ ਸਿਰੀ ਚੰਦ ਤੇ ਲਖਮੀ ਦਾਸ ਦਾ ਹੈ।

ਗੁਰੂ ਜੀ ਬਚਨ ਕੀਤਾ– ਮੈਂ ਕਿਸੇ ਨੂੰ ਗੱਦੀ ਨਹੀਂ ਦਿੱਤੀ, ਇਹ ਪਰਮੇਸਰ ਦੀ ਅਮਾਨਤ ਸੀ ਜੋ ਕਿਸੇ ਸੇਵਕ ਦੇ ਹਵਾਲੇ ਕਰਨੀ ਸੀ।

ਤਾਂ ਬ੍ਰਾਦਰੀ ਫਿਰ ਕਹਿਆ– ਜੀ ਪੁੱਤਰ ਤੁਸਾਂ ਦੇ ਕੋਈ ਘੱਟ ਸੇਵਕ ਹਨ।

ਬਾਬੇ ਆਖਿਆ– ਹੁਣੇ ਪਰਖ ਲੈਂਦੇ ਹਾਂ ਕੌਣ ਸੇਵਕ ਹੈ ਤੇ ਕੌਣ ਨਹੀਂ।

ਬਾਬਾ ਜੀ ਨੇ ਸਾਰਿਆ ਦੇ ਸਾਹਮਣੇ ਇੱਕ ਪੈਸਾ ਆਪਣੀ ਮੁੱਠੀ ਵਿੱਚ ਰੱਖਿਆ ਤੇ ਮੁੱਠੀ ਬੰਦ ਕਰ ਲਈ। ਪੁੱਛਣ ਲੱਗੇ ਸਿਰੀ ਚੰਦ ਮੇਰੀ ਮੁੱਠੀ ਵਿੱਚ ਕੀ ਹੈ?

ਸਿਰੀ ਚੰਦ ਬੋਲੇ– ਪਿਤਾ ਜੀ ਤੁਹਾਡੀ ਮੁੱਠੀ ਵਿੱਚ ਇੱਕ ਪੈਸਾ ਹੈ।

ਗੁਰੂ ਜੀ ਮੁਸਕਰਾਏ, ਫਿਰ ਲਖਮੀ ਚੰਦ ਤੋ ਪੁੱਛਿਆ– ਲਖਮੀ ਚੰਦ ਮੇਰੀ ਮੁੱਠੀ ਵਿਚ ਕੀ ਹੈ?

ਪਿਤਾ ਜੀ ਤੁਹਾਡੀ ਮੁੱਠੀ ਵਿੱਚ ਇੱਕ ਪੈਸਾ ਹੈ।

ਫਿਰ ਗੁਰੂ ਜੀ ਭਾਈ ਲਹਿਣੇ ਨੂੰ ਮੁਖਾਤਿਬ ਹੋਏ ਤੇ ਬਚਨ ਕੀਤਾ– ਪੁਰਖਾ ਮੇਰੀ ਮੁੱਠੀ ਵਿੱਚ ਕੀ ਹੈ?

ਪਾਤਸ਼ਾਹ ਮੇਰੀ ਏਨੀ ਬੁੱਧੀ ਨਹੀਂ ਕਿ ਦੱਸ ਸਕਾਂ ਕਿ ਤੇਰੀ ਮੁੱਠੀ ਵਿੱਚ ਕੀ ਹੈ। ਤੂੰ ਤ੍ਰਿਲੋਕੀ ਦਾ ਮਾਲਕ ਏਂ ਸਾਰੀ ਤ੍ਰਿਲੋਕੀ ਤੇਰੀ ਮੁੱਠੀ ਵਿੱਚ ਏ। ਤੇਰੀ ਮੁੱਠੀ ਵਿੱਚ ਨੌ ਨਿਧਾਂ ਤੇ ਅਠਾਰਾਂ ਸਿਧਾਂ। ਤੂੰ ਮੁੱਠੀ ਖੋਹਲੇਂ ਤਾ ਸੰਸਾਰ ਦੇ ਸਾਰੇ ਜੀਵਾਂ ਨੂੰ ਰਿਜ਼ਕ ਦੇ ਸਕਨੈ। ਇਹ ਧਰਤੀ ਅਕਾਸ਼, ਇਹ ਸੂਰਜ ਚੰਦ ਸੱਭੋ ਕੁਝ ਤੇਰੇ ਹੁਕਮ 'ਚ ਵਰਤਦਾ ਏ।

ਭਾਈ ਲਹਿਣੇ ਦੇ ਬਚਨ ਸੁਣ ਕੇ ਗੁਰੂ ਜੀ ਮੁਸਕਰਾਏ। ਸਿਰੀ ਚੰਦ, ਲਖਮੀ ਦਾਸ ਤੇ ਸਾਰੀ ਬ੍ਰਾਦਰੀ ਸੁੰਨ ਹੋ ਗਏ।

****

ਆਖਦੇ ਹਨ ਇੱਕ ਵਾਰ ਗੁਰੂ ਜੀ ਨੇ ਧਾਣਕ ਰੂਪ ਧਾਰਨ ਕਰ ਲਿਆ। ਸਾਰੇ ਨਿਕਟ–ਵਰਤੀ ਸਿੱਖਾਂ ਸੇਵਕਾਂ ਨੂੰ ਬੜੀ ਸਖਤੀ ਨਾਲ ਚਲੇ ਜਾਣ ਲਈ ਕਿਹਾ। ਜਦੋਂ ਨਾ ਤੁਰੇ, ਤਾਂ ਹੋਰ ਸਖਤ ਵਰਤਾਰਾ ਕੀਤਾ। ਹੌਲੀ ਹੌਲੀ ਇੱਕ ਦੋ ਜਣੇ ਨਿਕਲ ਤੁਰੇ। ਗੁਰੂ ਜੀ ਨੇ ਅੱਖਾਂ ਲਾਲ ਕਰਕੇ ਜ਼ਰਾ ਹੋਰ ਸਖਤੀ ਵਿਖਾਈ, ਤੇ ਕਿਰਨਮ–

ਕਰਨੀ ਸਾਰੇ ਹੀ ਨਿਕਲ ਤੁਰੇ ਪਰ ਭਾਈ ਲਹਿਣਾ ਜੀ ਨਹੀਂ ਗਏ। ਹੱਥ ਜੋੜ ਨੀਵੀਂ ਪਾਈ ਬੈਠੇ ਰਹੇ।

ਗੁਰੂ ਜੀ ਨੇ ਪੁੱਛਿਆ- ਪੁਰਖਾ ਤੂੰ ਕਿਉਂ ਨਹੀਂ ਜਾਂਦਾ?

ਦੋਵੇਂ ਹੱਥ ਜੁੜੇ ਹੋਏ ਤੇ ਵੈਰਾਗੀ ਹੋਏ ਭਾਈ ਲਹਿਣਾ ਜੀ ਜਿਨ੍ਹਾਂ ਦੀਆਂ ਅੱਖੀਆਂ ਚੋਂ ਤਰਿਪ ਤਰਿਪ ਅੱਥਰੂ ਚੋ ਰਹੇ ਸਨ, ਹਉਕੇ ਭਰਦਿਆਂ ਕਹਿਣ ਲੱਗੇ- ਪਾਤਸ਼ਾਹ ਹਰ ਕਿਸੇ ਦਾ ਕੋਈ ਨਾ ਕੋਈ ਟਿਕਾਣਾ ਹੋਵੇਗਾ, ਮੇਰਾ ਤੇ ਤੇਰੇ ਬਿਨਾ ਹੋਰ ਕੋਈ ਟਿਕਾਣਾ ਹੀ ਨਹੀਂ, ਤੇਰੀ ਮਰਜ਼ੀ ਰੱਖ ਲੈ ਤੇਰੀ ਮਰਜ਼ੀ ਮਾਰ ਛੱਡ। ਅਨੇਕਾਂ ਗੁਨਾਹ ਹੋਵਣਗੇ ਮੇਰੇ ਵਿੱਚ ਮੰਦਾ ਹਾਂ ਜਾਂ ਚੰਗਾ ਹਾਂ ਤੇਰਾ ਹੀ ਹਾਂ, ਤੇਰਾ ਦਰ ਛੋਡ ਮੈਂ ਕਿੱਥੇ ਜਾਵਣਾ ਹੈ? ਸਾਰਾ ਸੰਸਾਰ ਛੱਡ ਕੇ ਤੇ ਤੇਰੇ ਚਰਨਾਂ ਨਾਲ ਜੁੜਿਆ ਹਾਂ। ਬਖ਼ਸ਼ਿਸ਼ ਕਰੀਂ ਮੈਨੂੰ ਆਪਣੇ ਚਰਨਾਂ ਦੀ ਧੂੜ ਬਣਾਈ ਰੱਖੀਂ, ਵਿਛੋੜੀਂ ਨਾ!

ਉਸੇ ਵਕਤ ਗੁਰੂ ਨਾਨਕ ਪਾਤਸ਼ਾਹ ਨੇ ਭਾਈ ਲਹਿਣੇ ਨੂੰ ਆਪਣੀ ਗਲਵੱਕੜੀ ਵਿੱਚ ਲੈ ਲਿਆ।

****

ਦੂਸਰੇ ਦਿਨ ਸਵੇਰੇ ਜਦੋਂ ਰਬਾਬੀਆਂ ਕੀਰਤਨ ਸਮਾਪਤ ਕੀਤਾ, ਸਾਹਿਬਾਂ ਨੇ ਭਾਈ ਲਹਿਣਾ ਜੀ ਨੂੰ ਆਪਣੇ ਸਥਾਨ ਤੇ ਬੈਠਣ ਲਈ ਇਸ਼ਾਰਾ ਕੀਤਾ ਪਰ ਭਾਈ ਲਹਿਣਾ ਜੀ ਇਹ ਕਿਵੇਂ ਪ੍ਰਵਾਨ ਕਰ ਸਕਦੇ ਸਨ ਕਿ ਉਹ ਸਾਰੀਆਂ ਸੰਗਤਾਂ ਦੇ ਸਾਹਮਣੇ ਆਪਣੇ ਮੁਰਸ਼ਦ ਦੇ ਸਥਾਨ ਤੇ ਬੈਠ ਜਾਣ। ਭਾਵੇਂ ਇਹ ਵੀ ਇੱਕ ਹੁਕਮ ਹੀ ਸੀ ਪਰ ਅਜਿਹਾ ਹੁਕਮ ਮੰਨਣਾ ਭਾਈ ਲਹਿਣਾ ਜੀ ਨੂੰ ਬਹੁਤ ਹੀ ਕਠਨ ਤੇ ਔਖਾ, ਪਹਾੜ ਜੇਡਾ ਲੱਗ ਰਿਹਾ ਸੀ। ਗੁਰੂ ਜੀ ਨੇ ਭਾਈ ਬੁੱਢੇ ਜੀ ਨੂੰ ਨਾਲ ਲਿਆ ਅਤੇ ਆਪ ਸੰਗਤ ਵਿੱਚੋਂ ਭਾਈ ਲਹਿਣਾ ਜੀ ਨੂੰ ਉਠਾਲ ਆਪਣੇ ਆਸਣ ਤੇ ਬਿਠਾਇਆ। ਫਿਰ ਅੰਦਰੋਂ ਆਪਣੀਆਂ ਲਿਖੀਆਂ ਬਾਣੀਆਂ ਦੇ ਸੰਗ੍ਰਿਹ ਦੀਆਂ ਪੋਥੀਆਂ ਅਤੇ ਉਦਾਸੀਆਂ ਦੌਰਾਨ ਇਕੱਠੀ ਕੀਤੀ ਭਗਤਾਂ ਦੀ ਬਾਣੀ ਦੀਆਂ ਪੋਥੀਆਂ ਲੈ ਆਏ। ਇੱਕ ਥਾਲ ਵਿੱਚ ਪੰਜ ਪੈਸੇ ਤੇ ਨਰੇਲ ਰੱਖ ਭਾਈ ਲਹਿਣੇ ਨੂੰ ਮੱਥਾ ਟੇਕਦਿਆਂ ਸੰਗਤਾਂ ਨੂੰ ਹੁਕਮ ਕੀਤਾ-

ਅੱਜ ਤੋਂ ਭਾਈ ਲਹਿਣਾ ਮੇਰੇ ਹੀ ਅੰਗ ਦਾ ਹਿੱਸਾ ਅੰਗਦ ਹੋਇਆ, ਇਸ ਦਾ ਨਾਮ ਅੰਗਦ ਹੋਵੇਗਾ। ਅੰਗਦ ਨੂੰ ਤੁਸਾਂ ਸਾਰਿਆਂ ਮੇਰਾ ਹੀ ਰੂਪ ਕਰਕੇ ਮੰਨਣਾ, ਮੈਂ ਆਪਣੀ ਜੋਤ ਇਸ ਵਿੱਚ ਧਰ ਦਿੱਤੀ ਹੈ ਅਤੇ ਬਾਬੇ ਬੁੱਢੇ ਜੀ ਨੂੰ ਆਖਿਆ-

ਭਾਈ ਬੁੱਢਾ ਜੀ ਅੰਗਦ ਨੂੰ ਗੁਰਿਆਈ ਦਾ ਤਿਲਕ ਲਗਾਓ।

'ਅਬ ਤੂੰ ਮੇਰੇ ਅੰਗ ਤੇ ਭਇਆ। ਤੁਮ ਲਹਿਨਾ ਮੈਂ ਦੇਨ ਦਇਆ।'

ਫਿਰ ਗੁਰੂ ਜੀ ਸਾਰੀਆਂ ਸੰਗਤਾਂ ਦੇ ਸਾਹਮਣੇ ਹੀ ਗੁਰੂ ਅੰਗਦ ਜੀ ਨੂੰ ਹੁਕਮ ਕੀਤਾ ਕਿ ਰਬਾਬੀ ਬਲਵੰਡ ਤੁਸਾਂ ਦੇ ਨਾਲ ਜਾਵੇਗਾ। ਤੁਸਾਂ ਨੂੰ ਤੇ ਸੰਗਤਾਂ ਨੂੰ ਇਹ ਕੀਰਤਨ ਸਰਵਨ ਕਰਾਇਆ ਕਰੇਗਾ। ਤੁਸੀਂ ਹੁਣ ਮੇਰਾ ਬਚਨ ਮੰਨੋ ਤੇ ਖਡੂਰ ਜਾ ਕੇ ਤੁਸੀਂ ਪਰਮੇਸਰ ਦੇ ਨਾਮ ਦਾ ਸਿਮਰਨ ਕਰੋ ਅਤੇ ਉਸੇ ਦੀਆਂ ਸਿੱਖਿਆਵਾਂ ਦਾ ਪਰਚਾਰ ਤੇ ਪਰਸਾਰ ਕਰੋ।

'ਬਲਵੰਡ ਰਬਾਬੀ ਤੁਮ ਸੰਗ ਜਾਵੈ। ਸਮੇਂ ਸਮੇਂ ਹਰਿਭਜਨ ਸੁਣਾਵੈ।
ਇਸ ਪਰ ਦਇਆਵੰਤ ਸਦ ਰਹੀਐ। ਦਾਤਨ ਮੇ ਜਿਮ ਜੀਭ ਰਖਈਐ।'

ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਤੇ ਸਿਸ਼ੋਭਤ ਕਰਨ ਤੋਂ ਤਕਰੀਬਨ ਚਾਰ ਕੁ ਮਹੀਨੇ ਬਾਅਦ ਗੁਰੂ ਨਾਨਕ ਸਾਹਿਬ ਜੀ ਨੇ ਸਰੀਰਕ ਚੋਲਾ ਤਿਆਗ ਦਿੱਤਾ। ਅੰਤਮ ਰਸਮਾਂ ਕਰਨ ਉਪਰੰਤ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੀ ਦੁਨਿਆਵੀ ਵਿਰਾਸਤ ਤੇ ਹੋਰ ਜੋ ਚੀਜ਼ ਵਸਤ ਸੀ, ਉਹ ਬਾਬਾ ਸਿਰੀ ਚੰਦ ਅਤੇ ਬਾਬਾ ਲੱਖਮੀ ਦਾਸ ਨੂੰ ਸੰਭਾਲ ਦਿੱਤੀਆਂ ਅਤੇ ਆਪ ਗੁਰੂ ਸਾਹਿਬ ਵਲੋਂ ਬਖ਼ਸ਼ੀਆਂ ਪੋਥੀਆਂ ਤੇ ਸਿੱਖੀ ਦੀ ਵਿਰਾਸਤ ਲੈ ਖਡੂਰ ਆ ਗਏ ਅਤੇ ਖਡੂਰ ਵਿਚ ਸਿੱਖੀ ਦਾ ਨਵਾਂ ਕੇਂਦਰ ਸਥਾਪਿਤ ਕਰ ਲਿਆ।

ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥



ਸਤਿਗੁਰੂ ਨਾਨਕ ਦੇਵ ਜੀ, ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਨੂੰ
ਗੁਰਤਾ-ਗੱਦੀ ਬਖ਼ਸ਼ਿਸ਼ ਕਰਦੇ ਹੋਏ।

# ਜੋਗੀ ਸਿੱਧ ਤੇ ਗੁਰੂ ਨਾਨਕ

(ਲੋਕ-ਛੰਦ ਕਲੀ)

ਜੋਗੀ ਸਿੱਧ ਦੁਰਾਡੇ ਦੇਸ਼ੋਂ ਤੁਰੇ ਪੰਜਾਬ ਨੂੰ,
ਦਰਸ਼ਨ ਗੁਰ ਨਾਨਕ ਦੇ ਕਰਨ ਵਾਸਤੇ ਧਾਏ।
ਦਿਸ਼ਾ ਪੰਜਾਬ ਵੱਲ ਨੂੰ ਉਹਨਾਂ ਮੱਥਾ ਧਰ ਲਿਆ,
ਜੰਗਲ ਨਦੀਆਂ ਨਾਲੇ ਖਾਲੇ ਟੱਪਦੇ ਆਏ।
ਬਿਖੜੇ ਪੈਂਡੇ ਪੰਧ ਲੰਮੇਰੇ ਪੈਦਲ ਤੁਰ ਤੁਰ ਕੇ,
ਦਿਲ ਵਿੱਚ ਦੀਵੇ ਦਰਸ ਗੁਰੂ ਦੇ ਉਨ੍ਹਾਂ ਜਗਾਏ।
ਪੁੱਛਦੇ ਗਿੱਛਦੇ ਸਿੱਧੇ ਹੋ ਪਏ ਦਰਿਆ ਰਵੀ ਨੂੰ,
ਰੂਪ ਇਲਾਹੀ ਅੱਖੀਂ ਵੇਖਣ ਨੂੰ ਸਧਰਾਏ।
ਉੱਤਰੀ ਕੰਢੇ ਰਾਵੀ ਦੇ ਵੱਸਿਆ ਕਰਤਾਰ ਪੁਰਾ,
ਜਿੱਥੇ ਸੁਣਿਆ ਕਿ ਗੁਰ ਨਾਨਕ ਡੇਰੇ ਲਾਏ।

ਆ ਕੇ ਸਿੱਧਾਂ ਪੁੱਛਿਆ ਸਤਿਗੁਰ ਬਾਰੇ ਸੰਗਤ ਨੂੰ,
ਨਾਲੇ ਏਧਰ ਉਧਰ ਉਹਨਾਂ ਨਜ਼ਰ ਦੌੜਾਈ।
ਸੰਗਤ ਦੱਸਿਆ ਪੂਰੇ ਹੋ ਗਏ, ਚੋਲਾ ਛੱਡ ਗਏ ਉਹ,
ਕੁਝ ਦਿਨ ਹੋਏ ਨੇ ਉਹ ਕਰ ਗਏ ਹੈਣ ਚੜ੍ਹਾਈ।
ਭੁੱਬਾਂ ਨਿਕਲ ਗਈਆਂ ਤਦ ਸੁਣ ਕੇ ਖ਼ਬਰ ਕੁਲਹਿਣੀ ਇਹ,
ਉਹਨਾਂ ਅੱਖੀਆਂ ਵਿਚੋਂ ਰਾਵੀ ਉੱਛਲ ਆਈ।
ਨ੍ਹੇਰੀ ਦੁੱਖ ਗਮਾਂ ਦੀ ਝੁੱਲੀ ਐਸੀ ਤਨ ਮਨ ਤੇ,
ਸਾਰੀ ਸੰਗਤ ਸਿੱਧਾਂ ਅਪਣੇ ਨਾਲ ਰੁਆਈ।
ਰੁਕ ਰੁਕ ਬੋਲੇ ਜੋਗੀ ਪੂਰਬ ਦੇਸ਼ੋਂ ਆਏ ਹਾਂ,
ਸਤਿਗੁਰ ਨਾਨਕ ਨੇ ਸੀ ਸਾਡੇ ਚੱਕਰ ਲਾਇਆ।

ਤੇਰਾਂ ਚੌਦਾਂ ਸਾਲਾਂ ਤੀਕਰ ਰਹੇ ਉਡੀਕਦੇ,
ਮੁੱਦਤ ਹੋਈ ਫਿਰ ਨਾ ਸਾਨੂੰ ਦਰਸ ਦਿਖਾਇਆ।
ਅਸੀਂ ਤਿਆਗੇ ਸੀ ਹਠ ਯੋਗ ਉਨ੍ਹਾਂ ਦੇ ਕਹਿਣੇ ਤੇ,
ਉੱਚੇ ਨਾਮ ਸ਼ਬਦ ਦੇ ਮਾਰਗ ਸਾਨੂੰ ਪਾਇਆ।
ਸਾਨੂੰ ਬਚਨ ਸੁਣਾਓ ਸਾਡੇ ਸਤਿਗੁਰ ਪਿਆਰੇ ਦੇ,
ਜੋ ਕੋਈ ਹੋਵੇ ਉਹਨਾਂ ਅਮਤਮ ਸਮੇਂ ਸੁਣਾਇਆ।

ਸੰਗਤ ਦੇਣ ਲੱਗੀ ਫਿਰ ਵਾਕਫ਼ੀਅਤ ਸਭ ਸਿੱਧਾਂ ਨੂੰ,


ਸੁਣ ਸੁਣ ਗੱਲਾਂ ਧੀਰਜ ਧਰਦੇ ਜਾਣ ਵਿਚਾਰੇ।
ਬਾਰਾਂ ਸਾਲ ਆਖਰੀ ਸਫਰਾਂ ਰੁਝੇ ਜੀਵਨ ਤੋਂ,
ਇਸ ਕਰਤਾਰ ਪੁਰੇ ਫਿਰ ਬਾਬੇ ਹੋਰਾਂ ਗੁਜ਼ਾਰੇ।
ਇੱਥੇ ਨਾਮ ਸ਼ਬਦ ਦਾ ਕਰਦੇ ਉਹ ਪ੍ਰਚਾਰ ਰਹੇ
ਨਾਲੇ ਹੱਥੀਂ ਖੇਤੀ ਕਰ ਕੇ ਕਰਨ ਗੁਜ਼ਾਰੇ।
ਅੰਤਮ ਸੱਤ ਸਾਲ ਰਿਹਾ ਭਾਈ ਲਹਿਣਾ ਸੇਵਾ 'ਚ,
ਜਿਹੜਾ ਲੁੱਟ ਕੇ ਲੈ ਗਿਆ ਭਗਤੀ ਭਰੇ ਭੰਡਾਰੇ।

ਪਾ ਕੇ ਜੱਫੀ ਬਾਬੇ ਨਾਨਕ ਜੀ ਗਲ ਲਾਇਆ,
ਭਾਈ ਲਹਿਣੇ ਤੋਂ ਗੁਰ ਅੰਗਦ ਦੇਵ ਬਣਾਇਆ।
ਰੱਖ ਕੇ ਇੱਕ ਨਾਰੀਅਲ ਤੇ ਪੰਜ ਪੈਸੇ ਬਾਬੇ ਨੇ,
ਮੱਥਾ ਟੇਕਿਆ ਉਹਦੇ ਚਰਨੀਂ ਸੀਸ ਲਗਾਇਆ।
ਹੁਣ ਉਹ ਸਤਿਗੁਰ ਅੱਜਕੱਲ੍ਹ ਬੈਠੇ ਪਿੰਡ ਖਡੂਰ ਨੇ,
ਬਹੁਤੀ ਸੰਗਤ ਨੇ ਵੀ ਉੱਥੇ ਡੇਰਾ ਲਾਇਆ।
ਸਾਧੋ ਤੁਸੀਂ ਵੀ ਉੱਥੇ ਜਾ ਦਰਸ਼ਨ ਕਰ ਸਕਦੇ ਹੋ,
ਉਧਰ ਚੱਲਣ ਤੇ ਹੁਣ ਅਸੀਂ ਵੀ ਹੈ ਚਿੱਤ ਚਾਇਆ।

ਰਸਤਾ ਪੁੱਛ ਕੇ ਜੋਗੀ ਤੁਰ ਪਏ ਪਿੰਡ ਖਡੂਰ ਨੂੰ,
ਜਾ ਕੇ ਗੁਰ ਅੰਗਦ ਦੇ ਚਰਨੀਂ ਸੀਸ ਨਿਵਾਏ।
ਦਰਸ਼ਨ ਕੀਤੇ ਉੱਚੀ ਗੱਦੀ ਬੈਠੇ ਸਤਿਗੁਰ ਦੇ,
ਨਾਲੇ ਮੂੰਹੋਂ ਸਾਧਾਂ ਨੇ ਇਹ ਬਚਨ ਸੁਣਾਏ:
"ਸੁਣਿਆ ਗੁਰ ਨਾਨਕ ਨੇ ਤੁਹਾਨੂੰ ਮੱਥਾ ਟੇਕਿਆ,
ਵੱਡੇ ਮਹਾਂ ਪੁਰਸ਼ ਹੋ ਸਾਨੂੰ ਸਮਝ 'ਚ ਆਏ।"

ਬੋਲੇ ਅੰਗਦ, "ਮੇਰੇ ਵਿੱਚ ਤਾਂ ਕੋਈ ਗੁਣ ਨਾ ਹੈ,
ਤੁਹਾਨੂੰ ਜੋਗੀ ਜੀ! ਕੁਝ ਗ਼ਲਤ ਸਮਝ ਵਿੱਚ ਆਇਆ।
ਮਾਂ ਜਦ ਬੱਚੇ ਨੂੰ ਹੈ ਚੁੱਕਦੀ ਤਾਂ ਉਹ ਝੁਕਦੀ ਹੈ,
ਇੰਜ ਹੀ ਉਹਨਾਂ ਝੁਕ ਕੇ ਮੈਨੂੰ ਹੈ ਉਚਿਆਇਆ।
ਮੇਰੀ ਹਸਤੀ ਅਪਣੇ ਸਤਿਗੁਰ ਸਾਹਵੇਂ ਬੱਚੇ ਦੀ,
ਤੁਹਾਨੂੰ ਜੋਗੀ ਜੀ! ਹੈ ਗ਼ਲਤ ਸਮਝ ਵਿੱਚ ਆਇਆ।"

ਸੁਣ ਕੇ ਬਚਨ ਪ੍ਰੇਮ ਨਿਮਰਤਾ ਦੇ ਗੁਰ ਅੰਗਦ ਦੇ,
ਮਨ ਭਰ ਆਏ ਸਿੱਧਾਂ ਅੱਖੋਂ ਨੀਰ ਵਗਾਏ।
ਇਹ ਤਾਂ ਪ੍ਰੇਮ ਦਇਆ ਦੇ ਸਾਗਰ ਨਾਨਕ ਵਰਗੇ ਹੀ,
ਕਹਿ ਕੇ ਫਿਰ ਦੁਬਾਰਾ ਚਰਨੀਂ ਸੀਸ ਨਿਵਾਏ।



– ਕਸ਼ਮੀਰ ਨੀਰ

# ਧੰਨਵਾਦ ਦੇ ਪਾਤਰ

ਸਤਿਗੁਰੂ ਸੱਚੇਪਾਤਸ਼ਾਹ ਜੀ ਦੇ ਸ਼ਰਧਾਵਾਨ ਗੁਰਮੁਖ ਪਿਆਰੇ

ਜਿੰਨ੍ਹਾਂ ਦੇ ਸੇਵਾ-ਸਹਿਯੋਗ ਨਾਲ ਇਹ ਪੁਸਤਕ ਸੰਗਤਾਂ ਤੱਕ ਪੁੱਜਦੀ ਹੋ ਸਕੀ।



**ਸ. ਹਰਜੀਤ ਸਿੰਘ**

(ਪ੍ਰਧਾਨ: ਨਾਮਧਾਰੀ ਸੰਗਤ ਸੋਸਾਇਟੀ ਕਨੇਡਾ
ਐਡਮਿੰਟਨ ਟੋਰਾਂਟੋ)



**ਸੇਠ ਮਹਿੰਦਰ ਸਿੰਘ 'ਪ੍ਰੀਤ'**

(ਬੰਕੋਕ, ਥਾਈਲੈਂਡ)



**ਸ. ਬਿਅੰਤ ਸਿੰਘ**

(ਹਿਸਾਰ, ਹਰਿਆਣਾ)

'ਨਾਨਕ ਸ਼ਾਹ ਫ਼ਕੀਰ' ਪੁਸਤਕ ਵਿੱਚ ਸਾਖੀਕਾਰ ਭਾਈ ਅਜੀਤ ਸਿੰਘ ਲਾਇਲ ਅਤੇ ਭਾਈ ਹਰਪਾਲ ਸਿੰਘ ਸੇਵਕ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਨੂੰ ਬਾਲ-ਕਥਾ ਵਜੋਂ ਸਾਖੀਆਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਪਰਿਵਾਰ ਦੇ ਸਾਰੇ ਜੀਆਂ ਨੂੰ ਗੁਰਮਤਿ ਨਾਲ ਜੋੜਨ ਵਾਲੇ ਦਾਦੀ ਜੀ ਦਾ ਸਤਿਕਾਰਤ ਅਕਸ ਅੱਖਾਂ ਸਾਹਮਣੇ ਆਉਂਦੇ ਹੀ ਮਨ ਵਿਚ ਪਾਵਨਤਾ ਦਾ ਅਹਿਸਾਸ ਜਾਗਦਾ ਹੈ,ਜਿਵੇਂ ਚੰਦਰਮਾਂ ਆਪਣੀਆਂ ਨਿਰਮਲ ਰਿਸ਼ਮਾਂ ਨਾਲ ਹਨੇਰੇ ਸੰਸਾਰ ਨੂੰ ਚਾਨਣ ਵੰਡ ਰਿਹਾ ਹੋਵੇ ।ਇਸ ਅਲੌਕਿਕ ਦ੍ਰਿਸ਼ ਵਿਚ ਦਾਦੀ ਜੀ ਗੁਰਮਤਿ ਗਿਆਨ ਦੇ ਸੁਨਹਿਰੀ ਸ਼ਬਦਾਂ ਨੂੰ ਸ਼ਰਧਾ ਦੇ ਅੰਮ੍ਰਿਤ ਵਿਚ ਰਸਾ ਕੇ ਆਪਣੇ ਵਿਸ਼ੇਸ਼ ਬਜ਼ੁਰਗਾਨਾ ਲਹਿਜ਼ੇ ਵਿਚ ਬੋਲਦੇ ਹਨ ਕਿ ਪਾਠਕ ਮਨਾ ਦੇ ਸਾਹਮਣੇ ਬਾਬੇ ਨਾਨਕ ਦਾ ਨੂਰੀ ਚਲਚਿੱਤਰ ਸਾਕਾਰ ਹੋਣ ਲੱਗਦਾ ਹੈ ।

ਗੁਰੂ ਨਾਨਕ ਸਾਹਿਬ ਦੇ ਸਮੇਂ ਹਿੰਦੋਸਤਾਨ ਵਿੱਚ ਹਿੰਦੂ ਮੁਸਲਿਮ ਸਮਾਜ ਨੂੰ ਕੋਈ ਸਾਂਝਾ ਸੂਤਰ ਨਹੀਂ ਸੀ ਮਿਲ ਰਿਹਾ। ਦੋਵੇਂ ਸਮਾਜਾਂ ਦੇ ਮੋਹਿਤਬਰ ਨਫ਼ਰਤ ਦਾ ਪ੍ਰਚਾਰ ਕਰ ਰਹੇ ਸਨ। ਮੁਸਲਿਮ ਲੋਕ ਹਿੰਦੂ ਸਮਾਜ ਨੂੰ ਕਾਫ਼ਰ ਕਹਿ ਰਹੇ ਸਨ ਤੇ ਹਿੰਦੂ ਲੋਕ ਮੁਸਲਿਮ ਸਮਾਜ ਨੂੰ ਮਲੇਸ਼ ਦੱਸ ਰਹੇ ਸਨ। ਦੋਵੇਂ ਸਮਾਜ ਇੱਕ ਦੂਜੇ ਦੇ ਧਰਮ ਅਤੇ ਪਰੰਪਰਾਵਾਂ ਨੂੰ ਨਫ਼ਰਤ ਕਰਦੇ ਸਨ। ਅਜਿਹਾ ਵਾਤਾਵਰਨ ਕਿਸੇ ਵੀ ਸਮਾਜ ਲਈ ਸਾਜ਼ਗਾਰ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਕਿਸਮ ਦੀ ਤਰੱਕੀ ਜਾਂ ਵਿਕਾਸ ਹੁੰਦਾ ਹੈ।

ਇਸ ਸਮੇਂ ਦਿਬਦ੍ਰਿਸ਼ਟ ਬਾਬੇ ਨਾਨਕ ਨੇ ਅਜਿਹਾ ਧਰਮਾਚਾਰ ਸਾਕਾਰ ਕੀਤਾ,ਜਿਸਨੂੰ ਹਿੰਦੂ ਅਤੇ ਮੁਸਲਿਮ ਸਮਾਜ ਦੋਵਾਂ ਨੇ ਸਵੀਕਾਰ ਕੀਤਾ। ਬਾਬੇ ਨਾਨਕ ਨੂੰ ਦੋਵੇਂ ਸਮਾਜ ਨਤਮਸਤਕ ਹੋਏ। ਇਸ ਕਰਕੇ ਹੀ ਬਾਬੇ ਨਾਨਕ ਨੂੰ 'ਹਿੰਦੂਓਂ ਕੇ ਗੁਰੂ ਮੁਸਲਮਾਨੋ ਕੇ ਪੀਰ' ਕਿਹਾ ਗਿਆ। ਬਾਬੇ
ਨਾਨਕ ਨੇ ਹਰ ਤਰ੍ਹਾਂ ਦੀਆਂ ਵੰਡੀਆਂ ਨੂੰ ਮੇਟ ਕੇ ਸਾਂਝੀ ਵਾਲਤਾ ਤੇ ਸਰਬੱਤ ਦੇ ਭਲੇ ਵਾਲੇ ਸਮਾਜ ਦਾ ਨਿਰਮਾਣ ਕੀਤਾ।

ਇਹ ਪੁਸਤਕ ਧਰਮਾਂ ਦੀ ਦੁਫੇੜ ਨੂੰ ਇਕ ਸਮਜ ਅਤੇ ਅਨੁਪ੍ਰਾਸ ਵਿਚ ਜੋੜਨ ਵਾਲੀ ਹੈ। ਉਮੀਦ ਹੈ ਕਿ ਇਹ ਪੁਸਤਕ ਨਿੱਕੇ ਨਿੱਕੇ ਪਰਿਵਾਰਾਂ ਨੂੰ ਆਪਸ ਵਿਚ ਜੋੜਦੀ ਹੋਈ,ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲਾ ਸਮਾਜ ਸਿਰਜਣ ਵਿਚ ਸਹਾਈ ਹੋਵੇਗੀ। ਇਸ ਪੁਸਤਕ ਲਈ ਨਾਮਧਾਰੀ ਸੰਪਰਦਾ ਦੇ ਮਾਨਸਰੋਵਰ,ਪਾਵਨ ਧਾਮ ਦੇ ਪਰਮ-ਹੰਸਾਂ ਦੀ ਜੋੜੀ, ਲੇਖਕ ਭਾਈ ਸਾਹਿਬਾਨ ਨੂੰ ਲੱਖ ਲੱਖ ਮੁਬਾਰਕ!

ਅਵਤਾਰ ਸਿੰਘ (ਪ੍ਰੋਫੈਸਰ)
+91-94175 18383